Tanya's Beauty Salon
● THREADING / WAXING
● FACIAL (MEN & WOMEN)
● ANTI-AGING FACIAL - BLEACH
● HAIR CUT - COLOR AND STYLE
WE SPECIALIZE IN BRIDAL & HENNA
85-03 ROOSEVELT AVE. JACKSON HEIGHTS, NY 11373
Tel: 718-205-7832

Book Online
WWW.123GOAIR.COM
ਅਨੇਕਾਂ ਟਿਕਾਣਿਆਂ ਲਈ
ਬੇਅੰਤ ਸਪੈਸ਼ਲ ਫੇਅਰ
Fares to India starting at $689*
Fly Smart Buy Smart
Call: 1-844-234-6247
Email: farequote@123goair.com
*RT Fare Incl. Taxes Conditions Apply
57 N B Way, Suite 208, Hickville, NY 11801

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Sixteenth Year of Publication | ਨਿਊ ਯਾਰਕ ਐਡੀਸ਼ਨ | Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 28, July 9, 2016 | 20451 N Plum Grove Rd., Palatine, IL 60074 | Ph:847-359-0746, Fax:847-705-9388

# ਸਿਆਸਤ ਵਿਚ ਫਿਰ ਘੋਲੀ ਫਿਰਕੂ ਜ਼ਹਿਰ

## ਸੱਤਾਧਾਰੀ ਧਿਰਾਂ ਵੱਲੋਂ ਸਿਆਸੀ ਲਾਹੇ ਲਈ ਸਿਰਤੋੜ ਯਤਨ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਮਾਲੇਰਕੋਟਲਾ ਵਿਚ ਕੁਰਾਨ ਸ਼ਰੀਫ਼ ਦੀ ਬੇਅਦਬੀ ਦਾ ਮਾਮਲਾ ਕਿਸੇ ਸਿਆਸੀ ਸਾਜ਼ਿਸ਼ ਵੱਲ ਇਸ਼ਾਰਾ ਕਰਦਾ ਜਾਪਦਾ ਹੈ। ਇਸ ਮਾਮਲੇ ਨਾਲ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਨਰੇਸ਼ ਯਾਦਵ ਦਾ ਨਾਂ ਜੁੜਨ ਪਿਛੋਂ ਸੂਬੇ ਦੀ ਸਿਆਸਤ ਵਿਚ ਵੀ ਉਬਾਲ ਆ ਗਿਆ ਹੈ। ਪੁਲਿਸ ਵੱਲੋਂ ਇਸ ਮਾਮਲੇ ਵਿਚ 28 ਜੂਨ ਨੂੰ ਵਿਜੇ ਕੁਮਾਰ ਸਮੇਤ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਦੇ ਵਿਸ਼ਵ ਹਿੰਦੂ ਪ੍ਰੀਸ਼ਦ ਨਾਲ ਸਬੰਧ ਹੋਣ ਦਾ ਖੁਲਾਸਾ ਕੀਤਾ ਸੀ। ਇਨ੍ਹਾਂ ਉਤੇ ਗਾਜ਼ੀਆਬਾਦ ਅਤੇ ਅਮਰੀਕਾ ਵਿਚ ਵੀ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇਣ ਦੇ ਦੋਸ਼ ਲਾਏ ਗਏ ਸਨ। ਹਿੰਦੂ ਜਥੇਬੰਦੀਆਂ ਨੇ ਵੀ ਵਿਜੈ ਕੁਮਾਰ ਨੂੰ ਆਪਣਾ ਬੰਦਾ ਐਲਾਨਿਆ ਸੀ।

ਇਸ ਠੋਸ ਜਾਣਕਾਰੀ ਦੇ ਬਾਵਜੂਦ ਪੁਲਿਸ ਨੇ ਸਾਰਾ ਜ਼ੋਰ 'ਆਪ' ਦੇ ਦਿੱਲੀ ਤੋਂ ਵਿਧਾਇਕ ਨਰੇਸ਼ ਯਾਦਵ ਨੂੰ ਘੇਰਨ 'ਤੇ ਲਾਇਆ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ 'ਆਪ' ਉਤੇ ਫਿਰਕੂ ਭਾਵਨਾਵਾਂ ਭੜਕਾਉਣ ਦੇ ਦੋਸ਼ ਲਾ ਰਿਹਾ ਹੈ। 'ਆਪ' ਵਿਧਾਇਕ 'ਤੇ ਸਾਰੀ ਕਾਰਵਾਈ ਇਸ ਮਾਮਲੇ ਵਿਚ ਫੜੇ ਗਏ ਮੁਲਜ਼ਮਾਂ ਦੇ

*(ਬਾਕੀ ਸਫਾ 6 'ਤੇ)*



*ਆਮ ਆਦਮੀ ਪਾਰਟੀ ਦਾ ਵਿਧਾਇਕ ਨਰੇਸ਼ ਯਾਦਵ (ਦਿੱਲੀ) ਜਿਸ ਦਾ ਨਾਂ ਹੁਣ ਮਾਲੇਕੋਟਲਾ ਘਟਨਾ ਨਾਲ ਜੋੜਿਆ ਜਾ ਰਿਹਾ ਹੈ।*

### ਹਿੰਦੂ ਜਥੇਬੰਦੀਆਂ ਨਾਲ ਜੁੜੇ ਤਾਰ

ਕੁਰਾਨ ਸ਼ਰੀਫ਼ ਬੇਅਦਬੀ ਮਾਮਲੇ ਦੇ ਮੁੱਖ ਮੁਲਜ਼ਮ ਦੇ ਦੇਸ਼ ਦੀਆਂ ਇੰਟੈਲੀਜੈਂਸ ਏਜੰਸੀਆਂ ਦੇ ਅਧਿਕਾਰੀਆਂ ਨਾਲ ਵੀ ਸਬੰਧ ਸਨ। ਉਸ ਵੱਲੋਂ 2014 ਦੌਰਾਨ ਦੇਸ਼ ਪਰਤ ਕੇ ਸ਼ਿਵਾ ਬਲਿਸ਼ ਫਾਊਂਡੇਸ਼ਨ ਨਾਂ ਦੀ ਜਥੇਬੰਦੀ ਬਣਾਈ ਸੀ। 1983 ਤੋਂ 1991 ਤੱਕ ਉਹ ਆਰ.ਐਸ.ਐਸ. ਦੀ ਸ਼ਾਖਾ ਲਗਾਉਂਦਾ ਰਿਹਾ ਅਤੇ 1991 ਤੋਂ 2001 ਤੱਕ ਆਰ.ਐਸ.ਐਸ. ਦੇ ਪ੍ਰਚਾਰਕ ਵਜੋਂ ਵੀ ਕੰਮ ਕਰਦਾ ਰਿਹਾ। ਵਿਧਾਨਕਾਰ ਨਰੇਸ਼ ਯਾਦਵ ਨਾਲ ਉਸ ਦੇ ਸਬੰਧ 1999 ਤੋਂ 2001 ਦੌਰਾਨ ਸਾਊਥ ਦਿੱਲੀ ਵਿਖੇ ਆਰ.ਐਸ.ਐਸ. ਪ੍ਰਚਾਰਕ ਵਜੋਂ ਕੰਮ ਕਰਦਿਆਂ ਬਣੇ।

# ਜ਼ੋਰਾ ਕਮਿਸ਼ਨ ਰਿਪੋਰਟ ਸਰਕਾਰੀ ਹੋ ਨਿਬੜੀ

## ਬੇਅਦਬੀ ਮਾਮਲੇ ਦਾ ਸੱਚ ਸਾਹਮਣੇ ਲਿਆਉਣ ਵਿਚ ਨਾਕਾਮ

**ਚੰਡੀਗੜ੍ਹ:** ਪਿਛਲੇ ਸਾਲ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਅਤੇ ਬੁਰਜ ਜਵਾਹਰ ਸਿੰਘ ਵਾਲਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਪਿਛੋਂ ਬਹਿਬਲ ਕਲਾਂ ਵਿਖੇ ਵਾਪਰੀਆਂ ਘਟਨਾਵਾਂ ਬਾਰੇ ਜਾਂਚ ਲਈ ਪੰਜਾਬ ਸਰਕਾਰ ਵੱਲੋਂ ਬਣਾਏ ਗਏ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਵਿਵਾਦਾਂ ਵਿਚ ਘਿਰ ਗਈ ਹੈ। ਜਾਂਚ ਰਿਪੋਰਟ ਭਾਵੇਂ ਹਾਲੇ ਜਨਤਕ ਨਹੀਂ ਹੋਈ, ਪਰ ਜੋ ਵੇਰਵੇ ਸਾਹਮਣੇ ਆਏ ਹਨ, ਉਨ੍ਹਾਂ ਤੋਂ ਜਾਂਚ ਰਿਪੋਰਟ ਖਾਨਾਪੂਰਤੀ ਹੀ ਲੱਗ ਰਹੀ ਹੈ।

ਬਹਿਬਲ ਕਲਾਂ ਅਤੇ ਕੋਟਕਪੂਰਾ ਵਿਚ ਵਾਪਰੇ ਗੋਲੀ ਕਾਂਡ ਬਾਰੇ ਕਿਸੇ ਵੀ ਪੁਲਿਸ ਜਾਂ ਸਿਵਲ ਅਧਿਕਾਰੀ/ਕਰਮਚਾਰੀ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ। 206 ਗਵਾਹਾਂ ਦੇ ਬਿਆਨਾਂ ਅਤੇ ਚਾਰ ਘਟਨਾਵਾਂ ਸਮੇਤ ਆਪਣੀਆਂ ਸਿਫਾਰਸ਼ਾਂ ਨੂੰ ਸਿਰਫ 51 ਪੰਨਿਆਂ ਵਿਚ ਸਮੇਟ ਲੈਣਾ ਜਾਂਚ ਰਿਪੋਰਟ ਉਤੇ ਸਵਾਲ ਖੜ੍ਹੇ ਕਰਦਾ ਹੈ। ਗੌਰਤਲਬ ਹੈ ਕਿ ਇਨ੍ਹਾਂ ਘਟਨਾਵਾਂ ਦੀ ਜਾਂਚ ਲਈ ਪਹਿਲਾਂ ਸਰਕਾਰ ਨੇ ਤਫ਼ਤੀਸ਼ੀ ਬਿਊਰੋ ਦੇ ਡਾਇਰੈਕਟਰ ਦੀ ਅਗਵਾਈ ਹੇਠ ਵਿਸ਼ੇਸ਼ ਟੀਮ ਬਣਾਈ ਸੀ, ਪਰ ਲੋਕ ਰੋਹ ਦੇ ਦਬਾਅ ਹੇਠ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਬਣਾਉਣਾ ਪਿਆ ਸੀ। ਇਨ੍ਹਾਂ ਘਟਨਾਵਾਂ ਦੇ ਦੋਸ਼ੀਆਂ ਵਿਰੁਧ ਢੁਕਵੀਂ ਕਾਰਵਾਈ ਨਾ ਕਰਨ ਦੇ ਵਿਰੋਧ ਵਿਚ ਤਿੰਨ ਜਥੇਬੰਦੀਆਂ- ਸਿੱਖਸ ਫਾਰ ਹਿਊਮਨ ਰਾਈਟਸ, ਲਾਅਰਜ਼ ਫਾਰ ਹਿਊਮਨ ਰਾਈਟਸ ਅਤੇ ਪੰਜਾਬ ਹਿਊਮਨ ਰਾਈਟਸ ਆਰਗੇਨਾਈਜੇਸ਼ਨ ਨੇ 10 ਜਨਵਰੀ 2016 ਨੂੰ ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜ ਮਾਰਕੰਡੇ ਕਾਟਜੂ ਦੀ ਅਗਵਾਈ ਵਿਚ ਪੀਪਲਜ਼ ਕਮਿਸ਼ਨ



ਬਣਾਇਆ ਸੀ। ਇਸ ਕਮਿਸ਼ਨ ਨੇ ਇਨ੍ਹਾਂ ਘਟਨਾਵਾਂ ਦੀ ਹਰ ਨੁਕਤੇ ਤੋਂ ਜਾਂਚ ਕਰ ਕੇ 31 ਜਨਵਰੀ ਨੂੰ ਰਿਪੋਰਟ ਜਾਰੀ ਕਰ ਦਿਤੀ ਸੀ, ਪਰ ਸਰਕਾਰ ਨੇ ਇਸ ਰਿਪੋਰਟ ਨੂੰ ਇਕਪਾਸੜ ਗਰਦਾਨਦਿਆਂ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ।

ਲੋਕਾਂ ਦੀਆਂ ਅੱਖਾਂ ਹੁਣ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਲੱਗੀਆਂ ਹੋਈਆਂ ਸਨ ਕਿ ਉਹ ਘਟਨਾਵਾਂ ਦੇ ਦੋਸ਼ੀਆਂ ਨੂੰ ਬੇਪਰਦ ਕਰ ਕੇ ਉਨ੍ਹਾਂ ਨੂੰ ਬਣਦੀਆਂ ਸਜ਼ਾਵਾਂ ਦੀ ਸਿਫਾਰਸ਼ ਕਰੇਗੀ, ਪਰ ਜੋ ਕੁਝ ਹੁਣ ਤੱਕ

*(ਬਾਕੀ ਸਫਾ 6 'ਤੇ)*

World Wide Travel
www.fly2world.com
Chicago $760* Delhi
24/7 Emergency Service
Detroit $1050* Delhi
Lowest Fare Guaranteed
734-838-9998
*Fares shown above are subject to availbility and may change without notice. Call us for more information.

SOHI REALTY PROFESSIONALS
Specializing In Commercial • Residential
Short Sales • Bank Owned • Foreclosure
A Tradition of Trust & Sincerity
ਰਿਐਲਟਰ ਤੇ ਇੰਸ਼ੋਰੈਂਸ ਸੇਵਾਵਾਂ ਇਕੋ ਛੱਤ ਥੱਲੇ
Jas Sohi 248-931-7694
Jazz Sohi 248-990-7963
Team Sohi
363 W. Big Beaver Rd.
Ste. 235, Troy, MI 48084
Ph: 248-458-2050
Call Today To Get A Free Quote On All Your Insurance Needs
COMBINING POLICIES. SAVE BIG ON INSURANCE.
Multiple Ways To Save
jsohi@farmersagent.com
Auto, Home, Life, Health, Business, Workers` Comp.

# ਡਾ. ਐਸ.ਪੀ. ਸਿੰਘ ਦਾ ਨਿਊ ਯਾਰਕ ਵਿਚ ਵਿਸ਼ੇਸ਼ ਸਨਮਾਨ

**ਨਿਊ ਯਾਰਕ (ਬਿਊਰੋ):** ਵਿਸ਼ਵ ਗੱਤਕਾ ਫੈਡਰੇਸ਼ਨ ਦੇ ਵਿੱਤ ਸਕੱਤਰ, ਕਾਰੋਬਾਰੀ ਤੇ ਉਘੇ ਸਮਾਜਸੇਵੀ ਡਾ. ਐਸ.ਪੀ. ਸਿੰਘ ਓਬਰਾਏ (ਦੁਬਈ) ਜੋ ਅੱਜ ਕੱਲ ਅਮਰੀਕਾ



*ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਡਾ. ਐਸ.ਪੀ. ਸਿੰਘ ਓਬਰਾਏ ਨਾਲ ਨਿਊ ਯਾਰਕ ਗੱਤਕਾ ਐਸੋਸੀਏਸ਼ਨ ਦੇ ਨਵੇਂ ਨਿਯੁਕਤ ਹੋਏ ਅਹੁਦੇਦਾਰ ਅਤੇ ਹੋਰ*

ਤੇ ਕੈਨੇਡਾ ਦੀ ਫੇਰੀ 'ਤੇ ਹਨ, ਦਾ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਦੇ ਦਰਸ਼ਨਾਂ ਨੂੰ ਪੁਜਣ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਹਰਬੰਸ ਸਿੰਘ ਢਿੱਲੋਂ, ਪ੍ਰਧਾਨ ਗੁਰਦੇਵ ਸਿੰਘ ਕੰਗ, ਸਕੱਤਰ ਜਨਰਲ ਕੁਲਦੀਪ ਸਿੰਘ ਢਿੱਲੋਂ, ਹੈਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ ਅਤੇ ਗ੍ਰੰਥੀ ਭਾਈ ਜਸਪਾਲ ਸਿੰਘ ਵਲੋਂ ਨਿੱਘਾ ਸਵਾਗਤ ਕੀਤਾ ਗਿਆ।

ਡਾ. ਓਬਰਾਏ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਪ੍ਰਧਾਨ ਗੁਰਦੇਵ ਸਿੰਘ ਕੰਗ ਨੇ ਕਿਹਾ ਕਿ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਚਲਾਈ ਗਈ ਗਤਕੇ ਦੀ ਇਸ ਨਿਵੇਕਲੀ ਖੇਡ ਲਈ ਪ੍ਰਬੰਧਕ ਕਮੇਟੀ ਵਲੋਂ ਪ੍ਰਤੀ ਭਵਿੱਖ ਵਿਚ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿਤਾ। ਪ੍ਰਬੰਧਕ ਕਮੇਟੀ ਨੇ ਉਨ੍ਹਾਂ ਦਾ ਉਚੇਚਾ ਮਾਣ-ਸਨਮਾਨ ਵੀ ਕੀਤਾ।

ਇਸੇ ਦੌਰਾਨ ਅਮਰੀਕਾ ਵਿਚ ਗੱਤਕੇ ਦੀ ਖੇਡ ਨੂੰ ਪ੍ਰਫੁਲਿਤ ਕਰਨ ਲਈ ਨਿਊ ਯਾਰਕ ਗੱਤਕਾ ਐਸੋਸੀਏਸ਼ਨ ਦਾ ਵਿਸਥਾਰ ਕਰਦਿਆਂ ਨਿਊ ਯਾਰਕ ਦੇ ਸਿੱਖ ਆਗੂ ਸਤਨਾਮ ਸਿੰਘ ਪਰਹਾਰ ਨੂੰ ਚੀਫ ਪੈਟਰਨ, ਡਾ. ਅਵਤਾਰ ਸਿੰਘ ਟੀਨਾ ਨੂੰ ਚੈਅਰਮੈਨ, ਗੁਰਦੀਪ ਸਿੰਘ ਭੱਟੀ ਨੂੰ ਵਾਈਸ ਚੈਅਰਮੈਨ, ਡਾ. ਦੀਪ ਸਿੰਘ ਗਰੈਂਡ ਮਾਸਟਰ ਨੂੰ ਪ੍ਰਧਾਨ, ਜਗਜੀਤ ਸਿੰਘ ਬੇਦੀ ਨੂੰ ਮੀਤ ਪ੍ਰਧਾਨ, ਦਲੇਰ ਸਿੰਘ ਨੂੰ ਜਨਰਲ ਸਕੱਤਰ, ਵਿਕਰਮਜੀਤ ਸਿੰਘ (ਵਿੱਕ ਸਿੰਘ) ਨੂੰ ਆਰਗੇਨਾਈਜ਼ਿੰਗ ਸਕੱਤਰ, ਗੁਰਵੰਤ ਸਿੰਘ ਨੂੰ ਜੁਆਇੰਟ ਸਕੱਤਰ ਅਤੇ ਬੀਬਾ ਸਰਬਜੀਤ ਕੌਰ ਨੂੰ ਵਿੱਤ ਸਕੱਤਰ ਵਜੋਂ ਨਿਯੁਕਤੀ ਪੱਤਰ ਦਿੱਤੇ।

ਡਾ. ਓਬਰਾਏ ਨੇ ਦਸਿਆ ਕਿ ਅਮਰੀਕਾ ਦੇ ਹਰ ਸੂਬੇ ਵਿਚ ਗੱਤਕਾ ਖੇਡ ਦੀ ਰਾਜ ਪੱਧਰੀ ਐਸੋਸੀਏਸ਼ਨ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਕਿ ਸਭ ਜਥੇਬੰਦੀਆਂ ਇਕੱਠੀਆਂ ਹੋ ਕੇ ਵਿਸ਼ਵ ਗੱਤਕਾ ਫੈਡਰੇਸ਼ਨ ਦੀ ਅਗਵਾਈ ਹੇਠ ਇਸ ਖੇਡ ਦਾ ਪਸਾਰ ਕਰਨ।

ਇਸੇ ਦੌਰਾਨ ਡਾ. ਦੀਪ ਸਿੰਘ ਨੇ ਕਿਹਾ ਕਿ ਜਲਦੀ ਹੀ ਗੱਤਕਾ ਖੇਡ ਨੂੰ ਡਿਜੀਟਲਾਈਜ਼ਡ ਕੀਤਾ ਜਾਵੇਗਾ ਅਤੇ ਇਸ ਖੇਡ ਨੂੰ ਹਾਈ ਟੈਕ ਉਪਕਰਣਾਂ ਨਾਲ ਲੈਸ ਕਰਕੇ ਹੋਰ ਸਥਾਪਿਤ ਖੇਡਾਂ ਦੇ ਬਰਾਬਰ ਲੈ ਕੇ ਜਾਇਆ ਜਾਵੇਗਾ।

ਜ਼ਿਕਰਯੋਗ ਹੈ ਕਿ ਨਿਊ ਯਾਰਕ ਗੱਤਕਾ ਐਸੋਸੀਏਸ਼ਨ ਵਲੋਂ ਚਲਾਈਆਂ ਜਾ ਰਹੀਆਂ ਦੋਹਾਂ ਗੱਤਕਾ ਅਕੈਡਮੀਆਂ ਵਿਚ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਅਤੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਦਾ ਵਿਸ਼ੇਸ ਯੋਗਦਾਨ ਹੈ। ਇਸ ਮੌਕੇ ਦੋਵੇਂ ਗੱਤਕਾ ਅਕੈਡਮੀਆਂ ਦੇ ਯੋਧਿਆਂ ਨੇ ਗੱਤਕੇ ਦੇ ਜੌਹਰ ਦਿਖਾਏ। ਹੋਰਨਾਂ ਤੋਂ ਇਲਾਵਾ ਸਟੀਵ ਚੋਪੜਾ, ਬੀਬਾ ਸਰਬਜੀਤ ਕੌਰ, ਗੱਤਕਾ ਕੋਚ ਬਲਜੀਤ ਸਿੰਘ, ਕੁਲਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਕੁਲਦੀਪ ਸਿੰਘ, ਕੋਚ ਗੁਰਜੀਤ ਸਿੰਘ ਤੇ ਗਗਨਦੀਪ ਸਿੰਘ ਬਰੇਲੀ ਵਿਸ਼ੇਸ ਤੌਰ 'ਤੇ ਹਾਜਰ ਸਨ।

# ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਸਮਾਗਮ 31 ਨੂੰ

**ਨਿਊ ਯਾਰਕ (ਬਿਊਰੋ):** ਸ਼ਹੀਦ ਊਧਮ ਸਿੰਘ ਦਾ 76ਵਾਂ ਸ਼ਹੀਦੀ ਦਿਹਾੜਾ 31 ਜੁਲਾਈ 2016 ਨੂੰ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਿਖੇ ਸ਼ਹੀਦ ਊਧਮ



ਸਿੰਘ ਸਭਾ, ਨਿਊ ਯਾਰਕ ਵਲੋਂ ਮਨਾਇਆ ਜਾਵੇਗਾ।

ਇਹ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਜਸਵੰਤ ਸਿੰਘ ਜੱਸਾ ਨੇ ਦੱਸਿਆ ਕਿ ਸ਼ਹੀਦੀ ਦਿਹਾੜੇ ਸਬੰਧੀ ਇਕ ਮੀਟਿੰਗ ਆਉਂਦੀ 10 ਜੁਲਾਈ, ਐਤਵਾਰ ਨੂੰ ਇਥੇ ਕੱਰੀ ਐਂਡ ਕੰਪਨੀ (271-19 ਯੂਨੀਅਨ ਟਰਨ ਪਾਈਕ, ਨਿਊ ਹਾਈਡ ਪਾਰਕ) ਵਿਖੇ ਸ਼ਾਮ 5 ਵਜੇ ਰੱਖੀ ਗਈ ਹੈ। ਉਨ੍ਹਾਂ ਸਭਾ ਦੇ ਸਮੂਹ ਮੈਂਬਰਾਂ ਨੂੰ ਮੀਟਿੰਗ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਲਈ ਸ. ਜੱਸਾ ਨਾਲ ਫੋਨ 347-249-2413 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਚਾਰ ਜੁਲਾਈ ਦੀ ਪਰੇਡ ਵਿਚ ਸਿੱਖਾਂ ਨੇ ਕੀਤੀ ਸ਼ਮੂਲੀਅਤ

**ਵਾਸ਼ਿੰਗਟਨ ਡੀ ਸੀ (ਬਿਊਰੋ):** ਅਮਰੀਕਾ ਦੇ ਇਤਿਹਾਸ ਵਿਚ ਹਰ ਸਾਲ ਆਜ਼ਾਦੀ ਦਿਹਾੜੇ 'ਤੇ ਇਕ ਵਿਲੱਖਣ ਪਰੇਡ ਦਾ ਨਜ਼ਾਰਾ 4 ਜੁਲਾਈ ਨੂੰ ਵਾਸ਼ਿੰਗਟਨ ਡੀ ਸੀ ਵਿਖੇ ਦਿਖਾਇਆ ਜਾਂਦਾ ਹੈ ਜਿਸ ਨੂੰ ਦੇਖਣ ਵਾਸਤੇ ਅਮਰੀਕਨ ਮੂਲ ਅਤੇ ਹੋਰਨਾਂ ਭਾਈਚਾਰਿਆਂ ਦੇ ਲੋਕ ਨਾਨ ਸੀਟੀਚੀਸ਼ਨ ਸਟੀਟ 'ਤੇ ਡੇਰੇ ਲਾ ਲੈਂਦੇ ਹਨ। ਭਾਵੇਂ ਹਰੇਕ ਦੇਸ਼ ਦੇ ਵਸਨੀਕਾਂ ਨੂੰ ਇਸ ਪਰੇਡ ਵਿਚ ਸੰਸਕ੍ਰਿਤੀ, ਪਹਿਰਾਵੇ ਅਤੇ ਪਛਾਣ ਦੇ ਆਧਾਰ 'ਤੇ ਸ਼ਾਮਲ ਕਰਵਾਇਆ ਜਾਂਦਾ ਹੈ ਪਰ ਸਿੱਖਸ ਆਫ ਅਮਰੀਕਾ ਸੰਸਥਾ ਦੇ ਬੈਨਰ ਹੇਠ ਮੈਟਰੋਪਾਲਿਟਨ ਏਰੀਏ ਦੇ ਦਸਤਾਰਧਾਰੀ ਸਿੱਖਾਂ ਵਲੋਂ ਅਮਰੀਕਾ ਦੇ ਝੰਡੇ ਦੇ ਰੰਗ ਦੀਆਂ ਪੁਸ਼ਾਕਾਂ ਪਹਿਨ ਕੇ ਪਰੇਡ ਵਿਚ ਸ਼ਮੂਲੀਅਤ ਕੀਤੀ। ਜਥੇ ਨੇ ਅਮਰੀਕਾ ਨੂੰ ਪਿਆਰ, ਸਿੱਖਸ ਫਾਰ ਅਮਰੀਕਾ, ਪਰਮਾਤਮਾ ਅਮਰੀਕਾ ਨੂੰ ਸ਼ੁਭ ਇਛਾਵਾਂ ਸਹਿਤ ਰੱਖੇ ਆਦਿ ਨਾਹਰਿਆਂ ਰਾਹੀਂ ਹਾਜ਼ਰੀਨ ਨੂੰ ਮੋਹ ਲਿਆ। ਲੋਕਾਂ ਨੇ ਤਾੜੀਆਂ ਮਾਰ ਕੇ ਸਵਾਗਤ ਕੀਤਾ ਅਤੇ 4 ਜੁਲਾਈ ਦੇ ਦਿਨ ਦੀ ਵਧਾਈ ਦਿੱਤੀ।

ਜ਼ਿਕਰਯੋਗ ਹੈ ਕਿ ਸਿੱਖਾਂ ਦਾ ਫਲੋਟ ਜੋ ਅਮਰੀਕੀ ਫੌਜ ਵਿਚ ਸੇਵਾ ਕਰ ਰਹੇ ਹਨ, ਉਨ੍ਹਾਂ ਦੀਆਂ ਤਸਵੀਰਾਂ ਨਾਲ ਸਜਿਆ ਹੋਇਆ ਸੀ ਅਤੇ ਅਮਰੀਕਨਾਂ ਨੂੰ ਸਿੱਖੀ ਪਛਾਣ ਅਤੇ ਪਹਿਰਾਵੇ ਬਾਰੇ ਜਾਣਕਾਰੀ ਦਿਤੀ ਗਈ।

ਪਰੇਡ ਵਿਚ ਸ਼ਾਮਲ ਸਿੱਖ ਜਥੇ ਦੀ ਅਗਵਾਈ ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਕੀਤੀ। ਪਰੇਡ ਵਿਚ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਾਰਾ ਸਿੰਘ ਤੋਂ ਇਲਾਵਾ ਡਾ. ਦਰਸ਼ਨ ਸਿੰਘ ਸਲੂਜਾ, ਕੰਵਲਜੀਤ ਸਿੰਘ ਸੋਨੀ, ਚਤਰ ਸਿੰਘ ਸੈਣੀ, ਬਖਸ਼ੀਸ਼ ਸਿੰਘ, ਮਨਪ੍ਰੀਤ ਸਿੰਘ ਮਠਾਰੂ, ਬਲਜਿੰਦਰ ਸਿੰਘ ਸੰਮੀ, ਡਾ. ਸੁਰਿੰਦਰ ਗਿੱਲ, ਸਰਵਣ ਸਿੰਘ ਮਾਣਕੂ, ਕੁਲਵਿੰਦਰ ਸਿੰਘ ਫਲੌਰਾ, ਸੁਰਿੰਦਰ ਸਿੰਘ ਰਹੇਜਾ ਅਤੇ ਬਲਦੇਵ ਸਿੰਘ ਗਰੇਵਾਲ ਸ਼ਾਮਲ ਸਨ।



# ਫੋਨ ਨਾਲ ਸੈਲਫੀ ਲੈਣ ਦੇ ਸ਼ੌਕੀਨ ਸਾਵਧਾਨ!

**ਨਿਊ ਯਾਰਕ:** ਸੈਲਫੀ ਲੈਣ ਦੇ ਆਦੀ ਲੋਕਾਂ ਨੂੰ ਸਾਵਧਾਨ ਕਰਦਿਆਂ ਡਾਕਟਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਆਪਣੀ ਫੋਟੋਆਂ ਖਿੱਚੀ ਜਾਣ ਕਾਰਨ ਬਾਂਹ ਦੇ ਪੱਠਿਆਂ ਤੇ ਨਸਾਂ ਵਿਚ ਖਿਚਾਅ ਆ ਸਕਦਾ ਹੈ। ਟੈਨਿਸ ਜਾਂ ਗੌਲਫਰ ਐਲਬੋ ਵਾਂਗ ਸੈਲਫੀ ਦੇ ਸ਼ੌਕੀਨਾਂ ਨੂੰ ਡਾਕਟਰਾਂ ਦੇ ਦਰਸ਼ਨ ਕਰਨੇ ਪੈ ਰਹੇ ਹਨ। ਅਮਰੀਕਾ ਦੇ ਵਿਸ਼ੇਸ਼ ਅਪਰੇਸ਼ਨ ਹਸਪਤਾਲ ਦੇ ਸਪੋਰਟਸ ਮੈਡੀਸਨ ਡਾਕਟਰ ਜੌਰਡਨ ਮੈਟਜ਼ਲ ਨੇ ਕਿਹਾ ਕਿ ਇਹ ਸਮੱਸਿਆ ਮੋਬਾਈਲ ਦੀ ਜ਼ਿਆਦਾ ਵਰਤੋਂ ਕਾਰਨ ਆ ਰਹੀ ਹੈ।


Michigan Truck Driving School
5000 Wyoming Ave., Suite# 148, Dearborn, MI 48126
ਡਿਟਰਾਇਟ ਵਿਚ ਖੁਲ੍ਹ ਗਿਆ ਹੈ
ਬਿਲਕੁਲ ਨਵਾਂ ਟਰੱਕ ਡਰਾਈਵਿੰਗ ਸਕੂਲ





*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai
Cell:734-644-1010
Office:734-747-4298



ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ
ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।
*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%
ਸੰਪਰਕ ਕਰੋ: ਪਾਲ ਫੋਨ 1-800-705-3863
Trucking Companies-Improve Your Cash Flow
*Low Rates *One-Time Discounts *No Minimums
Call Paul at 1-800-705-3863
www.Transportationfunding.com
Transportation Funding Group, Inc.
Minneapolis , MN 55426

## ਮੰਡੀ ਨੇੜੇ ਪਰਿਵਾਰ ਦੇ 8 ਜੀਅ ਬਿਆਸ ਵਿਚ ਰੁੜ੍ਹੇ

**ਪਠਾਨਕੋਟ:** ਪਠਾਨਕੋਟ ਤੋਂ ਕਰੀਬ ਇਕ ਹਫਤਾ ਪਹਿਲਾਂ ਗਰਮੀਆਂ ਦੀਆਂ ਛੁੱਟੀਆਂ ਦੇ ਚਲਦਿਆਂ ਹਿਮਾਚਲ ਪ੍ਰਦੇਸ਼ ਵਿਖੇ ਆਪਣੇ ਸਹੁਰੇ ਘਰ ਆਪਣੀ ਪਤਨੀ ਤੇ ਛੋਟੀ ਬੇਟੀ ਨਾਲ ਗਏ ਨੌਜਵਾਨ ਦੀ ਸਹੁਰੇ ਪਰਿਵਾਰ ਦੇ 5 ਹੋਰ ਮੈਂਬਰਾਂ ਸਮੇਤ ਹਿਮਾਚਲ ਪ੍ਰਦੇਸ਼ ਦੇ ਮੰਡੀ-ਕੁੱਲੂ ਰਾਜ ਮਾਰਗ ਨਜ਼ਦੀਕ ਵਗਦੇ ਬਿਆਸ ਦਰਿਆ 'ਚ ਰੁੜ੍ਹਨ ਦੀ ਖਬਰ ਹੈ।

ਹਾਦਸੇ ਤੋਂ ਬਾਅਦ ਪੁਲਿਸ ਵੱਲੋਂ ਇਕ ਔਰਤ ਦੀ ਲਾਸ਼ ਨੂੰ ਇਥੋਂ ਥੋੜ੍ਹੀ ਦੂਰ ਲਾਰਜੀ ਡੈਮ ਤੋਂ ਬਰਾਮਦ ਕਰ ਲਿਆ ਗਿਆ ਹੈ ਜਦਕਿ 7 ਹੋਰ ਲੋਕਾਂ ਦੀ ਭਾਲ ਜਾਰੀ ਹੈ।

ਹਾਦਸੇ ਸਬੰਧੀ ਮ੍ਰਿਤਕ ਦੀ ਮਾਂ ਪਿੰਕੀ ਵਾਸੀ ਰਾਮਪੁਰਾ ਨੇ ਦੱਸਿਆ ਕਿ ਉਸ ਦਾ ਲੜਕਾ ਮੋਨੂ ਆਪਣੀ ਪਤਨੀ ਪੂਜਾ ਤੇ ਡੇਢ ਮਹੀਨੇ ਦੀ ਬੇਟੀ ਨਾਲ ਮਨੀਕਰਨ ਸਾਹਿਬ ਨਜ਼ਦੀਕ ਆਪਣੇ ਸਹੁਰੇ ਘਰ ਗਿਆ ਸੀ ਜਿਥੋਂ ਉਹ ਆਪਣੇ ਪਰਿਵਾਰ ਤੇ ਸਹੁਰੇ ਪਰਿਵਾਰ ਦੇ 5 ਹੋਰ ਮੈਂਬਰਾਂ ਸੱਸ, ਮਾਸੀ ਸੱਸ, ਸਾਲੀ ਤੇ ਦੋ ਸਾਲਿਆਂ ਨਾਲ ਕਾਰ 'ਚ ਸਵਾਰ ਹੋ ਕੇ ਮਨੀਕਰਨ ਸਾਹਿਬ ਮੱਥਾ ਟੇਕਣ ਲਈ ਗਏ ਸਨ।

ਉਸ ਨੇ ਦੱਸਿਆ ਕਿ ਵਾਪਸ ਆਉਂਦੇ ਸਮੇਂ ਉਨ੍ਹਾਂ ਦੀ ਕਾਰ ਰਾਸ਼ਟਰੀ ਰਾਜ ਮਾਰਗ 21 ਦੇ ਮੰਡੀ-ਕੁੱਲੂ ਵਿਖੇ ਸਥਿਤ ਓਟ ਨਜ਼ਦੀਕ ਕਿਸੇ ਹੋਰ ਕਾਰ ਨਾਲ ਟਕਰਾ ਗਈ, ਜਿਸ ਕਾਰਨ ਇਨ੍ਹਾਂ ਦੀ ਕਾਰ ਸੰਤੁਲਨ ਵਿਗੜਨ ਕਾਰਨ ਬਿਆਸ ਦਰਿਆ 'ਚ ਡਿੱਗ ਗਈ।

# ਮੋਦੀ ਮੰਤਰੀ ਮੰਡਲ ਦਾ ਵਿਸਥਾਰ

**ਨਵੀਂ ਦਿੱਲੀ:** ਕੇਂਦਰੀ ਮੰਤਰੀ ਮੰਡਲ ਵਿਚ ਜਿਥੇ 19 ਨਵੇਂ ਮੰਤਰੀ ਸ਼ਾਮਲ ਕੀਤੇ ਗਏ ਹਨ, ਉਥੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਈ ਮੰਤਰੀਆਂ ਦੇ ਖੰਭ ਕੁਤਰ ਕੇ ਕਈ ਹੋਰਨਾਂ ਨੂੰ ਖੰਭ ਲਗਾ ਕੇ ਵੱਡਾ ਰੱਦੋਬਦਲ ਕਰ ਦਿਤਾ ਹੈ। ਪ੍ਰਕਾਸ਼ ਜਾਵਡੇਕਰ ਜਿਨ੍ਹਾਂ ਕੋਲ ਪਹਿਲਾਂ ਵਾਤਾਵਰਨ ਮੰਤਰਾਲੇ ਦਾ ਸੁਤੰਤਰ ਵਿਭਾਗ ਸੀ, ਨੂੰ ਹੁਣ ਕੈਬਨਿਟ ਮੰਤਰੀ ਬਣਾ ਕੇ ਮਨੁੱਖੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰਾਲਾ ਸੌਂਪ ਦਿੱਤਾ ਗਿਆ ਹੈ, ਜਦਕਿ ਸਮ੍ਰਿਤੀ ਇਰਾਨੀ ਜਿਨ੍ਹਾਂ ਕੋਲ ਮਨੁੱਖੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰਾਲਾ ਸੀ, ਨੂੰ ਹੁਣ ਕੱਪੜਾ ਮੰਤਰਾਲੇ ਵਿਚ ਭੇਜ ਦਿੱਤਾ ਗਿਆ ਹੈ।

ਵਿੱਤ ਮੰਤਰੀ ਅਰੁਣ ਜੇਤਲੀ ਤੋਂ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦਾ ਵਾਧੂ ਭਾਰ ਲੈ ਕੇ ਐਮ. ਵੈਂਕਈਆ ਨਾਇਡੂ ਨੂੰ ਸੌਂਪ ਦਿੱਤਾ ਹੈ। ਉਨ੍ਹਾਂ ਕੋਲ ਸ਼ਹਿਰੀ ਵਿਕਾਸ ਮੰਤਰਾਲਾ ਵੀ ਰਹੇਗਾ। ਸੂਚਨਾ ਤੇ ਤਕਨੀਕ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੂੰ ਕਾਨੂੰਨ ਤੇ ਨਿਆਂ ਮੰਤਰਾਲੇ ਦਾ ਵਾਧੂ ਚਾਰਜ ਦਿੱਤਾ ਗਿਆ ਹੈ, ਜਦ ਕਿ ਸਦਾਨੰਦ ਗੌੜਾ ਜਿਨ੍ਹਾਂ ਕੋਲ ਕਾਨੂੰਨ ਮੰਤਰਾਲਾ ਸੀ, ਨੂੰ ਹੁਣ ਅੰਕੜਾ ਵਿਗਿਆਨ ਵਿਭਾਗ ਦਿੱਤਾ ਗਿਆ ਹੈ। ਐਮ.ਜੇ. ਅਕਬਰ ਨੂੰ ਵਿਦੇਸ਼ ਰਾਜ ਮੰਤਰੀ ਬਣਾਇਆ ਗਿਆ ਹੈ।

ਪੰਚਾਇਤੀ ਰਾਜ ਮੰਤਰੀ ਚੌਧਰੀ ਬੀਰੇਂਦਰ ਸਿੰਘ ਨੂੰ ਸਟੀਲ ਮੰਤਰੀ ਬਣਾ ਦਿੱਤਾ ਗਿਆ ਹੈ। ਸ੍ਰੀ ਜੈਅੰਤ ਸਿਨਹਾ ਜੋ ਪਹਿਲਾਂ ਵਿਤ ਰਾਜ ਮੰਤਰੀ ਸਨ, ਨੂੰ ਸ਼ਹਿਰੀ ਹਵਾਬਾਜ਼ੀ ਰਾਜ ਮੰਤਰੀ ਬਣਾ ਦਿਤਾ ਗਿਆ ਹੈ। ਵਿਜੈ ਗੋਇਲ ਨੂੰ ਯੁਵਾ ਤੇ ਖੇਡ ਮੰਤਰਾਲੇ ਦਾ ਸੁਤੰਤਰ ਚਾਰਜ ਦਿਤਾ ਗਿਆ ਹੈ। ਅਨਿਲ ਦੇਵ ਨੂੰ ਵਾਰਤਾਰਨ ਮੰਤਰੀ ਬਣਾਇਆ ਗਿਆ ਹੈ। ਰਾਮਦਾਸ ਅਠਵਾਲ ਨੂੰ ਸਮਾਜਿਕ ਸੁਰੱਖਿਆ ਰਾਜ ਮੰਤਰੀ, ਪਿਯੂਸ਼ ਗੋਇਲ ਨੂੰ ਬਿਜਲੀ ਦੇ ਨਾਲ ਕੋਲਾ, ਨਵਿਆਉਣਯੋਗ ਵਿਭਾਗਾਂ ਦਾ ਸੁਤੰਤਰ ਚਾਰਜ ਦਿਤਾ ਗਿਆ ਹੈ। ਐਸ.ਐਸ. ਆਹਲੂਵਾਲੀਆ ਨੂੰ ਖੇਤੀਬਾੜੀ ਤੇ ਕਿਸਾਨ ਭਲਾਈ ਰਾਜ ਮੰਤਰਾਲਾ ਦਿਤਾ ਗਿਆ ਹੈ। ਅਨੁਪ੍ਰਿਯਾ ਪਟੇਲ ਨੂੰ ਸਿਹਤ ਤੇ ਪਰਿਵਾਰ ਭਲਾਈ ਰਾਜ ਮੰਤਰਾਲਾ ਸੌਂਪਿਆ ਗਿਆ ਹੈ। ਸ੍ਰੀ ਮੋਦੀ ਨੇ ਆਪਣੇ ਮੰਤਰੀ ਮੰਡਲ ਦਾ ਇਹ ਦੂਜਾ ਵਿਸਥਾਰ ਮਈ 2014 ਵਿਚ ਸੱਤਾ ਸੰਭਾਲਣ ਦੇ ਦੋ ਸਾਲ ਗੁਜ਼ਰਨ ਬਾਅਦ ਕੀਤਾ ਹੈ।

### ਸੁੱਕਾ ਰਹਿ ਗਿਆ ਅਕਾਲੀ ਦਲ

ਭਾਜਪਾ ਦੇ ਪੁਰਾਣੇ ਤੇ ਮਜ਼ਬੂਤ ਸਹਿਯੋਗੀ ਹੋਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਤੇ ਸ਼ਿਵ ਸੈਨਾ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਮੰਤਰੀ ਮੰਡਲ ਦੇ ਤਾਜ਼ਾ ਵਿਸਥਾਰ ਵਿਚ ਬੇਗਾਨਿਆਂ ਵਾਂਗ ਸਲੂਕ ਕੀਤਾ ਹੈ, ਜਦ ਕਿ ਆਰ.ਪੀ.ਆਈ. ਅਤੇ ਅਪਨਾ ਦਲ, ਜਿਨ੍ਹਾਂ ਦਾ ਇਕ ਇਕ ਮੈਂਬਰ ਸੰਸਦ ਵਿਚ ਹੈ, ਨੂੰ ਪੂਰਾ ਮਾਣ ਬਖਸ਼ਿਆ ਗਿਆ ਹੈ। ਮੰਤਰੀ ਮੰਡਲ ਵਿਚ ਸ਼ਾਮਲ ਕੀਤਾ ਗਏ ਇਕੋ ਇਕ ਸਿੱਖ ਐਸ.ਐਸ. ਆਹਲੂਵਾਲੀਆ ਵੀ ਭਾਜਪਾ ਦੇ ਅਤੇ ਪੰਜਾਬ ਤੋਂ ਬਾਹਰਲੇ ਹਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਮੰਤਰੀ ਮੰਡਲ ਵਿਚ ਪ੍ਰਤੀਨਿਧਤਾ ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਨ ਕੌਰ ਬਾਦਲ ਕਰ ਰਹੇ ਹਨ। ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਅਕਾਲੀ ਨੇਤਾਵਾਂ ਨੇ ਮੰਤਰੀ ਮੰਡਲ ਦੇ ਵਿਸਥਾਰ ਵਿਚ ਹੋਰ ਥਾਂ ਲੈਣ ਲਈ ਟਿੱਲ ਲਾਇਆ ਹੋਇਆ ਸੀ।

## Matrimonial

### ਲੜਕੀ ਦੀ ਲੋੜ ਹੈ

Jatt Sikh Brar Boy 25 years, 6'-1", Masters in Bio Engineering (USA) seeking good looking US citizen/immigrant girl, professional, homely, well versed in both cultures. Contact, Email: resham.rand@gmail.com, Ph: 510-797-7900 27-30

ਛੀਂਬਾ ਸਿੱਖ, ਉਮਰ 40 ਸਾਲ, ਕੱਦ 5'-6", ਅਧਿਆਪਕ, ਯੂ ਐਸ ਲੀਗਲ ਸਟੇਟਸ ਲੜਕੇ ਲਈ ਭਲੇ ਪਰਿਵਾਰ ਦੀ ਸਾਦਾ ਤੇ ਸੰਜੀਦਾ ਕੁੜੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਸਿਰਫ ਗੰਭੀਰ ਲੋਕ ਹੀ ਸੰਪਰਕ ਕਰਨ। ਫੋਟੋ ਤੇ ਵੇਰਵੇ ਸਮੇਤ ਈਮੇਲ ਕਰੋ: singh.millionaire@gmail.com ਫੋਨ: 323-351-5737 26-29

ਜੱਟ ਸਿੱਖ ਗਰੀਨ ਕਾਰਡ ਹੋਲਡਰ ਉਮਰ 31 ਸਾਲ, ਕੱਦ 5'-10", ਨਰਸਿੰਗ ਕੋਰਸ ਲੜਕੇ ਲਈ ਸੋਹਣੀ-ਸੁਨੱਖੀ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਸੰਪਰਕ ਕਰੋ ਫੋਨ: 440-991-6071 ਜਾਂ ਈਮੇਲ: raj.gill98@yahoo.com 25-28

Ramgariah family looking for a suitable Ramgariah girl for their US born Sr. financial analyst son 31 years. Please contact: jsnov1973@aol.com -21/4

ਵਿਜ਼ੀਟਰ ਵੀਜ਼ੇ 'ਤੇ ਅਮਰੀਕਾ ਆਏ ਨਾਈ ਸਿੱਖ, ਭਾਰਤ ਤੋਂ ਗਰੈਜੂਏਟ ਉਮਰ 28 ਸਾਲ, 5'-9" ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੀ ਇਕੋ ਭੈਣ ਅਮਰੀਕਾ ਵਿਚ ਵੈਲ ਸੈਟਲਡ ਹੈ। ਲੜਕੇ ਦਾ ਪਰਿਵਾਰ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ ਕਰੋ, ਫੋਨ: 646-318-1589 26-29

### ਵਰ ਦੀ ਲੋੜ ਹੈ

ਖੱਤਰੀ ਗੁਰ ਸਿੱਖ ਪਰਿਵਾਰ ਦੀ ਮੈਡੀਕਲ ਹੈਲਥ ਕੇਅਰ ਕੰਪਨੀ ਵਿਚ ਸੀਨੀਅਰ ਬਿਜਨਸ ਅਨੈਲਸਿਸ ਮੈਨੇਜਰ ਵਜੋਂ ਕੰਮ ਕਰਦੀ ਐਚ-1ਬੀ ਵੀਜ਼ੇ 'ਤੇ ਆਈ ਲੜਕੀ, ਉਮਰ 29, 5'-10" ਲਈ ਗੁਰ ਸਿੱਖ ਪਰਿਵਾਰ ਦੇ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਸੰਪਰਕ, ਫੋਨ: 847-736-7579, 973-572-4093, e-mail: vigtreety67@gmail.com 28-

US citizen boy sought for US citizen Jatt Sikh girl, 27 years, 5'-4", CPA. Tax Manager. Master's degree. Boy should be Jatt Sikh well-educated, with a good job, Preferably from SF Bay Area. Contact: saabks500@gmail.com 26-29

Looking for a suitable Jatt Sikh match for a Jatt Sikh girl, born and raised in USA, 26 years, 5'-4", degree in Anthropology/ Sociology and Women's studies. Girl is working as youth program teacher since completing college and interested in going to Graduate school in social work. Please email at caprisingh8@yahoo.com to have a phone conversation and more information. 25-28

**Punjab Times**
**Our New E-mail**
*Punjabtimes1@gmail.com*
*Visit us on the web:*
*wwwpunjabtimesusa.com*

## 'ਚੰਡੀਗੜ੍ਹ' ਵਿਚ 'ਅੱਧਾ ਹਾਹਾ' ਪੁਆਇਆ ਕਰਨਾਟਕ ਦੇ ਪੰਡਿਤ ਪ੍ਰੋਫੈਸਰ ਨੇ

**ਸੈਨ ਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ):** ਚੰਡੀਗੜ੍ਹ ਵਿਚ ਵਸਦੇ ਪੰਜਾਬੀ ਦੇਖ ਤਾਂ ਵਰ੍ਹਿਆਂ ਤੋਂ ਰਹੇ ਹੋਣਗੇ ਕਿ ਸੀ ਟੀ ਯੂ ਦੀਆਂ ਬੱਸਾਂ ਉਤੇ ਲਿਖੇ 'ਚੰਡੀਗੜ' ਵਿਚੋਂ 'ੜ' ਦੇ ਪੈਰ ਵਿਚ ਪੈਣ ਵਾਲਾ 'ਅੱਧਾ ਹਾਹਾ' ਗਾਇਬ ਹੈ ਪਰ 'ਹਉਂ ਪਰੇ, ਮੈਨੂੰ ਕੀ' ਵਾਲੀ ਫਿਤਰਤ ਰੱਖਦੇ ਹੋਣ ਕਾਰਨ ਕਿਸੇ ਪੰਜਾਬੀ ਪਿਆਰੇ ਭਾਈ-ਭੈਣ ਨੇ ਇਸ ਗਲਤੀ ਦੀ ਦਰੁਸਤੀ ਕਰਵਾਉਣ ਦੀ ਖੇਚਲ ਨਹੀਂ ਕੀਤੀ। ਇਹ ਮਾਣ ਹਾਸਲ ਕੀਤਾ ਹੈ ਮੂਲ ਕਰਨਾਟਕ ਨਿਵਾਸੀ ਪ੍ਰੋਫੈਸਰ ਪੰਡਿਤ ਰਾਓ ਧਰੇਨਵਰ ਨੂੰ, ਜਿਨ੍ਹਾਂ ਸੀ.ਟੀ.ਯੂ. ਦੇ ਉਚ ਅਧਿਕਾਰੀਆਂ ਨੂੰ ਮਿਲ ਕੇ ਹਰੇਕ ਥਾਂ ਲਿਖੇ ਚੰਡੀਗੜ ਨੂੰ ਚੰਡੀਗੜ੍ਹ ਕਰਵਾਇਆ।

ਸ੍ਰੀ ਰਾਓ ਨੂੰ ਪੰਜਾਬੀ ਨਾਲ ਇਸ ਹੱਦ ਤੱਕ ਮੋਹ ਮੁਹੱਬਤ ਹੈ ਕਿ ਉਹ ਹੁਣ ਪੰਜਾਬੀ ਵਿਚ 12 ਕਿਤਾਬਾਂ ਲਿਖ ਚੁਕੇ ਹਨ। ਗੁਰਬਾਣੀ ਅਧਿਐਨ ਕਰਦਿਆਂ ਉਨ੍ਹਾਂ ਜਪੁਜੀ ਸਾਹਿਬ, ਸੁਖਮਨੀ ਸਾਹਿਬ ਤੇ ਜ਼ਫਰਨਾਮੇ ਦਾ ਕੰਨੜ ਭਾਸ਼ਾ ਵਿਚ ਅਨੁਵਾਦ ਕਰ ਕੇ ਆਪਣੇ ਪਿਤਰੀ ਸਟੇਟ ਕਰਨਾਟਕ ਵਿਚ ਵੱਡੀ ਗਿਣਤੀ ਵਿਚ ਵੰਡਿਆ। ਚੰਡੀਗੜ੍ਹ ਦੇ ਸੈਕਟਰ 46 ਵਿਚਲੇ ਸਰਕਾਰੀ ਕਾਲਜ ਵਿਚ ਬਤੌਰ ਸਹਾਇਕ ਪ੍ਰੋਫੈਸਰ ਨੌਕਰੀ ਕਰ ਰਹੇ ਸ੍ਰੀ ਰਾਓ ਨੇ ਆਪਣੇ ਬੱਚੇ ਵੀ ਪੰਜਾਬੀ ਮਾਧਿਅਮ ਵਾਲੇ ਸਰਕਾਰੀ ਸਕੂਲ ਵਿਚ ਹੀ ਪੜ੍ਹਨੇ ਪਾਏ ਹੋਏ ਹਨ। ਪੰਜਾਬੀ ਜਾਂ ਸਿੱਖ ਵਿਰੋਧੀ ਕਿਸੇ ਵੀ ਸਰਗਰਮੀ ਦਾ



ਉਹ ਯਥਾ-ਸ਼ਕਤੀ ਵਿਰੋਧ ਕਰਦਾ ਰਹਿੰਦਾ ਹੈ। ਸਿੱਖਾਂ ਬਾਰੇ ਮਜ਼ਾਕੀਆ ਚੁਟਕਲੇ ਬਣਾਉਣ ਵਿਰੁਧ ਵੀ ਉਸ ਨੇ ਤਕੜਾ ਸੰਘਰਸ਼ ਲਾਮਬੰਦ ਕੀਤਾ ਸੀ। ਇਸ ਪ੍ਰੋਫੈਸਰ 'ਤੇ ਦੁਨੀਆਂ ਭਰ ਦੇ ਪੰਜਾਬੀਆਂ ਨੂੰ ਮਾਣ ਹੈ।

## ਸੁਖਬੀਰ ਸਿੰਘ ਬਾਦਲ ਅਦਾਲਤ ਵਿਚ ਪੇਸ਼

**ਫਰੀਦਕੋਟ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਸਥਾਨਕ ਅਦਾਲਤ ਵੱਲੋਂ ਬਰੀ ਕਰਨ ਦੇ ਮਾਮਲੇ ਖਿਲਾਫ਼ ਨਰੇਸ਼ ਸਹਿਗਲ ਵੱਲੋਂ ਦਾਇਰ ਕੀਤੀ ਅਪੀਲ ਵਿਚ ਉਹ ਅਦਾਲਤ ਵਿਚ ਪੇਸ਼ ਹੋਏ। ਸੈਸ਼ਨ ਜੱਜ ਸਤਵਿੰਦਰ ਸਿੰਘ ਚਹਿਲ ਨੇ ਉਨ੍ਹਾਂ ਨੂੰ ਚਲਦੀ ਅਪੀਲ ਦੌਰਾਨ ਜ਼ਮਾਨਤ ਦੇਣ ਦਾ ਹੁਕਮ ਦਿਤਾ। ਮਾਰਕਿਟ ਕਮੇਟੀ ਸਾਦਿਕ ਦੇ ਚੇਅਰਮੈਨ ਬਲਜਿੰਦਰ ਸਿੰਘ ਨੇ ਸ. ਬਾਦਲ ਲਈ 50 ਹਜ਼ਾਰ ਦੀ ਜ਼ਮਾਨਤ ਦਾ ਮੁਚੱਲਕਾ ਭਰਿਆ।

ਸੁਖਬੀਰ ਨੇ ਅਦਾਲਤ ਵਿਚ ਆਪਣੇ ਵੱਲੋਂ ਅਰਜ਼ੀ ਦਾਇਰ ਕਰ ਕੇ ਅਦਾਲਤ ਵਿਚੋਂ ਨਿਜੀ ਪੇਸ਼ੀ ਤੋਂ ਛੋਟ ਦੀ ਮੰਗ ਕੀਤੀ ਹੈ। ਦੂਜੇ ਪਾਸੇ ਸ਼ਿਕਾਇਤ ਕਰਤਾ ਨਰੇਸ਼ ਸਹਿਗਲ ਨੇ ਅਦਾਲਤ ਵਿਚ ਅਰਜ਼ੀ ਦੇ ਕੇ ਉਪ ਮੁੱਖ ਮੰਤਰੀ ਦਾ ਪਾਸਪੋਰਟ ਜ਼ਬਤ ਕਰਨ ਦੀ ਮੰਗ ਕੀਤੀ ਹੈ ਤਾਂ ਕਿ ਚੱਲਦੀ ਅਪੀਲ ਦੌਰਾਨ ਉਹ ਵਿਦੇਸ਼ ਨਾ ਜਾ ਸਕਣ। ਸੁਖਬੀਰ ਦੇ ਵਕੀਲ ਸ਼ਿਵਕਰਤਾਰ ਸਿੰਘ ਸੇਖੋਂ ਨੇ ਕਿਹਾ ਕਿ ਅਦਾਲਤ ਨੇ ਉਪ ਮੁੱਖ ਮੰਤਰੀ ਨੂੰ ਜ਼ਮਾਨਤ ਦੇਣ ਤੋਂ ਬਾਅਦ ਇਸ ਮਾਮਲੇ ਦੀ ਅਗਲੀ ਸੁਣਵਾਈ 19 ਅਗਸਤ 'ਤੇ ਪਾਈ ਹੈ। ਉਸ ਦਿਨ ਦੋਹਾਂ ਧਿਰਾਂ ਕੋਲੋਂ ਜਵਾਬ ਮੰਗੇ ਗਏ ਹਨ।

## ਮੂਰਥਲ ਵਿਚ ਜਬਰ ਜਨਾਹ ਦੀਆਂ ਘਟਨਾਵਾਂ ਵਾਪਰੀਆਂ: ਹਾਈ ਕੋਰਟ

**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈ ਕੋਰਟ ਨੇ ਸਪਸ਼ਟ ਆਖਿਆ ਹੈ ਕਿ ਮੂਰਥਲ 'ਚ ਜਬਰ ਜਨਾਹ ਦੀਆਂ ਘਟਨਾਵਾਂ ਬਿਨਾਂ ਸ਼ੱਕ-ਸ਼ੁਬ੍ਹਾ ਦੇ ਵਾਪਰੀਆਂ ਸਨ। ਖੁਲ੍ਹੀ ਅਦਾਲਤ 'ਚ ਹਾਈ ਕੋਰਟ ਦੀ ਡਿਵੀਜ਼ਨ ਬੈਂਚ ਨੇ ਕਿਹਾ ਕਿ ਹਰਿਆਣਾ ਸਰਕਾਰ ਵੀ ਜਬਰ ਜਨਾਹ ਦੀਆਂ ਘਟਨਾਵਾਂ ਹੋਣ ਤੋਂ ਇਨਕਾਰ ਨਹੀਂ ਕਰ ਰਹੀ। ਬੈਂਚ ਨੇ ਕੇਸ ਦੀ ਅਗਲੀ ਸੁਣਵਾਈ 23 ਜੁਲਾਈ 'ਤੇ ਪਾਉਂਦਿਆਂ ਨਵੀਂ ਰਿਪੋਰਟ ਦਾਖਲ ਕਰਨ ਲਈ ਕਿਹਾ ਹੈ।

ਜਸਟਿਸ ਐਸ.ਐਸ. ਸਾਰੋਂ ਅਤੇ ਜਸਟਿਸ ਲੀਜ਼ਾ ਗਿੱਲ 'ਤੇ ਆਧਾਰਿਤ ਬੈਂਚ ਨੇ ਹਰਿਆਣਾ ਸਰਕਾਰ ਨੂੰ ਕਿਹਾ ਕਿ ਪਹਿਲਾਂ ਉਹ ਐਫ.ਆਈ.ਆਰ. ਤਕ ਰਜਿਸਟਰ ਕਰਨ ਲਈ ਤਿਆਰ ਨਹੀਂ ਸੀ, ਪਰ ਹੁਣ ਤੁਸੀਂ ਮੰਨਦੇ ਹੋ ਕਿ ਬਲਾਤਕਾਰ ਹੋਇਆ ਹੈ। ਹਰਿਆਣਾ ਦੇ ਵਕੀਲ ਤੁਸ਼ਾਰ ਮਹਿਤਾ ਵੱਲੋਂ ਕੁਝ ਪੁਖ਼ਤਾ ਜਾਣਕਾਰੀ ਦੇਣ ਲਈ ਜਦੋਂ ਹੋਰ ਸਮੇਂ ਦੀ ਮੰਗ ਕੀਤੀ ਗਈ ਤਾਂ ਅਦਾਲਤ ਨੇ ਕਿਹਾ ਕਿ ਹੁਣ ਤਾਂ ਪੀੜਤ ਅਤੇ ਮੁਲਜ਼ਮ ਦੀ ਸ਼ਨਾਖਤ ਕਰਨ ਦੀ ਲੋੜ ਹੈ।

**ਰੈਸਟੋਰੈਂਟ ਸਟਾਫ ਦੀ ਲੋੜ ਹੈ**

**ਫਲੋਰਿਡਾ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਕਿਚਨ ਹੈਲਪਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ।**

**ਚੰਗੀ ਤਨਖਾਹ ਅਤੇ ਹੋਰ ਸਹੂਲਤਾਂ**


**ਸੰਪਰਕ ਕਰੋ: 850-510-3466**

**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**

**ਫੋਨ (408) 687-1899**

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**7021 Village Park Way, Dublin, CA 94568**

Email:
Homeomedicine@yahoo.com

# ਕੇਜਰੀਵਾਲ ਨੇ ਗੁਰੂ ਕੀ ਨਗਰੀ ਤੋਂ ਵਜਾਇਆ ਚੋਣ ਦਾ ਬਿਗਲ

**ਅੰਮ੍ਰਿਤਸਰ:** ਆਮ ਆਦਮੀ ਪਾਰਟੀ ਨੇ ਗੁਰੂ ਕੀ ਨਗਰੀ ਅੰਮ੍ਰਿਤਸਰ ਤੋਂ ਚੋਣ ਬਿਗਲ ਵਜਾ ਦਿੱਤਾ ਹੈ। ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ 51 ਸੂਤਰੀ ਯੂਥ ਮੈਨੀਫੈਸਟੋ ਰਿਲੀਜ਼ ਕੀਤਾ ਹੈ। ਮੈਨੀਫੈਸਟੋ ਨੂੰ 5 ਭਾਗਾਂ ਵਿਚ ਵੰਡਿਆ ਗਿਆ ਹੈ। ਦਿੱਲੀ ਵਾਂਗ ਪੰਜਾਬ ਦੇ ਪਿੰਡਾਂ ਵਿਚ ਮੁਫਤ ਵਾਈਫਾਈ ਸਹੂਲਤ ਦੇਣ ਦਾ ਵਾਅਦਾ ਵੀ ਕੀਤਾ ਗਿਆ ਹੈ। ਮੁਫਤ ਵਾਈਫਾਈ ਪਿੰਡਾਂ ਦੇ ਨਾਲ ਨਾਲ ਵਿਦਿਅਕ ਸੰਸਥਾਵਾਂ 'ਚ ਵੀ ਮਿਲੇਗਾ। ਆਮ ਆਦਮੀ ਪਾਰਟੀ ਨੇ ਸਭ ਤੋਂ ਪਹਿਲਾ ਵਾਅਦਾ ਨੌਕਰੀ ਦਾ ਕੀਤਾ ਹੈ। ਜਿਸ ਤਹਿਤ ਜੇ ਸੂਬੇ ਵਿਚ 2017 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਸੂਬੇ ਵਿਚ 25 ਲੱਖ ਨੌਕਰੀਆਂ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣਗੇ।

ਚੋਣ ਮਨੋਰਥ ਪੱਤਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਨਸ਼ਿਆਂ ਵਿਚ ਗ੍ਰਸਤ ਨੌਜਵਾਨਾਂ ਨੂੰ ਨਸ਼ਿਆਂ ਤੋਂ ਮੁਕਤ ਕਰਵਾ ਕੇ ਮੁੜ ਵਸੇਬੇ ਲਈ ਯਤਨ ਕੀਤੇ ਜਾਣਗੇ, ਸੂਬੇ ਵਿਚ ਖੇਡਾਂ ਨੂੰ ਲੋਕ ਲਹਿਰ ਬਣਾਉਣਾ ਅਤੇ ਪੰਜਾਬ ਉਲੰਪਿਕ ਮਿਸ਼ਨ ਕਾਇਮ ਕਰ ਕੇ ਉਲੰਪਿਕ ਖੇਡਾਂ ਵਿਚ ਤਗਮਾ ਜੇਤੂ ਖਿਡਾਰੀ ਤਿਆਰ ਕਰਨੇ ਵੀ ਪ੍ਰਮੁੱਖ ਕਾਰਜ ਹੋਣਗੇ। ਬੇਰੁਜ਼ਗਾਰ ਨੌਜਵਾਨਾਂ ਲਈ 10 ਮੁੱਖ ਸ਼ਹਿਰਾਂ ਵਿਚ ਦਸ ਨਵੇਂ ਕਾਰੋਬਾਰ ਸੈਂਟਰ ਸਥਾਪਤ ਕਰਨ ਦੇ ਪ੍ਰਾਜੈਕਟ ਤਿਆਰ ਕੀਤੇ ਜਾਣਗੇ, ਜਿਨ੍ਹਾਂ ਵਿਚ ਨੌਜਵਾਨ ਤਕਨਾਲੋਜੀ, ਬੁਨਿਆਦੀ ਢਾਂਚਾ, ਵਿੱਤੀ ਸਹਿਯੋਗ, ਉਦਯੋਗ ਦੇ ਮਾਹਿਰਾਂ ਅਤੇ ਮਾਰਕਿਟ ਸਹੂਲਤਾਂ ਦਾ ਸਹਾਰਾ ਲੈ ਸਕਣਗੇ। ਲੜਕੀਆਂ ਨੂੰ ਪੁਲਿਸ ਤੇ ਨੀਮ ਫੌਜੀ ਦਸਤਿਆਂ ਵਿਚ ਭਰਤੀ ਵਾਸਤੇ ਤਿਆਰੀ ਕਰਾਉਣ ਲਈ ਮਾਤਾ ਗੁਜਰੀ ਟਰੇਨਿੰਗ ਅਕਾਦਮੀ ਖੋਲ੍ਹੀ ਜਾਵੇਗੀ। ਦੁਆਬੇ ਵਿਚ ਕਾਂਸ਼ੀ ਰਾਮ ਯੂਥ ਸਕਿੱਲ ਯੂਨੀਵਰਸਿਟੀ ਸਥਾਪਤ ਕਰ ਕੇ ਮਾਲਵੇ ਅਤੇ ਮਾਝੇ ਵਿਚ ਇਸ ਦੇ ਦੋ ਖੇਤਰੀ ਕੈਂਪਸ ਬਨਣਗੇ। ਇਹ ਵੀ ਕਿਹਾ ਗਿਆ ਹੈ ਕਿ ਸਰਕਾਰ ਵੱਲੋਂ ਨੌਜਵਾਨਾਂ ਖਿਲਾਫ ਦਰਜ ਝੂਠੇ ਕੇਸ ਅਤੇ ਫਰਜ਼ੀ ਐਨ.ਡੀ.ਪੀ.ਐਸ. ਮੁਕੱਦਮੇ ਵਾਪਸ ਲਏ ਜਾਣਗੇ। ਇਹ ਵਾਅਦਾ ਵੀ ਕੀਤਾ ਗਿਆ ਕਿ ਸਰਕਾਰ ਸਵੈ ਉਦਯੋਗ ਅਤੇ ਹੁਨਰ ਕੇਂਦਰ ਸਥਾਪਤ ਕਰੇਗੀ, ਜਿਸ ਵਿਚ ਖੇਤੀਬਾੜੀ ਅਤੇ ਸਬੰਧਤ ਉਦਯੋਗਾਂ ਉਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਦਾਅਵੇ ਨਾਲ ਕਿਹਾ ਗਿਆ ਹੈ ਕਿ ਸਰਕਾਰ ਬਣਨ ਤੋਂ ਇਕ ਮਹੀਨੇ ਦੇ ਅੰਦਰ ਨਸ਼ਾ ਸਪਲਾਈ ਚੇਨ ਨੂੰ ਖਤਮ ਕੀਤਾ ਜਾਵੇਗਾ। ਨਸ਼ਿਆਂ ਦੀ ਵਿਕਰੀ ਅਤੇ ਸਪਲਾਈ ਦਾ ਖਾਤਮਾ ਕਰਨ ਲਈ ਸੂਬਾ ਅਤੇ ਜ਼ਿਲ੍ਹਾ ਪੱਧਰ ਉਤੇ ਪੰਜਾਬ ਪੁਲਿਸ ਦੀ ਇਕ ਵਿਸ਼ੇਸ਼ ਡਰੱਗ ਟਾਸਕ ਫੋਰਸ ਬਣਾਈ ਜਾਵੇਗੀ। ਨਸ਼ੇ ਦੇ ਵਪਾਰ ਵਿਚ ਸਿਆਸਤਦਾਨਾਂ ਅਤੇ ਪੁਲਿਸ ਅਫਸਰਾਂ ਦੀ ਸ਼ਮੂਲੀਅਤ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇਗੀ ਅਤੇ ਦੋਸ਼ੀਆਂ ਨੂੰ ਜੇਲ੍ਹ ਭੇਜਿਆ ਜਾਵੇਗਾ। ਨਸ਼ਾ ਤਸਕਰੀ ਦਾ ਗੁਨਾਹ ਸਾਬਤ ਹੋਣ ਉਤੇ ਮੌਤ ਤੱਕ ਉਮਰ ਕੈਦ ਦੇਣ ਲਈ ਕਾਨੂੰਨ ਬਣਾਇਆ ਜਾਵੇਗਾ। ਸਾਲਾਨਾ 150 ਵਿਦਿਆਰਥੀਆਂ ਨੂੰ ਗਰੈਜੂਏਟ ਅਤੇ ਮਾਸਟਰ ਡਿਗਰੀਆਂ ਦੀ ਪੜ੍ਹਾਈ ਕਰਾਉਣ ਲਈ ਸਕੂਲ ਆਫ ਅਡਿਕਸ਼ਨ ਸਟੱਡੀਜ਼ ਖੋਲ੍ਹਿਆ ਜਾਵੇਗਾ।

ਵਿਦਿਆਰਥੀਆਂ ਨੂੰ ਮੁਫਤ ਬੱਸ ਸੇਵਾ ਮਿਲੇਗੀ ਅਤੇ ਵਿਦਿਆਰਥਣਾਂ ਵਾਸਤੇ ਖਾਸ ਬੱਸਾਂ ਚਲਾਈਆਂ ਜਾਣਗੀਆਂ, ਨੌਵੀਂ ਕਲਾਸ ਤੋਂ ਮੁਫਤ ਲੈਪਟਾਪ ਦਿੱਤੇ ਜਾਣਗੇ, ਅਧਿਆਪਕਾਂ ਦੀਆਂ ਖਾਲੀ ਪਈਆਂ 29000 ਅਸਾਮੀਆਂ ਤੁਰਤ ਭਰੀਆਂ ਜਾਣਗੀਆਂ। ਨੌਵੀਂ ਤੋਂ ਹੁਨਰ ਵਿਕਾਸ ਅਤੇ ਕਰੀਅਰ ਕੌਂਸਲਿੰਗ ਦੀ ਸ਼ੁਰੂਆਤ ਕੀਤੀ ਜਾਵੇਗੀ, 85 ਫੀਸਦੀ ਤੋਂ ਵਧ ਨੰਬਰ ਲੈਣ ਵਾਲੀਆਂ ਲੜਕੀਆਂ ਨੂੰ ਦਸਵੀਂ ਪਾਸ ਕਰਨ ਉਪਰੰਤ ਉਚ ਸਿੱਖਿਆ ਵਜ਼ੀਫੇ ਦੀ ਸਹੂਲਤ ਪੋਸਟ ਗਰੈਜੂਏਟ ਪੱਧਰ ਤੱਕ ਦਿੱਤੀ ਜਾਵੇਗੀ। ਅਧਿਆਪਕਾਂ ਤੋਂ ਕੋਈ ਗੈਰ ਵਿੱਦਿਅਕ ਕੰਮ ਨਹੀਂ ਲਿਆ ਜਾਵੇਗਾ। ਅੰਤਰਰਾਸ਼ਟਰੀ ਖੇਡ ਸਹੂਲਤਾਂ ਵਾਲੀ ਯੂਨੀਵਰਸਿਟੀ ਦੀ ਸਥਾਪਤ ਕੀਤੀ ਜਾਵੇਗੀ। ਤਿੰਨ ਸਪੋਰਟਸ ਕਾਲਜ ਬਣਾਏ ਜਾਣਗੇ।

### ਇਕਵੰਜਾ ਸੂਤਰੀ ਯੂਥ ਮੈਨੀਫੈਸਟੋ ਜਾਰੀ



### ਕੇਜਰੀਵਾਲ ਉਤੇ ਸੁੱਟੇ 'ਸਿੱਖ ਵਿਰੋਧੀ' ਹੋਣ ਬਾਰੇ ਪੋਸਟਰ

ਅਰਵਿੰਦ ਕੇਜਰੀਵਾਲ ਨੇ ਰੈਲੀ ਨੂੰ ਸੰਬੋਧਨ ਕਰਨ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ। ਜਦੋਂ ਉਹ ਬਾਹਰ ਆਏ ਤਾਂ ਕੁਝ ਅਣਪਛਾਤੇ ਨੌਜਵਾਨਾਂ ਨੇ 'ਮਿਸਟਰ ਕੇਜਰੀਵਾਲ ਤੂੰ ਸਿੱਖਾਂ ਦਾ ਦੋਸ਼ੀ ਏਂ' ਵਾਲੇ ਪੋਸਟਰ ਉਨ੍ਹਾਂ ਵੱਲ ਸੁੱਟੇ। 'ਆਪ' ਦੇ ਵਰਕਰਾਂ ਦੀ ਉਨ੍ਹਾਂ ਨਾਲ ਤੂੰ ਤੂੰ ਮੈਂ ਮੈਂ ਵੀ ਹੋਈ ਪਰ ਸ੍ਰੀ ਕੇਜਰੀਵਾਲ ਨੇ ਕੋਈ ਧਿਆਨ ਨਹੀਂ ਦਿੱਤਾ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੇ ਉਨ੍ਹਾਂ ਸਾਰੀਆਂ ਥਾਵਾਂ ਉਤੇ ਕੇਜਰੀਵਾਲ ਨੂੰ 'ਪੰਜਾਬ ਤੇ ਪੰਜਾਬੀਆਂ ਦਾ ਦੋਸ਼ੀ' ਦੱਸਦੇ ਪੋਸਟਰ ਲਾਏ। ਇਨ੍ਹਾਂ ਪੋਸਟਰਾਂ ਵਿਚ ਸ੍ਰੀ ਕੇਜਰੀਵਾਲ ਨੂੰ ਪੰਜਾਬ ਤੇ ਪੰਜਾਬੀਆਂ ਦਾ ਦੋਸ਼ੀ ਦੱਸਦਿਆਂ ਕਿਹਾ ਗਿਆ ਹੈ ਕਿ ਉਨ੍ਹਾਂ ਦਿੱਲੀ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਚਾਂਦਨੀ ਚੌਕ ਸਥਿਤ ਪਿਆਉ ਅਤੇ ਭਾਈ ਮਤੀ ਦਾਸ ਚੌਕ ਵਿਖੇ ਬਣੀ ਉਨ੍ਹਾਂ ਦੀ ਸਮਾਰਕ ਨੂੰ ਤੋੜ ਦਿੱਤਾ। ਦਿੱਲੀ ਦੇ ਸਕੂਲਾਂ ਵਿਚ ਪੰਜਾਬੀ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਨਹੀਂ ਭਰੀਆਂ ਗਈਆਂ।

### ਪੰਜਾਬ ਦੇ ਨੌਜਵਾਨਾਂ ਨਾਲ ਵੱਡੇ ਵਾਅਦੇ

- ਨਸ਼ੇ ਦੀ ਸਪਲਾਈ ਚੇਨ ਮਹੀਨੇ ਦੇ ਅੰਦਰ ਅੰਦਰ ਹੋਵੇਗੀ ਖਤਮ
- ਨਸ਼ਾ ਸਪਲਾਈ ਅਤੇ ਵੇਚਣ ਵਾਲਿਆਂ ਲਈ ਖਾਸ ਕਾਨੂੰਨ ਬਣਾ ਕੇ ਮੁਜਰਮ ਨੂੰ ਮੌਤ ਤੱਕ ਉਮਰ ਕੈਦ ਅਤੇ ਜਾਇਦਾਦ ਜ਼ਬਤ ਕਰਨ ਦੀ ਤਜਵੀਜ਼ ਰੱਖੀ
- ਸਰਕਾਰੀ ਨਸ਼ਾ ਕੇਂਦਰਾਂ 'ਚ ਮਰੀਜ਼ ਦਾ ਮੁਫਤ ਇਲਾਜ
- ਨੌਜਵਾਨਾਂ ਉਤੇ ਨਸ਼ਾਖੋਰੀ ਦੀ ਆੜ ਵਿਚ ਸਿਆਸੀ ਰੰਜਿਸ਼ ਦੇ ਪਾਏ ਗਏ ਸਾਰੇ ਮਾਮਲੇ ਰੱਦ ਕਰਨਾ
- ਹਰ ਪਿੰਡ ਅਤੇ ਸ਼ਹਿਰ ਵਿਚ ਸਿਹਤ ਕਲੀਨਕ ਤੇ ਮੁਫਤ ਦਵਾਈਆਂ ਦੇ ਨਾਲ ਨਾਲ ਟੈਸਟ ਵੀ ਮੁਫਤ ਕਰਨ ਦਾ ਦਾਅਵਾ
- ਸਥਾਨਕ ਤੇ ਪੰਚਾਇਤੀ ਚੋਣਾਂ ਵੇਲੇ ਉਮੀਦਵਾਰ ਤੋਂ ਨਸ਼ਾ ਨਾ ਕਰਨ ਵਾਲਾ ਹਲਫਿਆ ਬਿਆਨ ਲੈਣਾ
- ਅਧਿਆਪਕਾਂ ਨੂੰ ਅਧਿਆਪਨ ਤੋਂ ਬਿਨਾ ਕਿਸੇ ਹੋਰ ਕੰਮਾਂ ਉਚ ਡਿਊਟੀ ਨਾ ਲਗਾਉਣਾ
- ਵਾਧੂ ਕੰਮਾਂ ਲਈ ਅਸਟੇਟ ਅਫਸਰਾਂ ਦੀ ਨਿਯੁਕਤੀ
- ਨੌਵੀਂ ਤੋਂ ਬਾਅਦ ਹਰੇਕ ਬੱਚੇ ਨੂੰ ਮੁਫਤ ਲੈਪਟਾਪ, ਹਰੇਕ ਹਾਈ ਸਕੂਲ 'ਚ ਇਕ ਕੰਪਿਊਟਰ ਲੈਬ
- ਸੂਬੇ ਦੇ ਸਾਰੇ ਪ੍ਰਾਈਵੇਟ ਸਕੂਲਾਂ ਦਾ ਸਾਲਾਨਾ ਆਡਿਟ ਕਰਵਾਉਣਾ ਦੀ ਤਜਵੀਜ਼
- ਹਰ ਜ਼ਿਲ੍ਹੇ ਦਾ ਆਪਣਾ ਵੱਖਰਾ ਡਿਗਰੀ ਕਾਲਜ
- ਸਿਆਸੀ ਪ੍ਰਭਾਵ ਤੋਂ ਮੁਕਤ ਯੂਨੀਵਰਸਿਟੀਆਂ ਦੇ ਵਾਇਸ ਚਾਂਸਲਰਾਂ ਦੀ ਨਿਯੁਕਤੀ

### ਪੰਜਾਬ 'ਚ ਸੱਤਾ ਦੇ ਸੁਪਨੇ ਛੱਡ ਦੇਵੇ ਕੇਜਰੀਵਾਲ: ਮਜੀਠੀਆ

**ਅੰਮ੍ਰਿਤਸਰ:** ਅਕਾਲੀ ਦਲ ਦੇ ਜਨਰਲ ਸਕੱਤਰ ਤੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਅਰਵਿੰਦ ਕੇਜਰੀਵਾਲ ਨੂੰ ਕਿਹਾ ਹੈ ਕਿ ਉਹ ਇਹ ਹਵਾਈ ਮਹਿਲ ਬਣਾਉਣਾ ਛੱਡ ਦੇਵੇ ਕਿ ਜੇਕਰ ਉਸ ਨੂੰ ਪੰਜਾਬ ਵਿਚ ਸੱਤਾ ਹਾਸਲ ਹੋ ਗਈ ਤਾਂ ਉਹ ਦੂਜਿਆਂ ਖਿਲਾਫ਼ ਕੀ-ਕੀ ਕਾਰਵਾਈਆਂ ਕਰੇਗਾ। ਉਨ੍ਹਾਂ ਕਿਹਾ ਕਿ ਕੇਜਰੀਵਾਲ ਦੇ ਦਿੱਲੀ ਵਿਚ ਵੀ ਗਿਣਤੀ ਦੇ ਦਿਨ ਰਹਿ ਗਏ ਹਨ, ਕਿਉਂਕਿ ਉਸ ਦੀ ਸਰਕਾਰ ਵਿਚੋਂ ਰੋਜ਼ਾਨਾ ਕੋਈ ਨਾ ਕੋਈ ਵਿਧਾਇਕ ਬਾਹਰ ਜਾ ਰਿਹਾ ਹੈ। ਮਜੀਠੀਆ ਨੇ ਕਿਹਾ ਕਿ ਉਹ ਕੇਜਰੀਵਾਲ ਨੂੰ ਚੁਣੌਤੀ ਦਿੰਦੇ ਹਨ ਕਿ ਕੇਜਰੀਵਾਲ ਤਿੰਨ ਮਹੀਨਿਆਂ ਬਾਅਦ ਸਲਾਖਾਂ ਪਿੱਛੇ ਹੋਵੇਗਾ।

# ਪਾਰਲੀਮਾਨੀ ਸਕੱਤਰਾਂ ਦੀ ਫੌਜ ਵਿਰੁਧ ਆਮ ਆਦਮੀ ਪਾਰਟੀ ਦੀ ਮੁਹਿੰਮ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਅਕਾਲੀ-ਭਾਜਪਾ ਸਰਕਾਰ ਵੱਲੋਂ ਗੈਰ ਸੰਵਿਧਾਨਕ ਤਰੀਕੇ ਨਾਲ ਬਣਾਏ ਗਏ 24 ਮੁੱਖ ਪਾਰਲੀਮਾਨੀ ਸਕੱਤਰਾਂ ਨੂੰ ਅਹੁਦੇ ਤੋਂ ਤੁਰਤ ਬਰਖਾਸਤ ਕਰਨ ਦੀ ਮੰਗ ਕੀਤੀ ਹੈ। 'ਆਪ' ਦੇ ਸੀਨੀਅਰ ਆਗੂ ਤੇ ਲੀਗਲ ਸੈੱਲ ਦੇ ਮੁਖੀ ਹਿੰਮਤ ਸਿੰਘ ਸ਼ੇਰਗਿੱਲ ਦੀ ਅਗਵਾਈ ਵਿਚ 'ਆਪ' ਦਾ ਵਫਦ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੂੰ ਮਿਲਿਆ। 'ਆਪ' ਦੇ ਆਗੂਆਂ ਨੇ ਕਿਹਾ ਕਿ 24 ਮੁੱਖ ਪਾਰਲੀਮਾਨੀ ਸਕੱਤਰਾਂ ਦੀ ਨਿਯੁਕਤੀ ਭਾਰਤ ਦੇ ਸੰਵਿਧਾਨ ਅਨੁਸਾਰ ਗੈਰ ਸੰਵਿਧਾਨਕ ਹੈ।

ਭਾਰਤ ਦੇ ਸੰਵਿਧਾਨ ਦੀ ਧਾਰਾ 191 ਅਨੁਸਾਰ ਕਿਸੇ ਵੀ ਰਾਜ ਦਾ ਐਮ.ਐਲ.ਏ. ਜੇਕਰ ਕੋਈ ਹੋਰ ਲਾਭ ਦਾ ਅਹੁਦਾ ਗ੍ਰਹਿਣ ਕਰਦਾ ਹੈ ਤੇ ਸਰਕਾਰੀ ਸਹੂਲਤਾਂ ਪ੍ਰਾਪਤ ਕਰਦਾ ਹੈ ਤਾਂ ਉਹ ਸੰਵਿਧਾਨਕ ਤੌਰ 'ਤੇ ਬਰਖਾਸਤ ਹੋ ਸਕਦਾ ਹੈ। ਸ਼ੇਰਗਿੱਲ ਨੇ ਕਿਹਾ ਕਿ ਇਹ 24 ਮੁੱਖ ਪਾਰਲੀਮਾਨੀ ਸਕੱਤਰ ਰਾਜ ਦੇ ਸਰਕਾਰੀ ਖਜਾਨੇ ਉਪਰ ਗੈਰ ਸੰਵਿਧਾਨਕ ਭਾਰ ਹਨ ਕਿਉਂ ਜੋ ਉਨ੍ਹਾਂ ਨੂੰ ਸਰਕਾਰੀ ਖਜਾਨੇ ਵਿਚੋਂ ਤਨਖਾਹ ਤੇ ਹੋਰ ਭੱਤੇ ਦਿੱਤੇ ਜਾਂਦੇ ਹਨ। ਪੰਜਾਬ ਵਿਚ ਹਰ ਮੁੱਖ ਪਾਰਲੀਮਾਨੀ ਸਕੱਤਰ ਹਰ ਮਹੀਨੇ ਇਕ ਲੱਖ ਤਨਖਾਹ ਪ੍ਰਾਪਤ ਕਰਦਾ ਹੈ ਤੇ ਇਸ ਦੇ ਨਾਲ ਹੀ ਉਸ ਨੂੰ ਟੋਆਇਟਾ, ਫਾਰਚੂਨਰ ਜਾਂ ਟੋਆਇਟਾ ਕੈਮਰੀ ਗੱਡੀ ਮਿਲਦੀ ਹੈ। ਇਸ ਤੋਂ ਬਿਨਾਂ ਹਰ ਮੁੱਖ ਪਾਰਲੀਮਾਨੀ ਸਕੱਤਰ ਸਲਾਨਾ 3 ਲੱਖ ਤੱਕ ਐਲ.ਟੀ.ਸੀ. ਤੇ ਮੁਫਤ ਪਾਣੀ ਤੇ ਬਿਜਲੀ ਦੀ ਸੁਵਿਧਾ ਦਾ ਆਨੰਦ ਮਾਣਦਾ ਹੈ। ਇਨ੍ਹਾਂ ਮੁੱਖ ਪਾਰਲੀਮੈਂਟਰੀ ਸਕੱਤਰਾਂ ਨੂੰ ਚੰਡੀਗੜ੍ਹ ਦੇ 39 ਸੈਕਟਰ ਵਿਚ ਸਰਕਾਰੀ ਘਰ ਦੀ ਸੁਵਿਧਾ ਦਿੱਤੀ ਜਾਂਦੀ ਹੈ ਤੇ ਘਰ ਨਾ ਲੈਣ 'ਤੇ ਹਰ ਮਹੀਨੇ 50 ਹਜ਼ਾਰ ਰੁਪਏ ਭੱਤਾ ਦਿੱਤਾ ਜਾਂਦਾ ਹੈ। ਸ਼ੇਰਗਿੱਲ ਨੇ ਕਿਹਾ ਕਿ ਇਕ ਪਾਸੇ ਪੰਜਾਬ ਦੀ ਮਾਲੀ ਹਾਲਤ ਮਾੜੀ ਤੇ ਕਿਸਾਨ ਖੁਦਕੁਸ਼ੀਆਂ ਕਰ ਰਿਹਾ ਹੈ, ਦੂਜੇ ਪਾਸੇ ਸਰਕਾਰ ਮੁੱਖ ਪਾਰਲੀਮਾਨੀ ਸਕੱਤਰਾਂ ਨੂੰ ਬੇਵਜ੍ਹਾ ਖਜਾਨੇ 'ਚੋਂ ਪੈਸੇ ਲੁਟਾ ਰਹੀ ਹੈ।

# ਖਾਲਿਸਤਾਨ ਦੇ ਮੁੱਦੇ 'ਤੇ ਕਾਂਗਰਸ ਤੇ 'ਆਪ' 'ਚ ਭੇੜ

**ਚੰਡੀਗੜ੍ਹ:** ਕਾਂਗਰਸ ਤੇ ਆਮ ਆਦਮੀ ਪਾਰਟੀ (ਆਪ) ਖਾਲਿਸਤਾਨ ਦੇ ਮੁੱਦੇ ਨੂੰ ਲੈ ਕੇ ਆਹਮੋ-ਸਾਹਮਣੇ ਹੋ ਗਈਆਂ ਹਨ। 'ਆਪ' ਨੇ ਇਲਜ਼ਾਮ ਲਾਇਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਟੀ.ਵੀ. ਚੈਨਲ ਨੂੰ ਦਿੱਤੀ ਇੰਟਰਵਿਊ ਦੌਰਾਨ ਕੈਨੇਡਾ ਦੇ ਮੰਤਰੀਆਂ ਦਾ ਪਿਛੋਕੜ ਖਾਲਿਸਤਾਨੀ ਦੱਸ ਕੇ ਵਿਦੇਸ਼ਾਂ ਵਿਚ ਵੱਸਦੇ ਲੱਖਾਂ ਸਿੱਖਾਂ ਦੇ ਮਨਾਂ ਨੂੰ ਠੇਸ ਪਹੁੰਚਾਈ ਹੈ। ਦੂਜੇ ਪਾਸੇ ਕੈਪਟਨ ਨੇ ਇਸ ਮਾਮਲੇ ਉਤੇ ਘੇਰਦਿਆਂ ਕਿਹਾ ਹੈ ਕਿ 'ਆਪ' ਦੇ ਆਗੂਆਂ ਨੂੰ ਖਾਲਿਸਤਾਨ ਦੇ ਬੁਲਾਰਿਆਂ ਤੇ ਸਮਰਥਕਾਂ ਵਜੋਂ ਕੰਮ ਕਰਨ ਦੀ ਲੋੜ ਨਹੀਂ। ਉਨ੍ਹਾਂ ਕਿਹਾ ਕਿ ਜਦੋਂ ਕੈਨੇਡੀਅਨ ਸੰਸਦ ਮੈਂਬਰਾਂ ਨੂੰ ਉਨ੍ਹਾਂ ਦੇ ਕਹੇ ਸ਼ਬਦਾਂ ਨਾਲ ਕੋਈ ਪਰੇਸ਼ਾਨੀ ਨਹੀਂ ਤਾਂ ਫਿਰ 'ਆਪ' ਦੇ ਆਗੂਆਂ ਨੂੰ ਕੀ ਤਕਲੀਫ ਹੈ?

ਉਨ੍ਹਾਂ ਇਲਜ਼ਾਮ ਲਾਇਆ ਕਿ 'ਆਪ' ਦੇ ਆਗੂ ਸ਼ਾਇਦ ਇਸ ਲਈ ਉਨ੍ਹਾਂ ਪ੍ਰਤੀ ਆਪਣੀ ਇਮਾਨਦਾਰੀ ਦਿਖਾ ਰਹੇ ਹਨ ਤਾਂ ਜੋ ਉਨ੍ਹਾਂ ਵੱਲੋਂ ਇਸ ਪਾਰਟੀ ਨੂੰ ਭੇਜਿਆ ਜਾਂਦਾ ਫੰਡ ਬੰਦ ਨਾ ਹੋ ਜਾਵੇ। ਕਾਬਲੇਗੌਰ ਹੈ ਕਿ ਇਸ ਮਾਮਲੇ ਨੂੰ ਲੈ ਕੇ 'ਆਪ' ਦੇ ਮੈਨੀਫੈਸਟੋ ਕਮੇਟੀ ਦੇ ਮੁਖੀ ਕੰਵਰ ਸੰਧੂ, ਬੁਲਾਰੇ ਸੁਖਪਾਲ ਸਿੰਘ ਖਹਿਰਾ, ਕਾਨੂੰਨੀ ਸੈੱਲ ਦੇ ਮੁਖੀ ਹਿੰਮਤ ਸਿੰਘ ਸ਼ੇਰਗਿੱਲ ਤੇ ਉਦਯੋਗ ਵਿੰਗ ਦੇ ਚੇਅਰਮੈਨ ਅਮਨ ਅਰੋੜਾ ਨੇ ਚੰਡੀਗੜ੍ਹ ਵਿਚ ਪ੍ਰੈਸ ਕਾਨਫਰੰਸ ਕੀਤੀ ਸੀ। ਉਨ੍ਹਾਂ ਇਲਜ਼ਾਮ ਲਾਇਆ ਕਿ ਕੈਪਟਨ ਨੇ ਚੈਨਲ ਨੂੰ ਦਿੱਤੀ ਇੰਟਰਵਿਊ ਦੌਰਾਨ ਸਮੁੱਚੀ ਦੁਨੀਆਂ ਵਿਚ ਸਿੱਖਾਂ ਦਾ ਸਿਰ ਉੱਚਾ ਕਰਨ ਵਾਲੇ ਕੈਨੇਡਾ ਦੇ ਚਾਰ ਪੰਜਾਬੀ ਮੰਤਰੀਆਂ ਦੇ ਪਿਛੋਕੜ ਨੂੰ ਖਾਲਿਸਤਾਨੀ ਦੱਸ ਕੇ ਉਨ੍ਹਾਂ ਨੂੰ ਕੈਨੇਡਾ ਵਿਚ ਰੈਲੀਆਂ ਨਾ ਕਰਨ ਦੇਣ ਦਾ ਗੁੱਸਾ ਕੱਢਿਆ ਹੈ।





ਦੂਜੇ ਪਾਸੇ ਕੈਪਟਨ ਨੇ ਦੁਹਰਾਇਆ ਹੈ ਕਿ ਕੁਝ ਕੈਨੇਡੀਅਨ ਸੰਸਦ ਮੈਂਬਰ ਤੇ ਮੰਤਰੀਆਂ ਨੇ ਕਿਸੇ ਮੌਕੇ ਖੁੱਲ੍ਹੇਆਮ ਖਾਲਿਸਤਾਨ ਦਾ ਸਮਰਥਨ ਕੀਤਾ ਸੀ ਜਾਂ ਫਿਰ ਹਾਲੇ ਵੀ ਸਮਰਥਨ ਕਰ ਰਹੇ ਹਨ। ਉਨ੍ਹਾਂ ਯਾਦ ਦਿਵਾਇਆ ਕਿ ਇਨ੍ਹਾਂ ਵਿਚੋਂ ਕੁਝ ਨੇ ਭਾਰਤ ਉਤੇ ਦੋਸ਼ ਲਾਉਂਦਿਆਂ ਅਰਜ਼ੀਆਂ ਉਪਰ ਵੀ ਦਸਤਖਤ ਕੀਤੇ ਸਨ ਤੇ ਉਹ ਕੈਨੇਡਾ ਵਿਚ ਭਾਰਤ ਵਿਰੋਧੀ ਪ੍ਰਦਰਸ਼ਨਾਂ ਤੇ ਪ੍ਰਚਾਰਾਂ 'ਚ ਵੀ ਸ਼ਾਮਲ ਸਨ। ਉਨ੍ਹਾਂ 'ਆਪ' ਨੂੰ ਚਿਤਾਵਨੀ ਦਿੱਤੀ ਹੈ ਕਿ ਛੋਟੇ ਫਾਇਦਿਆਂ ਖਾਤਰ ਕੱਟੜਪੰਥੀ ਆਗੂਆਂ ਨੂੰ ਭੜਕਾਉਣ ਦਾ ਕੰਮ ਨਾ ਕਰਨ ਕਿਉਂਕਿ ਪੰਜਾਬ ਇਕ ਹੋਰ ਕਾਲੇ ਦੌਰ ਦਾ ਸਾਹਮਣਾ ਨਹੀਂ ਕਰ ਸਕਦਾ।

### ਅਰਵਿੰਦ ਕੇਜਰੀਵਾਲ ਦੇ ਕੇਂਦਰ ਨਾਲ ਫਿਰ ਸਿੰਗ ਫਸੇ

**ਨਵੀਂ ਦਿੱਲੀ:** ਕੇਂਦਰ ਸਰਕਾਰ ਦਿੱਲੀ ਭੂਮੀ ਸੁਧਾਰ ਕਾਨੂੰਨ 1954 ਵਿਚ ਸੋਧ ਕਰਨ ਉਤੇ ਵਿਚਾਰ ਕਰ ਰਹੀ ਹੈ। ਇਸ ਸੋਧ ਤਹਿਤ ਕੇਂਦਰ ਸਰਕਾਰ ਖੇਤੀ ਯੋਗ ਜ਼ਮੀਨ ਦੀ ਵਰਤੋਂ ਰਿਹਾਇਸ਼ੀ ਤੇ ਉਦਯੋਗ ਲਈ ਕਰਨ ਦਾ ਮਨ ਬਣਾ ਰਹੀ ਹੈ।

ਇਸ ਫੈਸਲੇ ਤੋਂ ਬਾਅਦ ਦਿੱਲੀ ਦੀ 'ਆਪ' ਸਰਕਾਰ ਤੇ ਕੇਂਦਰ ਸਰਕਾਰ ਵਿਚਕਾਰ ਫਿਰ ਤੋਂ ਤਣਾਅ ਵਧ ਸਕਦਾ ਹੈ। ਇਸ ਤੋਂ ਪਹਿਲਾਂ ਦੇ ਨਿਯਮਾਂ ਮੁਤਾਬਕ ਖੇਤੀ ਯੋਗ ਜ਼ਮੀਨ ਦੀ ਵਰਤੋਂ ਰਿਹਾਇਸ਼ ਜਾਂ ਉਦਯੋਗ ਲਾਉਣ ਲਈ ਨਹੀਂ ਕੀਤੀ ਜਾ ਸਕਦੀ। ਭੂਮੀ ਸੁਧਾਰ ਕਾਨੂੰਨ ਕੇਂਦਰ ਦੀ ਭਾਜਪਾ ਸਰਕਾਰ ਤੇ ਦਿੱਲੀ ਦੀ 'ਆਪ' ਸਰਕਾਰ ਦਰਮਿਆਨ ਵਿਵਾਦ ਦਾ ਮੁੱਦਾ ਬਣਦਾ ਜਾ ਰਿਹਾ ਹੈ।

ਦਿੱਲੀ ਭੂਮੀ ਸੁਧਾਰ ਕਾਨੂੰਨ, 1954 ਵਿਚ ਪ੍ਰਸਤਾਵਤ ਸੋਧ ਨੂੰ ਲੈ ਕੇ ਕੇਜਰੀਵਾਲ ਸਰਕਾਰ ਨੇ 10 ਜੁਲਾਈ ਤੱਕ ਦਿੱਲੀ ਦੇ ਲੋਕਾਂ ਤੋਂ ਸੁਝਾਅ ਮੰਗੇ ਹਨ। ਸਰਕਾਰ ਦੇ ਇਸ ਕਦਮ ਨਾਲ ਕੇਂਦਰ ਦਾ 'ਆਪ' ਸਰਕਾਰ ਨਾਲ ਟਕਰਾਅ ਵਧ ਸਕਦਾ ਹੈ ਕਿਉਂਕਿ ਜ਼ਮੀਨ ਦਾ ਮੁੱਦਾ ਡੀ.ਡੀ.ਏ. ਦੇ ਅਧੀਨ ਆਉਂਦਾ ਹੈ। ਕੇਂਦਰ ਸਰਕਾਰ ਵੱਲੋਂ ਪ੍ਰਸਤਾਵਤ ਭੂਮੀ ਸੁਧਾਰ ਕਾਨੂੰਨ ਸੋਧ ਦੇ ਸੈਕਸ਼ਨ 81 ਤਹਿਤ ਖੇਤੀ ਯੋਗ ਜ਼ਮੀਨ ਦੀ ਵਰਤੋਂ ਗੈਰ ਖੇਤੀ ਕੰਮਾਂ ਜਿਵੇਂ ਰਿਹਾਇਸ਼ ਜਾਂ ਉਦਯੋਗ ਲਾਉਣ ਲਈ ਕੀਤੀ ਜਾ ਸਕੇਗੀ। ਇਸ ਲਈ ਸਰਕਾਰ ਦੀ ਆਗਿਆ ਲੈਣੀ ਜ਼ਰੂਰੀ ਹੋਵੇਗੀ। ਇਸ ਦੇ ਨਾਲ ਹੀ ਸੋਧ ਵਿਚ ਇਹ ਵੀ ਪ੍ਰਸਤਾਵ ਹੈ ਕਿ ਜੇਕਰ ਕੋਈ ਵਿਅਕਤੀ ਬਿਨਾਂ ਇਜਾਜ਼ਤ ਖੇਤੀ ਵਾਲੀ ਜ਼ਮੀਨ ਦੀ ਵਰਤੋਂ ਉਦਯੋਗ ਲਈ ਕਰਦਾ ਹੈ ਤਾਂ ਉਸ ਨੂੰ ਤਿੰਨ ਸਾਲ ਦੀ ਕੈਦ ਜਾਂ 10 ਲੱਖ ਰੁਪਏ ਜੁਰਮਾਨਾ ਹੋ ਸਕਦਾ ਹੈ।

### ਆਪ ਨੇ ਵਿਦੇਸ਼ੀ ਚੰਦੇ ਬਾਰੇ ਮੋਦੀ ਤੇ ਬਾਦਲ ਨੂੰ ਘੇਰਿਆ

**ਚੰਡੀਗੜ੍ਹ:** ਅਕਾਲੀ ਦਲ ਵੱਲੋਂ ਆਮ ਆਦਮੀ ਪਾਰਟੀ ਨੂੰ ਖਾਲਿਸਤਾਨੀਆਂ ਕੋਲੋਂ ਮਿਲ ਰਹੇ ਫੰਡ ਦੇ ਲਗਾਏ ਦੋਸ਼ਾਂ ਉਤੇ ਉਲਟਾ 'ਆਪ' ਨੇ ਬਾਦਲਾਂ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਘੇਰ ਲਿਆ ਹੈ।

ਪਾਰਟੀ ਦੇ ਪੰਜਾਬ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਆਖਿਆ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਪੰਜਾਬ ਸਰਕਾਰ ਇਸ ਦੀ ਜਾਂਚ ਕਿਉਂ ਨਹੀਂ ਕਰਵਾਉਂਦੇ। ਉਨ੍ਹਾਂ ਆਖਿਆ ਸਾਰੀਆਂ ਏਜੰਸੀਆਂ ਕੇਂਦਰ ਸਰਕਾਰ ਦੇ ਅਧੀਨ ਆਉਂਦੀਆਂ ਹਨ, ਇਸ ਲਈ ਜਾਂਚ ਕਰਵਾਉਣੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਪਾਰਟੀ ਵੱਲੋਂ ਲਿਆ ਜਾਂਦਾ ਸਾਰਾ ਚੰਦਾ ਆਨ ਲਾਈਨ ਹੈ ਅਤ ਕੋਈ ਵੀ ਵਿਅਕਤੀ ਇਸ ਨੂੰ ਦੇਖ ਸਕਦਾ ਹੈ।

# ਦਹਿਸ਼ਤੀ ਹਮਲਿਆਂ ਨੇ ਦੁਨੀਆਂ ਹਿਲਾਈ, 200 ਤੋਂ ਵੱਧ ਮੌਤਾਂ

**ਢਾਕਾ:** ਪਿਛਲੇ ਕੁਝ ਦਿਨਾਂ ਵਿਚ ਦਹਿਸ਼ਤੀਆਂ ਵੱਲੋਂ ਇਕ ਤੋਂ ਬਾਅਦ ਇਕ ਹਮਲਿਆਂ ਨੇ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਨ੍ਹਾਂ ਹਮਲਿਆਂ ਨੇ ਇਕ ਵਾਰ ਫਿਰ ਇਹ ਦਰਸਾ ਦਿੱਤਾ ਹੈ ਕਿ ਦਹਿਸ਼ਤਗਰਦੀ ਕਿੰਨੀ ਵੱਡੀ ਕੌਮਾਂਤਰੀ ਚੁਣੌਤੀ ਹੈ। ਇਕ ਹਫਤੇ ਵਿਚ ਚਾਰ ਵੱਡੇ ਅਤਿਵਾਦੀ ਹਮਲਿਆਂ ਵਿਚ ਤਕਰੀਬਨ 200 ਲੋਕ ਮਾਰੇ ਗਏ ਤੇ ਸੈਂਕੜੇ ਜ਼ਖ਼ਮੀ ਹੋ ਗਏ। ਇਨ੍ਹਾਂ ਹਮਲਿਆਂ ਦੀ ਜ਼ਿੰਮੇਵਾਰੀ ਖਤਰਨਾਕ ਅਤਿਵਾਦੀ ਜਥੇਬੰਦੀ ਇਸਲਾਮਿਕ ਸਟੇਟ ਨੇ ਲਈ ਹੈ। ਪਿਛਲੇ ਹਫਤੇ ਯੂਰਪ ਤੇ ਏਸ਼ੀਆ ਨੂੰ ਜੋੜਦੇ ਤੁਰਕਿਸ਼ ਮਹਾਂਨਗਰ ਇਸਤੰਬੁਲ ਦੇ ਕੌਮਾਂਤਰੀ ਹਵਾਈ ਅੱਡੇ ਉਤੇ ਆਤਮਘਾਤੀ ਬੰਬ ਧਮਾਕਿਆਂ ਵਿਚ 13 ਵਿਦੇਸ਼ੀ ਨਾਗਰਿਕਾਂ ਸਮੇਤ 45 ਵਿਅਕਤੀ ਮਾਰੇ ਗਏ ਅਤੇ 239 ਜ਼ਖ਼ਮੀ ਹੋ ਗਏ। ਇਸ ਤੋਂ ਬਾਅਦ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਦੇ ਸਫ਼ਾਰਤੀ ਖੇਤਰ ਵਿਚ ਸਥਿਤ ਇਕ ਰੇਸਤਰਾਂ ਅੰਦਰ ਦਹਿਸ਼ਤੀਆਂ ਨੇ ਬਹੁਤ ਸਾਰੇ ਲੋਕਾਂ ਨੂੰ ਬੰਧਕ ਬਣਾ ਲਿਆ ਅਤੇ 20 ਨੂੰ ਮਾਰ ਦਿੱਤਾ। ਬਾਅਦ ਵਿਚ ਸੁਰੱਖਿਆ ਬਲਾਂ ਦੀ ਕਾਰਵਾਈ ਵਿਚ ਛੇ ਹਮਲਾਵਰ ਮਾਰੇ ਗਏ ਅਤੇ 13 ਬੰਧਕ ਛੁਡਾ ਲਏ ਗਏ। ਮ੍ਰਿਤਕਾਂ ਵਿਚ 9 ਇਤਾਲਵੀ, 7 ਜਪਾਨੀ, ਇਕ ਅਮਰੀਕੀ ਅਤੇ ਇਕ ਭਾਰਤੀ ਸ਼ਾਮਲ ਹਨ।

ਇਸ ਪਿੱਛੋਂ ਇਰਾਕ ਦੀ ਰਾਜਧਾਨੀ ਵਿਚ ਦੋ ਥਾਵਾਂ ਉਤੇ ਹੋਏ ਬੰਬ ਧਮਾਕਿਆਂ ਵਿਚ ਘੱਟ ਤੋਂ ਘੱਟ 120 ਲੋਕ ਮਾਰੇ ਗਏ ਅਤੇ 144 ਫੱਟੜ ਹੋਏ ਹਨ। ਆਨ ਲਾਈਨ ਜਾਰੀ ਕੀਤੇ ਬਿਆਨ ਵਿਚ ਇਸਲਾਮਿਕ ਸਟੇਟ ਨੇ ਇਸ ਬੰਬ ਧਮਾਕੇ ਦੀ ਜ਼ਿੰਮੇਵਾਰੀ ਲੈਂਦਿਆਂ ਕਿਹਾ ਕਿ ਉਨ੍ਹਾਂ ਨੇ ਸ਼ੀਆ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਕੇ ਇਹ ਧਮਾਕਾ ਕੀਤਾ ਸੀ। ਮਰਨ ਵਾਲਿਆਂ ਵਿਚ ਜ਼ਿਆਦਾਤਰ ਬੱਚੇ ਸ਼ਾਮਲ ਹਨ। ਇਰਾਕੀ ਸੁਰੱਖਿਆ ਬਲਾਂ ਵੱਲੋਂ ਫਾਲੂਜਾ ਸ਼ਹਿਰ ਨੂੰ ਆਈ.ਐਸ. ਦੇ ਕਬਜ਼ੇ ਵਿਚੋਂ ਛੁਡਾਉਣ ਦੇ ਇਕ ਹਫਤੇ ਬਾਅਦ ਬਗਦਾਦ ਵਿਚ ਇਹ ਹਮਲੇ ਹੋਏ ਹਨ। ਸਰਕਾਰ ਦੀ ਜਿੱਤ ਦੇ ਬਾਵਜੂਦ ਆਈ.ਐਸ. ਵਾਰ-ਵਾਰ ਹਮਲੇ ਕਰ ਕੇ ਆਪਣੀ ਤਾਕਤ ਦਾ ਅਹਿਸਾਸ ਕਰਾ ਰਹੀ ਹੈ। ਇਰਾਕ ਦਾ ਦੂਜਾ ਸਭ ਤੋਂ ਵੱਡਾ ਸ਼ਹਿਰ ਮੋਸੂਲ ਹਾਲੇ ਵੀ ਆਈ.ਐਸ. ਦੇ ਕਬਜ਼ੇ ਹੇਠ ਹੈ।

ਇਨ੍ਹਾਂ ਤਿੰਨੇ ਦਹਿਸ਼ਤੀ ਕਾਰੇ ਖਤਰਨਾਕ ਅਤਿਵਾਦੀ ਜਥੇਬੰਦੀ ਆਈ.ਐਸ. ਸਿਰ ਮੜ੍ਹੇ ਜਾ ਰਹੇ ਹਨ। ਬੰਗਲਾਦੇਸ਼ ਵਿਚ ਬੰਧਕਾਂ ਨਾਲ ਹਮਲਾਵਰ ਬੜੇ ਵਹਿਸ਼ੀਆਨਾ ਢੰਗ ਨਾਲ ਪੇਸ਼ ਆਏ ਅਤੇ ਮਾਰਨ ਤੋਂ ਪਹਿਲਾਂ ਕਈ ਬੰਧਕਾਂ ਨੂੰ ਜ਼ਾਲਮਾਨਾ ਢੰਗ ਨਾਲ ਤਸੀਹੇ ਦਿੱਤੇ ਗਏ। ਬੰਗਲਾਦੇਸ਼ੀ ਅਧਿਕਾਰੀਆਂ ਦਾ ਕਹਿਣਾ ਹੈ ਕਿ 1971 ਦੇ ਆਜ਼ਾਦੀ ਸੰਗਰਾਮ ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਨਿਰਦੋਸ਼ ਲੋਕਾਂ ਉਤੇ ਵਹਿਸ਼ੀ ਅਨਸਰਾਂ ਵੱਲੋਂ ਅਤਿਅੰਤ ਜ਼ਾਲਮਾਨਾ ਢੰਗ ਨਾਲ ਕਹਿਰ ਢਾਹਿਆ ਗਿਆ। ਹਰ ਮ੍ਰਿਤਕ ਦੀ ਦੇਹ ਉਤੇ ਅਜਿਹੇ ਨਿਸ਼ਾਨ ਸਨ ਜਿਨ੍ਹਾਂ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਉਸ ਨੂੰ ਕੋਹ-ਕੋਹ ਕੇ ਮਾਰਿਆ ਗਿਆ। ਬੰਗਲਾਦੇਸ਼ ਵਿਚ ਭਾਵੇਂ ਬੇਗਮ ਸ਼ੇਖ ਹਸੀਨਾ ਵਾਜਿਦ ਦੀ ਸਰਕਾਰ ਵਿਧਾਨਕ ਪੱਖੋਂ ਪੱਕੇ ਪੈਰੀਂ ਹੈ, ਫਿਰ ਵੀ ਇਸ ਉਤੇ ਆਪਣੇ ਵਿਰੋਧੀਆਂ ਨਾਲ ਗ਼ੈਰਜਮਹੂਰੀ ਢੰਗ ਨਾਲ ਪੇਸ਼ ਆਉਣ ਅਤੇ ਤਾਨਾਸ਼ਾਹਾਨਾ ਤੌਰ-ਤਰੀਕੇ ਅਪਨਾਉਣ ਦੇ ਦੋਸ਼ ਆਮ ਹੀ ਲੱਗਦੇ ਆਏ ਹਨ।

### ਕਈ ਦੇਸ਼ਾਂ ਨੂੰ ਬਣਾਇਆ ਨਿਸ਼ਾਨਾ



### ਆਈ.ਐਸ. ਦੇ ਨਿਸ਼ਾਨੇ ਉਤੇ ਭਾਰਤ ਦੇ ਅਹਿਮ ਟਿਕਾਣੇ

**ਨਵੀਂ ਦਿੱਲੀ:** ਹੈਦਰਾਬਾਦ ਵਿਚੋਂ ਗ੍ਰਿਫਤਾਰ ਕੀਤੇ ਗਏ ਆਈ.ਐਸ. ਦੇ ਪੰਜ ਸ਼ੱਕੀ ਨੌਜਵਾਨ ਪੈਰਿਸ ਤੇ ਬਰਸਲਜ਼ ਵਰਗੇ ਧਮਾਕੇ ਭਾਰਤ ਵਿਚ ਕਰਨਾ ਚਾਹੁੰਦੇ ਸਨ। ਸੁਰੱਖਿਆ ਏਜੰਸੀਆਂ ਅਨੁਸਾਰ ਜੋ ਵਿਸਫੋਟਕ ਸਾਮਾਨ ਇਨ੍ਹਾਂ ਕੋਲੋਂ ਬਰਾਮਦ ਕੀਤਾ ਗਿਆ ਹੈ, ਅਜਿਹਾ ਹੁਣ ਤੱਕ ਕਦੇ ਵੀ ਭਾਰਤ ਵਿਚੋਂ ਨਹੀਂ ਮਿਲਿਆ। ਖੁਫੀਆ ਏਜੰਸੀਆਂ ਅਨੁਸਾਰ ਪਿਛਲੇ ਸਾਲ ਬਰਸਲਜ਼ ਹਵਾਈ ਅੱਡੇ ਉਤੇ ਵੀ ਅਜਿਹੀ ਹੀ ਵਿਸਫੋਟਕ ਸਮਗਰੀ ਦਾ ਇਸਤੇਮਾਲ ਕੀਤਾ ਗਿਆ ਸੀ। ਨੌਜਵਾਨਾਂ ਕੋਲੋਂ ਟ੍ਰਾਈਸੇਟੋਨ ਟ੍ਰਾਈਪਰ ਆਕਸਾਈਡ (ਟੇਪ) ਬਰਾਮਦ ਹੋਇਆ ਹੈ। ਖੁਫੀਆ ਏਜੰਸੀਆਂ ਅਨੁਸਾਰ ਇਨ੍ਹਾਂ ਨੌਜਵਾਨਾਂ ਦੇ ਨਿਸ਼ਾਨੇ ਉਤੇ ਪੁਲਿਸ ਸਟੇਸ਼ਨ, ਮੰਦਰ, ਜਨਤਕ ਸਥਾਨ ਤੇ ਹੋਰ ਮਹੱਤਵਪੂਰਨ ਥਾਵਾਂ ਸਨ। ਐਨ.ਆਈ.ਏ. ਨੇ ਹੈਦਰਾਬਾਦ ਵਿਚ 10 ਥਾਵਾਂ ਉਤੇ ਛਾਪੇ ਮਾਰ ਕੇ 11 ਸ਼ੱਕੀਆਂ ਨੂੰ ਗ੍ਰਿਫਤਾਰ ਕੀਤਾ ਸੀ ਪਰ ਪੁੱਛਗਿੱਛ ਤੋਂ ਬਾਅਦ ਛੇ ਨੌਜਵਾਨਾਂ ਨੂੰ ਰਿਹਾਅ ਕਰ ਦਿੱਤਾ ਗਿਆ। ਐਨ.ਆਈ.ਏ. ਅਨੁਸਾਰ ਪੰਜ ਨੌਜਵਾਨਾਂ ਦਾ ਹੈਂਡਲਰ ਸੀਰੀਆ ਵਿਚ ਹੈ ਤੇ ਇਨ੍ਹਾਂ ਨੂੰ 15 ਤੋਂ 20 ਲੱਖ ਰੁਪਏ ਤੇ ਲੈਪਟਾਪ ਦਿੱਤੇ ਗਏ ਸਨ।

### ਅਤਿਵਾਦ ਦੇ ਹਮਾਇਤੀ ਜਵਾਬਦੇਹ ਹੋਣ: ਭਾਰਤ

**ਸੰਯੁਕਤ ਰਾਸ਼ਟਰ:** ਭਾਰਤ ਨੇ ਸੰਯੁਕਤ ਰਾਸ਼ਟਰ ਵਿਚ ਮੰਗ ਕੀਤੀ ਕਿ ਅਤਿਵਾਦੀ ਹਮਲਿਆਂ ਦੇ ਗੁਨਾਹਗਾਰਾਂ ਅਤੇ ਅਤਿਵਾਦੀਆਂ ਨੂੰ ਸੁਰੱਖਿਅਤ ਠਾਹਰ ਤੇ ਪੈਸਾ ਦੇਣ ਵਾਲੇ ਰਾਸ਼ਟਰਾਂ ਨੂੰ ਜਵਾਬਦੇਹ ਬਣਾਇਆ ਜਾਵੇ। ਇਸ ਦੇ ਨਾਲ ਹੀ ਭਾਰਤ ਨੇ ਕੌਮਾਂਤਰੀ ਅਤਿਵਾਦ ਬਾਰੇ ਵਿਆਪਕ ਕਨਵੈਨਸ਼ਨ ਦਾ ਮਤਾ ਛੇਤੀ ਸਵੀਕਾਰ ਕਰਨ ਦਾ ਸੱਦਾ ਦਿੱਤਾ।

### ਇਸਲਾਮਿਕ ਸਟੇਟ ਬਣਿਆ ਵੱਡੀ ਵੰਗਾਰ

ਇਸਲਾਮਿਕ ਸਟੇਟ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਇਹ ਮੁੱਖ ਤੌਰ ਉਤੇ ਸਾਊਦੀ ਅਰਬ ਤੇ ਤੁਰਕੀ ਦੀ ਪੈਦਾਇਸ਼ ਹੈ। ਇਸ ਜਥੇਬੰਦੀ ਨੂੰ ਖੜ੍ਹਾ ਕਰਨ, ਇਸ ਦੀ ਪਰਵਰਿਸ਼ ਕਰਨ ਅਤੇ ਇਸ ਨੂੰ ਅਤਿਆਧੁਨਿਕ ਹਥਿਆਰਾਂ ਤੇ ਮਾਇਕ ਸਾਧਨਾਂ ਨਾਲ ਲੈਸ ਕਰਨ ਵਿਚ ਇਨ੍ਹਾਂ ਦੋਵਾਂ ਦੇਸ਼ਾਂ ਦਾ ਸਿੱਧਾ ਹੱਥ ਹੋਣ ਦੇ ਦਸਤਾਵੇਜ਼ੀ ਸਬੂਤ ਸਾਹਮਣੇ ਆ ਚੁੱਕੇ ਹਨ। ਇਸ ਜਥੇਬੰਦੀ ਦੀ ਸਥਾਪਨਾ ਦਾ ਮਨੋਰਥ ਸੱਦਾਮ ਹੁਸੈਨ ਦੀ ਹਕੂਮਤ ਦੇ ਪਤਨ ਮਗਰੋਂ ਇਰਾਕ ਤੇ ਸੀਰੀਆ ਵਿਚ ਸ਼ੀਆ ਮੁਸਲਮਾਨਾਂ ਦੀ ਚੜ੍ਹਤ ਅਤੇ ਇਰਾਨ ਦੇ ਵਧਦੇ ਪ੍ਰਭਾਵ ਨੂੰ ਠੱਲ੍ਹ ਪਾਉਣਾ ਸੀ। ਇਸਲਾਮੀ ਜਗਤ ਵਿਚ ਸ਼ੀਆ-ਸੁੰਨੀ ਦੁਫੇੜ ਕਾਰਨ ਸੁੰਨੀ ਭਾਈਚਾਰਾ, ਜੋ ਕਿ ਬਹੁਮਤ ਵਿਚ ਹੈ, ਇਰਾਨ ਦੇ ਪ੍ਰਭਾਵ ਨੂੰ ਘਟਾਉਣ ਦੀਆਂ ਕੋਸ਼ਿਸ਼ਾਂ ਕਈ ਸਦੀਆਂ ਤੋਂ ਕਰਦਾ ਆ ਰਿਹਾ ਹੈ। ਇਹ ਲੜਾਈ 1980ਵਿਆਂ ਵਿਚ ਇਰਾਨ ਵਿਚਲੇ ਇਸਲਾਮੀ ਇਨਕਲਾਬ ਤੋਂ ਬਾਅਦ ਹੋਰ ਗਹਿਰੀ ਹੋ ਗਈ ਕਿਉਂਕਿ ਅਮਰੀਕਾ ਵੀ ਸਿੱਧੇ ਤੌਰ ਉਤੇ ਸਾਊਦੀ ਅਰਬ ਦੀ ਪਿੱਠ ਉਤੇ ਆ ਗਿਆ। ਇਰਾਨ ਦਾ ਪ੍ਰਭਾਵ ਖੇਤਰ ਸੀਮਤ ਕਰਨ ਅਤੇ ਸ਼ੀਆ ਭਾਈਚਾਰੇ ਨੂੰ ਦਬਾ ਕੇ ਰੱਖਣ ਦੇ ਯਤਨ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੱਕ ਕਾਮਯਾਬ ਹੋਏ, ਪਰ ਹੁਣ ਅਮਰੀਕੀ ਰੁਖ਼ ਤੇ ਤਰਜੀਹਾਂ ਵਿਚ ਤਬਦੀਲੀ ਕਾਰਨ ਸਥਿਤੀ ਬਦਲ ਚੁੱਕੀ ਹੈ। ਦਰਅਸਲ, ਅਮਰੀਕੀ ਤਰਜੀਹਾਂ ਵਿਚ ਤਬਦੀਲੀ ਦੇ ਸੰਕੇਤਾਂ ਨੇ ਹੀ ਸਾਊਦੀ ਅਰਬ ਤੇ ਤੁਰਕੀ ਨੂੰ ਇਸਲਾਮਿਕ ਸਟੇਟ ਵਰਗਾ ਸੰਗਠਨ ਖੜ੍ਹਾ ਕਰਨ ਦੇ ਰਾਹ ਪਾਇਆ।



### ਬੰਗਲਾਦੇਸ਼ ਵੱਲੋਂ ਆਈ.ਐਸ.ਆਈ. ਵੱਲ ਉਂਗਲ

**ਢਾਕਾ:** ਬੰਗਲਾਦੇਸ਼ ਨੇ ਦਹਿਸ਼ਤੀ ਹਮਲੇ ਲਈ ਦੇਸ਼ ਦੇ ਅਤਿਵਾਦੀਆਂ ਤੇ ਪਾਕਿਸਤਾਨ ਦੀ ਸੂਹੀਆ ਏਜੰਸੀ ਆਈ.ਐਸ.ਆਈ. ਨੂੰ ਦੋਸ਼ੀ ਠਹਿਰਾਇਆ ਹੈ। ਗ੍ਰਿਹ ਮੰਤਰੀ ਅਸਦੁਜ਼ਮਾਨ ਖਾਨ ਦਾ ਕਹਿਣਾ ਹੈ ਕਿ ਬੰਗਲਾਦੇਸ਼ ਵਿਚ ਆਈ.ਐਸ.ਆਈ.ਐਸ. ਜਾਂ ਅਲ-ਕਾਇਦਾ ਦਾ ਵਜੂਦ ਨਹੀਂ ਹੈ। ਬੰਧਕ ਬਣਾਉਣ ਵਾਲੇ ਸਾਰੇ ਅਤਿਵਾਦੀ ਦੇਸ਼ ਵਿਚ ਵਧੇ-ਫੁੱਲੇ ਸਨ। ਅਸੀਂ ਉਨ੍ਹਾਂ (ਬੰਧਕ ਬਣਾਉਣ ਵਾਲਿਆਂ) ਨੂੰ ਵੱਡੇ ਵਡੇਰਿਆਂ ਤੋਂ ਜਾਣਦੇ ਹਾਂ। ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਸਿਆਸੀ ਸਲਾਹਕਾਰ ਹੁਸੈਨ ਤੌਫੀਕ ਇਮਾਮ ਨੇ ਕਿਹਾ ਕਿ ਜਿਸ ਤਰ੍ਹਾਂ ਬੰਧਕਾਂ ਨੂੰ ਤੇਜ਼ਧਾਰ ਹਥਿਆਰਾਂ ਨਾਲ ਮਾਰਿਆ ਗਿਆ ਹੈ, ਉਸ ਤੋਂ ਲੱਗਦਾ ਹੈ ਕਿ ਇਸ ਪਿਛੇ ਸਥਾਨਕ ਪਾਬੰਦੀਸ਼ੁਦਾ ਸੰਗਠਨ ਜਮਾਤ-ਉਲ-ਮੁਜਾਹਿਦੀਨ ਦਾ ਹੱਥ ਹੈ। ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਤੇ ਜਮਾਤ ਦੇ ਸਬੰਧਾਂ ਬਾਰੇ ਸਾਰੇ ਜਾਣਦੇ ਹਨ। ਇਸੇ ਦੌਰਾਨ ਪਾਕਿਸਤਾਨ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ।

### ਸ਼ੇਖ ਹਸੀਨਾ ਵੱਲੋਂ ਅਤਿਵਾਦ ਨੂੰ ਜੜ੍ਹੋਂ ਪੁੱਟਣ ਦਾ ਸੱਦਾ

**ਢਾਕਾ:** ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਕਿਹਾ ਕਿ ਦੇਸ਼ ਵਿਚੋਂ ਅਤਿਵਾਦ ਨੂੰ ਜੜ੍ਹੋਂ ਪੁੱਟ ਦਿੱਤਾ ਜਾਵੇਗਾ। ਹਸੀਨਾ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇਸ਼ ਵਿਚ ਕਿਸੇ ਵੀ ਤਰ੍ਹਾਂ ਦੀ ਅਤਿਵਾਦੀ ਸਰਗਰਮੀ ਨੂੰ ਸਹਿਣ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਬੰਗਲਾਦੇਸ਼ ਅਤਿਵਾਦ ਦੀਆਂ ਧਮਕੀਆਂ ਦਾ ਮੁਕਾਬਲਾ ਕਰਨ ਲਈ ਤਿਆਰ ਹੈ ਤੇ ਦੇਸ਼ ਦੀ ਆਜ਼ਾਦ ਹਸਤੀ ਨੂੰ ਕਾਇਮ ਰੱਖਣ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਹੈ।

# ਪਾਕਿਸਤਾਨ 'ਚ ਸੂਰਨ ਸਿੰਘ ਦੇ ਪਰਿਵਾਰ ਵਲੋਂ ਵਿਖਾਵਾ

**ਪੇਸ਼ਾਵਰ:** ਪਾਕਿਸਤਾਨੀ ਸਿੱਖ ਸਿਆਸਤਦਾਨ ਸੂਰਨ ਸਿੰਘ ਜਿਸ ਨੂੰ ਅਪਰੈਲ ਮਹੀਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ, ਦੇ ਪਰਿਵਾਰਕ ਮੈਂਬਰਾਂ ਨੇ ਮੁਜ਼ਾਹਰਾ ਕਰ ਕੇ ਮੰਗ ਕੀਤੀ ਕਿ ਸੂਬਾ ਸਰਕਾਰ ਮਰਹੂਮ ਆਗੂ ਦੇ ਵਾਰਸਾਂ ਨਾਲ ਕੀਤੇ ਵਾਅਦੇ ਪੂਰੇ ਕਰੇ।

ਖੈਬਰ ਪੱਖਤੂਨਵਾ ਦੇ ਮੁੱਖ ਮੰਤਰੀ ਦੇ ਘੱਟ ਗਿਣਤੀਆਂ ਦੇ ਮਾਮਲਿਆਂ ਬਾਰੇ ਵਿਸ਼ੇਸ਼ ਸਹਾਇਕ ਅਤੇ ਇਮਰਾਨ ਖਾਨ ਦੀ ਅਗਵਾਈ ਵਾਲੀ ਤਹਿਰੀਕ-ਏ-ਇਨਸਾਫ ਦੇ ਨੇਤਾ 52 ਸਾਲਾ ਸੂਰਨ ਸਿੰਘ ਨੂੰ ਉਨ੍ਹਾਂ ਦੇ ਰਾਜਸੀ ਵਿਰੋਧੀ ਹਿੰਦੂ ਨੇ ਚੋਣਾਂ ਲਈ ਟਿਕਟ ਨਾ ਮਿਲਣ ਪਿੱਛੋਂ ਭਾੜੇ ਦੇ ਕਾਤਲਾਂ ਤੋਂ ਗੋਲੀ ਮਾਰ ਕੇ ਮਰਵਾ ਦਿੱਤਾ ਸੀ। ਸਿੰਘ ਦੇ ਪਰਿਵਾਰ ਨੇ ਪੇਸ਼ਾਵਰ ਪ੍ਰੈੱਸ ਕਲੱਬ ਦੇ ਬਾਹਰ ਖੈਬਰ ਪਖਤੂਨਵਾ ਸਰਕਾਰ ਖਿਲਾਫ ਮਰਹੂਮ ਨੇਤਾ ਦੇ ਪਰਿਵਾਰ ਨਾਲ ਕੀਤੇ ਵਾਅਦਿਆਂ ਦਾ ਸਨਮਾਨ ਨਾ ਕਰਨ ਲਈ ਪ੍ਰਦਰਸ਼ਨ ਕੀਤਾ। ਮੁਜ਼ਾਹਰਾਕਾਰੀਆਂ ਨੇ ਸਿੰਘ ਦੇ ਪਰਿਵਾਰ ਨੂੰ ਮੁਆਵਜ਼ਾ ਅਤੇ ਉਨ੍ਹਾਂ ਦੀ ਵਿਧਵਾ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ ਕੀਤੀ।

# ਨੋਬਲ ਇਨਾਮ ਜੇਤੂ ਯਹੂਦੀ ਲੇਖਕ ਐਲੀ ਵਾਈਜ਼ਲ ਦਾ ਦੇਹਾਂਤ

**ਯੇਰੂਸ਼ਲਮ:** ਨੋਬਲ ਇਨਾਮ ਜੇਤੂ ਤੇ ਨਾਜ਼ੀਆਂ ਵੱਲੋਂ ਯੂਰਪ ਵਿਚ ਯਹੂਦੀਆਂ ਦੇ ਕੀਤੇ ਗਏ ਕਤਲੇਆਮ (ਹੋਲੋਕਾਸਟ) ਵਿਚ ਜ਼ਿੰਦਾ ਬਚੇ ਲੇਖਕ ਐਲੀ ਵਾਈਜ਼ਲ ਦਾ 87 ਸਾਲਾਂ ਦੀ ਉਮਰ ਵਿਚ ਦੇਹਾਂਤ ਹੋ ਗਿਆ। ਗੌਰਤਲਬ ਹੈ ਕਿ ਸ੍ਰੀ ਵਾਈਜ਼ਲ ਨੇ ਦੂਜੀ ਸੰਸਾਰ ਜੰਗ ਦੌਰਾਨ ਮਾਰੇ ਗਏ ਲੱਖਾਂ ਯਹੂਦੀਆਂ ਨੂੰ ਦੀ ਯਾਦ ਤਾਜ਼ਾ ਰੱਖਣ ਲਈ ਬੜਾ ਕੰਮ ਕੀਤਾ।

'ਨਿਊ ਯਾਰਕ ਟਾਈਮਜ਼' ਨੇ ਇਸ ਸਬੰਧੀ ਆਪਣੀ ਰਿਪੋਰਟ ਵਿਚ ਲਿਖਿਆ: 'ਹੋਲੋਕਾਸਟ ਸਬੰਧੀ ਸੰਸਾਰ ਦੇ ਮੋਹਰੀ ਤਰਜਮਾਨ' ਦਾ ਮੈਨਹਟਨ ਸਥਿਤ ਆਪਣੇ ਘਰ ਵਿਚ ਦੇਹਾਂਤ ਹੋ ਗਿਆ। ਰੋਮਾਨਿਆਈ ਮੂਲ ਦੇ ਅਮਰੀਕੀ ਸ਼ਹਿਰੀ ਸ੍ਰੀ ਵਾਈਜ਼ਲ ਨੂੰ ਯਾਦਾਂ ਉਤੇ ਆਧਾਰਤ ਆਪਣੀ ਕਿਤਾਬ 'ਨਾਈਟ' ਲਈ ਬਹੁਤ ਚੇਤੇ ਕੀਤਾ ਜਾਂਦਾ ਹੈ, ਜੋ ਨਾਜ਼ੀਆਂ ਦੇ ਇਕ ਤਸੀਹਾ ਕੇਂਦਰ ਵਿਚਲੇ ਉਨ੍ਹਾਂ ਦੇ ਤਜਰਬਿਆਂ ਉਤੇ ਆਧਾਰਤ ਸੀ। ਉਨ੍ਹਾਂ ਨੂੰ ਆਪਣੀਆਂ ਲਿਖਤਾਂ ਲਈ 1986 ਵਿਚ ਨੋਬਲ ਅਮਨ ਪੁਰਸਕਾਰ ਦਿੱਤਾ ਗਿਆ। ਇਸਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ, ਜਿਨ੍ਹਾਂ ਸ੍ਰੀ ਵਾਈਜ਼ਲ ਨੂੰ ਇਕ ਵਾਰ ਮੁਲਕ ਦੇ ਰਾਸ਼ਟਰਪਤੀ ਦੀ ਚੋਣ ਲੜਨ ਦਾ ਵੀ ਸੱਦਾ ਦਿੱਤਾ ਸੀ, ਨੇ ਉਨ੍ਹਾਂ ਨੂੰ 'ਇਨਸਾਨੀਅਤ ਦਾ ਮਸੀਹਾ' ਕਰਾਰ ਦਿੱਤਾ ਹੈ। ਉਨ੍ਹਾਂ ਦੇ ਚਲਾਣੇ ਉਤੇ ਆਪਣੇ ਸੋਗ ਸੁਨੇਹੇ ਵਿਚ ਸ੍ਰੀ ਨੇਤਨਯਾਹੂ ਨੇ ਕਿਹਾ ਕਿ ਸ੍ਰੀ ਵਾਈਜ਼ਲ ਨੇ ਆਪਣੀਆਂ ਲਿਖਤਾਂ ਰਾਹੀਂ 'ਕਰੂਰਤਾ ਤੇ ਬਦੀ ਉਤੇ ਇਨਸਾਨੀ ਭਾਵਨਾ ਦੀ ਜਿੱਤ' ਨੂੰ ਬਾਖ਼ੂਬੀ ਚਿਤਰਿਆ ਹੈ।

# ਪਾਕਿਸਤਾਨ ਨੇ ਮੰਗੇ 26/11 ਹਮਲੇ ਦੇ ਹੋਰ ਸਬੂਤ

**ਨਵੀਂ ਦਿੱਲੀ:** ਮੁੰਬਈ ਹਮਲੇ ਦੇ ਮੁਕੱਦਮੇ ਨੂੰ ਛੇਤੀ ਮੁਕੰਮਲ ਕਰਨ ਲਈ ਪਾਕਿਸਤਾਨ ਨੇ ਭਾਰਤ ਤੋਂ ਹੋਰ ਸਬੂਤ ਮੰਗੇ ਹਨ। ਪਾਕਿਸਤਾਨ ਨੇ ਕਿਹਾ ਕਿ ਉਸ ਕੇਸ ਵਿਚ ਹੋਰ ਸਬੂਤ ਦਿੱਤੇ ਜਾਣ ਜਿਸ ਵਿਚ ਲਸ਼ਕਰ-ਏ-ਤਾਇਬਾ ਦੇ ਆਪ੍ਰੇਸ਼ਨ ਕਮਾਂਡਰ ਜ਼ਕੀ-ਉਰ ਰਹਿਮਾਨ ਲਖਵੀ ਤੇ ਛੇ ਹੋਰ ਦੋਸ਼ੀ ਹਨ।

ਦੂਸਰੇ ਪਾਸੇ ਭਾਰਤ ਨੇ ਪਾਕਿ ਨੂੰ ਕੋਰਾ ਜਵਾਬ ਦਿੰਦਿਆਂ ਕਿਹਾ ਕਿ ਉਸ ਵੱਲੋਂ 26/11 ਹਮਲੇ ਸਬੰਧੀ ਪਹਿਲਾਂ ਦਿੱਤੇ ਗਏ ਸਬੂਤ ਕਾਫੀ ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਨਫੀਸ ਜ਼ਕਰੀਆ ਨੇ ਦੱਸਿਆ ਕਿ ਸਾਡੇ ਵਿਦੇਸ਼ ਸਕੱਤਰ ਨੇ ਭਾਰਤੀ ਵਿਦੇਸ਼ ਸਕੱਤਰ ਨੂੰ ਪੱਤਰ ਲਿਖ ਕੇ ਹੋਰ ਸਬੂਤ ਮੁਹੱਈਆ ਕਰਨ ਲਈ ਕਿਹਾ ਹੈ ਤਾਂ ਜੋ ਮੁੰਬਈ ਹਮਲੇ ਦੇ ਮਾਮਲੇ ਨੂੰ ਮੁਕੰਮਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਭਾਰਤ ਵਾਲੇ ਪਾਸੇ ਤੋਂ ਅਜੇ ਹੁੰਗਾਰਾ ਉਡੀਕਿਆ ਜਾ ਰਿਹਾ ਹੈ। ਪਾਕਿਸਤਾਨ ਨੇ 2008 ਦੇ ਮੁੰਬਈ ਹਮਲੇ ਜਿਸ ਵਿਚ 166 ਵਿਅਕਤੀ ਮਾਰੇ ਗਏ ਸਨ, ਵਿਚ ਭੂਮਿਕਾ ਲਈ ਲਖਵੀ ਸਮੇਤ ਲਸ਼ਕਰੇ ਤਾਇਬਾ ਦੇ ਸੱਤ ਅਤਿਵਾਦੀਆਂ ਨੂੰ ਗ੍ਰਿਫਤਾਰ ਕੀਤਾ ਸੀ। ਮੁੰਬਈ ਹਮਲੇ ਦਾ ਮੁੱਖ ਦੋਸ਼ੀ ਲਖਵੀ, ਅਬਦੁਲ ਵਾਜਿਦ, ਮਜ਼ਹਰਾ ਇਕਬਾਲ, ਹਾਮਦ ਅਮੀਨ ਸਾਦਿਕ, ਸ਼ਾਹਿਦ ਜਮੀਨਲ ਰਿਆਜ਼, ਜਮੀਲ ਅਹਿਮਦ ਅਤੇ ਯੂਨਸ ਅੰਜੁਮ ਕਤਲ ਲਈ ਉਤਸ਼ਾਹਤ ਕਰਨ, ਕਤਲ ਦਾ ਯਤਨ, ਮੁੰਬਈ ਹਮਲੇ ਦੀ ਯੋਜਨਾ ਬਣਾਉਣ ਅਤੇ ਉਸ ਨੂੰ ਅਮਲ ਵਿਚ ਲਿਆਉਣ ਲਈ ਦੋਸ਼ੀ ਹਨ। ਇਕ ਸਾਲ ਪਹਿਲਾਂ ਜ਼ਮਾਨਤ ਉਤੇ ਜੇਲ੍ਹ ਤੋਂ ਰਿਹਾਅ ਹੋਣ ਪਿੱਛੋਂ ਲਖਵੀ ਅਣਦੱਸੀ ਥਾਂ 'ਤੇ ਰਹਿ ਰਿਹਾ ਹੈ ਅਤੇ ਦੂਸਰੇ ਛੇ ਦੋਸ਼ੀ ਅਦਿਆਲਾ ਜੇਲ੍ਹ ਰਾਵਲਪਿੰਡੀ ਵਿਚ ਬੰਦ ਹਨ।




# ਤਾਇਵਾਨ ਨੇ ਗਲਤੀ ਨਾਲ ਚੀਨ ਵੱਲ ਦਾਗੀ ਮਿਜ਼ਾਈਲ

**ਪੇਈਚਿੰਗ:** ਤਾਇਵਾਨ ਦੇ ਇਕ ਜੰਗੀ ਬੇੜੇ ਨੇ ਗਲਤੀ ਨਾਲ ਇਕ ਸੁਪਰਸੋਨਿਕ ਮਿਜ਼ਾਈਲ ਚੀਨ ਵੱਲ ਦਾਗ ਦਿੱਤੀ ਜਿਸ ਦੀ ਜ਼ਦ ਵਿਚ ਤਾਇਵਾਨ ਦੀ ਹੀ ਮੱਛੀਆਂ ਫੜਨ ਵਾਲੀ ਕਿਸ਼ਤੀ ਆ ਗਈ। ਇਸ ਕਾਰਨ ਇਕ ਵਿਅਕਤੀ ਮਾਰਿਆ ਗਿਆ ਤੇ ਤਿੰਨ ਫੱਟੜ ਹੋ ਗਏ। ਤਾਇਵਾਨ ਨੇ ਇਹ 'ਗਲਤੀ' ਉਸ ਸਮੇਂ ਕੀਤੀ ਹੈ ਜਦੋਂ ਚੀਨ ਦੀ ਸੱਤਾਧਾਰੀ ਕਮਿਊਨਿਸਟ ਪਾਰਟੀ ਆਪਣੀ 95ਵੀਂ ਵਰ੍ਹੇ ਗੰਢ ਮਨਾਉਣ ਵਿਚ ਰੁੱਝੀ ਹੋਈ ਹੈ। ਇਸ ਵੇਲੇ ਤਾਇਵਾਨ ਦੇ ਰਾਸ਼ਟਰਪਤੀ ਸਾਈ ਇੰਗ ਵੇਨ, ਜੋ ਹਥਿਆਰਬੰਦ ਸੈਨਾਵਾਂ ਦੇ ਪ੍ਰਮੁੱਖ ਵੀ ਹਨ, ਵਿਦੇਸ਼ ਦੌਰੇ 'ਤੇ ਗਏ ਹੋਏ ਹਨ। ਤਾਇਵਾਨੀ ਜਲ ਸੈਨਾ ਦੇ ਵਾਈਸ ਐਡਮਿਰਲ ਮੇਈ ਚੀਆ ਸ਼ੂ ਨੇ ਕਿਹਾ ਹੈ ਕਿ ਮਿਜ਼ਾਈਲ ਜਾਣਬੁੱਝ ਕੇ ਨਹੀਂ ਚਲਾਈ ਗਈ। ਇਸ ਦਾ ਕਾਰਨ 'ਗਲਤੀ' ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। 300 ਕਿਲੋਮੀਟਰ ਤੱਕ ਮਾਰ ਕਰਨ ਵਾਲੀ ਸੀਉਂਗ ਫੇਂਗ-111 ਮਿਜ਼ਾਈਲ ਨੇ ਤਾਇਵਾਨ ਦੇ ਟਾਪੂ ਨੇੜੇ ਸਮੁੰਦਰ ਵਿਚ ਡਿੱਗਣ ਤੋਂ ਪਹਿਲਾਂ 75 ਕਿਲੋਮੀਟਰ ਦੀ ਉਡਾਣ ਭਰੀ ਸੀ।

# ਆਪ ਦੇ ਚੋਣ ਮੈਨੀਫੈਸਟੋ ਉਤੇ ਵਿਵਾਦ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਚੋਣ ਮੈਨੀਫੈਸਟੋ ਉਤੇ ਵਿਵਾਦ ਖੜ੍ਹਾ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਆਪ ਨੂੰ ਧਾਰਮਿਕ ਮੁੱਦਿਆਂ ਉਪਰ ਘੇਰੇ ਜਾਣ ਬਾਅਦ ਮੈਨੀਫੈਸਟੋ ਕਮੇਟੀ ਦੇ ਕੌਮੀ ਚੇਅਰਮੈਨ ਅਸ਼ੀਸ਼ ਖੇਤਾਨ ਤੇ ਪੰਜਾਬ ਦੇ ਕਨਵੀਨਰ ਕੰਵਰ ਸੰਧੂ ਨੂੰ ਬਿਨਾਂ ਸ਼ਰਤ ਮੁਆਫੀ ਮੰਗਣੀ ਪਈ ਹੈ।

ਮੈਨੀਫੈਸਟੋ ਤਿਆਰ ਕਰਨ ਵਾਲੇ ਇਨ੍ਹਾਂ ਦੋ ਮੁੱਖ ਆਗੂਆਂ ਨੇ ਮੈਨੀਫੈਸਟੋ ਦੇ ਮੁੱਖ ਪੰਨੇ ਉਤੇ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਨਾਲ ਪਾਰਟੀ ਦਾ ਚੋਣ ਨਿਸ਼ਾਨ 'ਝਾੜੂ' ਛਾਪਣ ਲਈ ਬਿਨਾਂ ਸ਼ਰਤ ਮੁਆਫੀ ਮੰਗ ਕੇ ਕਿਹਾ ਕਿ ਉਹ ਮੈਨੀਫੈਸਟੋ ਦਾ ਮੁੱਖ ਪੰਨਾ ਬਦਲ ਕੇ ਮੁੜ ਛੁਪਾਉਣਗੇ। ਚੋਣ ਮੈਨੀਫੈਸਟੋ ਦੀ ਤੁਲਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਕੀਤੇ ਜਾਣ ਉਤੇ ਇਕ ਨੌਜਵਾਨ ਸਿੱਖ ਆਗੂ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਆਪ ਆਗੂ ਅਸ਼ੀਸ਼ ਖੇਤਾਨ ਖਿਲਾਫ਼ ਧਾਰਮਿਕ ਭਾਵਨਾਵਾਂ ਆਹਤ ਹੋਣ ਦਾ ਮਾਮਲਾ ਅਦਾਲਤ ਵਿਚ ਦਾਇਰ ਕਰਵਾਇਆ ਹੈ। ਉਧਰ, ਸ੍ਰੀ ਖੇਤਾਨ ਨੇ ਕਿਹਾ ਕਿ ਮੈਨੀਫੈਸਟੋ ਦੀ ਧਾਰਮਿਕ ਗ੍ਰੰਥਾਂ ਨਾਲ ਤੁਲਨਾ ਕਰਨ ਦਾ ਉਨ੍ਹਾਂ ਦਾ ਕੋਈ ਉਦੇਸ਼




ਨਹੀਂ ਸੀ, ਪਰ ਇਸ ਦੇ ਬਾਵਜੂਦ ਉਹ ਸਿੱਖ ਭਾਈਚਾਰੇ ਕੋਲੋਂ ਮੁਆਫੀ ਮੰਗਦੇ ਹਨ। ਦਰਅਸਲ ਮੈਨੀਫੈਸਟੋ ਦੇ ਮੁੱਖ ਪੰਨੇ ਉਪਰ ਸ੍ਰੀ ਹਰਿਮੰਦਰ ਸਾਹਿਬ ਦੀ ਵੱਡੀ ਤਸਵੀਰ ਮੂਹਰੇ ਅਰਵਿੰਦ ਕੇਜਰੀਵਾਲ ਹੱਥ ਜੋੜ ਕੇ ਖੜ੍ਹੇ ਹਨ। ਇਸ ਪੰਨੇ ਦੇ ਉਪਰ ਤੇ ਹੇਠਾਂ ਪਾਰਟੀ ਦਾ ਚੋਣ ਨਿਸ਼ਾਨ 'ਝਾੜੂ' ਵੀ ਛਪਿਆ ਹੈ। ਸ੍ਰੀ ਖੇਤਾਨ ਨੇ ਤਿੰਨ ਜੁਲਾਈ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਯੂਥ ਮੈਨੀਫੈਸਟੋ ਜਾਰੀ ਕਰਨ ਮੌਕੇ ਕਿਹਾ ਸੀ ਕਿ ਇਹ ਮੈਨੀਫੈਸਟੋ ਸਾਡੀ ਬਾਈਬਲ ਵੀ ਹੈ, ਗੀਤਾ ਵੀ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਹੈ। ਸੂਤਰਾਂ ਅਨੁਸਾਰ ਪਹਿਲਾਂ ਹੀ ਮਾਲੇਰਕੋਟਲਾ ਕਾਂਡ ਵਿਚ ਘਿਰੀ 'ਆਪ' ਲੀਡਰਸ਼ਿਪ ਨੇ ਮੈਨੀਫੈਸਟੋ ਦੇ ਮਾਮਲੇ ਵਿਚ ਉਨ੍ਹਾਂ ਵਿਰੁੱਧ ਉਠ ਰਹੇ ਧਾਰਮਿਕ ਰੋਹ ਨੂੰ ਦੇਖਦਿਆਂ ਕੇਜਰੀਵਾਲ ਦੀ ਮੌਜੂਦਗੀ ਵਿਚ ਇਸ ਮੁੱਦੇ ਉਪਰ ਹੰਗਾਮੀ ਹਾਲਤ ਵਿਚ ਮੁਆਫੀ ਮੰਗ ਕੇ ਮਾਮਲਾ ਠੰਢਾ ਕਰਨ ਦਾ ਫੈਸਲਾ ਕੀਤਾ ਸੀ। ਇਸ ਬਾਅਦ ਸ੍ਰੀ ਖੇਤਾਨ ਤੇ ਸ੍ਰੀ ਸੰਧੂ ਨੇ ਬਿਨਾਂ ਸ਼ਰਤ ਜਨਤਕ ਤੌਰ ਉਤੇ ਮੁਆਫ਼ੀ ਮੰਗਣ ਦਾ ਐਲਾਨ ਕੀਤਾ। ਸਿੱਖ ਜਥੇਬੰਦੀਆਂ ਵੱਲੋਂ ਲੁਧਿਆਣਾ ਤੇ ਸ੍ਰੀ ਆਨੰਦਪੁਰ ਸਾਹਿਬ ਵਿਖੇ 'ਆਪ' ਦੀ ਮੈਨੀਫੈਸਟੋ ਕਮੇਟੀ ਦੇ ਕੌਮੀ ਚੇਅਰਮੈਨ ਅਸ਼ੀਸ਼ ਖੇਤਾਨ ਵਿਰੁੱਧ ਪ੍ਰਦਰਸ਼ਨ ਕਰ ਕੇ ਦੋਸ਼ ਲਾਇਆ ਕਿ ਉਸ ਨੇ ਆਪਣੇ ਮੈਨੀਫੈਸਟੋ ਨੂੰ ਧਾਰਮਿਕ ਗ੍ਰੰਥਾਂ ਦੇ ਬਰਾਬਰ ਤੁਲਨਾ ਦੇ ਕੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ।

## ਆਦਮਪੁਰ ਹਵਾਈ ਅੱਡੇ ਨੂੰ ਹਰੀ ਝੰਡੀ

**ਚੰਡੀਗੜ੍ਹ:** ਕਈ ਸਾਲਾਂ ਦੀ 'ਹਾਂ-ਨਾਂਹ' ਮਗਰੋਂ ਭਾਰਤੀ ਏਅਰਪੋਰਟ ਅਥਾਰਿਟੀ ਨੇ ਆਦਮਪੁਰ ਵਿਚ ਹਵਾਈ ਅੱਡਾ ਬਣਾਉਣ 'ਤੇ ਆਪਣੀ ਮੋਹਰ ਲਾ ਦਿੱਤੀ ਹੈ। ਅਥਾਰਿਟੀ ਨੇ ਇਸ ਬਾਰੇ ਪੰਜਾਬ ਸਰਕਾਰ ਨੂੰ ਬਾਕਾਇਦਾ ਪੱਤਰ ਲਿਖਦਿਆਂ ਇਸ ਹਵਾਈ ਅੱਡੇ ਦਾ ਕੰਮ ਸ਼ੁਰੂ ਕਰਨ ਲਈ 80 ਏਕੜ ਜ਼ਮੀਨ ਮੰਗ ਲਈ ਹੈ। ਹਵਾਈ ਅੱਡੇ ਦੀ ਉਸਾਰੀ ਲਈ ਅਥਾਰਿਟੀ ਨੇ 62 ਕਰੋੜ ਰੁਪਏ ਲਾਗਤ ਦਾ ਅਨੁਮਾਨ ਲਾਇਆ ਹੈ ਅਤੇ ਕੁੱਲ ਲਾਗਤ ਵਿਚੋਂ 50 ਫ਼ੀਸਦੀ ਭਾਵ 31 ਕਰੋੜ ਰੁਪਏ ਪੰਜਾਬ ਸਰਕਾਰ ਨੂੰ ਪਾਉਣ ਲਈ ਕਿਹਾ ਹੈ। ਇਸ ਹਵਾਈ ਅੱਡੇ ਤੋਂ ਘਰੇਲੂ ਉਡਾਣਾਂ ਸ਼ੁਰੂ ਕਰਨ ਦੀ ਗੱਲ ਆਖੀ ਗਈ ਹੈ। ਅਥਾਰਿਟੀ ਦੀ ਪ੍ਰਵਾਨਗੀ ਤੋਂ ਪਹਿਲਾਂ ਇਸ ਹਵਾਈ ਅੱਡੇ ਨੂੰ ਹਵਾਈ ਫੌਜ ਅਤੇ ਕੇਂਦਰੀ ਰੱਖਿਆ ਮੰਤਰਾਲੇ ਵੱਲੋਂ ਸਿਧਾਂਤਕ ਪ੍ਰਵਾਨਗੀ ਮਿਲ ਚੁੱਕੀ ਹੈ। ਚੇਤੇ ਰਹੇ ਕਿ ਇਸ ਤੋਂ ਪਹਿਲਾਂ ਪੰਜਾਬ ਵਿਚ ਬਠਿੰਡਾ, ਸਾਹਨੇਵਾਲ, ਪਠਾਨਕੋਟ ਅਤੇ ਹਲਵਾਰਾ ਵਿਖੇ ਘਰੇਲੂ ਹਵਾਈ ਅੱਡੇ 'ਹਾਂ-ਨਾਂਹ' ਦੀ ਸ਼ਸ਼ੋਪੰਜ ਵਿਚ ਉਲਝੇ ਹੋਏ ਹਨ। ਹਲਵਾਰੇ ਦੀ ਤਜਵੀਜ਼ ਪੰਜਾਬ ਸਰਕਾਰ ਨੇ ਕੇਂਦਰੀ ਰੱਖਿਆ ਮੰਤਰਾਲੇ ਨੂੰ ਭੇਜੀ ਸੀ, ਪਰ ਮੰਤਰਾਲੇ ਨੇ ਇਸ ਨੂੰ ਅਜੇ ਪ੍ਰਵਾਨਗੀ ਨਹੀਂ ਦਿੱਤੀ। ਕੇਂਦਰੀ ਰਾਜ ਮੰਤਰੀ ਤੇ ਪੰਜਾਬ ਭਾਜਪਾ ਦੇ ਪ੍ਰਧਾਨ ਵਿਜੈ ਸਾਂਪਲਾ ਨੇ ਕਿਹਾ ਕਿ ਅਥਾਰਿਟੀ ਨੇ 3 ਮਹੀਨੇ ਇਸ ਹਵਾਈ ਅੱਡੇ ਦੇ ਆਰਥਿਕ ਅਤੇ ਤਕਨੀਕੀ ਪਹਿਲੂਆਂ ਬਾਰੇ ਸਰਵੇਖਣ ਕੀਤਾ ਸੀ ਜਿਸ ਵਿਚ ਇਹ ਪਤਾ ਲਾਇਆ ਗਿਆ ਸੀ ਕਿ ਜੇ ਆਦਮਪੁਰ ਵਿਚ ਇਹ ਹਵਾਈ ਅੱਡਾ ਬਣਦਾ ਹੈ ਤਾਂ ਇਥੋਂ ਸਬੰਧਿਤ ਅਥਾਰਿਟੀਆਂ ਨੂੰ ਮੁਨਾਫ਼ਾ ਹੋਵੇਗਾ ਜਾਂ ਨਹੀਂ। ਉਨ੍ਹਾਂ ਕਿਹਾ ਕਿ ਉਸ ਸਰਵੇਖਣ ਤੋਂ ਬਾਅਦ ਹੀ ਅਥਾਰਿਟੀ ਨੇ ਇਸ ਹਵਾਈ ਅੱਡੇ ਨੂੰ ਪ੍ਰਵਾਨਗੀ ਦਿੱਤੀ ਹੈ।

# ਸਿਆਸਤ ਵਿਚ ਫਿਰ ਘੋਲੀ ਫਿਰਕੂ ਜ਼ਹਿਰ

*(ਸਫਾ ਇਕ ਦੀ ਬਾਕੀ)*

ਇਕਬਾਲੀਆ ਬਿਆਨ ਦੇ ਆਧਾਰ 'ਤੇ ਕੀਤੀ ਜਾ ਰਹੀ ਹੈ। ਇਸ ਸਾਰੀ ਕਾਰਵਾਈ ਨੇ ਪੁਲਿਸ ਦੀ ਭੂਮਿਕਾ ਉਤੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ।

ਯਾਦ ਰਹੇ ਕਿ ਡਰੱਗ ਮਾਮਲੇ ਵਿਚ ਕਾਬੂ ਕੀਤੇ ਜਗਦੀਸ਼ ਸਿੰਘ ਭੋਲਾ ਨੇ ਜਦੋਂ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਨਾਂ ਤਸਕਰੀ ਵਿਚ ਲਿਆ ਸੀ ਤਾਂ ਪੁਲਿਸ ਅਤੇ ਹਾਕਮ ਧਿਰ ਦੇ ਸੀਨੀਅਰ ਆਗੂਆਂ ਨੇ ਤਰਕ ਦਿੱਤਾ ਸੀ ਕਿ ਕਿਸੇ ਮੁਲਜ਼ਮ ਦੇ ਬਿਆਨ ਦੇ ਆਧਾਰ 'ਤੇ ਕਾਰਵਾਈ ਕਰਨੀ ਜਾਇਜ਼ ਨਹੀਂ, ਪਰ ਹੁਣ 'ਆਪ' ਵਿਧਾਇਕ ਖਿਲਾਫ ਫਟਾਫਟ ਕਾਰਵਾਈ ਕੀਤੀ ਜਾ ਰਹੀ ਹੈ। ਅਸਲ ਵਿਚ ਮਾਲੇਰਕੋਟਲਾ ਵਿਚ ਵਾਪਰੀ ਘਟਨਾ ਦੇ ਤਾਰ ਹਿੰਦੂ ਕੱਟੜਪੰਥੀਆਂ ਨਾਲ ਜੁੜ ਰਹੇ ਹਨ ਤੇ ਪੁਲਿਸ ਵੀ ਇਸ ਕੇਸ ਨੂੰ ਮੋੜਾ ਦੇਣ ਲਈ ਹੱਥ ਪੈਰ ਮਾਰ ਰਹੀ ਹੈ। ਹਾਕਮ ਧਿਰ ਅਕਾਲੀ ਦਲ ਵਲੋਂ ਵੀ ਲੈ ਦੇ ਕੇ 'ਆਪ' ਵਿਧਾਇਕ ਨੂੰ ਘੇਰਨ 'ਤੇ ਸਾਰਾ ਟਿੱਲ ਲਾਇਆ ਜਾ ਰਿਹਾ ਹੈ। ਮੁਢਲੀ ਜਾਂਚ ਤੋਂ ਜਾਪ ਰਿਹਾ ਹੈ ਕਿ ਇਸ ਘਟਨਾ ਪਿਛੇ ਕੋਈ ਡੂੰਘੀ ਸਾਜ਼ਿਸ਼ ਕੰਮ ਕਰ ਰਹੀ ਹੈ।

ਅਸਲ ਵਿਚ ਸਿਆਸੀ ਧਿਰਾਂ ਫਿਰਕੂ ਪੱਤਾ ਖੇਡ ਕੇ ਹੀ ਔਖੀ ਘੜੀ ਵਿਚੋਂ ਨਿਕਲਦੀਆਂ ਆਈਆਂ ਹਨ। ਪਿਛਲੇ ਵਰ੍ਹੇ ਜਦੋਂ ਡੇਰਾ ਸਿਰਸਾ ਮੁਖੀ ਨੂੰ ਅਕਾਲ ਤਖਤ ਤੋਂ ਮੁਆਫੀ ਦੇਣ ਨਾਲ ਸੂਬੇ ਦੇ ਸਿੱਖਾਂ ਵਿਚ ਰੋਹ ਫੈਲਿਆ ਹੋਇਆ ਸੀ ਤਾਂ ਠੀਕ ਇਸੇ ਸਮੇਂ ਕਿਸਾਨਾਂ ਨੇ ਮੰਗਾਂ ਸਬੰਧੀ ਸਰਕਾਰ ਨੂੰ ਘੇਰ ਲਿਆ। ਇਸ ਦੇ ਤੁਰੰਤ ਪਿਛੋਂ ਇਕ ਤੋਂ ਬਾਅਦ ਇਕ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੇ ਲੋਕ ਰੋਹ ਦਾ ਮੂੰਹ ਇਸ ਪਾਸੇ ਮੋੜ ਦਿੱਤਾ ਜਿਸ ਨੇ ਸਰਕਾਰ ਨੂੰ ਔਖੀ ਘੜੀ ਵਿਚੋਂ ਕੱਢ ਲਿਆ। ਇਨ੍ਹਾਂ ਘਟਨਾਵਾਂ ਦੇ ਦੋਸ਼ੀਆਂ ਦਾ ਅੱਜ ਤੱਕ ਸਰਕਾਰ ਪਤਾ ਨਹੀਂ ਲਾ ਸਕੀ। ਹੁਣ ਮਾਲੇਰਕੋਟਲਾ ਵਿਚ ਇਹ ਘਟਨਾ ਉਸ ਸਮੇਂ ਵਾਪਰੀ ਹੈ ਜਦੋਂ ਆਮ ਆਦਮੀ ਪਾਰਟੀ ਨੇ ਸੂਬੇ ਵਿਚ ਸਰਗਰਮੀਆਂ ਵਧਾਈਆਂ ਹੋਈਆਂ ਹਨ।

ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਪੰਜਾਬ ਦੌਰੇ ਤੋਂ ਠੀਕ ਦੋ ਦਿਨ ਪਹਿਲਾਂ ਇਸ ਪਾਰਟੀ ਦੇ ਵਿਧਾਇਕ ਨੂੰ ਇਸ ਮਾਮਲੇ ਵਿਚ ਇਕ ਮੁਲਜ਼ਮ ਦੀ ਇਕਬਾਲੀਆ ਬਿਆਨ 'ਤੇ ਘੜੀਸ ਲਿਆ ਗਿਆ। ਮਲੇਰਕੋਟਲਾ ਵਿਚ ਵੱਡੀ ਗਿਣਤੀ ਮੁਸਲਿਮ ਭਾਈਚਾਰਾ ਰਹਿੰਦਾ ਹੈ ਤੇ ਬੇਅਦਬੀ ਦੀ ਇਸ ਘਟਨਾ ਨੂੰ ਫਿਰਕੂ ਦੰਗੇ ਭੜਕਾਉਣ ਦੀ ਸਾਜ਼ਿਸ਼ ਨਾਲ ਜੋੜਿਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਢਾਈ ਸਾਲ ਪਹਿਲਾਂ ਮਾਲੇਰਕੋਟਲਾ ਵਿਚ ਹੀ ਸੱਤਵੀਂ ਜਮਾਤ ਵਿਚ ਪੜ੍ਹਦੇ ਇਕ ਬੱਚੇ ਨੂੰ ਦਿਨ-ਦਿਹਾੜੇ ਜ਼ਿੰਦਾ ਸਾੜ ਦਿਤਾ ਗਿਆ ਸੀ, ਪੰਜਾਬ ਪੁਲਿਸ ਹਾਲੇ ਤੱਕ ਇਸ ਬਾਰੇ ਕੋਈ ਉੱਘ-ਸੁੱਘ ਨਹੀਂ ਕੱਢ ਸਕੀ। ਐਤਕੀਂ ਸੱਤਾਧਾਰੀ ਧਿਰ ਨੇ ਚੋਣਾਂ ਵਿਚ ਲਾਹਾ ਲੈਣ ਲਈ ਮਾਲੇਰਕੋਟਲਾ ਵਾਲੀ ਬੇਅਦਬੀ ਦੀ ਘਟਨਾ ਨੂੰ ਮੁੱਦਾ ਬਣਾ ਲਿਆ ਹੈ।

## ਹੜ੍ਹਾਂ ਨੇ ਉਜਾੜੇ 80 ਹਜ਼ਾਰ ਲੋਕ

**ਗੁਹਾਟੀ:** ਹੜ੍ਹ ਕਾਰਨ ਅਸਾਮ ਦੇ ਕਈ ਜਿਲ੍ਹੇ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਹਨ। ਇਸ ਕੁਦਰਤੀ ਆਫਤ ਨੇ 80 ਹਜ਼ਾਰ ਲੋਕਾਂ ਨੂੰ ਪ੍ਰਭਾਵਤ ਕੀਤਾ ਹੈ। ਸੂਬਾ ਸਰਕਾਰ ਲਗਾਤਾਰ ਰਾਹਤ ਕਾਰਜ ਚਲਾ ਰਹੀ ਹੈ, ਪਰ ਭਿਆਨਕ ਹੜ੍ਹਾਂ ਤੇ ਤੇਜ਼ ਮੀਂਹ ਦੇ ਚੱਲਦੇ ਰਾਹਤ ਕੰਮਾਂ 'ਚ ਭਾਰੀ ਮੁਸ਼ਕਲ ਆ ਰਹੀ ਹੈ। ਸਭ ਤੋਂ ਵੱਧ ਪ੍ਰਭਾਵਤ ਚਾਰ ਜਿਲ੍ਹਿਆਂ ਲਖੀਮਪੁਰ, ਧੇਮਾਜੀ, ਨੌਗਾਂਵ ਤੇ ਜੋਰਹਾਟ ਵਿਚ 4100 ਹੈਕਟੇਅਰ ਫਸਲ ਬਰਬਾਦ ਹੋ ਗਈ ਹੈ।

# ਜ਼ੋਰਾ ਕਮਿਸ਼ਨ ਰਿਪੋਰਟ ਸਰਕਾਰੀ ਹੋ ਨਿਬੜੀ

*(ਸਫਾ ਇਕ ਦੀ ਬਾਕੀ)*

ਸਾਹਮਣੇ ਆਇਆ ਹੈ, ਉਹ ਨਿਰਾਸ਼ ਕਰਨ ਵਾਲਾ ਹੈ। ਯਾਦ ਰਹੇ, ਪੰਜਾਬ ਸਰਕਾਰ ਨੇ ਜਸਟਿਸ ਜ਼ੋਰਾ ਸਿੰਘ ਕਮਿਸ਼ਨ 14 ਅਕਤੂਬਰ 2015 ਨੂੰ ਬਹਿਬਲ ਕਲਾਂ ਵਿਚ ਵਾਪਰੇ ਗੋਲੀਕਾਂਡ ਦੀ ਘਟਨਾ ਤੋਂ ਤੁਰਤ ਮਗਰੋਂ ਬਣਾਇਆ ਗਿਆ ਸੀ, ਪਰ ਲੋੜੀਂਦਾ ਸਟਾਫ ਅਤੇ ਸਹੂਲਤਾਂ ਨਾ ਮਿਲਣ ਕਰ ਕੇ ਇਹ ਦਸੰਬਰ ਤੱਕ ਕੰਮ ਸ਼ੁਰੂ ਹੀ ਨਹੀਂ ਸੀ ਕਰ ਸਕਿਆ।

ਕਮਿਸ਼ਨ ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਵਿਚ ਮਹਿਜ਼ ਗਵਾਹਾਂ ਦੇ ਬਿਆਨਾਂ ਅਤੇ ਸਿਫ਼ਾਰਸ਼ਾਂ ਤੋਂ ਇਲਾਵਾ ਕੁਝ ਵੀ ਠੋਸ ਨਹੀਂ ਜਾਪਦਾ। ਇਸ ਵਿਚ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਕਿਸੇ ਦਾ ਹੱਥ ਹੋਣ ਅਤੇ ਦੋਸ਼ੀਆਂ ਸਬੰਧੀ ਇੰਕਸ਼ਾਫ਼ ਨਹੀਂ ਕੀਤਾ ਗਿਆ। ਰਿਪੋਰਟ ਦਾ ਪਹਿਲਾ ਭਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਤ ਘਟਨਾਵਾਂ ਨਾਲ ਸਬੰਧਤ ਹੈ ਜਦੋਂਕਿ ਦੂਜਾ ਕੋਟਕਪੂਰਾ ਚੌਕ ਵਿਚ ਵਾਪਰੇ ਘਟਨਾਕ੍ਰਮ ਨਾਲ। ਤੀਜਾ ਭਾਗ ਬਹਿਬਲ ਕਲਾਂ ਗੋਲੀ ਕਾਂਡ ਨਾਲ ਸਬੰਧਤ ਘਟਨਾਵਾਂ ਬਾਰੇ ਹੈ ਅਤੇ ਚੌਥੇ ਭਾਗ ਵਿਚ ਕਮਿਸ਼ਨ ਵੱਲੋਂ ਕੀਤੀਆਂ ਗਈਆਂ ਸਿਫ਼ਾਰਸ਼ਾਂ ਦਾ ਵੇਰਵਾ ਹੈ।

ਦਿਲਚਸਪ ਤੱਥ ਇਹ ਹੈ ਕਿ ਪੰਜਾਬ ਸਰਕਾਰ ਨੇ ਬੇਅਦਬੀ ਕਾਂਡ ਦੀ ਜਾਂਚ ਸੀ.ਬੀ.ਆਈ. ਹਵਾਲੇ ਕਰ ਦਿਤੀ ਸੀ, ਪਰ ਜਦੋਂ ਤੱਕ ਸੀ.ਬੀ.ਆਈ. ਘਟਨਾ ਸਥਾਨ 'ਤੇ ਪੁੱਜੀ, ਉਦੋਂ ਤੱਕ ਸਾਰੇ ਅਹਿਮ ਸਬੂਤ ਖ਼ਤਮ ਹੋ ਚੁੱਕੇ ਸਨ। ਸੀ.ਬੀ.ਆਈ. ਨੂੰ ਸਬੂਤ ਇਕੱਤਰ ਕਰਨ ਵਿਚ ਵੱਡੀ ਦਿੱਕਤ ਆ ਰਹੀ ਹੈ। ਬਹਿਬਲ ਗੋਲੀ ਕਾਂਡ ਦੀ ਪੜਤਾਲ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਤੋਂ ਕਰਵਾਈ ਗਈ ਹੈ। ਪੜਤਾਲ ਦੌਰਾਨ ਕਮਿਸ਼ਨ ਨੂੰ ਗੋਲੀ ਕਾਂਡ ਦੌਰਾਨ ਵਰਤੇ ਗਏ ਅਸਲੇ ਦੀ ਪੁਲਿਸ ਨੇ ਜਾਣਕਾਰੀ ਤੱਕ ਨਹੀਂ ਦਿੱਤੀ ਅਤੇ ਨਾ ਹੀ ਪੁਲਿਸ ਵੱਲੋਂ ਮੌਕੇ 'ਤੇ ਬਰਾਮਦ ਕੀਤੇ ਗਏ ਚੱਲੀਆਂ ਗੋਲੀਆਂ ਦੇ ਖੋਲ ਕਮਿਸ਼ਨ ਨੂੰ ਦਿਖਾਏ ਗਏ। ਜਸਟਿਸ ਜ਼ੋਰਾ ਸਿੰਘ ਦੀ ਜਾਂਚ ਦੌਰਾਨ ਗੋਲੀ ਕਾਂਡ ਵਿਚ ਘਿਰੇ ਕੁਝ ਪੁਲਿਸ ਅਧਿਕਾਰੀ ਵਿਦੇਸ਼ ਦੌਰੇ ਉਤੇ ਚਲੇ ਗਏ ਜੋ ਅਜੇ ਤੱਕ ਵਾਪਸ ਨਹੀਂ ਪਰਤੇ।

ਰੋਸ ਪ੍ਰਦਰਸ਼ਨ ਦੌਰਾਨ ਗੋਲੀ ਨਾਲ ਮਾਰੇ ਗਏ ਕ੍ਰਿਸ਼ਨ ਭਗਵਾਨ ਸਿੰਘ ਵਾਸੀ ਬਹਿਬਲ ਖੁਰਦ, ਗੁਰਜੀਤ ਸਿੰਘ ਵਾਸੀ ਸਰਾਵਾਂ ਅਤੇ ਗੁਰਦੇਵ ਸਿੰਘ ਵਾਸੀ ਬੁਰਜ ਜਵਾਹਰ ਸਿੰਘ ਦੇ ਮਾਮਲੇ ਵਿਚ ਪੁਲਿਸ ਨੇ ਕਤਲ ਕੇਸ ਤਾਂ ਦਰਜ ਕੀਤੇ ਹਨ ਪਰ ਇਨ੍ਹਾਂ ਦੀ ਪੜਤਾਲ ਕਿਸੇ ਸਿਰੇ ਨਹੀਂ ਲੱਗੀ। ਬੁਰਜ ਜਵਾਹਰ ਸਿੰਘ ਵਾਲਾ ਵਿਚ 13 ਜੂਨ 2016 ਨੂੰ ਕਤਲ ਹੋਏ ਡੇਰਾ ਪ੍ਰੇਮੀ ਗੁਰਦੇਵ ਸਿੰਘ ਦੇ ਮਾਮਲੇ ਵਿਚ ਪੁਲਿਸ ਦੇ ਹੱਥ ਅਜੇ ਤੱਕ ਕੋਈ ਸਬੂਤ ਨਹੀਂ ਲੱਗਿਆ। ਗੁਰਦੇਵ ਸਿੰਘ ਵਾਸੀ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਜੋ ਸੀ.ਬੀ.ਆਈ. ਦਾ ਬੇਅਦਬੀ ਕਾਂਡ ਦਾ ਗਵਾਹ ਸੀ, ਨੂੰ ਤਿੰਨ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿਤਾ ਸੀ।

### ਸਰਕਾਰ ਦੀ ਮਰਜ਼ੀ ਮੁਤਾਬਕ ਬਣੀ ਜਾਂਚ ਰਿਪੋਰਟ?

ਵਿਰੋਧੀ ਧਿਰਾਂ ਸਮੇਤ ਪੀੜਤਾਂ ਦਾ ਦੋਸ਼ ਹੈ ਕਿ ਜਾਂਚ ਰਿਪੋਰਟ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਪੜ੍ਹਾਉਣ ਤੋਂ ਬਾਅਦ ਸਰਕਾਰ ਨੂੰ ਸੌਂਪੀ ਗਈ ਹੈ। ਹੋਰ ਤਾਂ ਹੋਰ ਰਿਪੋਰਟ ਆਉਣ ਤੋਂ ਬਾਅਦ ਕਾਂਡ ਦੇ ਪੀੜਤਾਂ ਅਤੇ ਚਸ਼ਮਦੀਦਾਂ ਨੇ ਇਥੋਂ ਤੱਕ ਕਹਿ ਦਿੱਤਾ ਹੈ ਕਿ ਜੇ ਇਹ ਰਿਪੋਰਟ ਲਾਗੂ ਵੀ ਹੋ ਜਾਵੇ ਤਾਂ ਵੀ ਪੀੜਤਾਂ ਨੂੰ ਇਨਸਾਫ ਨਹੀਂ ਮਿਲ ਸਕਦਾ। ਪ੍ਰਦਰਸ਼ਨ ਦੌਰਾਨ ਮਾਰੇ ਗਏ ਨੌਜਵਾਨਾਂ ਦੇ ਵਾਰਸਾਂ ਦਾ ਕਹਿਣਾ ਹੈ ਕਿ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਨੇ ਪੜਤਾਲ ਦੌਰਾਨ ਪੀੜਤ ਪਰਿਵਾਰਾਂ ਦੀ ਤਸੱਲੀਬਖ਼ਸ਼ ਤਰੀਕੇ ਨਾਲ ਗੱਲ ਨਹੀਂ ਸੁਣੀ। ਪੰਜਾਬ ਸਰਕਾਰ ਨੇ ਉਨ੍ਹਾਂ ਨੂੰ 25-25 ਲੱਖ ਰੁਪਏ ਦੀ ਆਰਥਿਕ ਮਦਦ ਦੇਣ ਦਾ ਭਰੋਸਾ ਦਿਤਾ ਸੀ, ਪਰ ਸਰਕਾਰ ਨੇ ਉਨ੍ਹਾਂ ਦੇ ਗੁੱਸੇ ਨੂੰ ਸ਼ਾਂਤ ਕਰਨ ਲਈ 10-10 ਲੱਖ ਰੁਪਏ ਦੀ ਪਹਿਲੀ ਕਿਸ਼ਤ ਭੇਜ ਕੇ ਬਾਅਦ ਵਿਚ ਕੋਈ ਪੈਸਾ ਨਹੀਂ ਦਿੱਤਾ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ



**Punjab Times**

**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਤਲੇਆਮ 84: ਪੀੜਤਾਂ ਦੇ ਜ਼ਖਮਾਂ 'ਤੇ 32 ਸਾਲ ਪਿਛੋਂ 'ਮਲ੍ਹਮ'

## ਗੁੜਗਾਉਂ ਤੇ ਪਟੌਦੀ ਦੇ ਪੀੜਤ ਪਰਿਵਾਰਾਂ ਲਈ ਮੁਆਵਜ਼ਾ ਮਨਜ਼ੂਰ

**ਚੰਡੀਗੜ੍ਹ:** ਹਰਿਆਣੇ ਦੇ ਗੁੜਗਾਉਂ ਪਟੌਦੀ ਇਲਾਕੇ ਵਿਚ 1984 ਨੂੰ ਕਤਲ ਕੀਤੇ ਗਏ 47 ਸਿੱਖਾਂ ਨਾਲ ਸਬੰਧਤ ਕੇਸ ਦੀ ਜਾਂਚ ਰਿਪੋਰਟ ਹਰਿਆਣਾ ਸਰਕਾਰ ਵੱਲੋਂ ਮਨਜ਼ੂਰ ਕਰ ਕੇ ਪੀੜਤਾਂ ਨੂੰ ਰਾਹਤ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਕਤਲੋਗਾਰਤ ਵਿਚ ਗੁੜਗਾਉਂ ਵਿਖੇ 197 ਘਰਾਂ ਨੂੰ ਅੱਗ ਲਗਾ ਦਿੱਤੀ ਗਈ ਸੀ ਅਤੇ ਪਟੌਦੀ ਵਿਖੇ 7 ਫੈਕਟਰੀਆਂ ਅੱਗ ਦੇ ਹਵਾਲੇ ਕਰ ਦਿੱਤੀਆਂ ਗਈਆਂ ਸਨ।

ਇਸ ਵਰਤਾਰੇ ਦੌਰਾਨ ਗੁੜਗਾਉਂ ਵਿਚ 30 ਅਤੇ ਪਟੌਦੀ ਵਿਚ 17 ਸਿੱਖਾਂ ਦੇ ਕਤਲ ਦੀਆਂ ਸੂਚਨਾਵਾਂ ਕਈ ਵਰ੍ਹਿਆਂ ਬਾਅਦ ਹਰਿਆਣੇ ਵਿਚ ਪਿਛਲੀ ਹੁੱਡਾ ਸਰਕਾਰ ਵੇਲੇ ਬੇ ਪਰਦਾ ਹੋਈਆਂ ਸਨ। ਇਸ ਬਾਰੇ ਹੋਈ ਜਾਂਚ ਦੀ ਰਿਪੋਰਟ ਨੂੰ ਮਨਜ਼ੂਰ ਕਰਦਿਆਂ ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ 47 ਸਿੱਖਾਂ ਦੇ ਪਰਿਵਾਰਾਂ ਨੂੰ 12 ਕਰੋੜ ਰੁਪਏ ਮੁਆਵਜ਼ਾ ਰਾਸ਼ੀ ਨੂੰ ਹਰੀ ਝੰਡੀ ਦੇ ਦਿੱਤੀ। ਇਸ ਮਾਮਲੇ ਦੀ ਜਾਂਚ ਜਸਟਿਸ ਟੀ.ਪੀ.ਗਰਗ ਨੇ ਕੀਤੀ ਸੀ। ਕੇਸ ਵਿਚ 247 ਪੀੜਤਾਂ ਨੇ ਪਟੀਸ਼ਨਾਂ ਪਾ ਕੇ ਕਮਿਸ਼ਨ ਅੱਗੇ



ਆਪਣਾ ਦੁੱਖ ਫਰੋਲਿਆ ਸੀ। ਜਾਂਚ ਕਮਿਸ਼ਨ ਅੱਗੇ ਇਹ ਕੇਸ ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਆਗੂਆਂ ਇੰਜ: ਮਨਵਿੰਦਰ ਸਿੰਘ ਗਿਆਸਪੁਰਾ ਅਤੇ ਭਾਈ ਦਰਸ਼ਨ ਸਿੰਘ ਘੋਲੀਆ ਦੀ ਅਗਵਾਈ ਵਿਚ ਲੜਿਆ ਗਿਆ ਸੀ। ਰਿਪੋਰਟ ਅਨੁਸਾਰ ਮ੍ਰਿਤਕ ਦੇ ਪਰਿਵਾਰ ਨੂੰ 20 ਲੱਖ ਰੁਪਏ ਅਤੇ ਮਾਲੀ ਨੁਕਸਾਨ ਲਈ 5-5 ਲੱਖ ਰੁਪਏ ਮੁਆਵਜ਼ਾ ਮਿਲੇਗਾ। ਗੌਰਤਲਬ ਹੈ ਕਿ ਹਰਿਆਣਾ ਸਰਕਾਰ ਨੇ 5 ਮਾਰਚ 2011 ਨੂੰ ਕਤਲੇਆਮ ਦੀ ਜਾਂਚ ਲਈ ਗਰਗ ਕਮਿਸ਼ਨ ਬਣਾਇਆ ਸੀ। ਗਰਗ ਕਮਿਸ਼ਨ ਨੇ ਹੋਂਦ ਚਿੱਲੜ ਵਿਚ ਵਾਪਰੀਆਂ ਘਟਨਾਵਾਂ ਦੀ ਜਾਂਚ ਰਿਪੋਰਟ ਪਿਛਲੇ ਸਾਲ ਮਾਰਚ ਵਿਚ ਹਰਿਆਣਾ ਸਰਕਾਰ ਨੂੰ ਸੌਂਪ ਦਿੱਤੀ ਸੀ। ਸਰਕਾਰ ਨੇ ਉਥੇ ਮਾਰੇ ਗਏ 32 ਸਿੱਖਾਂ ਦੇ ਪਰਿਵਾਰਕ ਮੈਂਬਰਾਂ ਨੂੰ 20-20 ਲੱਖ ਰੁਪਏ ਰਾਹਤ ਵਜੋਂ ਦਿੱਤੇ ਸਨ। ਹੁਣ ਗਰਗ ਕਮਿਸ਼ਨ ਨੇ ਗੁੜਗਾਉਂ ਅਤੇ ਪਟੌਦੀ ਵਿਚ ਮਾਰੇ ਗਏ 36 ਸਿੱਖਾਂ ਅਤੇ ਜ਼ਖ਼ਮੀਆਂ ਦੇ ਦੋ ਕੇਸਾਂ ਦੀ ਜਾਂਚ ਪੜਤਾਲ ਬਾਅਦ ਮੁਆਵਜ਼ੇ ਦੇ 183 ਕਲੇਮਾਂ ਨੂੰ ਸਹੀ ਮੰਨਦਿਆਂ ਪੀੜਤਾਂ ਨੂੰ 12 ਕਰੋੜ ਰੁਪਏ ਰਾਹਤ ਵਜੋਂ ਦੇਣ ਦੀ ਸਿਫਾਰਸ਼ ਕੀਤੀ ਹੈ।

ਗਰਗ ਕਮਿਸ਼ਨ ਵੱਲੋਂ ਪਹਿਲਾਂ ਹੋਦ-ਚਿੱਲੜ ਪਿੰਡ ਅਤੇ ਹੁਣ ਗੁੜਗਾਉਂ ਤੇ ਪਟੌਦੀ ਵਿਚ ਨਵੰਬਰ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਘਟਨਾਵਾਂ ਦੀ ਕੀਤੀ ਗਈ ਜਾਂਚ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਕਾਤਲਾਂ ਅਤੇ ਉਨ੍ਹਾਂ ਦੇ ਸਰਪ੍ਰਸਤਾਂ ਵੱਲੋਂ ਆਪਣੀ ਤਾਕਤ ਤੇ ਰਸੂਖ਼ ਦੇ ਬਲਬੂਤੇ ਸਰਕਾਰਾਂ ਦੀ ਮਿਲੀਭੁਗਤ ਨਾਲ ਇਤਿਹਾਸ ਦੇ ਇਨ੍ਹਾਂ ਕਾਲੇ ਦਿਨਾਂ ਦੌਰਾਨ ਵਾਪਰੀਆਂ ਹਜ਼ਾਰਾਂ ਘਟਨਾਵਾਂ ਨੂੰ ਦਬਾਉਣ ਅਤੇ ਲੁਕਾਉਣ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ ਗਈਆਂ। ਇਹ ਵੱਖਰੀ ਗੱਲ ਹੈ ਕਿ ਸਮੇਂ ਦੇ ਬੀਤਣ ਨਾਲ ਹੁਣ ਤੱਕ ਕਾਫੀ ਘਟਨਾਵਾਂ ਦਾ ਸੱਚ ਸਾਹਮਣੇ ਆ ਗਿਆ ਹੈ ਪਰ ਕਾਫੀ ਕੇਸਾਂ ਤੋਂ ਪਰਦਾ ਉਠਾਉਣਾ ਹਾਲੇ ਵੀ ਬਾਕੀ ਹੈ।

### ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਢਿੱਲ ਕਿਉਂ?

ਜਸਟਿਸ ਗਰਗ ਨੇ ਪਹਿਲਾਂ ਹੋਦ ਚਿੱਲੜ ਅਤੇ ਹੁਣ ਪਟੌਦੀ ਅਤੇ ਗੁੜਗਾਉਂ ਵਿਚ ਸਿੱਖਾਂ ਦੇ ਹੋਏ ਕਤਲੇਆਮ ਦੇ ਪੀੜਤਾਂ ਨੂੰ ਮੁਆਵਜ਼ਾ ਦੇਣ ਦੀ ਸਿਫਾਰਸ਼ ਦੇ ਨਾਲ-ਨਾਲ ਇਹ ਮੰਨਿਆ ਹੈ ਕਿ ਇਹ ਬੇਹੱਦ ਘ੍ਰਿਣਤ ਘਟਨਾਵਾਂ ਸਨ ਅਤੇ ਮੁਆਵਜ਼ਾ ਇਸ ਦਾ ਕੋਈ ਬਦਲ ਨਹੀਂ ਹੈ। ਵੱਖ-ਵੱਖ ਕਮਿਸ਼ਨਾਂ, ਅਦਾਲਤਾਂ ਅਤੇ ਸਰਕਾਰਾਂ ਨੇ ਕਾਫੀ ਦੇਰ ਤੱਕ ਪੀੜਤਾਂ ਨੂੰ ਰਾਹਤ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੇ ਬਗੈਰ ਉਨ੍ਹਾਂ ਨੂੰ ਇਨਸਾਫ ਨਹੀਂ ਮਿਲ ਸਕਦਾ। ਜੇ ਸਰਕਾਰਾਂ ਇਸ ਮਾਮਲੇ ਵਿਚ ਕੁਝ ਹੋਰ ਕਰਨ ਤੋਂ ਅਸਮਰੱਥ ਹਨ ਤਾਂ ਅਫਰੀਕਾ ਵਾਂਗ ਘੱਟੋ-ਘੱਟ 'ਟਰੁੱਥ ਕਮਿਸ਼ਨ' ਬਣਾ ਕੇ ਪੀੜਤਾਂ ਨੂੰ ਮਾਨਸਿਕ ਸੰਤੁਸ਼ਟੀ ਤਾਂ ਦਿੱਤੀ ਜਾ ਸਕਦੀ ਹੈ। ਹਾਲ ਹੀ ਵਿਚ ਕੈਨੇਡਾ ਸਰਕਾਰ ਵੱਲੋਂ ਕਾਮਾਗਾਟਾ ਮਾਰੂ ਘਟਨਾ ਸਬੰਧੀ ਸੰਸਦ ਵਿਚ ਮੰਗੀ ਗਈ ਮੁਆਫੀ ਤੋਂ ਵੀ ਭਾਰਤੀ ਹਾਕਮਾਂ ਨੂੰ ਸਬਕ ਸਿੱਖਦੇ ਹੋਏ ਨਵੰਬਰ 1984 ਵਿਚ ਬੇਗੁਨਾਹ ਸਿੱਖਾਂ ਦੇ ਹੋਏ ਕਤਲੇਆਮ ਲਈ ਸਿੱਖ ਭਾਈਚਾਰੇ ਤੋਂ ਸੰਸਦ ਵਿਚ ਬਾਕਾਇਦਾ ਮੁਆਫੀ ਮੰਗਣੀ ਚਾਹੀਦੀ ਹੈ।

# ਅਫਗਾਨ ਸਿੱਖਾਂ ਦੀ ਸੁਰੱਖਿਆ ਲਈ ਪ੍ਰਧਾਨ ਮੰਤਰੀ ਨੂੰ ਭੇਜਿਆ ਪੱਤਰ

**ਅੰਮ੍ਰਿਤਸਰ:** ਅਫਗਾਨਿਸਤਾਨ ਵਿਚ ਘੱਟ ਗਿਣਤੀਆਂ ਖਾਸ ਕਰ ਕੇ ਸਿੱਖਾਂ ਦੀ ਸੁਰੱਖਿਆ ਦੇ ਮੁੱਦੇ ਉਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ ਅਤੇ ਇਸ ਬਾਰੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪੱਤਰ ਭੇਜਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਆਪਣੇ ਪੱਤਰ ਵਿਚ ਪ੍ਰਧਾਨ ਮੰਤਰੀ ਨੂੰ ਅਫਗਾਨਿਸਤਾਨ ਵਿਚ ਰਹਿ ਰਹੇ ਸਿੱਖਾਂ ਦੀ ਸਮੱਸਿਆ ਵੱਲ ਧਿਆਨ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਆਖਿਆ ਕਿ ਅਫਗਾਨ ਤਾਲਿਬਾਨ ਤੇ ਹੋਰ ਅਤਿਵਾਦੀਆਂ ਵੱਲੋਂ ਸਿੱਖ ਪਰਿਵਾਰਾਂ ਨੂੰ ਲਗਾਤਾਰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਕਿ ਉਹ ਜਾਂ ਤਾਂ ਪੈਸੇ ਦੇਣ ਨਹੀਂ ਤਾਂ ਦੇਸ਼ ਛੱਡ ਕੇ ਚਲੇ ਜਾਣ। ਕੁਝ ਦਿਨ ਪਹਿਲਾਂ ਕਾਬੁਲ ਵਿਚ ਹਿਕਮਤ ਦਾ ਕੰਮ ਕਰਨ ਵਾਲੇ ਜਗਤਾਰ ਸਿੰਘ ਨਾਂ ਦੇ ਅਫਗਾਨੀ ਸਿੱਖ ਨੂੰ ਇਨ੍ਹਾਂ ਅਨਸਰਾਂ ਨੇ ਧਮਕੀ ਦਿੱਤੀ ਸੀ।



ਇਸ ਸਿੱਖ ਦੀ ਰਾਹਗੀਰਾਂ ਤੇ ਗੁਆਂਢੀਆਂ ਨੇ ਜਾਨ ਬਚਾਈ ਸੀ। ਅਫਗਾਨਿਸਤਾਨ ਦੇ ਹੇਲਮੰਦ ਸੂਬੇ ਵਿਚ ਵਾਪਰੀ ਇਕ ਹੋਰ ਘਟਨਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਤਾਲਿਬਾਨ ਨੇ ਸਿੱਖ ਤੇ ਹਿੰਦੂ ਭਾਈਚਾਰੇ ਦੇ ਲੋਕਾਂ ਨੂੰ 2800 ਡਾਲਰ ਪ੍ਰਤੀ ਮਹੀਨਾ ਦੇਣ ਲਈ ਕਿਹਾ ਹੈ ਅਤੇ ਨਾ ਦੇਣ ਦੀ ਸੂਰਤ ਵਿਚ ਇਲਾਕਾ ਛੱਡ ਜਾਣ ਦੀ ਧਮਕੀ ਦਿੱਤੀ ਹੈ। ਇਸ ਧਮਕੀ ਤੋਂ ਬਾਅਦ ਡਰਦਿਆਂ ਸਿੱਖਾਂ ਦੀ ਗਿਣਤੀ ਉਥੇ ਘੱਟ ਰਹਿ ਗਈ ਹੈ। ਕਾਬੁਲ ਦੇ ਬਾਹਰਵਾਰ ਕਲਾਚਾ ਇਲਾਕੇ ਵਿਚ ਸਿੱਖਾਂ ਤੇ ਹਿੰਦੂਆਂ ਦਾ ਸ਼ਮਸ਼ਾਨਘਾਟ ਵੀ ਉਥੇ ਤਣਾਅ ਦਾ ਮੁੱਦਾ ਬਣਿਆ ਹੋਇਆ ਹੈ। ਜਥੇਦਾਰ ਅਵਤਾਰ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਉਹ ਅਫਗਾਨਿਸਤਾਨ ਵਿਚ ਸਿੱਖਾਂ ਅਤੇ ਹਿੰਦੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਯਤਨ ਕਰਨ ਤਾਂ ਜੋ ਘੱਟ ਗਿਣਤੀਆਂ ਉਤੇ ਹੋ ਰਹੇ ਨਫਰਤੀ ਹਮਲਿਆਂ ਨੂੰ ਰੋਕਿਆ ਜਾ ਸਕੇ।

# ਅੰਮ੍ਰਿਤਸਰ ਵਿਖੇ ਬਣੇਗੀ ਧਰਮੀ ਫੌਜੀਆਂ ਦੀ ਯਾਦਗਾਰ

**ਪਟਿਆਲਾ:** 1984 ਵਿਚ ਸਾਕਾ ਨੀਲਾ ਤਾਰਾ ਦੌਰਾਨ ਭਾਰਤੀ ਫੌਜ ਦੀਆਂ ਵੱਖ-ਵੱਖ ਰੈਜੀਮੈਂਟਾਂ ਵਿਚ ਸੇਵਾ ਨਿਭਾਅ ਰਹੇ ਸਿੱਖ ਫੌਜੀਆਂ ਨੇ ਰੋਸ ਵਜੋਂ ਸ੍ਰੀ ਹਰਿਮੰਦਰ ਸਾਹਿਬ ਵੱਲ ਕੂਚ ਕੀਤਾ ਸੀ। ਇਸ ਦੌਰਾਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਜਾਂ ਕਈ ਸ਼ਹੀਦੀਆਂ ਪਾ ਗਏ।

ਉਨ੍ਹਾਂ ਸ਼ਹੀਦ ਧਰਮੀ ਫੌਜੀਆਂ ਦੀ ਯਾਦਗਾਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੀ ਬਣਾਈ ਜਾਵੇਗੀ, ਜਿਸ ਨੂੰ ਬਣਾਉਣ ਦੀ ਦੇਖ-ਰੇਖ ਬਾਬਾ ਦਲਜੀਤ ਸਿੰਘ ਸ਼ਿਕਾਗੋ ਵਾਲੇ ਕਰਨਗੇ। ਇਹ ਅਧਿਕਾਰ ਸਿੱਖ ਧਰਮੀ ਫੌਜੀਆਂ ਦੀ ਜਥੇਬੰਦੀ ਵੱਲੋਂ ਦਸ ਮੈਂਬਰੀ ਕਮੇਟੀ ਬਣਾ ਕੇ ਲਿਖਤੀ ਤੌਰ ਉਤੇ ਬਾਬਾ ਦਲਜੀਤ ਸਿੰਘ ਸ਼ਿਕਾਗੋ ਨੂੰ ਦਿੱਤੇ ਗਏ। ਇਸ ਲਈ 'ਸਿੱਖ ਧਰਮੀ ਫੌਜੀ ਟਰੱਸਟ' ਵੀ ਬਣਾਇਆ ਗਿਆ। ਧਰਮੀ ਫੌਜੀਆਂ ਦੀ 10 ਮੈਂਬਰੀ ਟੀਮ ਜਿਸ ਵਿਚ ਬਾਬਾ ਦਲਜੀਤ ਸਿੰਘ ਸ਼ਿਕਾਗੋ ਖ਼ੁਦ ਵੀ ਸ਼ਾਮਲ ਹਨ, ਨੂੰ ਸਮੇਂ-ਸਮੇਂ ਉਤੇ ਲੋੜੀਂਦੀ



ਜਾਣਕਾਰੀ ਮੁਹੱਈਆ ਕਰਵਾਇਆ ਕਰੇਗੀ। ਬਣਨ ਵਾਲੀ ਯਾਦਗਾਰ ਕਿਸ ਰੰਗ, ਆਕਾਰ ਦੀ ਹੋਵੇਗੀ, ਹਾਲੇ ਤੈਅ ਕਰਨਾ ਬਾਕੀ ਹੈ। ਪਟਿਆਲਾ ਵਿਚ ਇਕੱਤਰ ਹੋਏ ਧਰਮੀ ਫੌਜੀਆਂ ਦੀ 9 ਮੈਂਬਰੀ ਟੀਮ ਨੇ ਕਈ ਦਹਾਕਿਆਂ ਬਾਅਦ ਆਪਣੇ 1984 ਵਿਚ ਸ਼ਹੀਦ ਹੋਏ ਸਾਥੀਆਂ ਦੀ ਬਣਨ ਵਾਲੀ ਯਾਦਗਾਰ ਲਈ ਆਰੰਭ ਹੋਈ ਮੁੱਢਲੀ ਪ੍ਰਕਿਰਿਆ ਉਤੇ ਸੰਤੁਸ਼ਟੀ ਪ੍ਰਗਟ ਕੀਤੀ।

# ਸ਼੍ਰੋਮਣੀ ਕਮੇਟੀ ਚੋਣਾਂ ਦੀ ਤਿਆਰੀ 'ਚ ਜੁਟਿਆ ਪੰਥਕ ਤਾਲਮੇਲ ਸੰਗਠਨ

**ਅੰਮ੍ਰਿਤਸਰ:** ਵੱਖ-ਵੱਖ ਸਿੱਖ ਜਥੇਬੰਦੀਆਂ ਦੇ 'ਪੰਥਕ ਤਾਲਮੇਲ ਸੰਗਠਨ' ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਲੜਨ ਦੇ ਐਲਾਨ ਨੂੰ ਅਮਲੀ ਜਾਮਾ ਪਵਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਤਹਿਤ ਸੰਗਠਨ ਵੱਲੋਂ 22 ਜ਼ਿਲ੍ਹਾ ਤਾਲਮੇਲ ਮੁਖੀ ਬਣਾਏ ਗਏ ਹਨ ਅਤੇ ਇਕ ਸੌ ਮੈਂਬਰੀ ਕਮੇਟੀ ਕਾਇਮ ਕੀਤੀ ਗਈ ਹੈ, ਜੋ ਸੰਗਠਨ ਦੇ ਕੰਮਾਂ ਨੂੰ ਅਗਾਂਹ ਚਲਾਏਗੀ।

ਸੰਗਠਨ ਦੇ ਕਨਵੀਨਰ ਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਤੇ ਕੋਰ ਕਮੇਟੀ ਦੇ ਮੈਂਬਰ ਜਸਵਿੰਦਰ ਸਿੰਘ ਐਡਵੋਕੇਟ ਨੇ ਦੱਸਿਆ ਕਿ ਸੰਗਠਨ ਨੇ ਸ਼੍ਰੋਮਣੀ ਕਮੇਟੀ ਦੀਆਂ ਅਗਲੀਆਂ ਚੋਣਾਂ 'ਚ ਹਿੱਸਾ ਲੈਣ ਦਾ ਐਲਾਨ ਕੀਤਾ ਸੀ ਅਤੇ ਇਸ ਸਬੰਧੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਆਖਿਆ ਕਿ ਇਹ ਕੰਮ ਸੰਸਾਰ ਭਰ ਦੇ ਸਿੱਖਾਂ ਤੇ ਸਿੱਖ ਸੰਸਥਾਵਾਂ ਨੂੰ ਨਾਲ ਲੈ ਕੇ ਵਿਆਪਕ ਯੋਜਨਾ ਹੇਠ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਅਕਾਲ ਤਖਤ ਦੀ ਖੁਦਮੁਖ਼ਤਿਆਰੀ ਦੇ ਮੁੱਦੇ 'ਤੇ ਲੜੀਆਂ ਜਾਣਗੀਆਂ।

ਪੰਥਕ ਤਾਲਮੇਲ ਸੰਗਠਨ ਵੱਲੋਂ 22 ਜ਼ਿਲ੍ਹਿਆਂ ਦੇ ਬਣਾਏ ਤਾਲਮੇਲ ਮੁਖੀਆਂ ਵਿਚ ਅੰਮ੍ਰਿਤਸਰ ਵਾਸਤੇ ਅਮਰਜੀਤ ਸਿੰਘ, ਤਰਨ ਤਾਰਨ ਤੋਂ ਪ੍ਰਿੰਸੀਪਲ ਸਕੱਤਰ ਸਿੰਘ, ਗੁਰਦਾਸਪੁਰ ਤੋਂ ਦਮਨਪ੍ਰੀਤ ਸਿੰਘ, ਪਠਾਨਕੋਟ ਲਈ ਸਤਵਿੰਦਰ ਸਿੰਘ, ਹੁਸ਼ਿਆਰਪੁਰ ਲਈ ਮਨਪ੍ਰੀਤ ਸਿੰਘ, ਨਵਾਂ ਸ਼ਹਿਰ ਲਈ ਜਰਨੈਲ ਸਿੰਘ, ਜਲੰਧਰ ਤੋਂ ਸੁਰਿੰਦਰਪਾਲ ਸਿੰਘ ਗੋਲਡੀ ਨੂੰ ਜ਼ਿਲ੍ਹਾ ਤਾਲਮੇਲ ਮੁਖੀ ਬਣਾਇਆ ਗਿਆ ਹੈ। ਇਕ ਹੋਰ ਵੱਖਰੀ ਕਮੇਟੀ ਵਿਚ 108 ਮੈਂਬਰ ਸ਼ਾਮਲ ਕੀਤੇ ਗਏ ਹਨ।

# ਸਾਕਾ ਨੀਲਾ ਤਾਰਾ: 31 ਆਗੂਆਂ ਵਿਰੁਧ ਕੇਸ ਦਰਜ ਕਰਨ ਦੀ ਦਰਖਾਸਤ

**ਅੰਮ੍ਰਿਤਸਰ:** ਮਨੁੱਖੀ ਹੱਕਾਂ ਦੀ ਰਾਖੀ ਨਾਲ ਜੁੜੀ ਜਥੇਬੰਦੀ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਨੇ ਹੁਣ ਜੂਨ 1984 ਵਿਚ ਵਾਪਰੇ ਸਾਕਾ ਨੀਲਾ ਤਾਰਾ ਫੌਜੀ ਹਮਲੇ ਨੂੰ ਮਨੁੱਖੀ ਹੱਕਾਂ ਦੇ ਘਾਣ, ਧਾਰਮਿਕ ਵਿਰਾਸਤ ਦੀ ਤਬਾਹੀ, ਗੁਰਧਾਮਾਂ ਦੀ ਬੇਅਦਬੀ ਤੇ ਲੁੱਟ ਖਸੁੱਟ ਦੇ ਮਾਮਲੇ ਵਜੋਂ ਉਭਾਰਨ ਦਾ ਬੀੜਾ ਚੁੱਕਿਆ ਹੈ। ਇਸ ਬਾਰੇ ਪਹਿਲੇ ਪੜਾਅ ਤਹਿਤ 31 ਵਿਅਕਤੀਆਂ ਜਿਨ੍ਹਾਂ ਵਿਚ ਸਿਆਸੀ ਆਗੂ, ਫੌਜੀ ਤੇ ਸਿਵਲ ਅਧਿਕਾਰੀ ਸ਼ਾਮਲ ਹਨ, ਖਿਲਾਫ਼ ਪੁਲਿਸ ਕੇਸ ਦਰਜ ਕਰਨ ਲਈ ਪੁਲਿਸ ਕਮਿਸ਼ਨਰ ਨੂੰ ਦਰਖਾਸਤ ਦਿੱਤੀ ਹੈ। ਮਗਰੋਂ ਇਹ ਮਾਮਲਾ ਸਰਵਉਚ ਅਦਾਲਤ ਅਤੇ ਅੰਤਰਾਸ਼ਟਰੀ ਅਦਾਲਤ ਵਿਚ ਵੀ ਲੈ ਜਾਣ ਦੀ ਯੋਜਨਾ ਹੈ।

ਜਥੇਬੰਦੀ ਦੇ ਕੌਂਸਲ ਵਜੋਂ ਐਡਵੋਕੇਟ ਜਗਦੀਪ ਸਿੰਘ ਰੰਧਾਵਾ ਸਮੇਤ ਦਲਬੀਰ ਸਿੰਘ, ਪਰਮਜੀਤ ਕੌਰ ਖਾਲੜਾ, ਸਤਵਿੰਦਰ ਸਿੰਘ ਪਲਾਸੌਰ, ਚਮਨ ਲਾਲ, ਸਤਵੰਤ ਸਿੰਘ ਦੇ



ਦਸਤਖ਼ਤਾਂ ਹੇਠ ਪੁਲਿਸ ਕਮਿਸ਼ਨਰ ਨੂੰ ਸੌਂਪੀ ਗਈ ਸ਼ਿਕਾਇਤ ਦੀ ਕਾਪੀ ਮੀਡੀਆ ਨੂੰ ਜਾਰੀ ਕੀਤੀ ਗਈ ਹੈ। ਇਸ ਦਰਖਾਸਤ ਵਿਚ 31 ਵਿਅਕਤੀਆਂ ਖਿਲਾਫ਼ ਵੱਖ-ਵੱਖ ਧਾਰਾਵਾਂ ਹੇਠ ਕੇਸ ਦਰਜ ਕਰਨ ਦੀ ਅਪੀਲ ਕੀਤੀ ਗਈ ਹੈ।

ਇਨ੍ਹਾਂ ਵਿਚ 12 ਵਿਅਕਤੀ ਅਜਿਹੇ ਹਨ, ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ। ਜਿਨ੍ਹਾਂ ਖਿਲਾਫ ਕੇਸ ਦਰਜ ਕਰਨ ਦੀ ਸ਼ਿਕਾਇਤ ਦਿੱਤੀ ਗਈ ਹੈ, ਉਨ੍ਹਾਂ ਵਿਚ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੇ ਰਾਜੀਵ ਗਾਂਧੀ, ਮਰਹੂਮ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਮੌਜੂਦਾ ਰਾਸ਼ਟਰਪਤੀ ਪ੍ਰਣਬ ਮੁਖਰਜੀ, ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਦੇ ਮਰਹੂਮ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਤੇ ਹਰਚੰਦ ਸਿੰਘ ਲੌਂਗੋਵਾਲ, ਸਾਬਕਾ ਰਾਜਪਾਲ ਸੁਰਜੀਤ ਸਿੰਘ ਬਰਨਾਲਾ, ਕਾਮਰੇਡ ਆਗੂ ਮਰਹੂਮ ਹਰਕਿਸ਼ਨ ਸਿੰਘ ਸੁਰਜੀਤ, ਬੀ.ਡੀ. ਪਾਂਡੇ, ਰਮੇਸ਼ਇੰਦਰ ਸਿੰਘ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਫੌਜੀ ਮੁਖੀ ਮਰਹੂਮ ਜਨਰਲ ਏ.ਐਸ ਵੈਦਯਾ ਤੇ ਹੋਰ ਸ਼ਾਮਲ ਸਨ। ਕਾਂਗਰਸ ਦੀ ਮੌਜੂਦਾ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਦਾ ਨਾਂ ਵੀ ਸ਼ਿਕਾਇਤ ਪੱਤਰ 'ਚ ਦਰਜ ਹੈ।

ਪੱਤਰਕਾਰ ਸੰਮੇਲਨ ਵਿਚ ਇਨ੍ਹਾਂ ਆਗੂਆਂ ਨੇ ਸਾਕਾ ਨੀਲਾ ਤਾਰਾ ਸਬੰਧੀ 'ਪੰਜਾਬ ਅੰਦੋਲਨ ਤੇ ਵਾਈਟ ਪੇਪਰ' ਨਾਂ ਦਾ ਦਸਤਾਵੇਜ਼ ਵੀ ਜਾਰੀ ਕੀਤਾ ਹੈ, ਜਿਸ ਵਿਚ ਦਾਅਵਾ ਕੀਤਾ ਗਿਆ ਹੈ ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜੀ ਹਮਲੇ ਤੋਂ ਪਹਿਲਾਂ ਇਸ ਸਬੰਧੀ ਨਵੀਂ ਦਿੱਲੀ ਵਿਖੇ ਕਈ ਮੀਟਿੰਗਾਂ ਹੋਈਆਂ ਸਨ, ਜਿਨ੍ਹਾਂ ਵਿਚ ਸਿੱਖ ਆਗੂ ਵੀ ਸ਼ਾਮਲ ਹੁੰਦੇ ਰਹੇ।

ਐਡਵੋਕੇਟ ਰੰਧਾਵਾ ਨੇ ਆਖਿਆ ਕਿ ਪੁਲਿਸ ਕਮਿਸ਼ਨਰ ਨੂੰ ਕੇਸ ਦਰਜ ਕਰਨ ਲਈ ਇਕ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ। ਇਹ ਸਮਾਂ ਬੀਤਣ ਮਗਰੋਂ ਸੂਚਨਾ ਅਧਿਕਾਰ ਐਕਟ ਹੇਠ ਕੇਸ ਦੀ ਕਾਰਵਾਈ ਸਬੰਧੀ ਜਾਣਕਾਰੀ ਮੰਗੀ ਜਾਵੇਗੀ, ਜਿਸ ਦੇ ਆਧਾਰ 'ਤੇ ਅਦਾਲਤ ਦਾ ਦਰਵਾਜ਼ਾ ਖੜਕਾਇਆ ਜਾਵੇਗਾ।

# ਚਾਰ ਨਿਹੰਗ ਸਿੰਘਾਂ ਦੇ ਕਾਤਲਾਂ ਨੂੰ ਉਮਰ ਕੈਦ




**ਪਟਿਆਲਾ:** ਇਥੇ 2007 ਵਿਚ ਚਾਰ ਨਿਹੰਗ ਸਿੰਘਾਂ ਦੇ ਕਤਲ ਕੇਸ ਦਾ ਨਿਪਟਾਰਾ ਕਰਦੇ ਹੋਏ ਅਦਾਲਤ ਨੇ ਅੱਠ ਦੋਸ਼ੀਆਂ ਨੂੰ ਮੌਤ ਤੱਕ ਉਮਰ ਕੈਦ ਦੀ ਸਜ਼ਾ ਸੁਣਾਉਂਦਿਆਂ ਦੋ ਔਰਤਾਂ ਸਮੇਤ 15 ਨੂੰ ਬਰੀ ਕਰ ਦਿੱਤਾ ਹੈ। ਬਰੀ ਹੋਣ ਵਾਲਿਆਂ ਵਿਚ ਇਸ ਮਾਮਲੇ ਵਿਚ ਸ਼ੁਰੂ ਤੋਂ ਹੀ ਭਗੌੜੇ ਚੱਲੇ ਆ ਰਹੇ ਬਾਬਾ ਉਦੈ ਸਿੰਘ ਦੀ ਪਤਨੀ ਤੇ ਧੀ ਵੀ ਸ਼ਾਮਲ ਹਨ।

ਇਸ ਮਾਮਲੇ ਅਧੀਨ ਪੁਲਿਸ ਵੱਲੋਂ ਢਾਈ ਦਰਜਨ ਦੇ ਕਰੀਬ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ, ਜਿਸ ਵਿਚ ਅਦਾਲਤ ਵੱਲੋਂ ਰਣਜੀਤ ਸਿੰਘ ਵਾਸੀ ਸਮਾਣਾ ਜ਼ਿਲ੍ਹਾ ਪਟਿਆਲਾ, ਕੁਲਵੰਤ ਸਿੰਘ ਵਾਸੀ ਸੰਗਰੂਰ, ਕਿੱਕਰ ਸਿੰਘ ਵਾਸੀ ਦਿਆਲਪੁਰ ਭਾਈਕਾ ਬੁੱਗੀਆਂ ਬਠਿੰਡਾ, ਰਵਿੰਦਰ ਸਿੰਘ ਰਾਂਝਾ ਵਾਸੀ ਜਵਾਹਰਕੇ ਜ਼ਿਲ੍ਹਾ ਮਾਨਸਾ, ਸੁਖਦੇਵ ਸਿੰਘ ਵਾਸੀ ਜੋਰਕੀਆਂ ਜ਼ਿਲ੍ਹਾ ਮਾਨਸਾ, ਸ਼ਹੀਦ ਸਿੰਘ ਵਾਸੀ ਮਾੜੀ ਬੁਚੀਆ ਹਰਗੋਬਿੰਦਪੁਰ, ਕਰਤਾਰ ਸਿੰਘ ਵਾਸੀ ਮੁਹਾਲੀ, ਜਗਸੀਰ ਸਿੰਘ ਵਾਸੀ ਕੋਟਕਪੂਰਾ ਜ਼ਿਲ੍ਹਾ ਫਰੀਦਕੋਟ ਨੂੰ ਧਾਰਾ 302 ਤੇ 149 ਤਹਿਤ ਉਮਰ ਕੈਦ (ਮੌਤ ਤੱਕ) ਤੇ ਜੁਰਮਾਨੇ ਦੀ ਸਜ਼ਾ ਸੁਣਾਈ। ਜਦਕਿ ਬਾਬਾ ਉਦੈ ਸਿੰਘ ਦੀ ਪਤਨੀ ਮਨਜੀਤ ਕੌਰ ਤੇ ਧੀ ਮਨਪ੍ਰੀਤ ਕੌਰ ਵਾਸੀ ਪਟਿਆਲਾ, ਹਰਨੇਕ ਸਿੰਘ ਵਾਸੀ ਝੱਲੀਆਂ ਕਲਾਂ, ਜ਼ਿਲ੍ਹਾ ਚਮਕੌਰ ਸਾਹਿਬ, ਰਾਮ ਸਿੰਘ ਵਾਸੀ ਨਾਗਰਾ ਜ਼ਿਲ੍ਹਾ ਸੰਗਰੂਰ, ਧਰਮ ਸਿੰਘ ਵਾਸੀ ਕੋਟਦੁੱਨਾ, ਸਮਾਣਾ ਜ਼ਿਲ੍ਹਾ ਪਟਿਆਲਾ ਆਦਿ ਨੂੰ ਬਰੀ ਕਰ ਦਿੱਤਾ ਗਿਆ ਜਦਕਿ ਸੁਰਜੀਤ ਸਿੰਘ ਘੋੜਿਆਵਾਲਾ ਅਤੇ ਮੇਜਰ ਸਿੰਘ ਦੀ ਜੇਲ੍ਹ ਦੌਰਾਨ ਹੀ ਮੌਤ ਹੋ ਗਈ ਸੀ।

### ਨੌਂ ਸਾਲ ਪਹਿਲਾਂ ਇਹ ਸੀ ਮਾਮਲਾ...

ਪਟਿਆਲਾ ਦੇ ਬਗੀਚੀ ਬਾਬਾ ਬੰਬਾ ਸਿੰਘ ਵਿਖੇ 21 ਸਤੰਬਰ 2007 ਨੂੰ ਵਾਪਰੀ ਘਟਨਾ ਦੌਰਾਨ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਦੇ ਪਿਤਾ ਆਸਾ ਸਿੰਘ, ਦੋ ਭਰਾਵਾਂ ਜਗਦੀਸ਼ ਸਿੰਘ ਅਤੇ ਭਜਨ ਸਿੰਘ ਸਮੇਤ ਇਕ ਭਤੀਜੇ ਕਰਮਜੀਤ ਸਿੰਘ ਦੀ ਗੋਲੀਆਂ ਲੱਗਣ ਕਾਰਨ ਮੌਤ ਹੋ ਗਈ ਸੀ, ਜਦਕਿ ਉਨ੍ਹਾਂ ਦਾ ਚਾਚਾ ਦਰਸ਼ਨ ਸਿੰਘ ਜ਼ਖ਼ਮੀ ਹੋ ਗਿਆ ਸੀ ਜਿਸ ਦੇ ਬਿਆਨਾ ਦੇ ਆਧਾਰ 'ਤੇ ਥਾਣਾ ਸਿਵਲ ਲਾਈਨ ਪੁਲਿਸ ਵੱਲੋਂ ਢਾਈ ਦਰਜਨ ਦੇ ਕਰੀਬ ਨਿਹੰਗ ਸਿੰਘਾ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਸੀ ਜਿਸ ਤੋਂ ਬਾਅਦ ਲੰਬੇ ਸਮੇਂ ਦੀ ਅਦਾਲਤੀ ਕਾਰਵਾਈ ਤੋਂ ਬਾਅਦ ਅਤੇ ਦੋਵੇਂ ਧਿਰਾਂ ਵੱਲੋਂ ਇਕ ਮਹੀਨੇ ਦੀ ਲੰਬੀ ਬਹਿਸ ਤੋਂ ਬਾਅਦ ਉਕਤ ਫੈਸਲਾ ਸੁਣਾਇਆ ਗਿਆ।

# ਪੱਗ ਦੀ ਸ਼ਾਨ ਲਈ ਲੜਨ ਵਾਲੇ ਜੌਹਲ ਨਹੀਂ ਰਹੇ




**ਟੋਰਾਂਟੋ:** ਸਿੱਖ ਕੈਨੇਡੀਅਨ ਭਾਈਚਾਰੇ ਦੀ ਸਨਮਾਨਯੋਗ ਹਸਤੀ ਤੇ ਦੂਜੀ ਸੰਸਾਰ ਜੰਗ ਵਿਚ ਹਿੱਸਾ ਲੈ ਚੁੱਕੇ 95 ਸਾਲਾ ਪ੍ਰੀਤਮ ਸਿੰਘ ਜੌਹਲ ਦਾ ਦੇਹਾਂਤ ਹੋ ਗਿਆ। ਉਨ੍ਹਾਂ ਨੇ ਰਾਇਲ ਕੈਨੇਡੀਅਾਈ ਫੌਜ ਵਿਚ ਸਿੱਖਾਂ ਨੂੰ ਪੱਗ ਬੰਨ੍ਹਣ ਦਾ ਹੱਕ ਦਿਵਾਉਣ ਲਈ ਲੜਾਈ ਲੜੀ ਸੀ ਤੇ ਉਸ ਵਿਚ ਜਿੱਤ ਹਾਸਲ ਕੀਤੀ ਸੀ। ਸ੍ਰੀ ਜੌਹਲ ਨੇ 38 ਸਾਲ ਤੱਕ ਭਾਰਤੀ ਫੌਜ ਅਤੇ ਸੀ.ਆਰ.ਪੀ.ਐਫ. ਵਿਚ ਸੇਵਾਵਾਂ ਦਿੱਤੀਆਂ ਸਨ ਅਤੇ ਲੈਫਟੀਨੈਂਟ ਕਰਨਲ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਸਨ।

ਉਸ ਤੋਂ ਬਾਅਦ ਉਹ ਆਪਣੇ ਬੱਚਿਆਂ ਨਾਲ 1980 ਵਿਚ ਕੈਨੇਡਾ ਆ ਗਏ। ਉਹ 1990 ਵਿਚ ਉਦੋਂ ਖ਼ਬਰਾਂ ਵਿਚ ਆਏ ਜਦੋਂ ਉਨ੍ਹਾਂ ਨੂੰ ਯਾਦਗਾਰ ਦਿਵਸ ਮੌਕੇ ਨਿਊਟਨ ਲੀਜਨ ਵਿਚ ਦਾਖਲੇ ਤੋਂ ਰੋਕਿਆ ਗਿਆ। ਉਸ ਸਮੇਂ ਦਸਤਾਰਧਾਰੀ ਸਿੱਖਾਂ ਨੂੰ ਕੈਂਪਸ ਵਿਚ ਦਾਖਲੇ ਦੀ ਇਜਾਜ਼ਤ ਨਹੀਂ ਸੀ। ਫੌਜ ਦੇ ਅਧਿਕਾਰੀਆਂ ਨੇ ਜ਼ੋਰ ਦਿੰਦਿਆਂ ਕਿਹਾ ਸੀ ਕਿ ਸ੍ਰੀ ਜੌਹਲ ਤੇ ਦੂਜੀ ਸੰਸਾਰ ਜੰਗ ਵਿਚ ਬਰਤਾਨਵੀ ਰਾਜ ਵਿਚ ਸੇਵਾਵਾਂ ਦੇ ਚੁੱਕੇ ਹੋਰ ਸਿੱਖ ਸਿਰਫ ਪੱਗ ਲਾਹ ਕੇ ਹੀ ਆ ਸਕਦੇ ਹਨ, ਜਦ ਕਿ ਬਰਤਾਨਵੀ ਮਹਿਲਾ ਫੌਜੀਆਂ ਨੂੰ ਟੋਪੀ ਪਾ ਕੇ ਜਾਣ ਦੀ ਇਜਾਜ਼ਤ ਸੀ। ਇਸ ਤੋਂ ਬਾਅਦ ਸ੍ਰੀ ਜੌਹਲ ਨੇ ਲੰਬੀ ਲੜਾਈ ਲੜ ਕੇ ਸਿੱਖਾਂ ਨੂੰ ਸਨਮਾਨ ਦਿਵਾਇਆ। ਉਹ ਪੰਜਾਬ ਦੇ ਜਲੰਧਰ ਜ਼ਿਲ੍ਹੇ ਵਿਚ ਕਿਸਾਨ ਪਰਿਵਾਰ ਨਾਲ ਸਬੰਧਤ ਸਨ ਤੇ ਚਾਰ ਭੈਣ ਭਰਾਵਾਂ ਵਿਚ ਸਭ ਤੋਂ ਵੱਡੇ ਸਨ। ਉਨ੍ਹਾਂ ਦੇ ਪਰਿਵਾਰ ਵਿਚ ਪੁੱਤ ਤੇ ਧੀ ਹਨ। ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੇ ਸ੍ਰੀ ਜੌਹਲ ਦੀ ਮੌਤ ਉਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਸਰਕਾਰੀ ਰਿਕਾਰਡ ਵਿਚ ਛੋਟਾ ਮੋਟਾ ਸਮਗਲਰ ਸੀ ਸਰਬਜੀਤ

**ਬਠਿੰਡਾ:** ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਦੇ ਰਿਕਾਰਡ ਮੁਤਾਬਕ ਪਾਕਿਸਤਾਨ ਦੀ ਜੇਲ੍ਹ ਵਿਚ ਕੈਦੀਆਂ ਹੱਥੋਂ ਮਾਰਿਆ ਗਿਆ ਸਰਬਜੀਤ, ਜਿਸ ਨੂੰ ਰਾਅ ਦਾ ਏਜੰਟ ਹੋਣ ਉਤੇ ਪਾਕਿਸਤਾਨ ਵਿਚ ਹਿੰਸਕ ਵਾਰਦਾਤਾਂ ਕਰਨ ਦੇ ਦੋਸ਼ ਹੇਠ ਮੌਤ ਦੀ ਸਜ਼ਾ ਹੋਈ ਸੀ, ਇਕ ਛੋਟਾ ਸਮੱਗਲਰ ਸੀ।




ਸੂਚਨਾ ਅਧਿਕਾਰ ਐਕਟ ਤਹਿਤ ਵਿਦੇਸ਼ ਮੰਤਰਾਲੇ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਸਰਬਜੀਤ ਸਿੰਘ ਤਸਕਰੀ ਲਈ 29 ਅਤੇ 30 ਅਗਸਤ 1990 ਨੂੰ ਭਾਰਤ ਤੋਂ ਪਾਕਿਸਤਾਨ ਵਿਚ ਦਾਖ਼ਲ ਹੁੰਦਾ ਹੋਇਆ ਪਾਕਿਸਤਾਨੀ ਰੇਂਜਰਾਂ ਦੇ ਕਾਬੂ ਆ ਗਿਆ ਸੀ। ਉਸ ਦਾ ਕਿਸੇ ਭਾਰਤੀ ਸੁਰੱਖਿਆ ਏਜੰਸੀ ਨਾਲ ਕੋਈ ਸਬੰਧ ਨਹੀਂ ਸੀ। ਬਠਿੰਡਾ ਦੇ ਵਸਨੀਕ ਹਰਮਿਲਾਪ ਸਿੰਘ ਗਰੇਵਾਲ ਨੇ ਸੂਚਨਾ ਅਧਿਕਾਰ ਕਾਨੂੰਨ ਅਧੀਨ ਸਰਬਜੀਤ ਸਿੰਘ ਬਾਰੇ ਵਿਦੇਸ਼ ਮੰਤਰਾਲੇ ਤੋਂ ਸੂਚਨਾ ਮੰਗੀ ਸੀ ਕਿ ਪਾਕਿਸਤਾਨ ਦੀ ਲਾਹੌਰ ਜੇਲ੍ਹ ਵਿਚ ਮਾਰੇ ਗਏ ਭਾਰਤੀ ਨਾਗਰਿਕ ਸਬੰਧੀ ਉਨ੍ਹਾਂ ਕੋਲ ਕੀ ਜਾਣਕਾਰੀ ਹੈ, ਇਸ ਸਵਾਲ ਦੇ ਜਵਾਬ ਵਿਚ ਮੰਤਰਾਲੇ ਨੇ ਦੱਸਿਆ ਕਿ ਸਰਬਜੀਤ ਇਕ ਛੋਟਾ ਸਮੱਗਲਰ ਸੀ।

ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਵਿਚ ਸਰਬਸੰਮਤੀ ਨਾਲ ਮਤਾ ਪਾਸ ਕਰ ਕੇ ਸਰਬਜੀਤ ਨੂੰ ਸ਼ਹੀਦ ਮੰਨ ਕੇ ਸ਼ਰਧਾਂਜਲੀ ਭੇਟ ਕੀਤੀ ਗਈ ਸੀ। ਉਸ ਦੇ ਪਰਿਵਾਰ ਨੂੰ ਪੰਜਾਬ ਸਰਕਾਰ ਵੱਲੋਂ 1 ਕਰੋੜ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਸੀ। ਉਸ ਦੀ ਲੜਕੀ ਨੂੰ ਨਾਇਬ ਤਹਿਸੀਲਦਾਰ ਭਰਤੀ ਕੀਤਾ ਸੀ ਅਤੇ ਕਾਂਗਰਸ ਪਾਰਟੀ ਦੇ ਆਗੂ ਰਾਹੁਲ ਗਾਂਧੀ ਉਸ ਦੇ ਅੰਤਿਮ ਸੰਸਕਾਰ ਮੌਕੇ ਉਸ ਦੇ ਪਿੰਡ ਪਹੁੰਚੇ ਸਨ। ਹੁਣ ਵਿਦੇਸ਼ ਮੰਤਰਾਲੇ ਵੱਲੋਂ ਉਸ ਨੂੰ ਤਸਕਰ ਮੰਨ ਲੈਣ ਨਾਲ ਕਈ ਨਵੇਂ ਵਿਵਾਦ ਪੈਦਾ ਹੋਣ ਦੀ ਸੰਭਾਵਨਾ ਹੈ। ਹਾਲ ਹੀ ਵਿਚ ਸਰਬਜੀਤ ਸਿੰਘ ਉਤੇ ਆਧਾਰਿਤ ਇਕ ਫਿਲਮ ਵੀ ਬਣੀ ਸੀ।

# ਵਿਤ ਮੰਤਰੀ ਅਰੁਣ ਜੇਤਲੀ ਨੂੰ ਲੱਗਾ ਵਿਤੀ 'ਝਟਕਾ'

**ਨਵੀਂ ਦਿੱਲੀ:** ਵਿੱਤ ਮੰਤਰੀ ਅਰੁਣ ਜੇਤਲੀ ਦੀ ਜਾਇਦਾਦ ਵਿੱਤੀ ਸਾਲ 2015-16 ਵਿਚ 2.83 ਕਰੋੜ ਰੁਪਏ ਘਟ ਗਈ ਹੈ। ਬੈਂਕ ਖਾਤੇ ਵਿਚ ਨਕਦੀ ਘਟਣ ਕਾਰਨ ਉਨ੍ਹਾਂ ਦੀ ਜਾਇਦਾਦ 68.41 ਕਰੋੜ ਰੁਪਏ ਰਹਿ ਗਈ ਹੈ। ਪ੍ਰਧਾਨ ਮੰਤਰੀ ਦਫਤਰ ਦੀ ਵੈੱਬਸਾਈਟ 'ਤੇ ਪਾਏ ਗਏ ਜਾਇਦਾਦ ਦੇ ਵੇਰਵਿਆਂ ਮੁਤਾਬਕ ਜੇਤਲੀ ਨੇ ਕਿਹਾ ਕਿ ਪਿਛਲੇ ਵਿੱਤੀ ਸਾਲ ਦੌਰਾਨ ਰਿਹਾਇਸ਼ੀ ਇਮਾਰਤਾਂ ਅਤੇ ਜ਼ਮੀਨ ਸਮੇਤ ਉਨ੍ਹਾਂ ਦੀ ਅਚੱਲ ਜਾਇਦਾਦ ਦਾ ਮੁੱਲ 34.49 ਕਰੋੜ ਰੁਪਏ ਪਿਛਲੇ ਸਾਲ ਦੇ ਬਰਾਬਰ ਹੀ ਰਿਹਾ। ਵੇਰਵੇ ਮੁਤਾਬਕ ਉਨ੍ਹਾਂ ਦੇ ਚਾਰ ਬੈਂਕ ਖਾਤਿਆਂ ਵਿਚ ਬਕਾਇਆ ਰਾਸ਼ੀ 3.52 ਕਰੋੜ ਤੋਂ ਘਟ ਕੇ ਇਕ ਕਰੋੜ ਰੁਪਏ ਰਹਿ ਗਈ ਹੈ।



ਇਸ ਤੋਂ ਇਲਾਵਾ ਡੀ.ਸੀ.ਐਮ., ਸ੍ਰੀਰਾਮ ਕੰਸਾਲੀਡੇਟਿਡ ਲਿਮਟਿਡ ਅਤੇ ਐਪਰੋ ਆਇਲ ਲਿਮਟਿਡ ਸਮੇਤ ਹੋਰ ਕੰਪਨੀਆਂ ਵਿਚ ਜਮ੍ਹਾਂ ਰਕਮ 17 ਕਰੋੜ ਰੁਪਏ ਹੀ ਰਹੀ। ਸ੍ਰੀ ਜੇਤਲੀ ਕੋਲ ਉਪਲਬਧ ਨਕਦੀ ਜੋ ਮਾਰਚ 2015 ਵਿਚ 95.35 ਲੱਖ ਰੁਪਏ ਸੀ, ਉਹ ਘਟ ਕੇ 65.29 ਲੱਖ ਰੁਪਏ ਰਹਿ ਗਈ ਹੈ। ਪੀ.ਪੀ.ਐਫ. ਅਤੇ ਹੋਰ ਨਿਵੇਸ਼ਾਂ ਨੂੰ ਮਿਲਾ ਕੇ ਇਹ ਰਾਸ਼ੀ 11 ਕਰੋੜ ਰੁਪਏ ਰਹਿ ਗਈ ਜੋ ਇਕ ਸਾਲ ਪਹਿਲਾਂ 11 ਕਰੋੜ 24 ਲੱਖ ਸੀ। ਉਨ੍ਹਾਂ ਕੋਲ ਜੋ ਸੋਨਾ, ਚਾਂਦੀ ਅਤੇ ਹੀਰੇ ਹਨ ਉਨ੍ਹਾਂ ਦਾ ਮੁੱਲ ਮਾਰਚ 2016 ਵਿਚ ਵਧ ਕੇ 1.86 ਕਰੋੜ ਰੁਪਏ ਹੋ ਗਿਆ ਜੋ ਪਿਛਲੇ ਸਾਲ 1.76 ਕਰੋੜ ਸੀ।

# ਤੇਜਾ ਸਿੰਘ ਸਮੁੰਦਰੀ ਹਾਲ ਦੀ 32 ਸਾਲ ਪਿਛੋਂ ਮੁਰੰਮਤ



**ਅੰਮ੍ਰਿਤਸਰ (ਬਿਊਰੋ):** ਸਿੱਖਾਂ ਦੀ ਪਾਰਲੀਮੈਂਟ ਦੇ ਨਾਮ ਨਾਲ ਜਾਣੀ ਜਾਂਦੀ ਇਤਿਹਾਸਕ ਇਮਾਰਤ ਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਤੇਜਾ ਸਿੰਘ ਸਮੁੰਦਰੀ ਹਾਲ ਦੀ ਮੁਰੰਮਤ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਦੀ ਕਾਰ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੂੰ ਦਿੱਤੀ ਗਈ ਹੈ। ਇਸ ਦੀ ਰਸਮੀ ਸ਼ੁਰੂਆਤ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਵੱਲੋਂ ਕੀਤੀ ਗਈ।

1984 ਤੋਂ ਬਾਅਦ ਇਸ ਇਮਾਰਤ ਦੇ ਬਾਹਰੀ ਹਿੱਸੇ ਦੀ ਪਹਿਲੀ ਵਾਰ ਮੁਰੰਮਤ ਕੀਤੀ ਜਾ ਰਹੀ ਹੈ।1984 ਵਿਚ ਭਾਰਤੀ ਫੌਜ ਵੱਲੋਂ ਕੀਤੇ ਗਏ ਹਮਲੇ ਦੌਰਾਨ ਦਰਬਾਰ ਸਾਹਿਬ ਤੇ ਆਸਪਾਸ ਦੀਆਂ ਇਮਾਰਤਾਂ ਨੂੰ ਵੀ ਨੁਕਸਾਨ ਪਹੁੰਚਿਆ ਸੀ। ਇਨ੍ਹਾਂ ਇਮਾਰਤਾਂ ਵਿਚੋਂ ਇਕ ਇਮਾਰਤ ਅਜਿਹੀ ਸੀ ਜਿਸ ਦੇ ਬਾਹਰੀ ਹਿੱਸੇ ਨਾਲ ਅੱਜ ਤੱਕ ਕੋਈ ਛੇੜ-ਛਾੜ ਨਹੀਂ ਸੀ ਕੀਤੀ ਗਈ ਕਿਉਂਕਿ ਦਿੱਲੀ ਹਾਈ ਕੋਰਟ ਵਿਚ ਚੱਲ ਰਹੇ ਕੇਸ ਵਿਚ ਸ਼੍ਰੋਮਣੀ ਕਮੇਟੀ ਨੇ ਇਸ ਇਮਾਰਤ ਦੇ ਨਾਲ-ਨਾਲ ਹੋਰ ਇਮਾਰਤਾਂ ਦੇ ਨੁਕਸਾਨ ਲਈ ਇਕ ਹਜ਼ਾਰ ਕਰੋੜ ਦੇ ਹਰਜਾਨੇ ਦੀ ਮੰਗ ਕੀਤੀ ਸੀ।

ਜੂਨ 1984 ਹਮਲੇ ਦੇ ਕਰੀਬ 32 ਸਾਲ ਬੀਤ ਜਾਣ ਤੋਂ ਬਾਅਦ ਵੀ ਮੁਆਵਜ਼ਾ ਨਾ ਮਿਲਣ ਕਰ ਕੇ ਹੁਣ ਸ਼੍ਰੋਮਣੀ ਕਮੇਟੀ ਨੇ ਇਸ ਇਮਾਰਤ ਦੀ ਮੁਰੰਮਤ ਕਾਰਨ ਦਾ ਫੈਸਲਾ ਕੀਤਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਦੱਸਿਆ ਕਿ ਇਸ ਇਮਾਰਤ ਦਾ ਇਕ ਬਹੁਤ ਵੱਡਾ ਇਤਿਹਾਸ ਹੈ।

ਅਦਾਲਤ ਵਿਚ ਚਲ ਰਹੇ ਕੇਸ ਕਰ ਕੇ ਇਸ ਦੇ ਬਾਹਰੀ ਹਿੱਸੇ ਨੂੰ ਛੇੜਿਆ ਨਹੀਂ ਜਾ ਰਿਹਾ ਸੀ, ਪਰ ਇਮਾਰਤ ਦੀ ਦਿਨੋ-ਦਿਨ ਹੋ ਰਹੀ ਖਸਤਾ ਹਾਲਤ ਨੂੰ ਦੇਖਦਿਆਂ ਇਹ ਫੈਸਲਾ ਕੀਤੀ ਗਿਆ ਹੈ ਕਿ ਬਾਹਰੀ ਹਿੱਸੇ ਨੂੰ ਰੰਗ ਰੋਗਨ ਕਾਰਨ ਦੇ ਨਾਲ-ਨਾਲ ਇਸ ਦੇ ਖਰਾਬ ਹੋ ਰਹੇ ਹਿੱਸੇ ਦੀ ਮੁਰੰਮਤ ਕੀਤੀ ਜਾਵੇ। ਇਮਾਰਤ ਦੇ ਬਾਹਰ ਮੌਜੂਦ ਗੋਲੀਆਂ ਦੇ ਨਿਸ਼ਾਨ ਸੰਭਾਲ ਕੇ ਰੱਖੇ ਜਾਣਗੇ। ਇਨ੍ਹਾਂ ਨਾਲ ਕੋਈ ਵੀ ਛੇੜ-ਛਾੜ ਨਹੀਂ ਹੋਵੇਗੀ। ਜਲਦ ਹੀ ਇਸ ਇਮਾਰਤ ਦੀ ਮੁਰੰਮਤ ਤੇ ਰੰਗ ਰੋਗਨ ਕਰ ਕੇ ਇਸ ਦੀ ਇਤਿਹਾਸਕ ਦਿੱਖ ਨੂੰ ਮੁੜ ਪ੍ਰਦਰਸ਼ਤ ਕੀਤਾ ਜਾਵੇਗਾ।

# ਸਿੱਖ ਉਤੇ ਨਸਲੀ ਹਮਲਾ ਕਰਨ ਵਾਲੇ ਗੋਰੇ ਨੂੰ ਜੇਲ੍ਹ

**ਟੋਰਾਂਟੋ:** ਕੈਨੇਡਾ ਦੇ ਸੂਬੇ ਕਿਊਬਿਕ ਵਿਚ ਇਸ ਸਾਲ ਮਾਰਚ ਮਹੀਨੇ ਵਿਚ ਇਕ ਸਿੱਖ ਉਤੇ ਨਸਲੀ ਹਮਲਾ ਕਰਨ ਵਾਲੇ ਨੌਜਵਾਨ ਨੂੰ ਅਦਾਲਤ ਨੇ 10 ਮਹੀਨਿਆਂ ਦੀ ਸਜ਼ਾ ਸੁਣਾਈ ਹੈ।

ਸਿੱਖ ਨੌਜਵਾਨ ਸੁਪਿੰਦਰ ਸਿੰਘ ਖਹਿਰਾ ਉਤੇ ਨੌਜਵਾਨਾਂ ਦੀ ਤਿੰਨ ਮੈਂਬਰੀ ਟੋਲੀ ਨੇ ਉਸ ਸਮੇਂ ਹਮਲਾ ਕੀਤਾ ਸੀ ਜਦੋਂ ਉਹ ਕੰਮ ਤੋਂ ਵਾਪਸ ਘਰ ਜਾ ਰਿਹਾ ਸੀ।ਹਮਲੇ ਦੀ ਪੂਰੀ ਘਟਨਾ ਸੀ.ਸੀ.ਟੀ.ਵੀ. ਕੈਮਰੇ ਵਿਚ ਕੈਦ ਵੀ ਹੋ ਗਈ ਸੀ। ਬਾਅਦ ਵਿਚ ਪੁਲਿਸ ਨੇ ਇਸ ਸਬੰਧੀ ਕਾਰਵਾਈ ਕਰਦੇ ਹੋਏ 22 ਸਾਲ ਦੇ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਸੀ।

ਅਦਾਲਤ ਨੇ ਇਸ ਉਤੇ ਕਾਰਵਾਈ ਕਰਦਿਆਂ ਉਸ ਨੂੰ 10 ਮਹੀਨੇ ਲਈ ਜੇਲ੍ਹ ਵਿਚ ਭੇਜ ਦਿੱਤਾ। ਹਮਲੇ ਦੌਰਾਨ ਸੁਪਿੰਦਰ ਸਿੰਘ ਦੀ ਦਸਤਾਰ ਉਤਰ ਗਈ ਸੀ ਤੇ ਉਸ ਦੇ ਨੱਕ ਉਤੇ ਜ਼ਖ਼ਮ ਵੀ ਹੋ ਗਿਆ ਸੀ। ਇਸ ਘਟਨਾ ਦੀ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਨਿਖੇਧੀ ਕੀਤੀ ਸੀ ਤੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਨ ਦੇ ਹੁਕਮ ਦਿੱਤੇ ਸਨ।

### ਬੰਗਲਾਦੇਸ਼ ਵਿਚ ਹਿੰਦੂ ਪੁਜਾਰੀਆਂ 'ਤੇ ਹਮਲੇ ਵਧੇ

**ਢਾਕਾ:** ਬੰਗਲਾਦੇਸ਼ ਵਿਚ ਇਸ ਵੇਲੇ ਮਾਹੌਲ ਕਾਫੀ ਨਾਜ਼ੁਕ ਬਣਿਆ ਹੋਇਆ ਹੈ। ਇਕ ਪਾਸੇ ਜਿਥੇ ਢਾਕਾ ਵਿਚ ਅਤਿਵਾਦੀ ਹਮਲਾ ਹੋਇਆ ਹੈ, ਉਥੇ ਲਗਾਤਾਰ ਹਿੰਦੂ ਪੁਜਾਰੀਆਂ ਉਤੇ ਹਮਲੇ ਹੋ ਰਹੇ ਹਨ। ਮੰਦਰ ਦੇ 48 ਸਾਲਾ ਹਿੰਦੂ ਪੁਜਾਰੀ ਭਾਬਾਸਿੰਧੂ ਰਾਏ ਉਤੇ ਹਮਲਾ ਕੀਤਾ ਗਿਆ। ਹਮਲੇ ਵਿਚ ਪੁਜਾਰੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਦੋ ਦਿਨਾਂ ਵਿਚ ਹਿੰਦੂ ਪੁਜਾਰੀਆਂ ਉਤੇ ਇਹ ਦੂਜਾ ਹਮਲਾ ਹੈ। ਇਸ ਤੋਂ ਪਹਿਲਾਂ ਮੰਦਰ ਵਿਚ ਵੜ ਕੇ ਹਿੰਦੂ ਪੁਜਾਰੀ ਸ਼ਾਮਮੋਨ ਦਾਸ ਦੀ ਹੱਤਿਆ ਕਰ ਦਿੱਤੀ ਗਈ ਸੀ। ਪੁਲਿਸ ਦਾ ਕਹਿਣਾ ਹੈ ਕਿ ਇਹ ਹਮਲਾ ਉਸ ਵੇਲੇ ਹੋਇਆ ਜਦੋਂ ਪੁਜਾਰੀ ਮੰਦਰ ਵਿਚ ਬਣੇ ਆਪਣੇ ਘਰ ਵਿਚ ਸੌਂ ਰਿਹਾ ਸੀ। ਪੁਲਿਸ ਮੁਤਾਬਕ ਬਦਮਾਸ਼ਾਂ ਨੇ ਪੁਜਾਰੀ ਦੀ ਪਿੱਠ ਉਤੇ ਛਾਤੀ ਉਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕੀਤਾ।

# ਸਿੱਖਿਆ ਬਾਰੇ ਦਾਅਵਿਆਂ 'ਤੇ ਸਵਾਲ

**ਨਵੀਂ ਦਿੱਲੀ:** ਭਾਰਤ ਵਿਚ 3 ਤੋਂ 6 ਸਾਲ ਦੇ ਤਕਰੀਬਨ 20 ਮਿਲੀਅਨ (ਦੋ ਕਰੋੜ) ਤੋਂ ਵੱਧ ਬੱਚੇ ਪ੍ਰੀ-ਸਕੂਲ ਨਹੀਂ ਜਾਂਦੇ। ਜਦਕਿ ਇਸ ਉਮਰ ਦੀ ਕੁੱਲ ਗਿਣਤੀ 74 (7 ਕਰੋੜ 40 ਲੱਖ) ਮਿਲੀਅਨ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਬੱਚੇ ਸੁਸਾਇਟੀ ਵਿਚ ਹਾਸ਼ੀਏ ਉਤੇ ਮੰਨੇ ਜਾਂਦੇ ਵਰਗ ਨਾਲ ਸਬੰਧਤ ਹਨ।

ਸਭ ਤੋਂ ਵੱਧ ਮੁਸਲਿਮ ਪਰਿਵਾਰਾਂ ਦੇ 34 ਫੀਸਦੀ, ਹਿੰਦੂ ਪਰਿਵਾਰਾਂ ਦੇ 25.9 ਫੀਸਦੀ ਤੇ 25.6 ਫੀਸਦੀ ਕ੍ਰਿਸਚਨ ਬੱਚੇ ਸ਼ਾਮਲ ਹਨ। ਇਹ ਦਾਅਵਾ ਯੂਨੀਸੇਫ ਦੀ ਇਕ ਰਿਪੋਰਟ ਵਿਚ ਕੀਤਾ ਗਿਆ ਹੈ। ਇਹ ਖੁਲਾਸਾ ਮੋਦੀ ਸਰਕਾਰ ਦੇ ਵੱਡੇ-ਵੱਡੇ ਦਾਅਵਿਆਂ ਉਤੇ ਸਵਾਲ ਖੜ੍ਹੇ ਕਰਦਾ ਹੈ। ਸਟੇਟ ਆਫ ਦਾ ਵਰਲਡ ਚਿਲਡਰਨ ਰਿਪੋਰਟ-2016 ਵਿਚ ਇਹ ਜਾਣਕਾਰੀ ਦਿੱਤੀ ਗਈ ਹੈ। ਰਿਪੋਰਟ ਮੁਤਾਬਕ ਪ੍ਰੀ-ਸਕੂਲ ਐਜੂਕੇਸ਼ਨ ਨਾ ਮਿਲਣ ਦੇ ਚੱਲਦੇ ਬੱਚਿਆਂ ਦੀ ਸਿੱਖਣ ਦੀ ਸਮਰੱਥਾ ਉਤੇ ਅਸਰ ਪੈਂਦਾ ਹੈ।

ਪ੍ਰੀ-ਸਕੂਲ ਭੇਜੇ ਬਿਨਾਂ ਜਦ ਬੱਚਿਆਂ ਨੂੰ ਸਿੱਧੇ ਪ੍ਰਾਇਮਰੀ ਸਕੂਲ ਵਿਚ ਦਾਖਲਾ ਦਿੱਤਾ ਜਾਂਦਾ ਹੈ ਤਾਂ ਉਨ੍ਹਾਂ ਦੇ ਸਕੂਲ ਛੇਤੀ ਹੀ ਛੱਡ ਦੇਣ ਦੀ ਸੰਭਾਵਨਾ ਹੁੰਦੀ ਹੈ। ਇਸ ਨਾਲ ਉਨ੍ਹਾਂ ਦੀ ਸਮਰੱਥਾ ਪੂਰੀ ਤਰ੍ਹਾਂ ਸਾਹਮਣੇ ਨਹੀਂ ਆਉਂਦੀ। ਸਰਕਾਰ ਨੇ 2014 ਵਿਚ ਸਕੂਲ ਨਾ ਜਾਣ ਵਾਲੇ ਬੱਚਿਆਂ ਨੂੰ ਲੈ ਕੇ ਇਕ ਸਰਵੇ ਕਰਵਾਇਆ ਸੀ। ਇਸ ਮੁਤਾਬਕ 60 ਫੀਸਦੀ ਤੋਂ ਵੱਧ ਬੱਚੇ ਗ੍ਰੇਡ 3 ਕੰਪਲੀਟ ਕਰਨ ਤੋਂ ਪਹਿਲਾਂ ਹੀ ਸਕੂਲ ਛੱਡ ਦਿੰਦੇ ਹਨ।

# ਲਾਲ ਬੱਤੀ ਦਾ ਮੋਹ ਤਿਆਗਣ ਲਈ ਤਿਆਰ ਨਹੀਂ ਸਿਆਸੀ ਆਗੂ

**ਚੰਡੀਗੜ੍ਹ:** ਪੰਜਾਬ ਦੀ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਅਤੇ ਮਨਪ੍ਰੀਤ ਸਿੰਘ ਬਾਦਲ ਦਰਮਿਆਨ ਮੀਡੀਆ ਸਾਹਮਣੇ ਲਾਲ ਬੱਤੀ ਨੂੰ ਲੈ ਕੇ ਹੋਈ ਤਕਰਾਰ ਨੇ ਸਾਬਤ ਕਰ ਦਿੱਤਾ ਹੈ ਕਿ ਸਿਆਸਤਦਾਨਾਂ ਨੂੰ ਲਾਲ ਬੱਤੀ ਦਾ ਝੱਸ ਪੈ ਗਿਆ ਹੈ। ਦੋਵਾਂ ਆਗੂਆਂ ਨੇ ਲਾਲ ਬੱਤੀ ਸੱਭਿਆਚਾਰ ਦੀ ਜ਼ਰੂਰਤ ਬਾਰੇ ਵੱਖੋ ਵੱਖ ਸਟੈਂਡ ਲਿਆ ਅਤੇ ਆਪਸੀ ਸਹਿਮਤੀ ਦਰਸਾਉਣ ਤੋਂ ਗੁਰੇਜ਼ ਕੀਤਾ।



ਮੀਡੀਆ ਰਿਪੋਰਟਾਂ ਅਨੁਸਾਰ ਪੰਜਾਬ ਕਾਂਗਰਸ ਦੀ ਮੈਨੀਫੈਸਟੋ ਕਮੇਟੀ ਦੇ ਕਨਵੀਨਰ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਪਾਰਟੀ ਆਪਣੇ ਚੋਣ ਮਨੋਰਥ ਪੱਤਰ ਵਿਚ 'ਲਾਲ ਬੱਤੀ ਕਲਚਰ' 100 ਫੀਸਦੀ ਖਤਮ ਕਰਨ ਦਾ ਵਾਅਦਾ ਕਰੇਗੀ ਜਦੋਂਕਿ ਇਸੇ ਕਮੇਟੀ ਦੀ ਮੁਖੀ ਬੀਬੀ ਭੱਠਲ ਦਾ ਕਹਿਣਾ ਸੀ ਕਿ ਕਮੇਟੀ ਅਜਿਹਾ ਕੋਈ ਵਾਅਦਾ ਨਹੀਂ ਕਰ ਸਕਦੀ। ਉਹ ਤਾਂ ਆਪਣੀ ਸਿਫਾਰਸ਼ ਪਾਰਟੀ ਹਾਈ ਕਮਾਂਡ ਨੂੰ ਭੇਜ ਸਕਦੀ ਹੈ। ਮਤਭੇਦਾਂ ਦੇ ਅਜਿਹੇ ਪ੍ਰਗਟਾਵੇ ਤੋਂ ਜ਼ਾਹਿਰ ਹੈ ਕਿ ਲਾਲ ਬੱਤੀ ਕਲਚਰ ਸਿਆਸੀ ਜਮਾਤ ਜਾਂ ਸਮਾਜ ਦੇ ਰਸੂਖਵਾਨ ਤਬਕੇ ਅੰਦਰ ਕਿਸ ਹੱਦ ਤਕ ਘਰ ਕਰ ਚੁੱਕੀ ਹੈ।

ਦਸੰਬਰ 2013 ਵਿਚ ਸੁਪਰੀਮ ਕੋਰਟ ਨੇ ਇਕ ਲੋਕ ਹਿੱਤ ਪਟੀਸ਼ਨ 'ਤੇ ਸੁਣਵਾਈ ਤੋਂ ਬਾਅਦ ਹੁਕਮ ਦਿੱਤਾ ਕਿ ਸਿਰਫ ਸੰਵਿਧਾਨਕ ਅਹੁਦਿਆਂ ਵਾਲੇ ਵਿਅਕਤੀਆਂ ਦੀਆਂ ਗੱਡੀਆਂ ਉੱਪਰ ਹੀ ਲਾਲ ਬੱਤੀ ਲੱਗ ਸਕੇਗੀ। ਜਨਵਰੀ 2015 ਵਿਚ ਸੁਪਰੀਮ ਕੋਰਟ ਨੇ ਕਈ ਸਰਕਾਰੀ ਏਜੰਸੀਆਂ ਦੀਆਂ ਅਪੀਲਾਂ ਦੇ ਮੱਦੇਨਜ਼ਰ ਕੌਮੀ ਰਾਜਧਾਨੀ ਦਿੱਲੀ ਵਿਚ ਪੁਲਿਸ, ਹਥਿਆਰਬੰਦ ਫ਼ੌਜਾਂ ਦੇ ਆਲਾ ਅਫਸਰਾਂ, ਹੰਗਾਮੀ ਹਾਲਾਤ ਨਾਲ ਸਿੱਝਣ ਵਾਲੇ ਅਮਲੇ ਦੀਆਂ ਗੱਡੀਆਂ ਅਤੇ ਐਂਬੂਲੈਂਸਾਂ ਉੱਪਰ ਬੱਤੀਆਂ ਲਾਉਣ ਦੀ ਆਗਿਆ ਦੇ ਦਿੱਤੀ। ਸੁਪਰੀਮ ਕੋਰਟ ਦੇ ਅਜਿਹੇ ਹੁਕਮਾਂ ਦੇ ਬਾਵਜੂਦ ਰਾਜ ਸਰਕਾਰਾਂ ਨੇ ਰਸੂਖਵਾਨਾਂ ਨੂੰ ਖੁਸ਼ ਕਰਨ ਲਈ ਹੋਰ ਰਾਹ ਲੱਭ ਲਏ। ਪੰਜਾਬ ਵਿਚ ਜਿਨ੍ਹਾਂ ਵਿਧਾਨਕ ਹਸਤੀਆਂ ਨੂੰ ਲਾਲ ਬੱਤੀ ਦੀ ਵਰਤੋਂ ਦੀ ਖੁੱਲ੍ਹ ਹੈ, ਉਨ੍ਹਾਂ ਵਿਚ ਮੁੱਖ ਮੰਤਰੀ, ਉਪ ਮੁੱਖ ਮੰਤਰੀ, ਸਾਰੇ ਮੰਤਰੀ, ਹਾਈ ਕੋਰਟ ਦੇ ਸਾਰੇ ਜੱਜ, ਵਿਧਾਨ ਸਭਾ ਦਾ ਸਪੀਕਰ, ਐਡਵੋਕੇਟ ਜਨਰਲ, ਡੀ.ਜੀ.ਪੀ. ਤੇ ਵਿਰੋਧੀ ਧਿਰ ਦਾ ਨੇਤਾ ਸ਼ਾਮਲ ਹਨ। ਸਾਰੇ ਵਿਧਾਇਕਾਂ, ਮੁੱਖ ਪਾਰਲੀਮਾਨੀ ਸਕੱਤਰਾਂ, ਮੁੱਖ ਸਕੱਤਰ, ਐਡੀਸ਼ਨਲ ਮੁੱਖ ਸਕੱਤਰਾਂ, ਪ੍ਰਬੰਧਕੀ ਸਕੱਤਰਾਂ, ਡਿਪਟੀ ਕਮਿਸ਼ਨਰਾਂ, ਏ.ਡੀ.ਜੀ.ਪੀਜ਼., ਆਈ.ਜੀਜ਼. ਅਤੇ ਜ਼ਿਲ੍ਹਾ ਪੁਲਿਸ ਕਪਤਾਨਾਂ ਅਤੇ ਕੈਬਨਿਟ ਮੰਤਰੀ ਦੇ ਰੁਤਬੇ ਵਾਲੀਆਂ ਸਿਆਸੀ-ਸਮਾਜਿਕ ਹਸਤੀਆਂ ਦੀਆਂ ਗੱਡੀਆਂ 'ਤੇ ਸੰਤਰੀ ਬੱਤੀਆਂ ਦੀ ਵਿਵਸਥਾ ਹੈ ਜਦੋਂਕਿ ਛਾਪੇ ਮਾਰਨ ਵਾਲੀਆਂ ਏਜੰਸੀਆਂ ਜਾਂ ਐਂਬੂਲੈਂਸ ਨੂੰ ਨੀਲੀਆਂ ਬੱਤੀਆਂ ਲਾਉਣ ਦੀ ਇਜਾਜ਼ਤ ਹੈ। ਇੰਨੀ ਵੱਡੀ ਗਿਣਤੀ ਵਿਚ ਰੁਤਬੇਦਾਰਾਂ ਨੂੰ ਅਜਿਹੀ ਖੁੱਲ੍ਹ ਦੇਣਾ ਸੁਪਰੀਮ ਕੋਰਟ ਦੇ ਹੁਕਮਾਂ ਦੇ ਜਜ਼ਬੇ ਦੀ ਉਲੰਘਣਾ ਹੈ।

### *ਲਾਲ ਬੱਤੀ ਵਾਲੀਆਂ ਗੱਡੀਆਂ 'ਚ ਨਸ਼ਿਆਂ ਦਾ ਕਾਰੋਬਾਰ*

**ਜਲੰਧਰ:** ਪੰਜਾਬ ਵਿਚ ਨਸ਼ੇ ਦਾ ਕਾਰੋਬਾਰ ਲਾਲ ਬੱਤੀ ਵਾਲੀਆਂ ਗੱਡੀਆਂ ਵਿਚ ਹੁੰਦਾ ਹੈ। ਇਹ ਕਹਿਣਾ ਹੈ ਸਿਹਤ ਵਿਭਾਗ ਦੀ ਸੀ.ਪੀ.ਐਸ. ਤੇ ਭਾਜਪਾ ਵਿਧਾਇਕ ਨਵਜੋਤ ਕੌਰ ਸਿੱਧੂ ਦਾ। ਸਿੱਧੂ ਨੇ ਇਹ ਗੱਲ ਭਾਜਪਾ ਦੀ ਦੋ ਦਿਨਾਂ ਬੈਠਕ ਦੌਰਾਨ ਕਹੀ। ਸਿੱਧੂ ਨੇ ਪੰਜਾਬ ਵਿਚ ਵਧ ਰਹੇ ਨਸ਼ੇ ਦੇ ਕਾਰੋਬਾਰ ਨੂੰ ਲੈ ਕੇ ਆਪਣੀ ਹੀ ਸਰਕਾਰ ਖਿਲਾਫ ਇਹ ਬਿਆਨ ਦਿੱਤਾ ਹੈ। ਸੀ.ਪੀ.ਐਸ. ਨੇ ਕਿਹਾ ਕਿ ਪੰਜਾਬ ਵਿਚ ਸਾਰਿਆਂ ਨੂੰ ਲਾਲ ਬੱਤੀ ਵਾਲੀਆਂ ਗੱਡੀਆਂ ਮਿਲੀਆਂ ਹਨ। ਇਨ੍ਹਾਂ ਗੱਡੀਆਂ ਵਿਚ ਹੀ ਨਸ਼ੇ ਦਾ ਕਾਰੋਬਾਰ ਹੁੰਦਾ ਹੈ। ਉਨ੍ਹਾਂ ਇਥੋਂ ਤੱਕ ਕਿਹਾ ਕਿ ਪੰਜਾਬ ਵਿਚ ਚੱਲ ਰਹੀਆਂ ਨਿੱਜੀ ਬੱਸਾਂ ਵਿਚ ਵੀ ਨਸ਼ੇ ਦੀ ਤਸਕਰੀ ਹੁੰਦੀ ਹੈ।



ਪੰਜਾਬ ਪੁਲਿਸ ਵੀ ਇਨ੍ਹਾਂ ਬੱਸਾਂ ਦੀ ਚੈਕਿੰਗ ਨਹੀਂ ਕਰਦੀ। ਉਨ੍ਹਾਂ ਬੀ.ਐਸ.ਐਫ. ਦਾ ਪੱਖ ਲੈਂਦਿਆਂ ਕਿਹਾ ਕਿ ਇਸ ਗੱਲ ਦੀ ਜਾਂਚ ਹੋਣੀ ਚਾਹੀਦੀ ਹੈ ਕਿ ਬੀ.ਐਸ.ਐਫ. ਦੇ ਅਫਸਰਾਂ ਕੋਲ ਜ਼ਿਆਦਾ ਪੈਸਾ ਹੈ ਜਾਂ ਪੰਜਾਬ ਪੁਲਿਸ ਕੋਲ। ਪੰਜਾਬ ਪੁਲਿਸ ਦੇ ਅਫਸਰਾਂ ਕੋਲ ਇੰਨਾ ਪੈਸਾ ਕਿਥੋਂ ਆਉਂਦਾ ਹੈ। ਸਿੱਧੂ ਨੇ ਦੱਸਿਆ ਕਿ ਉਹ ਆਪ ਇਸ ਮਾਮਲੇ ਨੂੰ ਲੈ ਕੇ ਮੁੱਖ ਮੰਤਰੀ ਕੋਲ ਗਏ ਸਨ ਕਿ ਲੀਡਰਾਂ ਕੋਲ ਪੈਸਾ ਕਿਥੋਂ ਆ ਰਿਹਾ ਹੈ, ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਵਿਧਾਇਕਾਂ ਦੀ ਵੀ ਹਰ ਦੋ ਸਾਲ ਬਾਅਦ ਜਾਇਦਾਦਾਂ ਦੀ ਜਾਂਚ ਹੋਣੀ ਚਾਹੀਦੀ ਹੈ।

# ਵੱਖ ਹੋਈ ਪਤਨੀ ਹੋਵੇਗੀ ਗੁਜ਼ਾਰੇ ਭੱਤੇ ਦੀ ਹੱਕਦਾਰ

**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈ ਕੋਰਟ ਨੇ ਸਪਸ਼ਟ ਕੀਤਾ ਹੈ ਕਿ ਵੱਖ ਹੋਈ ਪਤਨੀ ਨੂੰ ਪਤੀ ਕਦੇ ਵੀ ਗੁਜ਼ਾਰਾ ਭੱਤਾ ਦੇਣ ਲਈ ਇਨਕਾਰ ਨਹੀਂ ਕਰ ਸਕਦਾ। ਅਦਾਲਤ ਮੁਤਾਬਕ ਪਤੀ ਨਾ ਬਜ਼ੁਰਗ ਹੋਣ ਦੀ ਦਲੀਲ ਦੇ ਸਕਦਾ ਹੈ ਅਤੇ ਨਾ ਹੀ ਇਹ ਆਖ ਸਕਦਾ ਹੈ ਕਿ ਉਸ ਦੀ ਪੈਨਸ਼ਨ ਬਹੁਤ ਥੋੜ੍ਹੀ ਹੈ ਜਿਸ ਕਾਰਨ ਉਹ ਭੱਤਾ ਨਹੀਂ ਦੇ ਸਕਦਾ। ਇਸ ਦਲੀਲ 'ਤੇ ਵੀ ਰਾਹਤ ਨਹੀਂ ਮਿਲ ਸਕਦੀ ਕਿ ਪਤਨੀ ਕਮਾਊ ਪੁੱਤ ਨਾਲ ਵੱਖਰੇ ਤੌਰ 'ਤੇ ਰਹਿ ਰਹੀ ਹੈ। ਜਸਟਿਸ ਦਯਾ ਚੌਧਰੀ ਨੇ ਇਕ ਕੇਸ ਦੀ ਸੁਣਵਾਈ ਦੌਰਾਨ ਇਹ ਫੈਸਲਾ ਸੁਣਾਇਆ। ਅੰਬਾਲਾ ਦੀ ਪਰਿਵਾਰਕ ਅਦਾਲਤ ਨੇ ਇਕ ਮਹਿਲਾ ਨੂੰ ਅੱਠ ਹਜ਼ਾਰ ਰੁਪਏ ਦਾ ਅੰਤਰਿਮ ਗੁਜ਼ਾਰਾ ਭੱਤਾ ਦੇਣ ਦਾ ਹੁਕਮ ਦਿੱਤਾ ਸੀ। ਪਟੀਸ਼ਨਰ ਦੇ ਵਕੀਲ ਨੇ ਦਲੀਲ ਦਿੱਤੀ ਕਿ ਉਸ ਦਾ ਮੁਵੱਕਿਲ 65 ਵਰ੍ਹਿਆਂ ਦਾ ਹੈ ਅਤੇ ਉਸ ਦਾ ਸਰੀਰ ਜਵਾਬ ਦੇ ਰਿਹਾ ਅਤੇ ਉਹ ਕੰਮਕਾਰ ਕਰਨ ਦੇ ਲਾਇਕ ਨਹੀਂ ਹੈ। ਜਸਟਿਸ ਚੌਧਰੀ ਨੇ ਕਿਹਾ ਕਿ ਇਹ ਪਤੀ ਦਾ ਫਰਜ਼ ਬਣਦਾ ਹੈ ਕਿ ਉਹ ਪਤਨੀ ਨੂੰ ਗੁਜ਼ਾਰੇ ਲਈ ਪੈਸਾ ਦੇਵੇ। ਉਨ੍ਹਾਂ ਕਿਹਾ ਕਿ ਪਟੀਸ਼ਨਰ ਸਿਹਤ ਪੱਖੋਂ ਠੀਕ ਹੈ ਅਤੇ ਉਸ ਦੇ ਬਜ਼ੁਰਗ ਹੋਣ ਦੀ ਦਲੀਲ ਠੀਕ ਨਹੀਂ। ਸੀ.ਆਰ.ਪੀ.ਸੀ. ਦੀ ਧਾਰਾ 125 ਦਾ ਹਵਾਲਾ ਦਿੰਦਿਆਂ ਜਸਟਿਸ ਨੇ ਕਿਹਾ ਕਿ ਪਤਨੀ ਵੀ ਵਡੇਰੀ ਉਮਰ ਦੀ ਹੈ ਅਤੇ ਉਹ ਕਮਾ ਨਹੀਂ ਰਹੀ। ਰਿਕਾਰਡ 'ਚ ਇਸ ਗੱਲ ਦਾ ਕੋਈ ਜ਼ਿਕਰ ਨਹੀਂ ਹੈ ਕਿ ਉਹ ਗੁਜ਼ਾਰਾ ਠੀਕ ਢੰਗ ਨਾਲ ਕਰ ਰਹੀ ਹੈ। ਅਦਾਲਤ ਨੇ ਕਿਹਾ ਕਿ ਪਟੀਸ਼ਨਰ ਨੂੰ




ਹਰਿਆਣਾ ਸਰਕਾਰ ਤੋਂ ਬੁਢਾਪਾ ਪੈਨਸ਼ਨ ਮਿਲਦੀ ਹੈ ਅਤੇ ਉਸ ਦੀ ਚੱਲ ਤੇ ਅਚੱਲ ਜਾਇਦਾਦ ਵੀ ਹੈ। ਜਸਟਿਸ ਨੇ ਪਟੀਸ਼ਨ ਖਾਰਜ ਕਰਦਿਆਂ ਕਿਹਾ ਕਿ ਪਤੀ ਨੇ ਪਤਨੀ ਨੂੰ ਘਰੋਂ ਕੱਢਿਆ ਸੀ ਅਤੇ ਇਹ ਨਹੀਂ ਕਿਹਾ ਜਾ ਸਕਦਾ ਕਿ ਪਤਨੀ ਆਪੇ ਹੀ ਘਰੋਂ ਚਲੀ ਗਈ ਸੀ। ਪਟੀਸ਼ਨਰ ਨੇ ਪਤੀ ਨੂੰ ਰੱਖਣ ਦੀ ਕੋਈ ਇੱਛਾ ਨਹੀਂ ਦਿਖਾਈ ਸੀ।

### *ਭਾਰਤੀ ਮੂਲ ਦੇ ਅਮਰੀਕੀ ਵਿਗਿਆਨੀ ਵੱਲੋਂ 1.10 ਕਰੋੜ ਦਾਨ*

**ਵਾਸ਼ਿੰਗਟਨ:** ਭਾਰਤੀ ਮੂਲ ਦੇ ਅਮਰੀਕੀ ਭੌਤਿਕ ਵਿਗਿਆਨੀ ਨੇ ਕੈਲੀਫੋਰਨੀਆ ਯੂਨੀਵਰਸਿਟੀ ਨੂੰ 1.10 ਕਰੋੜ ਡਾਲਰ ਦਾਨ ਕੀਤੇ ਹਨ। ਯੂਨੀਵਰਸਿਟੀ ਦੇ ਇਤਿਹਾਸ ਵਿਚ ਇਸ ਸਭ ਤੋਂ ਵੱਡੇ ਦਾਨ ਨਾਲ ਕੁਦਰਤ ਦੇ ਮੁੱਢਲੇ ਨੇਮਾਂ ਦਾ ਅਧਿਐਨ ਕਰਨ ਲਈ ਸੈਂਟਰ ਦੀ ਸਥਾਪਨਾ ਕੀਤੀ ਜਾਵੇਗੀ। ਯੂਨੀਵਰਸਿਟੀ ਦੇ ਚਾਂਸਲਰ ਜੀਨ ਬਲੌਕ ਨੇ ਭੌਤਿਕ ਵਿਗਿਆਨੀ ਮਨੀ ਭੌਮਿਕ ਦੀ ਇਸ ਉਦਾਰਤਾ ਤੇ ਯੂਨੀਵਰਸਿਟੀ ਵਿਚ ਵਿਖਾਏ ਭਰੋਸੇ ਲਈ ਉਸ ਦਾ ਧੰਨਵਾਦ ਕੀਤਾ ਹੈ।

ਯੂਨੀਵਰਸਿਟੀ ਨੇ ਇਕ ਬਿਆਨ ਵਿਚ ਕਿਹਾ ਕਿ ਮਨੀ ਐਲ ਭੌਮਿਕ ਨਾਂ ਦਾ ਇਹ ਸੈਂਟਰ ਜਿਥੇ ਉੱਘੇ ਬੁੱਧੀਜੀਵੀਆਂ ਦੀ ਮੇਜ਼ਬਾਨੀ ਕਰੇਗਾ, ਉਥੇ ਅਕਾਦਮਿਕ ਭਾਈਚਾਰੇ ਵੱਲੋਂ ਸੈਮੀਨਾਰ ਤੇ ਕਾਨਫਰੰਸਾਂ ਦਾ ਪ੍ਰਬੰਧ ਵੀ ਕੀਤਾ ਜਾਵੇਗਾ। ਪੱਛਮੀ ਬੰਗਾਲ ਦੇ ਇਕ ਦੂਰ ਦੁਰਾਡੇ ਦੇ ਪਿੰਡ ਦਾ ਜੰਮਪਲ ਭੌਮਿਕ ਗਰੀਬੀ ਵਿਚੋਂ ਉਠ ਕੇ ਨਾਮੀ ਵਿਗਿਆਨੀ ਬਣਿਆ ਹੈ।

# ਸਰੀਰ 'ਤੇ ਮਾਰੂ ਅਸਰ ਪਾ ਰਿਹਾ ਹੈ ਹਵਾ ਪ੍ਰਦੂਸ਼ਣ

**ਪੇਈਚਿੰਗ:** ਹਵਾ ਪ੍ਰਦੂਸ਼ਣ ਵਿਚ ਲੰਬਾ ਸਮਾਂ ਰਹਿਣ ਨਾਲ ਨਾ ਸਿਰਫ ਸਾਹ ਅਤੇ ਦਿਲ ਨੂੰ ਖੂਨ ਪਹੁੰਚਾਉਂਦੀਆਂ ਨਾੜਾਂ ਦੀਆਂ ਬਿਮਾਰੀਆਂ ਲੱਗ ਸਕਦੀਆਂ ਹਨ, ਸਗੋਂ ਇਸ ਨਾਲ ਗੁਰਦਿਆਂ ਨੂੰ ਵੀ ਨੁਕਸਾਨ ਹੁੰਦਾ ਹੈ। ਇਹ ਚਿਤਾਵਨੀ ਇਕ ਨਵੀਂ ਖੋਜ ਵਿਚ ਦਿੱਤੀ ਗਈ। ਗੁਰਦੇ 'ਤੇ ਖਾਸ ਹਵਾਈ ਪ੍ਰਦੂਸ਼ਣ ਕਣਾਂ ਦੇ ਪ੍ਰਭਾਵ ਦੀ ਪੜਚੋਲ ਕਰਦਿਆਂ ਚੀਨ ਦੀ ਦੱਖਣੀ ਮੈਡੀਕਲ ਯੂਨੀਵਰਸਿਟੀ ਦੇ ਖੋਜਾਰਥੀਆਂ ਨੇ 11 ਸਾਲਾਂ ਦੌਰਾਨ 71,151 ਮਰੀਜ਼ਾਂ ਦੇ ਗੁਰਦਿਆਂ ਦੀ ਡਾਕਟਰੀ ਜਾਂਚ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ। ਇਸ 11 ਸਾਲ ਲੰਬੀ ਖੋਜ ਵਿਚ ਖੋਜਾਰਥੀਆਂ ਨੇ ਪਾਇਆ ਕਿ ਹਵਾ ਪ੍ਰਦੂਸ਼ਣ ਵਿਚ ਰਹਿਣ ਵਾਲੇ ਵਿਅਕਤੀਆਂ ਵਿਚ 'ਮੈਂਬਰੇਨੇਅਸ ਨੇਫਰੋਪੈਥੀ' (ਗੁਰਦੇ ਵਿਚ ਰੋਗਾਂ ਨਾਲ ਲੜਨ ਦੀ ਤਾਕਤ ਖਤਮ ਹੋਣੀ, ਜਿਸ ਕਾਰਨ ਗੁਰਦੇ ਦਾ ਕੰਮ ਕਰਨਾ ਬੰਦ ਕਰ ਦੇਣਾ) ਦੀ ਸੰਭਾਵਨਾ ਵੱਧ ਹੁੰਦੀ ਹੈ। ਹਵਾ ਪ੍ਰਦੂਸ਼ਣ ਵਿਚ ਮਹੀਨ ਕਣ ਵੱਧ ਹੋਣ ਵਾਲੇ ਇਲਾਕਿਆਂ ਵਿਚ ਮੈਂਬਰੇਨੇਅਸ ਨੇਫਰੋਪੈਥੀ ਦੀ ਦਰ ਵੱਧ ਹੁੰਦੀ ਹੈ।

ਯੂਨੀਵਰਸਿਟੀ ਦੇ ਫਾਨ ਹੂ ਨੇ ਕਿਹਾ ਕਿ



ਸਾਡੇ ਮੁੱਢਲੇ ਨਤੀਜਿਆਂ ਵਿਚ ਪਤਾ ਚੱਲਿਆ ਕਿ ਚੀਨ ਵਿਚ ਪਿਛਲੇ ਦਹਾਕੇ ਦੌਰਾਨ ਮੈਂਬਰੇਨੇਅਸ ਨੇਫਰੋਪੈਥੀ ਦੀ ਔਸਤ ਦੁੱਗਣੀ ਹੋਈ ਹੈ। ਇਹ ਖੋਜ 'ਅਮਰੀਕਨ ਸੁਸਾਇਟੀ ਆਫ ਨੇਫਰੋਲੋਜੀ' ਦੇ ਪੱਤਰ ਵਿਚ ਵੀ ਛਪੀ।

# ਉਤਰਾਖੰਡ ਵਿਚ ਮੁੜ ਅਸਮਾਨੀ ਕਹਿਰ

**ਈਟਾਨਗਰ:** ਪਹਾੜੀ ਇਲਾਕਿਆਂ ਵਿਚ ਵੱਧ ਬਾਰਸ਼ ਤੇ ਬੱਦਲ ਫਟਣ ਦੀਆਂ ਘਟਨਾਵਾਂ ਵਧ ਰਹੀਆਂ ਹਨ। ਉੱਤਰਾਖੰਡ ਵਿਚ ਮੀਂਹ ਆਫਤ ਬਣ ਕੇ ਵਰ੍ਹਿਆ ਹੈ ਅਤੇ ਬੱਦਲ ਫਟਣ ਨਾਲ 40 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ। ਢਿੱਗਾਂ ਡਿੱਗਣ ਕਾਰਨ ਕਈ ਰਸਤਿਆਂ 'ਤੇ ਆਵਾਜਾਈ ਵਿਚ ਵਿਘਨ ਪਿਆ। ਜ਼ਿਆਦਾ ਬਾਰਸ਼ ਹੋਣ ਕਾਰਨ ਬਿਜਲੀ, ਆਵਾਜਾਈ ਅਤੇ ਸੰਚਾਰ ਦੇ ਸਾਧਨ ਵੀ ਠੱਪ ਹੋ ਗਏ ਹਨ। ਉੱਤਰਾਖੰਡ ਦੇ ਪਿਥੌਰਾਗੜ੍ਹ ਜ਼ਿਲ੍ਹੇ ਵਿਚ 26 ਅਤੇ ਚਮੋਲੀ ਜ਼ਿਲ੍ਹੇ ਵਿਚ 9 ਵਿਅਕਤੀ ਬੱਦਲ ਫਟਣ ਕਾਰਨ ਮਾਰੇ ਗਏ ਜਦੋਂਕਿ ਕਈ ਲੋਕ ਹਾਲੇ ਵੀ ਲਾਪਤਾ ਹਨ। ਉੱਤਰਾਖੰਡ ਦੇ ਜ਼ਿਲ੍ਹਾ ਚਮੋਲੀ, ਪਿਥੌਰਾਗੜ੍ਹ ਤੇ ਚੰਪਾਵਤ ਵਿਚ ਭਾਰੀ ਮੀਂਹ ਪੈਣ ਅਤੇ ਅਗਲੇ ਦਿਨਾਂ ਵਿਚ ਹੋਰ ਮੀਂਹ ਪੈਣ ਦੀ ਸੰਭਾਵਨਾ ਨੂੰ ਦੇਖਦਿਆਂ ਹੇਮਕੁੰਟ ਸਾਹਿਬ ਦੀ ਯਾਤਰਾ ਕਰਨ ਵਾਲਿਆਂ ਦੀ ਗਿਣਤੀ ਘਟ ਗਈ ਹੈ।


ਕੁਝ ਹੀ ਹਫਤੇ ਪਹਿਲਾਂ ਹਿਮਾਚਲ ਵਿਚ ਵੀ ਇਸੇ ਤਰ੍ਹਾਂ ਦੀ ਘਟਨਾ ਵਾਪਰ ਚੁੱਕੀ ਹੈ, ਜਿਸ ਵਿਚ ਪੰਜਾਬ ਦੇ ਕਈ ਨੌਜਵਾਨ ਵੀ ਮਾਰੇ ਗਏ ਸਨ। ਉੱਤਰਾਖੰਡ ਵਿਚ ਤਾਂ ਪਿਛਲੇ 2-3 ਸਾਲਾਂ ਤੋਂ ਹਰ ਮੌਨਸੂਨ ਦੀ ਆਮਦ ਦੇ ਨਾਲ ਹੀ ਇਸ ਤਰ੍ਹਾਂ ਦੀਆਂ ਘਟਨਾਵਾਂ ਲਗਾਤਾਰ ਵਾਪਰਨ ਲੱਗੀਆਂ ਹਨ। ਵਾਤਾਵਰਨ ਸਬੰਧੀ ਮਾਹਿਰ ਬੜੀ ਦੇਰ ਤੋਂ ਚਿਤਾਵਨੀਆਂ ਦਿੰਦੇ ਆ ਰਹੇ ਹਨ ਕਿ ਧਰਤੀ ਦੀ ਤਪਸ਼ ਦੇ ਲਗਾਤਾਰ ਵਧਣ ਨਾਲ ਭਿਆਨਕ ਸੋਕੇ ਅਤੇ ਭਿਆਨਕ ਹੜ੍ਹਾਂ ਵਰਗੀਆਂ ਸਥਿਤੀਆਂ ਪੈਦਾ ਹੋਣੀਆਂ ਹੁਣ ਸੁਭਾਵਕ ਹੀ ਹਨ।ਉੱਤਰਾਖੰਡ ਤੋਂ ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਖਬਰਾਂ ਤੇ ਰਿਪੋਰਟਾਂ ਆਈਆਂ ਹਨ, ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ ਰਾਜ ਵਿਚ ਅੰਨ੍ਹੇਵਾਹ ਨਿੱਜੀ ਕੰਪਨੀਆਂ ਨਾਲ ਹਾਈਡਰੋ ਪ੍ਰਾਜੈਕਟ ਸਥਾਪਿਤ ਕਰਨ ਲਈ ਸਮਝੌਤੇ ਕੀਤੇ ਗਏ ਹਨ ਅਤੇ ਇਹ ਕੰਪਨੀਆਂ ਪਹਾੜਾਂ ਅਤੇ ਨਦੀਆਂ ਨਾਲ ਭਾਰੀ ਛੇੜਛਾੜ ਕਰ ਰਹੀਆਂ ਹਨ। ਇਸ ਕਾਰਨ ਵੀ ਪਹਾੜਾਂ ਨੂੰ ਵੱਡੀ ਪੱਧਰ ਉਤੇ ਖੋਰਾ ਲੱਗ ਰਿਹਾ ਹੈ ਅਤੇ ਉਹ ਵਧੇਰੇ ਬਾਰਸ਼ ਹੋਣ ਕਾਰਨ ਮਲਬੇ ਦੇ ਰੂਪ ਵਿਚ ਵਹਿ ਕੇ ਭਾਰੀ ਤਬਾਹੀ ਲਿਆਉਣ ਦਾ ਕਾਰਨ ਬਣ ਰਹੇ ਹਨ।

**ਬੱਦਲ ਫਟਣ ਨਾਲ 40 ਤੋਂ ਵੱਧ ਮੌਤਾਂ**




# ਕੈਨੇਡਾ ਵਿਚ ਅਵਤਾਰ ਸਿੰਘ ਦੀ ਦਰਿਆਦਿਲੀ ਦੀ ਚਰਚਾ

**ਟੋਰਾਂਟੋ:** ਕੈਨੇਡਾ ਵਿਚ ਇਕ ਸਿੱਖ ਉਸ ਸਮੇਂ ਨਾਇਕ ਬਣ ਗਿਆ, ਜਦੋਂ ਉਸ ਨੇ ਇਕ ਲੜਕੀ ਨੂੰ ਆਪਣੀ ਪੱਗ ਦੇ ਸਹਾਰੇ ਨਾਲ ਨਦੀ ਵਿਚ ਡੁੱਬਣ ਤੋਂ ਬਚਾ ਲਿਆ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਕੈਮਲੂਪਸ ਤੋਂ 65 ਸਾਲਾ ਅਵਤਾਰ ਸਿੰਘ ਹੋਠੀ ਨੇ ਆਪਣੇ ਫਾਰਮ ਹਾਊਸ ਦੇ ਨੇੜੇ ਵਹਿਣ ਵਾਲੀ ਨਾਰਥ ਥਾਂਮਸਪਨ ਨਦੀ ਵਿਚ ਇਕ ਨਾਬਾਲਿਗ ਲੜਕੀ ਨੂੰ ਉਸ ਸਮੇਂ ਡੁੱਬਣ ਤੋਂ ਬਚਾ ਲਿਆ ਜਦੋਂ ਉਹ ਲੜਕੀ ਨਦੀ ਵਿਚ ਡਿੱਗ ਗਈ ਸੀ।



ਅਵਤਾਰ ਸਿੰਘ ਹੋਠੀ ਤੇ ਉਸ ਦਾ ਬੇਟਾ ਪੋਲ ਹੈਫਲੀ ਕਰੀਕ ਵਿਚ ਆਪਣੇ ਫਾਰਮ ਵਿਚ ਕੰਮ ਕਰ ਰਹੇ ਸੀ, ਇਸੇ ਦੌਰਾਨ ਉਨ੍ਹਾਂ ਨੇ ਮਦਦ ਦੀ ਗੁਹਾਰ ਲਾਉਂਦੀ ਲੜਕੀ ਦੀਆਂ ਚੀਕਾਂ ਸੁਣੀਆਂ। ਇਸੇ ਦੌਰਾਨ ਅਵਤਾਰ ਸਿੰਘ ਹੋਠੀ ਨੇ ਆਪਣੀ ਪੱਗ ਉਤਾਰੀ ਅਤੇ ਉਸ ਨੂੰ ਲੜਕੀ ਵੱਲ ਸੁੱਟ ਦਿੱਤਾ ਜਿਸਦੇ ਸਹਾਰੇ ਉਨ੍ਹਾਂ ਲੜਕੀ ਨੂੰ ਡੁੱਬਣ ਤੋਂ ਬਚਾ ਲਿਆ।

ਅਵਤਾਰ ਸਿੰਘ ਹੋਠੀ ਦੇ ਬੇਟੇ ਪੋਲ ਨੇ ਕਿਹਾ ਕਿ ਉਸ ਨੂੰ ਆਪਣੇ ਪਿਤਾ ਉਤੇ ਮਾਣ ਹੈ। ਉਨ੍ਹਾਂ ਦੱਸਿਆ ਕਿ ਲੜਕੀ ਦੀ ਉਮਰ ਮਹਿਜ਼ 14-15 ਸਾਲ ਸੀ, ਉਹ ਖੁਦ ਨਹੀਂ ਜਾਣਦੀ ਸੀ ਕਿ ਉਹ ਪਾਣੀ ਵਿਚ ਕਿਸ ਤਰ੍ਹਾਂ ਡਿੱਗ ਪਈ। ਸਾਲ ਦੇ ਇਸ ਸਮੇਂ ਦੌਰਾਨ ਨਦੀ ਵਿਚ ਪਾਣੀ ਬਹੁਤ ਠੰਡਾ ਹੁੰਦਾ ਹੈ। ਠੰਢੇ ਪਾਣੀ ਕਰ ਕੇ ਲੜਕੀ ਦੀ ਹਾਲਤ ਕਾਫੀ ਖਰਾਬ ਹੋ ਗਈ ਸੀ। ਬਾਅਦ ਵਿਚ ਉਨ੍ਹਾਂ ਲੜਕੀ ਨੂੰ ਉਸ ਦੀ ਦਾਦੀ ਦੇ ਘਰ ਸੁਰੱਖਿਅਤ ਪਹੁੰਚਾ ਦਿੱਤਾ।

# ਕਿਸਾਨਾਂ ਦੇ ਮੂਲ ਮਸਲਿਆਂ ਬਾਰੇ ਮੋਦੀ ਸਰਕਾਰ ਹੋਈ ਬੇਪਰਵਾਹ

**ਚੰਡੀਗੜ੍ਹ :** ਕਿਸਾਨ ਮਸਲਿਆਂ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਦੀਆਂ ਨੀਤੀਆਂ 'ਤੇ ਸਵਾਲ ਖੜ੍ਹੇ ਹੋ ਰਹੇ ਹਨ। ਆਰਥਿਕ ਤੰਗੀ ਕਾਰਨ ਲਗਾਤਾਰ ਵਧ ਰਹੇ ਖੁਦਕੁਸ਼ੀਆਂ ਦੇ ਰੁਝਾਨ ਦੇ ਬਾਵਜੂਦ ਕੇਂਦਰ ਸਰਕਾਰ ਨੇ ਅੱਖਾਂ ਮੀਟੀਆਂ ਹੋਈਆਂ ਹਨ। ਇਸ ਤੋਂ ਇਲਾਵਾ ਕੌਮੀ ਖੇਤੀਬਾੜੀ ਅਤੇ ਪੇਂਡੂ ਵਿਕਾਸ ਬੈਂਕ (ਨਾਬਾਰਡ) ਵੱਲੋਂ ਕਿਸਾਨਾਂ ਨੂੰ ਫਸਲੀ ਕਰਜ਼ੇ ਦੇਣ ਸਬੰਧੀ ਸਹਿਕਾਰੀ ਬੈਂਕਾਂ ਨੂੰ ਦਿੱਤੀ ਜਾਣ ਵਾਲੀ ਰਾਸ਼ੀ ਹਾਲੇ ਤੱਕ ਜਾਰੀ ਨਹੀਂ ਕੀਤੀ ਗਈ।

ਸੂਬਿਆਂ ਦੀਆਂ ਸਹਿਕਾਰੀ ਬੈਂਕਾਂ ਨੇ ਕਿਸਾਨਾਂ ਨੂੰ ਇਸ ਸਾਉਣੀ ਦੀ ਫਸਲ ਲਈ ਕਰਜ਼ੇ ਮੁਹੱਈਆ ਕਰਾਉਣ ਵਾਸਤੇ ਨਾਬਾਰਡ ਤੋਂ 54,000 ਕਰੋੜ ਦੀ ਮੰਗ ਕੀਤੀ ਸੀ, ਪਰ ਕੇਂਦਰੀ ਵਿੱਤ ਮੰਤਰਾਲੇ ਨੇ ਨਾਬਾਰਡ ਨੂੰ ਸਿਰਫ 45,000 ਕਰੋੜ ਰੁਪਏ ਹੀ ਜਾਰੀ ਕਰਨ ਦੀ ਮਨਜ਼ੂਰੀ ਦਿੱਤੀ ਹੈ। ਨਾਬਾਰਡ ਨੇ ਇਹ ਰਾਸ਼ੀ ਵੀ ਹਾਲੇ ਤੱਕ ਸੂਬਿਆਂ ਨੂੰ ਜਾਰੀ ਨਹੀਂ ਕੀਤੀ ਜਦੋਂਕਿ ਨਰਮੇ ਅਤੇ ਕਪਾਹ ਸਮੇਤ ਸਾਉਣੀ ਦੀਆਂ ਕਈ ਫਸਲਾਂ ਦੀ ਬਿਜਾਈ ਖਤਮ ਵੀ ਹੋ ਚੁੱਕੀ ਹੈ ਅਤੇ ਝੋਨੇ ਦੀ ਲੁਆਈ ਸਿਖਰਾਂ 'ਤੇ ਹੈ। ਇਸ ਦੇਰੀ ਕਾਰਨ ਕਿਸਾਨਾਂ ਨੂੰ ਮਜਬੂਰੀ ਵੱਸ ਸਹਿਕਾਰੀ ਬੈਂਕਾਂ ਦੀ ਥਾਂ ਵਪਾਰਕ ਬੈਂਕਾਂ ਜਾਂ ਆੜ੍ਹਤੀਆਂ ਤੋਂ ਕਰਜ਼ੇ ਲੈਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਨਾਬਾਰਡ ਵੱਲੋਂ ਕੇਵਲ ਫਸਲੀ ਕਰਜ਼ੇ ਦੀ ਰਕਮ ਵਿਚ ਕਟੌਤੀ ਅਤੇ ਇਸ ਨੂੰ ਜਾਰੀ ਕਰਨ ਵਿਚ ਹੀ ਦੇਰੀ ਨਹੀਂ ਕੀਤੀ ਜਾ ਰਹੀ ਬਲਕਿ ਵਿਆਜ ਦੀ ਦਰ ਵਿਚ ਵਾਧਾ ਕਰ ਦਿੱਤਾ ਗਿਆ ਹੈ। ਨਾਬਾਰਡ ਵੱਲੋਂ ਪਹਿਲਾਂ ਸੂਬਿਆਂ ਦੀਆਂ ਸਹਿਕਾਰੀ ਬੈਂਕਾਂ ਨੂੰ ਫਸਲੀ ਕਰਜ਼ੇ ਲਈ ਜਾਰੀ ਕੀਤੀ ਰਕਮ ਉਤੇ 2.5 ਫੀਸਦੀ ਵਿਆਜ ਲਿਆ ਜਾਂਦਾ ਸੀ ਪਰ ਹੁਣ ਇਹ ਵਧਾ ਕੇ 4.5 ਫੀਸਦੀ ਕਰ ਦਿੱਤਾ ਹੈ।

ਕੇਂਦਰੀ ਵਿੱਤ ਮੰਤਰਾਲੇ ਵੱਲੋਂ ਨਾਬਾਰਡ ਰਾਹੀਂ ਕਿਸਾਨਾਂ ਨੂੰ ਦਿੱਤੇ ਜਾਣ ਵਾਲੇ ਕਰਜ਼ੇ ਦੀ ਰਕਮ ਵਿਚ ਕੀਤੀ ਗਈ ਕਟੌਤੀ ਕਾਰਨ ਪੰਜਾਬ ਨੂੰ 7262 ਕਰੋੜ ਰੁਪਏ ਦੀ ਥਾਂ ਸਿਰਫ 4140 ਕਰੋੜ ਹੀ ਮਿਲਣਗੇ।

ਇਸ ਤੋਂ ਪਹਿਲਾਂ ਕਣਕ ਦੀ ਖਰੀਦ ਦੀ ਅਦਾਇਗੀ ਬਾਰੇ ਜਾਰੀ ਕੀਤੀ ਜਾਣ ਵਾਲੀ ਕੈਸ਼-ਕਰੈਡਿਟ ਲਿਮਿਟ ਵੀ ਮੋਦੀ ਸਰਕਾਰ ਨੇ ਪੰਜਾਬ ਸਰਕਾਰ ਦੀਆਂ ਨੱਕ ਨਾਲ ਲਕੀਰਾਂ ਕਢਵਾ ਕੇ ਦਿੱਤੀ ਸੀ ਜਦੋਂਕਿ ਉਸ ਵਿਚੋਂ 3600 ਕਰੋੜ ਰੁਪਇਆ ਹਾਲੇ ਵੀ ਬਕਾਇਆ ਹੈ। ਕੇਂਦਰ ਸਰਕਾਰ ਵੱਲੋਂ ਸੋਕਾ ਅਤੇ ਹੜ੍ਹ ਰਾਹਤ ਸਕੀਮਾਂ ਤਹਿਤ ਦਿੱਤੀ ਜਾਣ ਵਾਲੀ ਰਾਸ਼ੀ ਵੰਡਣ ਸਬੰਧੀ ਨਿਯਮ ਅਤੇ ਸ਼ਰਤਾਂ ਵੀ ਪੰਜਾਬ ਵਿਰੋਧੀ ਹੋਣ ਕਰ ਕੇ ਭਾਰੀ ਨੁਕਸਾਨ ਦੇ ਬਾਵਜੂਦ ਇਥੋਂ ਦੇ ਕਿਸਾਨਾਂ ਨੂੰ ਲੋੜੀਂਦੀ ਰਾਹਤ ਨਹੀਂ ਮਿਲ ਸਕੀ। ਇਹੀ ਹਾਲ ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੀ ਫਸਲੀ ਬੀਮਾ ਯੋਜਨਾ ਦਾ ਹੈ।

ਇਸ ਦੇ ਨਿਯਮ ਅਤੇ ਸ਼ਰਤਾਂ ਵੀ ਪੰਜਾਬ ਦੇ ਕਿਸਾਨਾਂ ਲਈ ਲਾਹੇਵੰਦ ਨਹੀਂ। ਇਨ੍ਹਾਂ ਮਾਮਲਿਆਂ ਵਿਚ ਪੰਜਾਬ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਬੇਨਤੀਆਂ ਨੂੰ ਵੀ ਕੇਂਦਰ ਸਰਕਾਰ ਨਕਾਰਦੀ ਆ ਰਹੀ ਹੈ। ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਤੋਂ ਮੋਦੀ ਸਰਕਾਰ ਪਹਿਲਾਂ ਹੀ ਭੱਜ ਚੁੱਕੀ ਹੈ ਅਤੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਤੋਂ ਵੀ ਕਿਨਾਰਾ ਕਰਦੀ ਜਾ ਰਹੀ ਹੈ। ਇਸ ਤੋਂ ਮੋਦੀ ਸਰਕਾਰ ਦਾ ਪੰਜਾਬ ਦੇ ਕਿਸਾਨਾਂ ਪ੍ਰਤੀ ਹੇਜ ਦਾ ਹੀਜ-ਪਿਆਜ ਸਾਹਮਣੇ ਆ ਗਿਆ ਹੈ। ਕਿਸਾਨਾਂ ਦੇ ਲੰਬੇ ਸੰਘਰਸ਼ ਅਤੇ ਆਗਾਮੀ ਚੋਣਾਂ ਦੇ ਦਬਾਅ ਹੇਠ ਕੁਝ ਮਹੀਨੇ ਪਹਿਲਾਂ ਪਾਸ ਕੀਤਾ ਗਿਆ ਖੇਤੀ ਕਰਜ਼ ਨਿਬੇੜਾ ਕਾਨੂੰਨ ਵੀ ਪੇਚੀਦਗੀਆਂ ਅਤੇ ਕਾਨੂੰਨੀ ਘੁਣਤਰਾਂ ਕਾਰਨ ਕਰਜ਼ੇ ਵਿਚ ਫਸੇ ਕਿਸਾਨਾਂ ਨੂੰ ਠੋਸ ਰਾਹਤ ਪਹੁੰਚਾਉਣ ਦਾ ਸਬੱਬ ਨਹੀਂ ਬਣ ਰਿਹਾ। ਨਕਲੀ ਦਵਾਈਆਂ ਕਾਰਨ ਕਿਸਾਨਾਂ ਦੀ ਬਰਬਾਦ ਹੋਈ ਫਸਲ ਲਈ ਜ਼ਿੰਮੇਵਾਰ ਮੰਤਰੀ ਅਤੇ ਹੋਰ ਅਧਿਕਾਰੀਆਂ ਵਿਰੁੱਧ ਹਾਲੇ ਤੱਕ ਕੋਈ ਠੋਸ ਕਾਰਵਾਈ ਨਹੀਂ ਹੋਈ।

ਰਾਹਤ ਕਾਰਜਾਂ ਵਿਚ ਨਾ ਸਿਰਫ ਆਪਣਿਆਂ ਨੂੰ ਹੀ ਸੀਰਨੀ ਵੰਡੀ ਗਈ ਜਦੋਂਕਿ ਪੀੜਤ ਕਿਸਾਨਾਂ ਨੂੰ ਢੁਕਵੇਂ ਮੁਆਵਜ਼ਾ ਵੀ ਨਹੀਂ ਮਿਲ ਸਕਿਆ। ਖੇਤੀ ਵਿਭਿੰਨਤਾ ਲਈ ਕੋਈ ਠੋਸ ਉਪਰਾਲੇ ਨਹੀਂ ਕੀਤੇ ਜਾ ਰਹੇ। ਕਿਸਾਨ ਖੁਦਕੁਸ਼ੀਆਂ ਦੇ ਵਧ ਰਹੇ ਵਰਤਾਰੇ ਨੂੰ ਠੱਲ੍ਹ ਪਾਉਣ ਲਈ ਕੋਈ ਨੀਤੀ ਨਹੀਂ ਅਤੇ ਨਾ ਹੀ ਖੁਦਕੁਸ਼ੀ ਪੀੜਤ ਪਰਿਵਾਰਾਂ ਦੀ ਬਾਂਹ ਫੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

### ਖੁਦਕੁਸ਼ੀਆਂ ਦੇ ਵਧੇ ਰੁਝਾਨ ਦੇ ਬਾਵਜੂਦ ਅੱਖਾਂ ਮੀਟੀਆਂ



### ਅੱਠ ਕਿਸਾਨ ਜਥੇਬੰਦੀਆਂ ਵੱਲੋਂ ਸੰਘਰਸ਼ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਦੀਆਂ ਅੱਠ ਕਿਸਾਨ ਜਥੇਬੰਦੀਆਂ ਨੇ 27 ਜੁਲਾਈ ਤੋਂ ਤਿੰਨ ਦਿਨਾਂ ਲਈ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਮੂਹਰੇ ਦਿਨ ਰਾਤ ਦੇ ਧਰਨੇ ਦੇਣ ਦਾ ਐਲਾਨ ਕੀਤਾ ਹੈ। ਇਹ ਫੈਸਲਾ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਦੌਰਾਨ ਲਿਆ ਗਿਆ। ਮੀਟਿੰਗ ਦੀ ਪ੍ਰਧਾਨਗੀ ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ ਨੇ ਕੀਤੀ। ਜਥੇਬੰਦੀਆਂ ਵੱਲੋਂ ਫੈਸਲਾ ਕੀਤਾ ਗਿਆ ਕਿ ਕਰਜ਼ਾ-ਮੁਕਤੀ ਖੁਦਕੁਸ਼ੀਆਂ ਰੋਕੋ ਸੰਘਰਸ਼ ਦਾ ਘੇਰਾ ਵਿਸ਼ਾਲ ਕਰਨ ਲਈ 27, 28, 29 ਜੁਲਾਈ ਨੂੰ ਪੰਜਾਬ ਭਰ ਵਿਚ ਡੀ.ਸੀ. ਦਫਤਰਾਂ ਅੱਗੇ ਦਿਨ-ਰਾਤ ਦੇ ਧਰਨੇ ਦਿੱਤੇ ਜਾਣਗੇ।

ਸਾਂਝੇ ਸੰਘਰਸ਼ ਦੀਆਂ ਮੰਗਾਂ ਵਿਚ ਕਰਜ਼ਾ ਮੋੜਨ ਤੋਂ ਅਸਮਰੱਥ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਸਰਕਾਰੀ/ਸਹਿਕਾਰੀ/ਸੂਦਖੋਰੀ ਸਾਰੇ ਕਰਜ਼ਿਆਂ 'ਤੇ ਲਕੀਰ ਮਾਰੀ ਜਾਵੇ, ਜ਼ਮੀਨ ਹੱਦਬੰਦੀ ਕਾਨੂੰਨ ਲਾਗੂ ਕਰ ਕੇ ਵਾਧੂ ਜ਼ਮੀਨ ਬੇਜ਼ਮੀਨੇ ਕਿਸਾਨਾਂ-ਮਜ਼ਦੂਰਾਂ ਵਿਚ ਵੰਡੀ ਜਾਵੇ, ਅਬਾਦਕਾਰਾਂ ਨੂੰ ਜ਼ਮੀਨ ਦੇ ਮਾਲਕੀ ਹੱਕ ਦਿੱਤੇ ਜਾਣ, ਸੂਦਖੋਰੀ ਕਰਜ਼ਾ ਰਾਹਤ ਕਾਨੂੰਨ ਕਿਸਾਨ-ਮਜ਼ਦੂਰ ਪੱਖੀ ਬਣਾਇਆ ਜਾਵੇ, ਖੁਦਕੁਸ਼ੀ ਪੀੜਤ ਪਰਿਵਾਰਾਂ ਨੂੰ 5-5 ਲੱਖ ਰੁਪਏ ਦਾ ਮੁਆਵਜ਼ਾ ਅਤੇ ਇਕ-ਇਕ ਸਰਕਾਰੀ ਨੌਕਰੀ ਸਮੇਤ ਸਾਰਾ ਕਰਜ਼ਾ ਖਤਮ ਕੀਤਾ ਜਾਵੇ।

## ਧਰਤੀ ਵਰਗਾ ਹੀ ਸੀ ਮੰਗਲ ਗ੍ਰਹਿ

**ਵਾਸ਼ਿੰਗਟਨ:** ਨਾਸਾ ਦੇ ਵਿਗਿਆਨੀਆਂ ਨੇ ਮੰਗਲ ਗ੍ਰਹਿ ਬਾਰੇ ਕੁਝ ਹੈਰਾਨ ਕਰਨ ਵਾਲੇ ਖੁਲਾਸੇ ਕੀਤੇ ਹਨ। ਵਿਗਿਆਨੀਆਂ ਨੂੰ ਮੰਗਲ 'ਤੇ ਭਾਰੀ ਮਾਤਰਾ ਵਿਚ ਆਕਸੀਜਨ ਹੋਣ ਦੇ ਸਬੂਤ ਮਿਲੇ ਹਨ ਤੇ ਹੁਣ ਵਿਗਿਆਨੀ ਮੰਗਲ 'ਤੇ ਪ੍ਰਾਚੀਨ ਝੀਲਾਂ ਦੀ ਸੰਭਾਵਨਾ ਜਤਾ ਰਹੇ ਹਨ। ਮੰਗਲ ਉਤੇ ਤਕਰੀਬਨ ਚਾਰ ਸਾਲ ਪਹਿਲਾਂ ਭੇਜੇ ਗਏ ਉਪਕਰਣ ਕੈਮੀਕਲ ਕੈਮਰਾ ਦੇ ਜ਼ਰੀਏ ਮਿਲੇ ਤੱਥ ਇਸ ਗੱਲ ਨੂੰ ਪ੍ਰਮਾਣਿਤ ਕਰਦੇ ਹਨ।



ਤਕਰੀਬਨ 1500 ਪੱਥਰਾਂ ਤੇ ਮਿੱਟੀ ਦੇ ਸੈਂਪਲ ਇਹ ਦੱਸਦੇ ਹਨ ਕਿ ਇਸ ਗ੍ਰਹਿ ਤੇ ਕਦੇ ਲੜੀਂਦੀ ਮਾਤਰਾ ਵਿਚ ਆਕਸੀਜਨ ਸੀ। ਨਾਸਾ ਦੇ ਇਸ ਉਪਕਰਣ ਨੂੰ ਮੰਗਲ ਦੀਆਂ ਚਟਾਨਾਂ ਵਿਚ ਵੱਡੀ ਮਾਤਰਾ 'ਚ ਮੈਂਗਨੀਜ਼ ਆਕਸਾਈਡ ਮਿਲਿਆ ਹੈ ਤੇ ਵਿਗਿਆਨੀ ਮੰਨਦੇ ਹਨ ਕਿ ਇੰਨੀ ਵੱਡੀ ਮਾਤਰਾ ਵਿਚ ਮੈਂਗਨੀਜ਼ ਬਹੁਤ ਸਾਰੇ ਪਾਣੀ ਤੋਂ ਬਿਨਾਂ ਸੰਭਵ ਨਹੀਂ ਹੈ ਜੋ ਕਿ ਇਸ ਗੱਲ ਦਾ ਸਬੂਤ ਹੈ ਕਿ ਮੰਗਲ ਅੱਜ ਤੋਂ ਕਈ ਸਾਲ ਪਹਿਲਾਂ ਧਰਤੀ ਵਰਗਾ ਸੀ।

## ਸੁਪਰੀਮ ਕੋਰਟ ਵੱਲੋਂ ਡੇਰਾ ਮੁਖੀ ਨੂੰ ਝਟਕਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 1999 ਵਿਚ ਵਾਪਰੇ ਜਬਰ ਜਨਾਹ ਮਾਮਲੇ ਵਿਚ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੀਆਂ ਦੋ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ। ਜਸਟਿਸ ਦੀਪਕ ਮਿਸ਼ਰਾ ਅਤੇ ਸੀ ਨਾਗੱਪਨ ਦੀ ਬੈਂਚ ਨੇ ਪੀੜਤ ਦੀ ਹੱਥ ਲਿਖਤ ਦਾ ਹੋਰ ਨਮੂਨਾ ਲੈਣ ਅਤੇ ਪੰਚਕੂਲਾ ਅਦਾਲਤ ਵਿਚ ਹੋਰ ਸਬੂਤ ਦੇਣ ਵਾਲੀਆਂ ਪਟੀਸ਼ਨਾਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ।



ਬੈਂਚ ਨੇ ਕਿਹਾ ਕਿ ਹੇਠਲੀ ਅਦਾਲਤ ਤੈਅ ਕਰੇਗੀ ਕਿ ਇਹ ਜਬਰ ਜਨਾਹ ਸੀ ਜਾਂ ਸਹਿਮਤੀ ਨਾਲ ਸਰੀਰਕ ਸਬੰਧ ਬਣੇ ਸਨ। ਡੇਰਾ ਮੁਖੀ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਜੈਯੰਤ ਭੂਸ਼ਨ ਨੇ ਕਿਹਾ ਕਿ ਉਨ੍ਹਾਂ ਦੇ ਮੁਵੱਕਿਲ ਨੂੰ ਬੇਕਸੂਰ ਠਹਿਰਾਉਣ ਲਈ ਇਹ ਸਬੂਤ ਲੋੜੀਂਦੇ ਹਨ। ਬੈਂਚ ਨੇ ਕਿਹਾ ਕਿ ਮੁਲਜ਼ਮ ਨੂੰ ਇਹ ਦਲੀਲ ਨਹੀਂ ਦੇਣੀ ਚਾਹੀਦੀ ਕਿ ਪੀੜਤ ਵੱਲੋਂ ਪਿਆਰ ਦੇ ਲਿਖਤੀ ਇਜ਼ਹਾਰ ਨੂੰ ਸਹਿਮਤੀ ਸਮਝਿਆ ਜਾਵੇ।

## ਨਸ਼ਿਆਂ ਬਾਰੇ ਹੋਵੇਗਾ ਦੇਸ਼ ਵਿਆਪੀ ਸਰਵੇਖਣ

**ਨਵੀਂ ਦਿੱਲੀ:** ਸਰਕਾਰ ਨੇ ਦੇਸ਼ ਭਰ ਦੇ ਲੋਕਾਂ ਵਿਚ ਨਸ਼ੇ ਕਰਨ ਦੀ ਹੱਦ, ਰੁਝਾਨ ਤੇ ਤਰੀਕੇ ਦਾ ਪਤਾ ਲਾਉਣ ਲਈ ਪੰਦਰਾਂ ਸਾਲਾਂ ਦੇ ਵਕਫੇ ਮਗਰੋਂ ਦੇਸ਼ ਵਿਆਪੀ ਸਰਵੇਖਣ ਕਰਵਾਉਣ ਨੂੰ ਹਰੀ ਝੰਡੀ ਦੇ ਦਿੱਤੀ।

ਸੂਤਰਾਂ ਅਨੁਸਾਰ ਸਮਾਜਿਕ ਨਿਆਂ ਤੇ ਸ਼ਕਤੀਕਰਨ ਮੰਤਰਾਲੇ ਵੱਲੋਂ ਇਹ ਸਰਵੇਖਣ ਏਮਸ ਦੇ ਕੌਮੀ ਨਸ਼ਾ ਮੁਕਤੀ ਇਲਾਜ ਕੇਂਦਰ ਦੇ ਸਹਿਯੋਗ ਨਾਲ ਕਰਵਾਇਆ ਜਾਵੇਗਾ। ਇਸ ਸਰਵੇਖਣ ਵਿਚ ਨਸ਼ਿਆਂ ਦੇ ਜਾਲ ਵਿਚ ਫਸੇ ਲੋਕਾਂ ਦੀ ਅਸਲ ਗਿਣਤੀ ਅਤੇ ਕੌਮੀ ਤੇ ਸੂਬਾਈ ਅਨੁਪਾਤ ਦਾ ਪਤਾ ਲੱਗੇਗਾ। ਦੋ ਸਾਲ ਚੱਲਣ ਵਾਲੇ ਇਸ ਸਰਵੇਖਣ ਦੌਰਾਨ ਨਸ਼ੇੜੀਆਂ ਨੂੰ ਨਸ਼ਿਆਂ ਦੀ ਲਤ ਤੋਂ ਬਚਾਉਣ ਲਈ ਦਿੱਤੀਆਂ ਜਾ ਰਹੀਆਂ ਸੇਵਾਵਾਂ ਦਾ ਪਤਾ ਲਾਇਆ ਜਾਵੇਗਾ। ਭਾਰਤ ਵਿਚ ਨਸ਼ਿਆਂ ਦੀ ਹੱਦ ਦਾ ਪਤਾ ਲਾਉਣ ਲਈ ਆਖਰੀ ਦੇਸ਼ ਵਿਆਪੀ ਸਰਵੇਖਣ 2001 ਵਿਚ ਹੋਇਆ ਸੀ ਅਤੇ ਇਸ ਦਾ ਡੇਟਾ 2004 ਵਿਚ ਪ੍ਰਕਾਸ਼ਿਤ ਹੋਇਆ।

## ਸੈਰ ਸਪਾਟਾ ਵਿਭਾਗ ਨੇ ਵੇਚੀਆਂ 90 ਕਰੋੜ ਦੀਆਂ ਜਾਇਦਾਦਾਂ

**ਚੰਡੀਗੜ੍ਹ:** ਪੰਜਾਬ ਦੇ ਸੈਰ ਸਪਾਟਾ ਵਿਭਾਗ ਨੇ ਪਿਛਲੇ 10 ਸਾਲ ਵਿਚ 90 ਕਰੋੜ ਰੁਪਏ ਦੀਆਂ ਸੰਪਤੀਆਂ ਵੇਚੀਆਂ ਹਨ ਜੋ ਕਿ ਸੈਲਾਨੀਆਂ ਨੂੰ ਆਕਰਸ਼ਿਤ ਕਰ ਕੇ ਕਮਾਈ ਦਾ ਵਸੀਲਾ ਬਣ ਸਕਦੀਆਂ ਸਨ। ਇਹ ਖੁਲਾਸਾ ਆਮ ਆਦਮੀ ਪਾਰਟੀ ਦੀ ਆਰ.ਟੀ.ਆਈ ਟੀਮ ਦੇ ਕੋ-ਕਨਵੀਨਰ ਐਡਵੋਕੇਟ ਦਿਨੇਸ਼ ਚੱਢਾ ਨੇ ਪੰਜਾਬ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਿਟਡ ਕੋਲੋਂ ਮੰਗੀ ਆਰ.ਟੀ.ਆਈ ਦਾ ਹਵਾਲਾ ਦਿੰਦੇ ਹੋਏ ਕੀਤਾ।

ਆਰ.ਟੀ.ਆਈ ਵਿਚ ਇਹ ਖੁਲਾਸਾ ਹੋਇਆ ਹੈ ਕਿ ਇਨ੍ਹਾਂ ਜਾਇਦਾਦਾਂ ਵਿਚੋਂ ਗੁਲਮੋਹਰ ਟੂਰਿਸਟ ਕੰਪਲੈਕਸ ਪਠਾਨਕੋਟ 5.25 ਕਰੋੜ ਰੁਪਏ ਵਿਚ ਜੈਪਾਲ ਗੋਇਲ ਨੂੰ, ਮੈਰੀ ਗੋਲਡ ਟੂਰਿਸਟ ਕੰਪਲੈਕਸ ਸੰਘੋਲ 1.80 ਕਰੋੜ ਵਿਚ ਆਈ.ਪੀ. ਬੱਤਰਾ ਨੂੰ, ਮੈਸਰਜ਼ ਕੋਰਡੀਆ ਹੋਟਲਸ ਪ੍ਰਾਈਵੇਟ ਲਿਮੀਟੇਡ ਨੂੰ, ਗਾਰਡੇਨੀਆ ਟੂਰਿਸਟ ਕੰਪਲੈਕਸ ਕਪੂਰਥਲਾ 1.50 ਕਰੋੜ ਵਿਚ ਪਵਨ ਕੁਮਾਰ ਅਗਰਵਾਲ ਨੂੰ, ਕਨੇਰ ਟੂਰਿਸਟ ਕੰਪਲੈਕਸ ਮੋਗਾ 4.25 ਕਰੋੜ ਵਿਚ ਚੰਦ ਸਿੰਘ ਜੌਹਲ ਨੂੰ, ਕੋਰਾਲ ਟੂਰਿਸਟ ਕੰਪਲੈਕਸ ਮਾਧੋਪੁਰ 7.01 ਕਰੋੜ ਵਿਚ ਉਤਮ ਚੰਦ ਨੂੰ, ਕਸ਼ਨੌਰ ਟੂਰਿਸਟ ਕੰਪਲੈਕਸ ਸ਼ੰਭੂ 2.91 ਕਰੋੜ ਵਿਚ ਪਵਨ ਕੁਮਾਰ ਅਤੇ ਰਾਜੀਵ ਗੋਇਲ ਨੂੰ, ਸੁਖਚੈਨ ਟੂਰਿਸਟ ਕੰਪਲੈਕਸ ਜਲੰਧਰ 7.36 ਕਰੋੜ ਵਿਚ ਸੁਧੀਰ ਢੀਂਗਰਾ ਨੂੰ, ਲਾਜਵੰਤ ਟੂਰਿਸਟ ਕੰਪਲੈਕਸ ਹੁਸ਼ਿਆਰਪੁਰ 3.01 ਕਰੋੜ ਵਿਚ ਮੈਸਰਜ਼ ਇੰਦਰਪ੍ਰਸਥ ਮਸ਼ੀਨ ਟੂਲਜ਼ ਪ੍ਰਾਈਵੇਟ ਲਿਮੀਟੇਡ ਨੂੰ, ਅੰਮ੍ਰਿਤਸਰ ਇੰਟਰਨੈਸ਼ਨਲ ਹੋਟਲ 51 ਕਰੋੜ ਵਿਚ ਮੈਸਰਜ਼ ਸੰਗੇਰ ਫਿਨਲੀਜ਼ ਪ੍ਰਾਈਵੇਟ ਲਿਮੀਟੇਡ ਨੂੰ ਅਤੇ ਕੁਇਨਸ ਫਲਾਵਰ ਟੂਰਿਸਟ ਰਿਜੋਰਟ ਲਿਮਟਿਡ ਨੀਲੋਂ 2.54 ਕਰੋੜ ਰੁਪਏ ਵਿਚ ਮਨਪਿੰਦਰ ਕੌਰ ਨੂੰ ਵੇਚ ਦਿੱਤੇ ਗਏ।

## ਭਰਾ ਦੀ ਚਿਤਾ ਵਿਚ ਭੈਣ ਨੇ ਮਾਰੀ ਛਾਲ


**ਜੈਪੁਰ:** ਭਰਾ ਦੀ ਮੌਤ ਦਾ ਦੁੱਖ ਨਾ ਸਹਿਣ ਕਰਦਿਆਂ ਭੈਣ ਨੇ ਉਸ ਦੀ ਚਿਤਾ ਵਿਚ ਛਾਲ ਮਾਰ ਦਿੱਤੀ। ਇਸ ਦਰਦਨਾਕ ਹਾਦਸੇ ਵਿਚ ਭੈਣ ਦੀ ਵੀ ਮੌਤ ਹੋ ਗਈ।

ਘਟਨਾ ਰਾਜਸਥਾਨ ਦੇ ਡੂੰਗਰਪੁਰ ਜ਼ਿਲ੍ਹੇ ਦੇ ਸੀਤਾਰਾਮਪੁਰ ਪਿੰਡ ਦੀ ਹੈ। ਜਾਣਕਾਰੀ ਮੁਤਾਬਕ ਤਿੰਨ ਬੱਚਿਆਂ ਦੀ ਮਾਂ 28 ਸਾਲਾ ਦੁਰਗਾ ਆਪਣੇ ਭਰਾ ਵੇਲਾਰਾਮ ਮਨਾਤ ਦੇ ਨਾਲ ਹੀ ਰਹਿ ਰਹੀ ਸੀ। ਇਕ ਸੜਕ ਹਾਦਸੇ ਵਿਚ ਵੇਲਾਰਾਮ ਜ਼ਖਮੀ ਹੋ ਗਿਆ ਸੀ। ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਜਿਵੇਂ ਹੀ ਪਿੰਡ ਵਾਲੇ ਵੇਲਾਰਾਮ ਦਾ ਅੰਤਿਮ ਸੰਸਕਾਰ ਕਰ ਕੇ ਘਰ ਪਰਤੇ ਤਾਂ ਦੁਰਗਾ ਸ਼ਮਸ਼ਾਨ ਚਲੀ ਗਈ। ਇਥੇ ਅਚਾਨਕ ਹੀ ਉਸ ਨੇ ਚਿਤਾ ਵਿਚ ਛਾਲ ਮਾਰ ਦਿੱਤੀ। ਜਿਵੇਂ ਹੀ ਇਸ ਘਟਨਾ ਦਾ ਪਰਿਵਾਰ ਵਾਲਿਆਂ ਨੂੰ ਪਤਾ ਲੱਗਾ ਤਾਂ ਉਹ ਤੁਰਤ ਸ਼ਮਸ਼ਾਨਘਾਟ ਪਹੁੰਚੇ, ਪਰ ਉਦੋਂ ਤੱਕ ਦੁਰਗਾ ਦੀ ਮੌਤ ਹੋ ਚੁੱਕੀ ਸੀ।

## ਦੁਬਈ ਦੇ ਕਾਰੋਬਾਰੀ ਵੱਲੋਂ ਚੰਦੂਮਾਜਰਾ 'ਤੇ ਕਰੋੜ ਹੜੱਪਣ ਦਾ ਦੋਸ਼

**ਚੰਡੀਗੜ੍ਹ:** ਦੁਬਈ ਦੇ ਇਕ ਕਾਰੋਬਾਰੀ ਨੇ ਆਨੰਦਪੁਰ ਸਾਹਿਬ ਤੋਂ ਅਕਾਲੀ ਦਲ ਦੇ ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਉਤੇ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਦਾ ਮੈਂਬਰ ਨਾਮਜ਼ਦ ਕਰਵਾਉਣ ਦੇ ਨਾਮ ਉਤੇ ਇਕ ਕਰੋੜ ਰੁਪਏ ਹੜੱਪਣ ਦਾ ਇਲਜ਼ਾਮ ਲਾਇਆ ਹੈ। ਨਵਾਂ ਸ਼ਹਿਰ ਨਾਲ ਸਬੰਧਤ ਜਸਪ੍ਰੀਤ ਸਿੰਘ ਸਿੱਧੂ ਨੇ ਇਲਜ਼ਾਮ ਲਾਇਆ ਕਿ ਉਸ ਨੇ ਇਕ ਕਰੋੜ ਰੁਪਏ ਚੰਦੂਮਾਜਰਾ ਦੇ ਖਾਸ ਸਮਝੇ ਜਾਂਦੇ ਸੰਤੋਖ ਸਿੰਘ ਮੱਲਾ ਰਾਹੀਂ ਦਿੱਤੇ ਸਨ।

ਪੈਸੇ ਦੇਣ ਬਾਰੇ ਮੱਲਾ ਨੇ ਉਸ ਦੀ ਚੰਦੂਮਾਜਰਾ ਨਾਲ ਗੱਲ ਵੀ ਕਰਵਾਈ ਸੀ। ਜਸਪ੍ਰੀਤ ਸਿੰਘ ਸਿੱਧੂ ਨੇ ਦੱਸਿਆ ਕਿ ਉਹ ਇੰਟਰਨੈਸ਼ਨਲ ਹਿਊਮਨ ਰਾਈਟ ਆਰਗੇਨਾਈਜ਼ੇਸ਼ਨ ਨਾਮਕ ਸੰਸਥਾ ਚਲਾਉਂਦੇ ਹਨ। 2014 ਵਿਚ ਉਨ੍ਹਾਂ ਦੀ ਸੰਤੋਖ ਸਿੰਘ ਮੱਲਾ ਨੇ ਪ੍ਰੇਮ ਸਿੰਘ ਚੰਦੂਮਾਜਰਾ ਨਾਲ ਮੁਹਾਲੀ ਵਿਚ ਮੁਲਾਕਾਤ ਕਰਵਾਈ ਸੀ। ਜਸਪ੍ਰੀਤ ਸਿੱਧੂ ਅਨੁਸਾਰ ਇਹ ਮੁਲਾਕਾਤ ਚੰਦੂਮਾਜਰਾ ਦੇ ਮੁਹਾਲੀ ਸਥਿਤ ਫੇਜ਼-2 ਵਾਲੇ ਘਰ ਵਿਚ ਹੋਈ ਸੀ। ਇਸ ਦੌਰਾਨ ਚੰਦੂਮਾਜਰਾ ਨੇ ਉਸ ਨੂੰ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਦਾ ਮੈਂਬਰ ਨਾਮਜ਼ਦ ਕਰਵਾਉਣ ਦੀ ਗੱਲ ਆਖੀ। ਚੰਦੂਮਾਜਰਾ ਨੇ ਇਕ ਕਰੋੜ ਰੁਪਏ ਪਾਰਟੀ ਫੰਡ ਦੇਣ ਲਈ ਵੀ ਆਖਿਆ। ਜਸਪ੍ਰੀਤ ਸਿੱਧੂ ਅਨੁਸਾਰ ਉਸ ਨੇ ਚੰਦੂਮਾਜਰਾ ਨੂੰ ਇਕ ਕਰੋੜ ਰੁਪਏ ਚੈੱਕ ਰਾਹੀਂ ਦੇਣ ਦੀ ਗੱਲ ਆਖੀ ਪਰ ਉਨ੍ਹਾਂ ਸਾਰਾ ਪੈਸਾ ਨਕਦ ਲੈਣ ਲਈ ਕਿਹਾ। ਇਸ ਤੋਂ ਬਾਅਦ 26 ਮਾਰਚ, 2014 ਨੂੰ ਜਥੇਦਾਰ ਸੰਤੋਖ ਸਿੰਘ ਮੱਲਾ ਉਨ੍ਹਾਂ ਦੀ ਚੰਡੀਗੜ੍ਹ ਸਥਿਤ ਕੋਠੀ ਉਤੇ ਆਇਆ ਤੇ ਪੈਸਿਆਂ ਦੀ ਮੰਗ ਕੀਤੀ।



ਉਨ੍ਹਾਂ ਪੂਰਾ ਪੈਸਾ ਸੰਤੋਖ ਸਿੰਘ ਮੱਲਾ ਨੂੰ ਦੇ ਦਿੱਤਾ। ਜਸਪ੍ਰੀਤ ਸਿੱਧੂ ਅਨੁਸਾਰ ਪੈਸਾ ਲੈਣ ਤੋਂ ਬਾਅਦ ਉਨ੍ਹਾਂ ਨੂੰ 45 ਦਿਨਾਂ ਵਿਚ ਕਮਿਸ਼ਨ ਦਾ ਮੈਂਬਰ ਨਾਮਜ਼ਦ ਕਰਵਾਉਣ ਦੀ ਗੱਲ ਆਖੀ ਗਈ। ਕਾਫੀ ਸਮਾਂ ਬੀਤ ਜਾਣ ਤੋਂ ਬਾਅਦ ਵੀ ਉਸ ਨੂੰ ਮੈਂਬਰ ਨਾਮਜ਼ਦ ਨਹੀਂ ਕਰਵਾਇਆ ਗਿਆ। ਇਸ ਤੋਂ ਉਨ੍ਹਾਂ ਮੈਂਬਰ ਲੱਗਣ ਦਾ ਵਿਚਾਰ ਤਿਆਗ ਦਿੱਤਾ ਤੇ ਪੈਸੇ ਵਾਪਸ ਕਰਨ ਦੀ ਮੰਗ ਕੀਤੀ ਪਰ ਇਸ ਸਬੰਧੀ ਉਨ੍ਹਾਂ ਨੂੰ ਕੋਈ ਤਸੱਲੀਬਖਸ਼ ਜਵਾਬ ਨਹੀਂ ਮਿਲਿਆ। ਪਰੇਸ਼ਾਨ ਹੋ ਕੇ ਉਨ੍ਹਾਂ ਸਤੰਬਰ 2015 ਵਿਚ ਸੂਬੇ ਦੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਨੂੰ ਪੈਸੇ ਵਾਪਸ ਕਰਵਾਉਣ ਲਈ ਚਿੱਠੀ ਲਿਖੀ। ਇਸ ਤੋਂ ਇਲਾਵਾ ਉਨ੍ਹਾਂ ਪੰਜਾਬ ਦੇ 117 ਵਿਧਾਇਕਾਂ ਤੇ ਲੋਕ ਸਭਾ ਮੈਂਬਰਾਂ ਨੂੰ ਵੀ ਇਨਸਾਫ ਲਈ ਚਿੱਠੀ ਲਿਖੀ। ਜਸਪ੍ਰੀਤ ਸਿੱਧੂ ਅਨੁਸਾਰ ਉਨ੍ਹਾਂ ਕੋਲ ਪੈਸਿਆਂ ਦੇ ਲੈਣ ਦੇਣ ਤੇ ਹੋਰ ਗੱਲਬਾਤ ਦੀ ਰਿਕਾਰਡਿੰਗ ਮੌਜੂਦ ਹੈ। ਜਸਪ੍ਰੀਤ ਸਿੱਧੂ ਨੇ ਸਪਸ਼ਟ ਕੀਤਾ ਕਿ ਜੇਕਰ ਉਨ੍ਹਾਂ ਨੂੰ ਪੈਸੇ ਨਹੀਂ ਮਿਲਦੇ ਤਾਂ ਉਹ ਅਦਾਲਤ ਵਿਚ ਜਾਣਗੇ। ਉਨ੍ਹਾਂ ਆਖਿਆ ਪੰਜਾਬ ਪੁਲਿਸ ਦੀ ਜਾਂਚ ਉਤੇ ਉਨ੍ਹਾਂ ਨੂੰ ਭਰੋਸਾ ਨਹੀਂ ਹੈ।

ਦੂਜੇ ਪਾਸੇ ਪ੍ਰੇਮ ਸਿੰਘ ਚੰਦੂਮਾਜਰਾ ਨੇ ਆਖਿਆ ਕਿ ਜਸਪ੍ਰੀਤ ਸਿੱਧੂ ਉਨ੍ਹਾਂ ਨੂੰ ਬਲੈਕਮੇਲ ਕਰ ਰਿਹਾ ਹੈ। ਨਾਲ ਹੀ ਉਨ੍ਹਾਂ ਜਸਪ੍ਰੀਤ ਸਿੰਘ ਸਿੱਧੂ ਖਿਲਾਫ ਮਾਣਹਾਨੀ ਦਾ ਕੇਸ ਕਰਨ ਦੀ ਵੀ ਗੱਲ ਆਖੀ। ਉਨ੍ਹਾਂ ਆਖਿਆ ਕਿ ਇਹ ਇਕ ਸਾਜ਼ਿਸ਼ ਹੈ ਕਿਉਂਕਿ ਕੇਂਦਰ ਵਿਚ ਕੈਬਨਿਟ ਵਿਚ ਫੇਰਬਦਲ ਹੋਣ ਵਾਲਾ ਹੈ।

# ਮੋਦੀ ਦੀ 'ਮਨ ਕੀ ਬਾਤ' ਬਨਾਮ 'ਤਨ ਕੀ ਬਾਤ'

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455


ਹਫਤਾਵਾਰੀ ਕਾਲਮ ਲਿਖਣ ਲਈ ਜਦੋਂ ਇਸ ਵਾਰੀ ਕਲਮ ਚੁੱਕੀ ਤਾਂ ਪੰਜਾਬ ਅਤੇ ਭਾਰਤ ਦੇ ਰਾਜਸੀ ਦ੍ਰਿਸ਼ ਸਬੰਧੀ ਪਹਿਲਾ ਸਵਾਲ ਆਮ ਆਦਮੀ ਪਾਰਟੀ ਬਾਰੇ ਖੜਾ ਹੋ ਗਿਆ। ਇਸ ਪਾਰਟੀ ਦੇ ਵਿਰੋਧ ਵਾਲੇ ਵੀ ਘੱਟ ਨਹੀਂ ਅਤੇ ਪੱਖ ਪੂਰਨ ਵਾਲੇ ਵੀ ਬੜੇ ਹਨ। ਕਦੇ-ਕਦੇ ਤਾਂ ਇੰਜ ਜਾਪਦਾ ਹੈ, ਜਿਵੇਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਲਈ ਮੁੱਖ ਮੁੱਦਾ ਇਸ ਪਾਰਟੀ ਦੀ ਹੋਂਦ ਹੀ ਬਣ ਜਾਣੀ ਹੈ। ਹਰ ਜ਼ਾਬਤੇ ਤੋਂ ਸੱਖਣੀ ਭਾਜੜ ਜਿਹੀ ਵਿਚ ਦੌੜਦੀ ਭੀੜ ਵਰਗੀ ਇਹ ਪਾਰਟੀ ਇਸ ਵਕਤ ਕਿਸੇ ਦਲ ਤੋਂ ਵੱਧ 'ਮੁਲਖਈਆ' ਜਾਪਦੀ ਹੈ।

ਪਿਛਲੇ ਸਮਿਆਂ ਵਿਚ ਜਦੋਂ ਕਦੇ ਜੰਗਾਂ ਹੁੰਦੀਆਂ ਸਨ ਤਾਂ ਉਦੋਂ ਕਈ ਵਾਰੀ ਕੁਝ ਲੋਕ ਫੌਜ ਦਾ ਹਿੱਸਾ ਨਾ ਹੁੰਦੇ ਹੋਏ ਵੀ ਆਪਣੇ ਆਪ ਉਨ੍ਹਾਂ ਫੌਜਾਂ ਨਾਲ ਉਠ ਤੁਰਦੇ ਸਨ ਤੇ ਬਾਕਾਇਦਾ ਫੌਜੀਆਂ ਤੋਂ ਵੱਧ ਲਲਕਾਰੇ ਮਾਰਦੇ ਹੁੰਦੇ ਹਨ। ਇਸ ਤਰ੍ਹਾਂ ਤੁਰਦੀ ਭੀੜ ਲਈ ਉਦੋਂ 'ਮੁਲਖਈਆ' ਦਾ ਲਫਜ਼ ਵਰਤਿਆ ਜਾਂਦਾ ਸੀ। ਜਿੱਦਾਂ ਦਾ ਦ੍ਰਿਸ਼ ਇਸ ਵਕਤ ਆਮ ਆਦਮੀ ਪਾਰਟੀ ਵਿਚ ਦਿਸਦਾ ਹੈ, ਉਸ ਤੋਂ ਮੁਲਖਈਏ ਦਾ ਝਉਲਾ ਜਿਹਾ ਪੈਂਦਾ ਹੈ।

ਵੀਹ ਕੁ ਸਾਲ ਪਹਿਲਾਂ ਇੱਕ ਸੈਮੀਨਾਰ ਵਿਚ ਪੁਲਿਸ ਦੇ ਇੱਕ ਅਫਸਰ ਨੇ ਕਿਹਾ ਸੀ ਕਿ ਸਾਡੇ ਕੋਲ ਜਦੋਂ ਨਵੇਂ ਅਫਸਰ ਆਉਂਦੇ ਹਨ ਤਾਂ ਪਹਿਲੇ ਤੇਰਾਂ ਕੁ ਸਾਲ ਆਪਸੀ ਪਿਆਰ ਰੱਖ ਕੇ ਚੱਲਦੇ ਹਨ, ਚੌਧਵੇਂ ਸਾਲ ਡੀ ਆਈ ਜੀ ਬਣਨ ਦੇ ਨਾਲ ਇੱਕ-ਦੂਸਰੇ ਦੇ ਪੈਰ ਮਿੱਧਣ ਲਈ ਰੁੱਝ ਜਾਂਦੇ ਹਨ, ਕਿਉਂਕਿ ਅੱਗੋਂ ਰਾਜ ਦੀ ਪੁਲਿਸ ਦਾ ਮੁਖੀ ਸਿਰਫ ਇੱਕੋ ਹੋਣਾ ਹੁੰਦਾ ਹੈ। ਬਾਕੀ ਪਿੱਛੇ ਧੱਕੇ ਜਾਂਦੇ ਹਨ। ਆਮ ਆਦਮੀ ਪਾਰਟੀ ਦੇ ਆਗੂ ਵੀ ਮਾੜੇ-ਮੋਟੇ ਰੋਸੇ ਨਾਲ ਹਾਲ ਦੀ ਘੜੀ ਸਾਂਝ ਨਿਭਾ ਰਹੇ ਹਨ, ਪਰ ਦਿੱਲੀ ਦੀਆਂ ਚੋਣਾਂ ਮੌਕੇ ਜਿੱਦਾਂ ਪ੍ਰਸ਼ਾਂਤ ਭੂਸ਼ਣ ਅਤੇ ਯੋਗੇਂਦਰ ਯਾਦਵ ਦੇ ਮਨ ਵਿਚ ਇਹ ਗੱਲ ਆ ਗਈ ਸੀ ਕਿ ਕੇਜਰੀਵਾਲ ਰਾਜ ਕਰੇਗਾ ਤਾਂ ਅਸੀਂ ਕਾਹਦੇ ਲਈ ਰਹਿ ਜਾਵਾਂਗੇ, ਉਦਾਂ ਦੀਆਂ ਗੱਲਾਂ ਇਥੇ ਵੀ ਸੁਣੀਆਂ ਜਾ ਰਹੀਆਂ ਹਨ। ਉਰਦੂ ਦਾ ਸ਼ੇਅਰ ਹੈ, 'ਇਬਤਦਾਏ ਇਸ਼ਕ ਹੈ, ਰੋਤਾ ਹੈ ਕਿਆ, ਆਗੇ ਆਗੇ ਦੇਖੀਏ ਹੋਤਾ ਹੈ ਕਿਆ!'

ਦੂਸਰੇ ਪਾਸੇ ਇਨ੍ਹਾਂ ਦੇ ਵਿਰੋਧ ਲਈ ਜਿਹੜੀਆਂ ਮੁੱਖ ਪਾਰਟੀਆਂ ਇਸ ਵਕਤ ਰਾਜ ਕਰਦੀਆਂ ਜਾਂ ਰਾਜ ਕਰਨ ਦੇ ਸੁਫਨੇ ਲੈਂਦੀਆਂ ਹਨ, ਆਮ ਆਦਮੀ ਪਾਰਟੀ ਦੇ ਵਿਰੁੱਧ ਇੱਕੋ ਬੋਲੀ ਬੋਲਦੀਆਂ ਹਨ। ਜਿਨ੍ਹਾਂ ਨੇ ਅੰਗਰੇਜ਼ਾਂ ਦੇ ਰਾਜ ਦੌਰਾਨ ਉਨ੍ਹਾਂ ਦੀ ਸੇਵਾ ਵਿਚ ਕਸਰ ਨਹੀਂ ਸੀ ਛੱਡੀ, ਉਹ ਇਹ ਕਹਿ ਰਹੇ ਹਨ ਕਿ ਕੇਜਰੀਵਾਲ ਆਇਆ ਤਾਂ ਈਸਟ ਇੰਡੀਆ ਕੰਪਨੀ ਦੁਬਾਰਾ ਆਉਣ ਵਾਲੀ ਗੱਲ ਹੋਵੇਗੀ। ਲੋਕ ਸੁਣ ਕੇ ਹੱਸ ਛੱਡਦੇ ਹਨ। ਪੰਜਾਬ, ਗੋਆ ਜਾਂ ਕਿਸੇ ਹੋਰ ਰਾਜ ਵਾਲੇ ਲੋਕ ਹੋਣ, ਜੇ ਉਨ੍ਹਾਂ ਨੇ ਦਿੱਲੀ ਦੇ ਲੋਕਾਂ ਵਾਂਗ ਅਸਲੋਂ ਨਾ-ਤਜਰਬੇਕਾਰ ਪਾਰਟੀ ਦਾ ਪੱਲਾ ਫੜਨਾ ਹੋਇਆ ਤਾਂ ਇਸ ਕਰ ਕੇ ਨਹੀਂ ਕਿ ਇਹ ਸੋਹਣਾ ਸੁਫਨਾ ਦਿਖਾ ਰਹੀ ਹੈ, ਸਗੋਂ ਇਸ ਲਈ ਫੜਨਗੇ ਕਿ ਪਹਿਲੀਆਂ ਸਿਆਸੀ ਧਿਰਾਂ ਨੇ ਆਮ ਲੋਕਾਂ ਦੇ ਭਰੋਸਾ ਕਰਨ ਜੋਗੀ ਕੋਈ ਗੱਲ ਬਾਕੀ ਨਹੀਂ ਛੱਡੀ। ਵਿਧਾਨ ਸਭਾ ਚੋਣਾਂ ਜਦੋਂ ਸਿਰ 'ਤੇ ਹਨ, ਰਵਾਇਤੀ ਪਾਰਟੀਆਂ ਇਸ ਤਰ੍ਹਾਂ ਦੀ ਬੇਵਿਸ਼ਵਾਸੀ ਉਦੋਂ ਵੀ ਵਧਾਈ ਜਾਂਦੀਆਂ ਹਨ।

ਪਿਛਲੇ ਐਤਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫਿਰ 'ਮਨ ਕੀ ਬਾਤ' ਕੀਤੀ ਅਤੇ ਇਸ ਨਾਲ ਲੋਕਾਂ ਨੂੰ ਪਤਿਆਉਣ ਦਾ ਯਤਨ ਕੀਤਾ ਹੈ। ਭੁੱਖਾਂ ਦੇ ਸਤਾਏ ਲੋਕਾਂ ਨੂੰ 'ਮਨ ਕੀ ਬਾਤ' ਤੋਂ ਵੱਧ ਆਪਣੇ ਅੰਦਰ ਦੀ ਉਹ ਬਾਤ ਸੁਣਦੀ ਹੈ, ਜਿਹੜੀ ਉਹ ਆਪਣੇ ਤਨ ਉਤੇ ਹੰਢਾਉਂਦੇ ਹਨ ਅਤੇ ਠੰਢੇ ਚੁੱਲ੍ਹੇ ਵੱਲ ਝਾਕਦੇ ਜਵਾਕਾਂ ਨੂੰ ਵੇਖ ਕੇ ਸਮਝ ਸਕਦੇ ਹਨ। ਪ੍ਰਧਾਨ ਮੰਤਰੀ ਕਹਿੰਦਾ ਹੈ ਕਿ ਉਸ ਦੀ ਸਰਕਾਰ ਨੇ ਭ੍ਰਿਸ਼ਟਾਚਾਰ ਅੱਗੇ ਏਦਾਂ ਦਾ ਅੜਿੱਕਾ ਲਾ ਦਿੱਤਾ ਹੈ ਕਿ ਗਲਤ ਕੰਮ ਹੁਣ ਕੋਈ ਬੰਦਾ ਕਰ ਹੀ ਨਹੀਂ ਸਕਦਾ, ਤੇ ਕੋਈ ਕਰੇ ਵੀ ਕਿਉਂ, ਇਹ ਕੰਮ ਖੁਦ ਮੋਦੀ ਦੇ ਮੰਤਰੀ, ਉਸ ਦੀ ਪਾਰਟੀ ਦੇ ਮੁੱਖ ਮੰਤਰੀ ਜਾਂ ਉਸ ਦੇ ਖੱਬੇ-ਸੱਜੇ ਘੁੰਮਣ ਵਾਲੇ ਸਾਧ ਤੇ ਯੋਗੀ ਕਰੀ ਜਾਂਦੇ ਹਨ। ਬਹੁਤ ਵੱਡੀ ਗੱਲ ਪ੍ਰਧਾਨ ਮੰਤਰੀ ਨੇ ਇਹ ਕਹੀ ਕਿ ਉਸ ਦੀ ਸਰਕਾਰ ਨੇ ਕਾਲੇ ਧਨ ਵਾਲਿਆਂ ਨੂੰ ਕਹਿ ਦਿੱਤਾ ਹੈ ਕਿ ਜਿਸ ਕਿਸੇ ਕੋਲ ਕਾਲਾ ਧਨ ਹੈ, ਫਲਾਣੀ ਤਰੀਕ ਤੱਕ ਟੈਕਸ ਅਦਾ ਕਰ ਕੇ ਵਿਹਲਾ ਹੋ ਜਾਵੇ, ਸਰਕਾਰ ਉਸ ਵਿਰੁਧ ਕਾਰਵਾਈ ਨਹੀਂ ਕਰੇਗੀ, ਪਰ ਉਸ ਤੋਂ ਬਾਅਦ ਕਿਸੇ ਨੂੰ ਬਖਸ਼ਿਆ ਨਹੀਂ ਜਾਣਾ। ਕੁਝ ਲੋਕ ਕਹਿੰਦੇ ਹਨ ਕਿ ਮੋਦੀ ਦੀ ਇਹੋ ਜਿਹੀ ਸਕੀਮ ਨਾਲ ਸਾਰੇ ਸਿਆਪਿਆਂ ਦਾ ਹੱਲ ਨਿਕਲ ਆਉਣਾ ਹੈ। ਇਹ ਕਹਿਣ ਦੀਆਂ ਗੱਲਾਂ ਹਨ ਅਤੇ ਉਹ ਲੋਕ ਹੀ ਕਹਿ ਸਕਦੇ ਹਨ, ਜਿਨ੍ਹਾਂ ਨੂੰ ਕਾਲੇ ਧਨ ਬਾਰੇ ਇਸ ਤਰ੍ਹਾਂ ਦੀਆਂ ਪੇਸ਼ਕਸ਼ਾਂ ਦੇ ਚਾਲੀ ਸਾਲਾਂ ਦੇ ਉਸ ਇਤਿਹਾਸ ਦਾ ਪਤਾ ਨਹੀਂ, ਜਿਹੜਾ ਮੋਰਾਰਜੀ ਦੇਸਾਈ ਸਰਕਾਰ ਦੇ ਵਕਤ ਸ਼ੁਰੂ ਹੋਇਆ ਸੀ।



Mann Ki Baat

ਮੋਰਾਰਜੀ ਦੇਸਾਈ ਦੀ ਸਰਕਾਰ ਵਿਚ ਉਦੋਂ ਦੀ ਜਨ ਸੰਘ ਤੇ ਅੱਜ ਦੀ ਭਾਜਪਾ ਦੇ ਆਗੂ ਸ਼ਾਮਲ ਸਨ। ਉਸ ਸਰਕਾਰ ਨੇ ਹਾਜੀ ਮਸਤਾਨ ਵਰਗੇ ਵੱਡੇ ਸਮੱਗਲਰਾਂ ਨੂੰ ਇਹੋ ਖੁੱਲ੍ਹਾਂ ਦਿੱਤੀਆਂ ਸਨ, ਪਰ ਇਸ ਨਾਲ ਲਾਭ ਨਹੀਂ ਸੀ ਹੋਇਆ। ਬਾਅਦ ਵਿਚ ਜਦੋਂ ਲਾਟਰੀ ਨਿਕਲਣ ਵਾਂਗ ਨਰਸਿਮਹਾ ਰਾਓ ਨੂੰ ਪ੍ਰਧਾਨ ਮੰਤਰੀ ਅਤੇ ਮਨਮੋਹਨ ਸਿੰਘ ਨੂੰ ਖਜ਼ਾਨਾ ਮੰਤਰੀ ਦੀ ਕੁਰਸੀ ਮਿਲ ਗਈ, ਇਹੋ ਜਿਹੀ ਸਕੀਮ ਉਨ੍ਹਾਂ ਨੇ ਵੀ ਜਾਰੀ ਕੀਤੀ ਤੇ ਬਹੁਤ ਵੱਡੀ ਮਾਤਰਾ ਵਿਚ ਕਾਲਾ ਧਨ ਕੱਢ ਲੈਣ ਦੀ ਆਸ ਰੱਖੀ ਸੀ। ਨਤੀਜਾ ਠੋਸ ਨਹੀਂ ਸੀ ਨਿਕਲਿਆ। ਐਚ ਡੀ ਦੇਵਗੌੜਾ ਦੀ ਅਗਵਾਈ ਹੇਠ ਬਣੀ ਸਰਕਾਰ ਦੇ ਖਜ਼ਾਨਾ ਮੰਤਰੀ ਪੀ. ਚਿਦੰਬਰਮ ਨੇ ਵੀ ਇਦਾਂ ਦੀ ਸਕੀਮ ਪੇਸ਼ ਕੀਤੀ ਸੀ ਤੇ ਇਸ ਤੋਂ ਬਹੁਤ ਵੱਡੀ ਮਾਤਰਾ ਵਿਚ ਕਾਲੀ ਕਮਾਈ ਲੋਕਾਂ ਸਾਹਮਣੇ ਆ ਜਾਣ ਦਾ ਭਰੋਸਾ ਦਿੱਤਾ ਸੀ। ਨਤੀਜੇ ਵਿਚ ਫਿਰ ਪਹਿਲਾਂ ਦਾ ਕਾਰਡ ਹੀ ਤਰੀਕਾਂ ਬਦਲ ਕੇ ਪੇਸ਼ ਹੋ ਗਿਆ। ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਆਈ ਤਾਂ ਫਿਰ ਇਹੋ ਤਜਰਬਾ ਕਰ ਲਿਆ ਸੀ। ਹੁਣ ਨਰਿੰਦਰ ਮੋਦੀ ਤੇ ਖਜ਼ਾਨਾ ਮੰਤਰੀ ਅਰੁਣ ਜੇਤਲੀ ਇਹੋ ਐਲਾਨ ਕਰ ਕੇ ਲੋਕਾਂ ਕੋਲ ਬੇਯਕੀਨੇ ਜਿਹੇ ਦਾਅਵੇ ਕਰੀ ਜਾ ਰਹੇ ਹਨ। ਨਤੀਜਾ ਫਿਰ ਉਹੋ ਨਿਕਲੇਗਾ। ਇਸ ਦਾ ਕਾਰਨ ਕਾਲੇ ਧਨ ਦੀ ਚਰਚਾ ਅਤੇ ਇਸ ਚਰਚਾ ਪਿਛੋਂ ਚੱਲਦੇ ਅਦਾਲਤੀ ਕੇਸਾਂ ਦੇ ਇਤਿਹਾਸ ਵਿਚ ਲੁਕਿਆ ਪਿਆ ਹੈ।

ਰਾਮ ਜੇਠਮਲਾਨੀ ਇੱਕ ਸਮੇਂ ਵਾਜਪਾਈ ਦਾ ਬੜਾ ਨੇੜੂ ਸੀ ਤੇ ਉਸ ਨੂੰ ਕੇਂਦਰੀ ਮੰਤਰੀ ਬਣਾਇਆ ਗਿਆ ਸੀ। ਫਿਰ ਰੁੱਸ ਕੇ ਅਸਤੀਫਾ ਦੇ ਗਿਆ। ਡਾ. ਮਨਮੋਹਨ ਸਿੰਘ ਦੇ ਵਕਤ ਕਾਲੇ ਧਨ ਦੇ ਮੁੱਦੇ ਉਤੇ ਸੁਪਰੀਮ ਕੋਰਟ ਵਿਚ ਕੇਸ ਉਸੇ ਰਾਮ ਜੇਠਮਲਾਨੀ ਨੇ ਕੀਤਾ ਸੀ ਤਾਂ ਇਸ ਬਾਰੇ ਉਦੋਂ ਵਾਲੀ ਸਰਕਾਰ ਕੁਝ ਕਹਿੰਦੀ ਅਤੇ ਉਸ ਸਰਕਾਰ ਦੀਆਂ ਜਾਂਚ ਏਜੰਸੀਆਂ ਕੁਝ ਹੋਰ ਕਹਿੰਦੀਆਂ ਸਨ। ਜਿਹੜੀ ਭਾਜਪਾ ਨੇ ਕਿਹਾ ਸੀ ਕਿ ਅਸੀਂ ਆ ਕੇ ਅਦਾਲਤ ਨੂੰ ਸਭ ਕੁਝ ਸੱਚ ਦੱਸ ਦਿਆਂਗੇ, ਉਨ੍ਹਾਂ ਨੇ ਪਿਛਲੇ ਸਾਢੇ ਪੰਝੀ ਮਹੀਨਿਆਂ ਵਿਚ ਇਸ ਬਾਰੇ ਕੁਝ ਕੀਤਾ ਹੀ ਨਹੀਂ। ਉਦੋਂ ਭਾਜਪਾ ਆਗੂ ਪਾਰਲੀਮੈਂਟ ਵਿਚ ਕਹਿੰਦੇ ਸਨ ਕਿ ਕਾਂਗਰਸੀ ਸਰਕਾਰ ਇਸ ਕਰ ਕੇ ਨਹੀਂ ਦੱਸਦੀ ਕਿ ਉਸ ਦੇ ਆਪਣੇ ਆਗੂ ਫਸ ਜਾਣੇ ਹਨ, ਪਰ ਹੁਣ ਭਾਜਪਾ ਕਿਉਂ ਨਹੀਂ ਦੱਸਦੀ? ਇਸ ਦਾ ਜਵਾਬ ਇਹ ਵੀ ਨਹੀਂ ਦਿੰਦੇ। ਜੇਠਮਲਾਨੀ ਵਾਲਾ ਕੇਸ ਜਿਵੇਂ ਉਦੋਂ ਚੱਲੀ ਜਾਂਦਾ ਸੀ, ਉਵੇਂ ਹੁਣ ਚੱਲੀ ਜਾਂਦਾ ਹੈ ਅਤੇ ਜਿਵੇਂ ਉਦੋਂ ਉਹ ਡਾ. ਮਨਮੋਹਨ ਸਿੰਘ ਸਰਕਾਰ ਬਾਰੇ ਦੋਸ਼ ਲਾਉਂਦਾ ਹੁੰਦਾ ਸੀ, ਉਵੇਂ ਹੁਣ ਨਰਿੰਦਰ ਮੋਦੀ ਸਰਕਾਰ ਤੇ ਖਾਸ ਤੌਰ ਉਤੇ ਹੁਣ ਦੇ ਖਜ਼ਾਨਾ ਮੰਤਰੀ ਅਰੁਣ ਜੇਤਲੀ ਦੇ ਖਿਲਾਫ ਲਾਈ ਜਾਂਦਾ ਹੈ। ਜੇਤਲੀ ਸਾਹਿਬ ਉਸ ਦੀ ਕਿਸੇ ਗੱਲ ਦਾ ਜਵਾਬ ਹੀ ਨਹੀਂ ਦਿੰਦੇ।

ਇੱਕੀਵੀਂ ਸਦੀ ਚੜ੍ਹਨ ਪਿੱਛੋਂ ਦੇ ਭਾਰਤ ਦੇ ਸਭ ਤੋਂ ਵੱਡੇ ਘਪਲਿਆਂ ਵਿਚ ਟੈਲੀਕਾਮ ਦੇ ਟੂ-ਜੀ ਸਪੈਕਟਰਮ ਦਾ ਕੇਸ ਪਹਿਲਾ ਸੀ, ਜਿਹੜਾ ਉਦੋਂ ਪੌਣੇ ਦੋ ਲੱਖ ਕਰੋੜ ਰੁਪਏ ਨੂੰ ਪਹੁੰਚ ਗਿਆ ਸੀ। ਉਸ ਘਪਲੇ ਵਿਚ ਇੱਕ ਬੀਬੀ ਨੀਰਾ ਰਾਡੀਆ ਦਾ ਨਾਂ ਬਹੁਤ ਵੱਡੀ ਚਰਚਾ ਵਿਚ ਰਿਹਾ। ਕਿਸੇ ਵੇਲੇ ਸਿਰਫ ਪੰਦਰਾਂ ਲੱਖ ਰੁਪਏ ਲੈ ਕੇ ਹਵਾਈ ਕੰਪਨੀ ਬਣਾਉਣ ਦਾ ਸੁਫਨਾ ਲੈਣ ਵਾਲੀ ਨੀਰਾ ਉਸ ਸੁਫਨੇ ਵਿਚ ਫੇਲ੍ਹ ਹੋਣ ਪਿੱਛੋਂ ਵੱਡੇ ਲੋਕਾਂ ਦੀ ਵਿਚੋਲੀ ਬਣ ਗਈ ਤੇ ਕੁਝ ਮਹੀਨਿਆਂ ਵਿਚ ਹੀ ਸੱਤ ਸੌ ਕਰੋੜ ਰੁਪਏ ਦੀ ਮਾਲਕ ਹੋ ਗਈ। ਜਿਹੜੇ ਲੋਕ ਨੀਰਾ ਰਾਡੀਆ ਤੋਂ ਵਿਚੋਲਗੀ ਦੇ ਕੰਮ ਕਰਵਾਉਂਦੇ ਮੰਨੇ ਜਾ ਰਹੇ ਸਨ, ਉਹ ਅੱਜ ਭਾਜਪਾ ਸਰਕਾਰ ਦੇ ਮੰਤਰੀਆਂ ਦੇ ਨੇੜੂ ਹਨ। ਪਨਾਮਾ ਪੇਪਰਜ਼ ਦੇ ਕੇਸ ਵਿਚ ਫਿਰ ਨੀਰਾ ਰਾਡੀਆ ਦਾ ਨਾਂ ਆਇਆ, ਪਰ ਸਮਝਿਆ ਜਾਂਦਾ ਹੈ ਕਿ ਉਸ ਦੇ ਖਿਲਾਫ ਕਾਰਵਾਈ ਇਸ ਲਈ ਨਹੀਂ ਕੀਤੀ ਗਈ ਕਿ ਉਸ ਨੂੰ ਹੱਥ ਪਾਇਆ ਤਾਂ ਲੀਰਾਂ ਦਾ ਖਿੱਦੋ ਖਿੱਲਰ ਜਾਵੇਗਾ। ਕਈ ਪੂੰਜੀਪਤੀ ਉਦੋਂ ਨੀਰਾ ਰਾਡੀਆ ਦੇ ਰਾਹੀਂ ਨੋਟ ਖਰਚ ਕਰ ਕੇ ਮਨਮੋਹਨ ਸਿੰਘ ਸਰਕਾਰ ਤੋਂ ਕੰਮ ਕਰਾਉਂਦੇ ਰਹੇ ਸਨ ਤੇ ਹੁਣ ਉਹੋ ਸੱਜਣ ਭਾਜਪਾ ਸਰਕਾਰ ਦੇ ਮੰਤਰੀਆਂ ਤੇ ਮੁੱਖ ਮੰਤਰੀਆਂ ਨੂੰ ਨੋਟਾਂ ਦਾ ਚੋਗਾ ਸੁੱਟ ਕੇ ਕੰਮ ਕਰਵਾਈ ਜਾਂਦੇ ਹਨ।

ਡਾ. ਮਨਮੋਹਨ ਸਿੰਘ ਸਰਕਾਰ ਵਿਚ ਡੀ ਐਮ ਕੇ ਪਾਰਟੀ ਦਾ ਮੰਤਰੀ ਡੀ. ਰਾਜਾ ਫੜਿਆ ਜਾਣ ਨਾਲ ਬਦਨਾਮੀ ਹੋਈ ਸੀ, ਹੁਣ ਵਾਲੀ ਸਰਕਾਰ ਦੇ ਵਕਤ ਫੜੇ ਭਾਵੇਂ ਨਹੀਂ ਗਏ, ਚਰਚਾ ਕਈਆਂ ਦੀ ਹੈ। ਜਦੋਂ ਨਰਸਿਮਹਾ ਰਾਓ ਦੀ ਸਰਕਾਰ ਸੀ, ਟੈਲੀਕਾਮ ਮਹਿਕਮੇ ਦਾ ਮੰਤਰੀ ਸੁਖਰਾਮ ਫਸ ਗਿਆ ਤੇ ਉਸ ਦੇ ਘਰ ਵੱਜੇ ਛਾਪੇ ਵਿਚ ਸਿਰਹਾਣਿਆਂ ਵਿਚ ਨੋਟ ਭਰੇ ਹੋਏ ਲੱਭੇ ਸਨ। ਸਭ ਤੋਂ ਵੱਧ ਇਹ ਮੁੱਦਾ ਚੋਣਾਂ ਵਿਚ ਭਾਜਪਾ ਦੇ ਲੀਡਰ ਵਾਜਪਾਈ ਨੇ ਚੁੱਕਿਆ ਸੀ, ਪਰ ਪ੍ਰਧਾਨ ਮੰਤਰੀ ਬਣ ਕੇ ਉਸੇ ਵਾਜਪਾਈ ਨੇ ਉਸੇ ਸਿਰਹਾਣਿਆਂ ਵਿਚ ਨੋਟਾਂ ਕਾਰਨ ਬੱਦੂ ਹੋਏ ਕਾਂਗਰਸੀ ਸੁਖਰਾਮ ਨੂੰ ਆਪਣੇ ਨਾਲ ਕੇਂਦਰੀ ਮੰਤਰੀ ਬਣਾ ਲਿਆ ਸੀ। ਮਾਇਆ ਦਾ ਮੋਹ ਜਦੋਂ ਪਾਰਟੀ ਦੇ ਇੱਕ ਆਗੂ ਨੂੰ ਪੈ ਜਾਵੇ, ਉਹ ਅੱਗੋਂ ਇਸ ਮੋਹ ਦੀ ਇਨਫੈਕਸ਼ਨ ਏਨੀ ਖਿਲਾਰ ਦਿੰਦਾ ਹੈ ਕਿ ਲੀਡਰ ਚਲਾ ਵੀ ਜਾਵੇ ਤਾਂ ਪਾਰਟੀ ਮਾਇਆ ਦੇ ਮੋਹ ਤੋਂ ਮੁਕਤ ਨਹੀਂ ਹੋ ਸਕਦੀ। ਇਹੋ ਕਾਰਨ ਹੈ ਕਿ ਭਾਰਤ ਦੀਆਂ ਰਵਾਇਤੀ ਸਿਆਸੀ ਧਿਰਾਂ ਵਿਚ ਭ੍ਰਿਸ਼ਟਾਚਾਰ ਵਾਲਾ ਇਦਾਂ ਦਾ ਜ਼ਰਮ ਆ ਗਿਆ ਹੈ ਕਿ ਲੀਡਰ ਬਦਲ ਜਾਣ, ਪਾਰਟੀ ਵੀ ਬਦਲ ਜਾਵੇ, ਇਹ ਜ਼ਰਮ ਸਰਗਰਮ ਰਹਿੰਦਾ ਹੈ। ਸਰਮਾਏਦਾਰੀ ਰਾਜ ਵਿਚ ਇਮਾਨਦਾਰੀ ਅਤੇ ਸਿਆਸਤ ਕਦੇ ਇੱਕ ਦੂਸਰੀ ਨਾਲ ਮਿਲ ਕੇ ਨਹੀਂ ਚੱਲ ਸਕਦੀਆਂ। ਕਾਂਗਰਸੀ ਹੋਵੇ ਜਾਂ ਭਾਜਪਾਈ, ਸੈਨਤ ਮਾਰ ਕੇ ਪੂੰਜੀ ਉਸ ਨੂੰ ਆਪਣੇ ਪਿੱਛੇ ਲਾ ਲੈਂਦੀ ਹੈ। ਇੱਕ ਦੂਜੇ ਨੂੰ ਨਿੰਦਦੇ ਭਾਵੇਂ ਉਹ ਰਹਿੰਦੇ ਹਨ, ਪਰ ਅਮਲ ਵਿਚ ਦੋਵੇਂ ਮਿਰਜ਼ਾ ਗ਼ਾਲਿਬ ਦੇ ਇਸ ਸ਼ੇਅਰ ਮੁਤਾਬਕ ਚੱਲਦੇ ਹਨ:

ਕਹਾਂ ਮੈਖਾਨੇ ਕਾ ਦਰਵਾਜ਼ਾ ਗਾਲਿਬ,
ਔਰ ਕਹਾਂ ਵਾਇਜ਼, ਪਰ ਇਤਨਾ ਜਾਨਤੇ ਹੈਂ,
ਕਲ ਵੋ ਜਾਤਾ ਥਾ, ਔਰ ਹਮ ਨਿਕਲੇ।

ਭਾਰਤੀ ਰਾਜਨੀਤੀ ਵਿਚ ਵੀ ਦੌਲਤ ਦੇ ਮੈਖਾਨੇ ਵਿਚੋਂ ਇੱਕ ਆਗੂ ਨਿਕਲਦਾ ਅਤੇ ਦੂਸਰਾ ਅੰਦਰ ਜਾ ਵੜਦਾ ਹੈ। ਈਮਾਨਦਾਰੀ ਦੀਆਂ ਗੱਲਾਂ ਸਿਰਫ ਲੋਕਾਂ ਮੂਹਰੇ ਉਦੋਂ ਕਹਿਣ ਦੀਆਂ ਹਨ, ਜਦੋਂ 'ਮਨ ਕੀ ਬਾਤ' ਦਾ ਬਹਾਨਾ ਲਾ ਕੇ ਲੋਕਾਂ ਨੂੰ ਚੀਕਾਂ ਮਾਰਦੇ 'ਤਨ ਕੀ ਬਾਤ' ਸੁਣਨ ਤੋਂ ਹਟਾਉਣਾ ਹੁੰਦਾ ਹੈ। ਉਦੋਂ ਫਿਰ ਆਮ ਲੋਕ ਕੀ ਕਰਨਗੇ? ਇਹ ਸਵਾਲ ਉਨ੍ਹਾਂ ਲਈ ਸੌ ਨੰਬਰਾਂ ਦੇ ਇਮਤਿਹਾਨੀ ਪਰਚੇ ਤੋਂ ਵੀ ਵੱਡਾ ਹੁੰਦਾ ਹੈ। ਇਹੋ ਜਿਹੇ ਵਕਤ ਉਨ੍ਹਾਂ ਨੂੰ ਕਈ ਵਾਰੀ 'ਅੱਗੇ ਖੂਹ ਤੇ ਪਿੱਛੇ ਖੱਡਾ' ਦਿਖਾਈ ਦਿੰਦਾ ਹੈ। ਉਦੋਂ ਲੋਕ ਜੂਆ ਖੇਡ ਲੈਂਦੇ ਹਨ। ਇਹ ਜੂਆ ਹੀ ਤਾਂ ਹੁੰਦਾ ਹੈ, ਜਦੋਂ ਕੋਈ ਖਿਝਿਆ ਹੋਇਆ ਬੰਦਾ ਇਹ ਆਖਦਾ ਹੈ, 'ਹੋਰ ਭਾਵੇਂ ਕੋਈ ਕਾਲਾ ਚੋਰ ਵੀ ਆ ਜਾਵੇ, ਪਰ...।'

DHOL RADIO
WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਪੰਜਾਬ ਟਾਈਮਜ਼

ਸਨਿਚਰਵਾਰ, 9 ਜੁਲਾਈ 2016

## ਸ਼ਹਾਦਤ-ਏ-ਬੰਦਾ

ਬਾਬਾ ਬੰਦਾ ਬਹਾਦਰ ਦੀ ਤੀਜੀ ਸ਼ਹਾਦਤ ਮੌਕੇ ਵੱਖ-ਵੱਖ ਧਿਰਾਂ ਵੱਲੋਂ ਵੱਖ-ਵੱਖ ਥਾਂਈਂ ਸਮਾਗਮ ਰਚਾਏ ਜਾ ਰਹੇ ਹਨ। ਹਰ ਧਿਰ ਆਪਣੇ ਆਪ ਨੂੰ ਬਾਬਾ ਬੰਦਾ ਬਹਾਦਰ ਅਤੇ ਉਸ ਦੀ ਵਿਰਾਸਤ ਨਾਲ ਜੋੜ ਕੇ ਪੇਸ਼ ਕਰ ਰਹੀ ਹੈ। ਇਨ੍ਹਾਂ ਸ਼ਰਧਾਂਜਲੀ ਸਮਾਗਮਾਂ ਦੇ ਬਰਾਬਰ, ਵਿਚੋਂ-ਵਿਚ ਇਕ ਬਹਿਸ ਚੱਲ ਨਿਕਲੀ ਹੈ। ਇਹ ਬਹਿਸ ਬਾਬਾ ਬੰਦਾ ਬਹਾਦਰ ਦੇ ਨਾਂ ਉਤੇ ਕੇਂਦਰਤ ਹੈ, ਕਿ ਬਾਬਾ ਬੰਦਾ ਬਹਾਦਰ ਨਾਂ ਨਾਲ 'ਸਿੰਘ' ਕਦੋਂ, ਕਿਉਂ ਤੇ ਕਿਸ ਤਰ੍ਹਾਂ ਜੁੜ ਗਿਆ? ਦਲੀਲ ਹੈ ਕਿ ਇਤਿਹਾਸ ਵਿਚ ਬਾਬਾ ਬੰਦਾ ਬਹਾਦਰ ਦੇ ਨਾਂ ਨਾਲ ਕਿਤੇ 'ਸਿੰਘ' ਲਾਇਆ ਹੋਇਆ ਨਹੀਂ ਮਿਲਦਾ। ਬਾਬਾ ਬੰਦਾ ਬਹਾਦਰ ਬਾਰੇ ਇਤਿਹਾਸ, ਫਾਰਸੀ ਸਰੋਤਾਂ ਰਾਹੀਂ ਸਾਡੇ ਕੋਲ ਆਇਆ ਹੈ, ਪਰ ਹੁਣ ਇਹ ਬਹਿਸ ਇਤਿਹਾਸ ਦੇ ਘੇਰੇ ਵਿਚੋਂ ਨਿਕਲ ਕੇ ਸਿਆਸਤ ਦੇ ਪਿੜ ਵਿਚ ਆਣ ਖੜ੍ਹੀ ਹੋਈ ਹੈ ਅਤੇ ਸਾਰੀਆਂ ਧਿਰਾਂ ਆਪੋ-ਆਪਣੇ ਢੰਗ ਨਾਲ ਇਸ ਮਸਲੇ ਬਾਰੇ ਆਪਣਾ ਪੱਖ ਰੱਖ ਰਹੀਆਂ ਹਨ। ਇਕ ਧਿਰ ਨੇ ਤਾਂ 'ਪੰਥ ਪ੍ਰਕਾਸ਼' ਦੇ ਹਵਾਲੇ ਨਾਲ ਇਹ ਤੱਥ ਬੜੇ ਜ਼ੋਰ ਨਾਲ ਸਾਹਮਣੇ ਰੱਖਿਆ ਹੈ ਕਿ ਬੰਦਾ ਬਹਾਦਰ ਕਿਸ ਤਰ੍ਹਾਂ ਸਿੱਖ ਬਣਨ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਤਰਲੇ ਕੱਢਦਾ ਰਿਹਾ ਹੈ! ਇਸ ਤੋਂ ਜ਼ਾਹਿਰ ਹੋ ਰਿਹਾ ਹੈ ਕਿ ਇਸ ਮਸਲੇ ਉਤੇ ਮਿਆਰੀ ਬਹਿਸ ਭਖਾ ਕੇ 'ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ' ਨਿਤਾਰਨ ਦੀ ਥਾਂ ਆਪਣੀ ਗੱਲ ਮੰਨਵਾਉਣ ਵਾਲੀ ਧਾਰਨਾ ਅਪਨਾਈ ਜਾ ਰਹੀ ਹੈ। ਆਪੋ-ਆਪਣੀ ਧਾਰਨਾ ਮੰਨਣ ਜਾਂ ਮੰਨਵਾਉਣ ਲਈ ਮਹਿਜ਼ ਪ੍ਰਵਚਨ ਕੀਤੇ ਜਾ ਰਹੇ ਹਨ। ਇਨ੍ਹਾਂ ਪ੍ਰਵਚਨਾਂ ਵਿਚ ਸਬਰ ਖੰਭ ਲਾ ਕੇ ਉਡ ਗਿਆ ਜਾਪਦਾ ਹੈ ਅਤੇ ਇਸ ਦੀ ਥਾਂ ਆਪੋ-ਆਪਣੀ ਵਿਦਵਤਾ ਦਿਖਾਉਣ ਦਾ ਜ਼ੋਰ ਵਾਹਵਾ ਲੱਗ ਰਿਹਾ ਹੈ। ਕੁਝ ਸਾਲ ਪਹਿਲਾਂ ਮਾਤਾ ਗੁਜਰੀ ਦੇ ਨਾਂ ਨਾਲ 'ਕੌਰ' ਲਾਉਣ ਬਾਰੇ ਬਹਿਸ ਵੀ ਇਸੇ ਤਰ੍ਹਾਂ ਸਾਹਮਣੇ ਆਈ ਸੀ। ਮਾਤਾ ਗੁਜਰ ਕੌਰ ਨਾਂ ਦੀ ਪੈਰਵੀ ਕਰਨ ਵਾਲਿਆਂ ਦੀ ਇਕ ਹੀ ਦਲੀਲ ਸੀ ਕਿ ਪੰਥ ਖਾਲਸਾ ਸਾਜਣ-ਨਵਾਜਣ ਵਾਲੇ ਗੁਰੂ ਗੋਬਿੰਦ ਸਿੰਘ ਦੇ ਪਰਿਵਾਰ ਦੇ ਜੀਆਂ ਦੇ ਨਾਂ ਨਾਲ 'ਕੌਰ' ਕਿਉਂ ਨਹੀਂ ਹੋਵੇਗਾ! ਇਹ ਬਹਿਸ ਵੀ ਦਰਅਸਲ ਸਿਆਸਤ ਦੀਆਂ ਤਣੀਆਂ ਨਾਲ ਹੀ ਬੱਝੀ ਹੋਈ ਸੀ।

ਬਾਬਾ ਬੰਦਾ ਬਹਾਦਰ ਨਾਲ ਜੋੜ ਕੇ ਪਹਿਲਾਂ ਵੀ ਕਈ ਬਹਿਸਾਂ ਗਾਹੇ-ਬਗਾਹੇ ਚੱਲਦੀਆਂ ਰਹੀਆਂ ਹਨ। ਤੱਤ ਖਾਲਸਾ ਅਤੇ ਬੰਦਈ ਖਾਲਸਾ ਬਹਿਸ ਦੌਰਾਨ ਜਿਸ ਤਰ੍ਹਾਂ ਬਾਬਾ ਬੰਦਾ ਬਹਾਦਰ ਬਾਰੇ ਦੁਰ-ਪ੍ਰਚਾਰ ਕਰ ਕੇ ਜਿਸ ਤਰ੍ਹਾਂ ਦਾ ਮਾਹੌਲ ਸਿਰਜਣ ਦਾ ਯਤਨ ਪਹਿਲਾਂ ਹੋਇਆ ਮਿਲਦਾ ਹੈ, ਉਸ ਤੋਂ ਤਾਂ ਹੁਣ ਅਸੀਂ ਬਹੁਤ ਅਗਾਂਹ ਨਿਕਲ ਆਏ ਹਾਂ। ਬਾਬਾ ਬੰਦਾ ਬਹਾਦਰ ਆਪਣੇ ਸਮਿਆਂ ਦਾ ਉਹ ਨਾਇਕ ਸੀ ਜਿਸ ਨੇ ਜ਼ੁਲਮ ਖਿਲਾਫ ਆਵਾਜ਼ ਬੁਲੰਦ ਹੀ ਨਹੀਂ ਕੀਤੀ, ਸਗੋਂ ਜ਼ੁਲਮ ਦੇ ਕਿਲ੍ਹੇ ਨੂੰ ਢਹਿ-ਢੇਰੀ ਕਰਨ ਦਾ ਇਤਿਹਾਸਕ ਕਾਰਜ ਵੀ ਨਿਭਾਇਆ। ਉਸ ਦੇ ਜੀਵਨ ਉਤੇ ਉਡਦੀ ਜਿਹੀ ਨਿਗ੍ਹਾ ਵੀ ਮਾਰੀਏ ਤਾਂ ਪਤਾ ਲੱਗ ਜਾਂਦਾ ਹੈ ਕਿ ਉਸ ਦਾ 'ਬੰਦੇ' ਤੱਕ ਦਾ ਸਫਰ ਕਿਨ੍ਹਾਂ ਮੋੜਾਂ ਤੋਂ ਗੁਜ਼ਰਦਿਆਂ ਪੁੱਜਾ ਸੀ। ਸਿਦਕ ਅਤੇ ਸਿਰੜ ਇੰਨਾ ਕਿ ਸ਼ਹਾਦਤ ਦੀ ਗਲੀ ਵਿਚ ਇਕ ਵੀ ਸਾਥੀ ਡੋਲਿਆ ਨਹੀਂ। ਇਹ ਸਿਦਕੀ ਤੇ ਸਿਰੜੀ ਕਾਰਜ ਸਦੀਆਂ ਤੋਂ ਹਰ ਪੀੜ੍ਹੀ ਨੂੰ ਪ੍ਰੇਰਦਾ ਰਿਹਾ ਹੈ ਅਤੇ ਅਗਾਂਹ ਵੀ ਪ੍ਰੇਰਦਾ ਰਹੇਗਾ। ਆਪਣੀ ਸਰਗਰਮੀ ਦੇ 7-8 ਸਾਲਾਂ ਦੌਰਾਨ ਉਸ ਨੇ ਜੋ ਇਤਿਹਾਸ ਬਣਾਇਆ, ਉਸ ਦੀ ਮਿਸਾਲ ਸੰਸਾਰ ਭਰ ਦੇ ਇਤਿਹਾਸ ਵਿਚ ਲੱਭਣੀ ਮੁਸ਼ਕਿਲ ਹੈ। ਅਜਿਹਾ ਇਸ ਕਰ ਕੇ ਸੰਭਵ ਹੋਇਆ ਕਿਉਂਕਿ ਇਹ ਸ਼ਖਸ ਖੁਦ ਜ਼ੁਲਮ ਖਿਲਾਫ ਨਹੀਂ ਲੜਿਆ, ਸਗੋਂ ਉਸ ਨੇ ਲੋਕਾਂ ਨੂੰ ਜ਼ੁਲਮ ਖਿਲਾਫ ਖੜ੍ਹੇ ਹੋਣ ਲਈ ਵੀ ਤਿਆਰ ਕੀਤਾ। ਸਢੌਰਾ ਲਾਗਿਓਂ ਆਏ ਫਰਿਆਦੀਆਂ ਵਾਲੀ ਕਥਾ ਬਾਬਾ ਬੰਦਾ ਬਹਾਦਰ ਦੀ ਜ਼ੁਲਮ ਖਿਲਾਫ ਮੁਹਿੰਮ ਦੀ ਸਿਖਰ ਹੈ। ਬਾਬਾ ਬੰਦਾ ਬਹਾਦਰ ਨੇ ਜ਼ਿਮੀਂਦਾਰਾਂ ਦੀਆਂ ਜ਼ਿਆਦਤੀਆਂ ਸੁਣਾਉਣ ਆਏ ਫਰਿਆਦੀਆਂ ਉਤੇ ਗੋਲੀ ਚਲਾਉਣ ਦੇ ਹੁਕਮ ਦੇ ਦਿਤਾ ਸੀ। ਦਲੀਲ ਸੀ ਕਿ ਜਿਹੜੇ ਮੁੱਠੀ ਭਰ ਜ਼ਿਮੀਂਦਾਰਾਂ ਦਾ ਮੁਕਾਬਲਾ ਨਹੀਂ ਕਰ ਸਕਦੇ, ਉਨ੍ਹਾਂ ਦਾ ਇਹੀ ਹਸ਼ਰ ਹੋਣਾ ਚਾਹੀਦਾ ਹੈ।

ਇਤਿਹਾਸ ਵਿਚ ਦਰਜ ਹੈ ਕਿ ਇਹ ਕਥਾ ਫਿਰ ਕਿਸ ਤਰ੍ਹਾਂ ਅਮਲ ਵਿਚ ਬਦਲ ਗਈ। ਬਾਬਾ ਬੰਦਾ ਬਹਾਦਰ ਨੇ ਜ਼ਿਮੀਂਦਾਰੀ ਸਿਸਟਮ ਦੇ ਬਖੀਏ ਉਧੇੜ ਕੇ ਰੱਖ ਦਿੱਤੇ, ਪਰ ਇਹੀ ਤੱਥ ਜਾਂ ਨੁਕਤਾ ਹੈ ਜਿਸ ਪਾਸੇ ਕਦੀ ਬਹਿਸ ਦਾ ਮੁਹਾਣ ਨਹੀਂ ਮੁੜ ਸਕਿਆ। ਇਹ ਅਸਲ ਵਿਚ ਬਾਬਾ ਬੰਦਾ ਬਹਾਦਰ ਨੂੰ ਇਕ ਖਾਸ ਰੰਗ ਵਿਚ ਰੰਗਣ ਕਰ ਕੇ ਹੋਇਆ। ਸ਼ਾਇਦ ਇਸੇ ਰੰਗ ਕਾਰਨ ਹੀ ਅੱਜ ਪੰਜਾਬ ਵਿਚ ਕਿਸਾਨ ਸੰਕਟ ਬਾਰੇ ਕਿਸੇ ਵੀ ਸਿੱਖ ਜਥੇਬੰਦੀ ਨੇ ਹਾਅ ਦਾ ਨਾਅਰਾ ਤੱਕ ਨਹੀਂ ਮਾਰਿਆ ਹੈ। ਇਹ ਨੁਕਤਾ ਖੋਜ ਅਤੇ ਬਹਿਸ ਦਾ ਵਿਸ਼ਾ ਹੋ ਸਕਦਾ ਹੈ ਕਿ ਕਿਸਾਨ ਸੰਕਟ, ਸਿੱਖ ਜਥੇਬੰਦੀਆਂ ਦਾ ਸੰਕਟ ਕਿਉਂ ਨਹੀਂ ਬਣ ਸਕਿਆ, ਜਦਕਿ ਬਾਬਾ ਬੰਦਾ ਬਹਾਦਰ ਨੇ ਆਪਣੇ ਸ਼ਾਸਨ ਦੇ ਮੁੱਢ ਵਿਚ ਹੀ ਇਸ ਮਸਲੇ ਦੀ ਥਾਹ ਪਾ ਲਈ ਸੀ। ਹੁਣ ਤਾਂ ਬਾਬਾ ਬੰਦਾ ਬਹਾਦਰ ਦੇ ਨਾਂ ਨਾਲ ਜੁੜ ਕੇ ਇਕ ਹੋਰ ਬਿਖੜਾ ਪੈਂਡਾ ਸਾਹਮਣੇ ਨਜ਼ਰ ਆ ਰਿਹਾ ਹੈ। ਦਿੱਲੀ ਵਿਚ ਅੱਜ ਕੱਲ੍ਹ ਉਨ੍ਹਾਂ ਲੋਕਾਂ ਦੀ ਸਰਕਾਰ ਹੈ ਜਿਹੜੇ ਸਿੱਖਾਂ ਨੂੰ ਹਿੰਦੂਆਂ ਦਾ ਹਿੱਸਾ ਮੰਨਵਾਉਣ ਦੇ ਯਤਨਾਂ ਵਿਚ ਹਨ। ਬਾਬਾ ਬੰਦਾ ਬਹਾਦਰ ਦੀ ਸ਼ਤਾਬਦੀ ਮੌਕੇ ਵੀ ਇਸੇ ਕਰ ਕੇ ਇਨ੍ਹਾਂ ਲੋਕਾਂ ਨੇ ਜ਼ੋਰ-ਸ਼ੋਰ ਨਾਲ ਸਮਾਗਮ ਕੀਤੇ ਹਨ। ਆਉਣ ਵਾਲੇ ਸਮੇਂ ਵਿਚ ਸੰਭਵ ਹੈ ਕਿ ਬਹਿਸ ਨੂੰ ਤਿਲ੍ਹਕਾ ਕੇ ਸਿੱਖ-ਹਿੰਦੂ ਵਾਲੀ ਬਹਿਸ ਦਾ ਪਿੜ ਬੰਨ੍ਹ ਦਿੱਤਾ ਜਾਵੇ। ਇਸ ਲਈ ਜ਼ਰੂਰੀ ਹੈ ਕਿ ਬਾਬਾ ਬੰਦਾ ਬਹਾਦਰ ਦੀ ਅਸਲ ਦੇਣ ਵੱਲ ਧਿਆਨ ਧਰਿਆ ਜਾਵੇ ਅਤੇ ਇਸ ਦੀ ਵਿਆਖਿਆ ਅੱਜ ਦੇ ਪ੍ਰਸੰਗਾਂ ਨਾਲ ਜੋੜ ਕੇ ਕੀਤੀ ਜਾਵੇ। ਇਹ ਬਿਖੜਾ ਪੈਂਡਾ ਜ਼ਰੂਰ ਹੈ, ਪਰ ਅਸੰਭਵ ਨਹੀਂ। ਬਾਬਾ ਬੰਦਾ ਬਹਾਦਰ ਉਹ ਨਾਇਕ ਹੈ ਜਿਸ ਬਾਰੇ ਵੰਡੀਆਂ ਨਹੀਂ ਪੈਣੀਆਂ ਚਾਹੀਦੀਆਂ। ਨੁਕਤਾ ਇਹ ਉਭਰਨਾ ਚਾਹੀਦਾ ਹੈ ਕਿ ਉਸ ਨੇ ਮੁਗਲਾਂ ਦੀ ਚੜ੍ਹਤ ਸਮੇਂ ਕਿਸ ਤਰ੍ਹਾਂ ਜ਼ੁਲਮ ਦੀਆਂ ਉਚੀਆਂ ਉਠ ਰਹੀਆਂ ਲਹਿਰਾਂ ਠੱਲ੍ਹੀਆਂ। ਇਹੀ ਬਾਬਾ ਬੰਦਾ ਬਹਾਦਰ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਿਸ ਨੇ ਕੀ ਛੁਡਾਇਆ!*

ਖੱਟੇ-ਮਿੱਠੇ ਤੇ ਚਟਪਟੇ ਖਾਣਿਆਂ ਨੇ, ਤੰਦਰੁਸਤੀ ਹੀ ਘਰੋਂ ਦੁੜਾਏ ਦਿੱਤੀ।
ਦੇ ਦੇ 'ਸਿੱਖਿਆ' ਟੀ.ਵੀ. ਦੇ ਨਾਟਕਾਂ ਨੇ, ਨੂੰਹ ਸੱਸ ਦੇ ਨਾਲ ਲੜਾਏ ਦਿੱਤੀ।
ਆਖਾ ਮੰਨਣ ਆਪਣੇ ਵੱਡਿਆਂ ਦਾ, ਇਹ ਵਿਰਾਸਤੀ ਰੀਤ ਹੜ੍ਹਾਏ ਦਿੱਤੀ।
ਇੰਗਲਿਸ਼-ਮੋਹ ਭੁਲਾਉਂਦਾ ਏ ਮਾਤ-ਭਾਸ਼ਾ, ਸਿਰ 'ਤੇ ਓਪਰੀ ਬੋਲੀ ਚੜ੍ਹਾਏ ਦਿੱਤੀ।
ਪੈਂਟ-ਸ਼ਰਟ ਹੀ ਸਾਰੇ ਪ੍ਰਧਾਨ ਹੋ ਗਈ, 'ਦੇਸੀ' ਪਹਿਨਣ ਦੀ ਰੀਝ ਉਡਾਏ ਦਿੱਤੀ।
ਅੱਖਾਂ ਲੱਗੀਆਂ ਰਹਿਣ 'ਸਕਰੀਨ' ਉਤੇ, 'ਫੇਸ-ਬੁੱਕ' ਨੇ 'ਬੁੱਕ' ਛੁਡਾਏ ਦਿੱਤੀ!

# ਪੰਜਾਬ ਦੀਆਂ ਜੇਲ੍ਹਾਂ ਵਿਚ ਨਸ਼ੇ ਤੇ ਮੌਤ ਦਾ ਤਾਂਡਵ

ਮਾਜਾ ਦਰੂਵਾਲਾ ਤੇ ਮ੍ਰਿਣਾਲ ਸ਼ਰਮਾ

ਅਨੁਵਾਦ: ਬੂਟਾ ਸਿੰਘ
ਫੋਨ: +91-94634-74342

ਪੰਜਾਬ ਵਿਚ ਜਿੰਨੀਆਂ ਅੱਜ ਕੱਲ੍ਹ ਹੋ ਰਹੀਆਂ ਹਨ, ਉਨੇ ਹੀ ਇਸ ਦੇ ਕਾਰਨ ਹਨ, ਪਰ ਫ਼ਰੀਦਕੋਟ ਜੇਲ੍ਹ ਤਾਂ ਸਪਸ਼ਟ ਤੌਰ 'ਤੇ ਉਨ੍ਹਾਂ ਲੋਕਾਂ ਨੂੰ ਮੌਤ ਵੱਲ ਧੱਕਣ ਦੇ ਹਾਲਾਤ ਮੁਹੱਈਆ ਕਰਦੀ ਹੈ ਜੋ ਪਹਿਲਾਂ ਹੀ ਫ਼ਿਕਰਾਂ ਮਾਰੇ ਅਤੇ ਨਿਤਾਣੇ ਹਨ।

ਇਸ ਮਹੀਨੇ ਦੇ ਸ਼ੁਰੂ ਵਿਚ, 67 ਸਾਲਾ ਬਲਕਾਰ ਸਿੰਘ ਨੇ ਫ਼ਰੀਦਕੋਟ ਜੇਲ੍ਹ ਵਿਚ ਆਪਣੀ ਜੀਵਨ-ਲੀਲ੍ਹਾ ਖ਼ਤਮ ਕਰ ਲਈ। ਇਹ ਖ਼ੁਦਕੁਸ਼ੀ ਤਾਂ 60 ਦੀ ਉਸ ਲੜੀ ਵਿਚ ਤਾਜ਼ਾ ਵਾਧਾ ਹੀ ਹੈ ਜੋ 2013 ਤੋਂ ਲੈ ਕੇ ਇਸ ਜੇਲ੍ਹ ਅੰਦਰ ਹੋ ਚੁੱਕੀਆਂ ਹਨ। ਇਸ ਹਿਸਾਬ ਨਾਲ ਇਹ ਇਕ ਜੇਲ੍ਹ ਵਿਚ ਹੀ ਇਕ ਮਹੀਨੇ ਦੇ ਅੰਦਰ ਲਗਭਗ ਦੋ ਖ਼ੁਦਕੁਸ਼ੀਆਂ ਬਣਦੀਆਂ ਹਨ। ਕੌਮੀ ਪੱਧਰ 'ਤੇ, ਪੰਜਾਬ ਦੀ ਜੇਲ੍ਹਾਂ ਅੰਦਰ ਖ਼ੁਦਕੁਸ਼ੀਆਂ ਦੀ ਦਰ ਸਭ ਤੋਂ ਵੱਧ ਹੈ, ਕਰਨਾਟਕ ਤੋਂ ਬਾਅਦ ਇਹ ਦੂਜੇ ਨੰਬਰ 'ਤੇ ਹੈ। ਇਹ ਉਸ ਨਰਕ ਕੁੰਡ ਅੰਦਰਲੇ ਹਾਲਾਤ ਅਤੇ ਉਨ੍ਹਾਂ ਸਾਰਿਆਂ ਦੀ ਨਹਾਇਤ ਬੇਪ੍ਰਵਾਹੀ ਅਤੇ ਬੇਕਿਰਕੀ ਦਾ ਅਟੱਲ ਸੰਕੇਤ ਹੈ ਜਿਨ੍ਹਾਂ ਨੂੰ ਉਥੇ ਬੰਦ ਕੈਦੀਆਂ ਦੀ ਦੇਖਭਾਲ ਦਾ ਜ਼ਿੰਮਾ ਦਿਤਾ ਗਿਆ ਹੈ।

2013 ਵਿਚ ਭਾਵੇਂ ਫ਼ਰੀਦਕੋਟ ਜੇਲ੍ਹ ਦੇ ਇੱਟਾਂ ਅਤੇ ਮਸਾਲੇ ਦੇ ਢਾਂਚੇ ਨੂੰ 'ਆਧੁਨਿਕ ਸਹੂਲਤ' ਦਾ ਰੂਪ ਦੇ ਦਿਤਾ ਗਿਆ ਸੀ, ਇਸ ਵਿਚਲੇ ਕੈਦੀਆਂ ਨੂੰ ਉਹ ਸਾਰੀਆਂ ਮਿਆਦੀ ਬਿਮਾਰੀਆਂ ਚਿੰਬੜੀਆਂ ਹੋਈਆਂ ਹਨ ਜਿਨ੍ਹਾਂ ਦੀ ਗ੍ਰਿਫ਼ਤ ਵਿਚ ਪੂਰੇ ਹਿੰਦੁਸਤਾਨ ਦੀਆਂ ਜੇਲ੍ਹਾਂ ਹਨ। ਇਥੇ 1753 ਕੈਦੀ ਤੁੰਨੇ ਹੋਏ ਹਨ ਜਦਕਿ ਜੇਲ੍ਹ ਦੇ ਇੰਤਜ਼ਾਮ ਲਈ ਮਨਜ਼ੂਰ ਅਮਲੇ ਦਾ ਇਥੇ ਮਹਿਜ਼ ਦੋ-ਤਿਹਾਈ ਹਿੱਸਾ ਹੀ ਹੈ। ਮੁਆਇਨਾ ਕਰਨ ਵਾਲਿਆਂ ਦਾ ਬੋਰਡ ਠੱਪ ਹੈ। ਬਾਹਰਲੇ ਮੁਆਇਨਾ-ਕਰਤਾਵਾਂ, ਸਰਕਾਰੀ ਅਤੇ ਅਦਾਲਤੀ ਅਧਿਕਾਰੀਆਂ ਨੂੰ ਲੈ ਕੇ ਬੋਰਡ ਬਣਦਾ ਹੈ। ਬਾਹਰਲੇ ਮੁਆਇਨਾ-ਕਰਤਾ ਸ਼ਾਇਦ ਹੀ ਕਦੇ ਨਿਯੁਕਤ ਕੀਤੇ ਗਏ ਹੋਣਗੇ। ਜੇ ਨਿਯੁਕਤ ਹੋਏ ਵੀ, ਉਨ੍ਹਾਂ ਨੂੰ ਸਿਖਲਾਈ ਨਹੀਂ ਦਿਤੀ ਹੋਵੇਗੀ ਜਾਂ ਮੁਆਇਨੇ ਲਈ ਸੱਦਿਆ ਨਹੀਂ ਗਿਆ ਹੋਵੇਗਾ, ਨਾ ਹੀ ਉਨ੍ਹਾਂ ਵਲੋਂ ਬਾਕਾਇਦਗੀ ਨਾਲ ਕਦੇ ਜੇਲ੍ਹਾਂ ਦਾ ਦੌਰਾ ਕੀਤਾ ਗਿਆ। ਇਹ ਤਾਂ ਪ੍ਰਸ਼ਾਸਨ ਹੀ ਜਾਣੇ! ਸੂਚਨਾ ਅਧਿਕਾਰ ਐਕਟ ਤਹਿਤ ਦਿਤੀਆਂ ਦਰਖ਼ਾਸਤਾਂ ਦਾ ਕੋਈ ਜਵਾਬ ਨਹੀਂ ਦਿਤਾ ਗਿਆ, ਨਾ ਹੀ ਸਰਕਾਰ ਦੀ ਵੈੱਬਸਾਈਟ ਉਪਰ ਕੋਈ ਜਾਣਕਾਰੀ ਮਿਲਦੀ ਹੈ।

ਦਰਅਸਲ, ਹੋਰ ਸੂਬਿਆਂ ਵਾਂਗ ਪੰਜਾਬ ਵਿਚ ਵੀ ਜੇਲ੍ਹ ਵਿਭਾਗ ਦੀ ਕੋਈ ਵੈੱਬਸਾਈਟ ਨਹੀਂ ਹੈ। ਇਹ ਸੂਚਨਾ ਅਧਿਕਾਰ ਐਕਟ ਦੀਆਂ ਸਪਸ਼ਟ ਜ਼ਰੂਰਤਾਂ ਦੇ ਪੂਰੀ ਤਰ੍ਹਾਂ ਦੇ ਖ਼ਿਲਾਫ਼ ਹੈ ਜੋ ਹਰ ਸਰਕਾਰੀ ਅਥਾਰਟੀ ਤੋਂ ਆਪਣੇ ਬੋਰਡਾਂ, ਕੌਂਸਲਾਂ ਅਤੇ ਕਮੇਟੀਆਂ ਦੀਆਂ ਮੀਟਿੰਗਾਂ ਦੀਆਂ ਕਾਰਵਾਈਆਂ ਅਤੇ ਬਿਆਨ ਸਵੈਇੱਛਾ ਨਾਲ ਦੇਣ ਦੀ ਮੰਗ ਕਰਦਾ ਹੈ। ਸੰਖੇਪ ਵਿਚ, ਇਹ ਨਿਗਰਾਨੀ ਦੀ ਅਣਹੋਂਦ ਅਤੇ ਜ਼ੀਰੋ ਪਾਰਦਰਸ਼ਤਾ ਦਾ ਘਾਤਕ ਮੇਲ ਹੈ।

*ਪੰਜਾਬ ਨਸ਼ਿਆਂ ਖ਼ਿਲਾਫ਼ ਨਾਕਾਮ ਜੰਗ ਲੜ ਰਿਹਾ ਹੈ। ਜੇਲ੍ਹ ਵਿਚ ਤਾਂ ਇਹ ਨਿਸ਼ਚੇ ਹੀ ਹਾਰੀ ਹੋਈ ਜੰਗ ਹੈ। ਜੁਲਾਈ 2012 ਵਿਚ, ਫ਼ਰੀਦਕੋਟ ਜੇਲ੍ਹ ਦੇ ਇਕ ਵਾਰਡਨ ਉਪਰ ਇਕ ਕੈਦੀ ਲਈ 900 ਤੋਂ ਵੱਧ ਨਸ਼ੀਲੀਆਂ ਗੋਲੀਆਂ ਖ਼ਰੀਦਣ ਦਾ ਮਾਮਲਾ ਦਰਜ ਕੀਤਾ ਗਿਆ। ਪੂਰੇ ਪੰਜਾਬ ਵਿਚ, 342 ਕੈਦੀਆਂ ਪਿਛੇ ਮਹਿਜ਼ ਇਕ ਮੈਡੀਕਲ ਸਟਾਫ਼ ਹੈ। ਪੰਜਾਬ ਦੀਆਂ ਜੇਲ੍ਹਾਂ ਵਿਚ ਨਸ਼ੀਲੀਆਂ ਦਵਾਈਆਂ ਤੇ ਨਸ਼ੀਲੇ ਪਦਾਰਥ ਐਕਟ ਦੇ ਦੋਸ਼ਾਂ ਤਹਿਤ ਜੇਲ੍ਹ ਬੰਦ 174 ਬੰਦਿਆਂ ਦੀ ਮੌਤ ਹੋ ਚੁੱਕੀ ਹੈ, 2014 ਵਿਚ 88 ਅਤੇ 2015 ਵਿਚ 86 ਮੌਤਾਂ। ਸਪਸ਼ਟ ਹੈ, ਸਲਾਖਾਂ ਪਿਛੇ ਹੋਣ ਦਾ ਮਤਲਬ ਨਸ਼ੇ ਪਹੁੰਚ ਤੋਂ ਦੂਰ ਹੋਣਾ ਨਹੀਂ ਹੈ।*

ਕੌਮੀ ਜੁਰਮ ਰਿਕਾਰਡ ਬਿਊਰੋ ਅਨੁਸਾਰ, ਪੰਜਾਬ ਦੀਆਂ ਜੇਲ੍ਹਾਂ ਵਿਚ ਕੋਈ ਮਨੋਵਿਗਿਆਨਕ ਡਾਕਟਰ, ਭਲਾਈ ਅਫ਼ਸਰ ਜਾਂ ਸੋਸ਼ਲ ਵਰਕਰ ਨਹੀਂ ਹਨ। ਇਹ ਹੈਰਾਨੀਜਨਕ ਨਹੀਂ, ਜੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਸੂਬਾ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਸਭ ਤੋਂ ਵੱਧ ਸ਼ਿਕਾਇਤਾਂ ਪੰਜਾਬ ਦੀਆਂ ਜੇਲ੍ਹਾਂ ਤੋਂ ਕੀਤੀਆਂ ਜਾ ਰਹੀਆਂ ਹਨ; ਪਰ ਉਨ੍ਹਾਂ ਵਿਚੋਂ ਮਹਿਜ਼ 7 ਫ਼ੀਸਦੀ ਅਤੇ 21 ਫ਼ੀਸਦੀ ਦਾ ਨਿਬੇੜਾ ਹੀ ਕੀਤਾ ਜਾਂਦਾ ਹੈ। ਇਕ ਦਹਾਕੇ ਵਿਚ, ਜੇਲ੍ਹਾਂ ਦੇ ਸਮੁੱਚੇ ਮੁਆਇਨੇ ਵਿਚ 58 ਫ਼ੀਸਦੀ ਦੀ ਕਮੀ ਆਈ ਹੈ। ਹਾਲਤ ਐਨੀ ਭਿਆਨਕ ਹੈ ਕਿ ਮੈਡੀਕਲ ਅਮਲੇ ਵਲੋਂ ਕੀਤੇ ਜਾਂਦੇ ਮੁਆਇਨਾ ਦੌਰੇ 84 ਫ਼ੀਸਦੀ ਘਟ ਗਏ ਹਨ। ਕਿਸੇ ਨਜ਼ਰਸਾਨੀ ਦੀ ਅਣਹੋਂਦ ਵਿਚ, ਨਸ਼ੇ ਦੇ ਆਦੀ ਹੋਣ ਦੇ ਲੱਛਣਾਂ ਵਾਲੇ ਕੈਦੀਆਂ ਨੂੰ ਆਮ ਹੀ ਹਸਪਤਾਲ ਭੇਜਿਆ ਜਾਂਦਾ ਹੈ।

ਜਿਵੇਂ ਫਿਲਮ 'ਉੜਤਾ ਪੰਜਾਬ' ਨੂੰ ਲੈ ਕੇ ਹਾਲੀਆ ਵਾਦ-ਵਿਵਾਦ ਨਾਲ ਸਾਹਮਣੇ ਆਇਆ ਹੈ, ਪੰਜਾਬ ਨਸ਼ਿਆਂ ਖ਼ਿਲਾਫ਼ ਨਾਕਾਮ ਜੰਗ ਲੜ ਰਿਹਾ ਹੈ। ਜੇਲ੍ਹ ਵਿਚ ਤਾਂ ਇਹ ਨਿਸ਼ਚੇ ਹੀ ਹਾਰੀ ਹੋਈ ਜੰਗ ਹੈ। ਜੁਲਾਈ 2012 ਵਿਚ, ਫ਼ਰੀਦਕੋਟ ਜੇਲ੍ਹ ਦੇ ਇਕ ਵਾਰਡਨ ਉਪਰ ਇਕ ਕੈਦੀ ਲਈ ਕਥਿਤ ਤੌਰ 'ਤੇ 900 ਤੋਂ ਵੱਧ ਨਸ਼ੀਲੀਆਂ ਗੋਲੀਆਂ ਖ਼ਰੀਦਣ ਦਾ ਮਾਮਲਾ ਦਰਜ ਕੀਤਾ ਗਿਆ। ਪੂਰੇ ਪੰਜਾਬ ਵਿਚ, 342 ਕੈਦੀਆਂ ਪਿਛੇ ਮਹਿਜ਼ ਇਕ ਮੈਡੀਕਲ ਸਟਾਫ਼ ਹੈ। ਪੰਜਾਬ ਦੀਆਂ ਜੇਲ੍ਹਾਂ ਵਿਚ ਨਸ਼ੀਲੀਆਂ ਦਵਾਈਆਂ ਅਤੇ ਨਸ਼ੀਲੇ ਪਦਾਰਥ ਐਕਟ (ਐਨ.ਡੀ.ਪੀ.ਐਸ.) ਦੇ ਦੋਸ਼ਾਂ ਤਹਿਤ ਜੇਲ੍ਹ ਬੰਦ 174 ਬੰਦਿਆਂ ਦੀ ਮੌਤ ਹੋ ਚੁੱਕੀ ਹੈ, 2014 ਵਿਚ 88 ਅਤੇ 2015 ਵਿਚ 86 ਮੌਤਾਂ। ਸਪਸ਼ਟ ਹੈ, ਸਲਾਖਾਂ ਪਿਛੇ ਹੋਣ ਦਾ ਮਤਲਬ ਨਸ਼ੇ ਪਹੁੰਚ ਤੋਂ ਦੂਰ ਹੋਣਾ ਨਹੀਂ ਹੈ।

ਇਹ ਗੱਲ ਨਹੀਂ ਕਿ ਲੋਕ ਮਸਲੇ ਬਾਰੇ ਅਣਜਾਣ ਹਨ। ਜੇਲ੍ਹ ਖ਼ੁਦਕੁਸ਼ੀਆਂ ਬਾਰੇ 2014 ਦੀ 130 ਪੰਨਿਆਂ ਦੀ ਰਿਪੋਰਟ ਵਿਚ, ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੱਸਦਾ ਹੈ ਕਿ ਕੈਦੀਆਂ ਦੇ ਇਲਾਜ ਵਿਚ ਸੁਧਾਰ ਲਿਆਉਣ ਲਈ ਸ਼ਾਇਦ ਹੀ ਕਦੇ ਕੁਝ ਕੀਤਾ ਗਿਆ ਹੈ। ਕਿਸੇ 'ਜ਼ਾਹਰਾ ਕੋਤਾਹੀ' ਦੀ ਅਣਹੋਂਦ ਵਿਚ, ਜੇਲ੍ਹ ਅਧਿਕਾਰੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਲੈਂਦੇ ਹਨ; ਜਦਕਿ, ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ 'ਅਮਨਦੀਪ ਬਨਾਮ ਸਟੇਟ ਆਫ ਪੰਜਾਬ' ਮੁਕੱਦਮੇ ਵਿਚ ਸਪਸ਼ਟ ਕੀਤਾ ਹੈ ਕਿ ਜਿਨ੍ਹਾਂ ਨੂੰ ਦੂਜਿਆਂ ਦਾ ਧਿਆਨ ਰੱਖਣ ਅਤੇ ਉਨ੍ਹਾਂ ਨੂੰ ਹਿਰਾਸਤ ਵਿਚ ਰੱਖਣ ਦਾ ਜ਼ਿੰਮਾ ਦਿਤਾ ਗਿਆ ਹੈ, ਉਹ ਇਸ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੇ ਅਤੇ ਇੰਜ ਕਰਨਾ ਲਾਪ੍ਰਵਾਹੀ ਹੋਵੇਗੀ।

ਇਹ ਗੱਲ ਵੀ ਨਹੀਂ ਕਿ ਇਸ ਨੂੰ ਲੈ ਕੇ ਗੰਭੀਰਤਾ ਨਾਲ ਵਿਚਾਰ ਨਹੀਂ ਕੀਤੀ ਜਾਂਦੀ ਕਿ ਇਸ ਦੇ ਠੋਸ ਹੱਲ ਕੀ ਹੋਣ। ਪੁਰਾਣੇ ਖ਼ਸਤਾ ਹਾਲ ਕਾਗਜ਼ਾਂ ਉਪਰ ਇਹ ਸਭ ਕੁਝ ਮਿਲ ਜਾਂਦਾ ਹੈ। ਚੁੱਕੇ ਜਾਣ ਵਾਲੇ ਸਾਧਾਰਨ ਕਦਮਾਂ ਵਿਚ ਇਹ ਕੁਝ ਸ਼ਾਮਲ ਹੋਵੇਗਾ: ਹਰ ਜੇਲ੍ਹ ਵਿਚ ਮੁਕੰਮਲ ਪੂਰਕ ਅਮਲੇ ਦਾ ਹੋਣਾ, ਖ਼ਾਸ ਕਰ ਕੇ ਸੁਧਾਰ ਕਰਨ ਵਾਲਾ ਅਤੇ ਮੈਡੀਕਲ ਅਮਲਾ; ਜ਼ਬਰਦਸਤ ਸਿਖਲਾਈ ਅਤੇ ਮੁਆਇਨਾ-ਕਰਤਾਵਾਂ ਦੇ ਬੋਰਡ ਦੀ ਫੌਰੀ ਨਿਯੁਕਤੀ ਅਤੇ ਉਨ੍ਹਾਂ ਵਲੋਂ ਜੇਲ੍ਹਾਂ ਦੇ ਬਾਕਾਇਦਾ ਦੌਰੇ। ਪੰਜਾਬ ਵਿਚ ਨਸ਼ਿਆਂ ਦੀ ਖ਼ਾਸ ਸਮੱਸਿਆ ਹੋਣ ਕਾਰਨ, ਉਥੇ ਕੌਂਸਲਿੰਗ ਟੀਮਾਂ ਅਤੇ ਸਹਾਇਤਾ ਕਰਨ ਵਾਲਿਆਂ (ਜਿਵੇਂ ਪਰਿਵਾਰ) ਨਾਲ ਖੁੱਲ੍ਹਦਿਲੀ ਨਾਲ ਆਦਾਨ-ਪ੍ਰਦਾਨ ਦੇ ਢਾਂਚੇ ਬਣਾਉਣ ਲਈ ਉਚੇਚੇ ਯਤਨ ਕਰਨੇ ਅਹਿਮ ਚੀਜ਼ ਹਨ। ਇਸ ਨੂੰ ਉਸ ਸੁਰੱਖਿਆ ਅਮਲੇ ਉਪਰ ਛੱਡ ਦੇਣ ਦਾ ਕੋਈ ਫ਼ਾਇਦਾ ਨਹੀਂ ਜੋ ਪਹਿਲਾਂ ਹੀ ਵਾਧੂ ਬੋਝ ਹੇਠ ਦੱਬਿਆ ਹੋਇਆ ਹੈ। ਦਰਅਸਲ, ਹਾਲਾਤ ਵਿਚ ਮਾਮੂਲੀ ਸੁਧਾਰ ਲਿਆਉਣ ਲਈ ਵੀ ਸਰਕਾਰ ਵਲੋਂ ਕੋਈ ਕਦਮ ਨਾ ਚੁੱਕਣਾ, ਸਜ਼ਾਵਾਂ ਦੇਣ ਦੀ ਬਜਾਏ ਇਸ ਵਲੋਂ ਸੁਧਾਰਾਂ ਅਤੇ ਮੁੜ-ਵਸੇਬੇ ਉਪਰ ਅਧਾਰਤ ਨਵਾਂ ਕਾਨੂੰਨ ਲਿਆਉਣ ਲਈ ਚਿਰਾਂ ਤੋਂ ਇਛਾਵਾਂ ਪਾਲਣਾ ਨਿਰਾ ਢੌਂਗ ਨਹੀਂ ਤਾਂ ਹੋਰ ਕੀ ਹੈ!

ਪ੍ਰਸ਼ਾਸਨ ਲਈ ਤਾਂ ਸ਼ਾਇਦ ਬਲਕਾਰ ਸਿੰਘ ਦੀ ਮੌਤ ਮਹਿਜ਼ ਇਕ ਹੋਰ ਅੰਕੜਾ ਹੋਵੇ, ਪਰ ਇਹ ਮੌਤ ਪੰਜਾਬ ਦੀ ਅਜੋਕੀ ਜੇਲ੍ਹ ਜ਼ਿੰਦਗੀ ਦੀ ਮਾਯੂਸ ਕਰਨ ਵਾਲੀ ਹਕੀਕਤ ਨੂੰ ਦਰਸਾਉਂਦੀ ਹੈ। ਉਹ ਆਪਣੇ ਪਿਛੇ ਦੋ ਬੇਟੇ ਅਤੇ ਪੋਤਰੇ ਛੱਡ ਗਿਆ ਹੈ। ਉਹ ਵੀ ਬਤੌਰ ਨਸ਼ੇੜੀ ਜੇਲ੍ਹ ਵਿਚ ਸੜ ਰਹੇ ਹਨ। ਉਹ ਐਸੇ ਲੋਕ ਨਹੀਂ ਹਨ ਜਿਨ੍ਹਾਂ ਨੂੰ ਹਮਦਰਦੀ ਮਿਲ ਜਾਂਦੀ ਹੈ। ਆਖ਼ਰੀ ਪਲਾਂ ਵਿਚ ਉਸ ਦੇ ਖ਼ਿਆਲਾਂ ਵਿਚ ਕੀ ਰਿਹਾ ਹੋਵੇਗਾ; ਕਿ ਉਹ ਹੋਰ ਕਸ਼ਟ ਨਹੀਂ ਸਹਿ ਸਕਦਾ; ਕਿ 33 ਸਾਲ ਦੀ ਕੈਦ ਦਾ ਰੋਜ਼ਮਰਾ ਸਦੀਵੀ ਨਰਕ ਭੋਗਣ ਤੋਂ ਬਿਹਤਰ ਹੈ, ਇਸ ਤੋਂ ਛੁਟਕਾਰਾ ਪਾ ਲਿਆ ਜਾਵੇ ਜਿਸ ਲਈ ਉਹ ਸਰਾਪਿਆ ਗਿਆ ਸੀ; ਕਿ ਉਸ ਦੇ ਪਰਿਵਾਰ ਦੀਆਂ ਔਰਤਾਂ ਹਰ ਤਰ੍ਹਾਂ ਦੇ ਸ਼ੋਸ਼ਣ ਤੋਂ ਅਸੁਰੱਖਿਅਤ ਤੇ ਬੇਵਸ ਹਨ। ਐਸੇ ਹਾਲਾਤ ਵਿਚ, ਸ਼ਾਇਦ ਇਹ ਨਹੀਂ ਜਾਪਦਾ ਕਿ ਆਪਣੀ ਜ਼ਿੰਦਗੀ ਆਪੇ ਹੀ ਖ਼ਤਮ ਕਰ ਲੈਣਾ ਇਕ ਪੂਰੀ ਤਰ੍ਹਾਂ ਤਰਕਹੀਣ ਚੋਣ ਹੁੰਦੀ ਹੈ।

## ਬੋਲਦੇ ਨੇ ਅੰਕੜੇ...

ਪਿਛਲੇ ਦੋ ਸਾਲ ਤੋਂ ਪੰਜਾਬ ਵਿਚ ਹਰ ਚੌਥੇ ਦਿਨ ਪੁਲਿਸ ਹਿਰਾਸਤ ਜਾਂ ਜੇਲ੍ਹਾਂ ਵਿਚ ਇਕ ਬੰਦੇ ਦੀ ਮੌਤ ਹੋ ਰਹੀ ਹੈ। ਕੌਮੀ ਜੁਰਮ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ 2014 ਵਿਚ ਪੰਜਾਬ ਦੀਆਂ ਜੇਲ੍ਹਾਂ ਵਿਚ 218 ਲੋਕ 'ਕੁਦਰਤੀ ਕਾਰਨਾਂ ਕਰ ਕੇ' ਮਰੇ। ਕੀ ਇਹ 'ਕੁਦਰਤੀ ਮੌਤਾਂ' ਸਨ ਜਾਂ ਗ਼ੈਰਕੁਦਰਤੀ? ਪੰਜਾਬ ਦੀਆਂ ਜੇਲ੍ਹਾਂ ਵਿਚ ਖ਼ੁਦਕਸ਼ੀਆਂ, ਜਿਨ੍ਹਾਂ ਨੂੰ ਜੇਲ੍ਹ ਅਧਿਕਾਰੀਆਂ ਨੂੰ ਅਕਸਰ ਹੀ 'ਕੁਦਰਤੀ ਮੌਤਾਂ' ਦੇ ਖ਼ਾਤੇ ਪਾ ਕੇ ਰਫ਼ਾ-ਦਫ਼ਾ ਕਰ ਦੇਣ ਦੀ ਖ਼ਾਸ ਮੁਹਾਰਤ ਹਾਸਲ ਹੈ, ਚਿੰਤਾਜਨਕ ਵਰਤਾਰਾ ਹੈ। ਇਸ ਦਾ ਇਕ, ਸ਼ਾਇਦ ਇਕ ਵੱਡਾ ਕਾਰਨ ਜੇਲ੍ਹਾਂ ਵਿਚ ਨਸ਼ਿਆਂ ਦੀ ਨਿਰਵਿਘਨ, ਪਰ ਮਹਿੰਗੇ ਮੁੱਲ ਦੀ ਸਪਲਾਈ ਹੈ। ਨਸ਼ਿਆਂ ਦੀ ਗੰਭੀਰ ਗ੍ਰਿਫ਼ਤ ਵਿਚ ਜਕੜੇ ਪੰਜਾਬ ਦੀ ਅਸਲੀਅਤ ਉਪਰ ਪਰਦਾ ਪਾਉਣ ਦੇ ਸੱਤਾਧਾਰੀਆਂ ਦੇ ਬੇਹਯਾ ਯਤਨਾਂ ਦੇ ਬਾਵਜੂਦ ਇਸ ਨੂੰ ਲੁਕੋਣਾ ਸੰਭਵ ਨਹੀਂ। 2014 ਦੀ ਲੋਕ ਸਭਾ ਚੋਣਾਂ ਵਿਚ ਸੱਤਾਧਾਰੀ ਧਿਰ ਨੂੰ ਨਸ਼ਿਆਂ ਦੇ ਪਸਾਰੇ ਦਾ ਸਿਆਸੀ ਮੁੱਲ ਤਾਰਨਾ ਪਿਆ ਸੀ। ਇਸ ਸਿਆਸੀ ਦਬਾਓ ਹੇਠ ਬਾਦਲਾਂ ਨੇ ਨਸ਼ਿਆਂ ਦੀ ਤਸਕਰੀ ਵਿਰੁੱਧ ਸਖ਼ਤ ਰੁਖ਼ ਅਖ਼ਤਿਆਰ ਕਰਨ ਦਾ ਢੌਂਗ ਰਚਿਆ।

ਮਈ 2014 ਵਿਚ ਨਸ਼ੇ ਦੇ ਤਸਕਰਾਂ ਦੇ ਨਾਂ ਹੇਠ ਆਮ ਨਸ਼ੇੜੀਆਂ ਨੂੰ ਧੜਾਧੜ ਜੇਲ੍ਹਾਂ ਵਿਚ ਸੁੱਟ ਦਿੱਤਾ ਗਿਆ। 'ਇੰਡੀਅਨ ਐਕਸਪ੍ਰੈੱਸ' ਦੇ ਅਧਿਐਨ ਅਨੁਸਾਰ ਹਰ ਰੋਜ਼ ਸੂਬੇ ਵਿਚ ਨਸ਼ੇੜੀਆਂ ਉਪਰ ਔਸਤ 25 ਪਰਚੇ ਦਰਜ ਹੁੰਦੇ ਹਨ। ਕਪੂਰਥਲਾ ਦੇ ਇਕ ਪਿੰਡ ਵਿਚ ਅਜਿਹੀਆਂ 47 ਐਫ.ਆਈ.ਆਰ. ਦਰਜ ਹੋਈਆਂ ਜਿਨ੍ਹਾਂ ਵਿਚੋਂ 28 ਬੰਦੇ ਐਸੇ ਸਨ ਜਿਨ੍ਹਾਂ ਕੋਲੋਂ ਮਾਮੂਲੀ ਮਾਤਰਾ ਵਿਚ ਹੀ ਨਸ਼ੇ ਬਰਾਮਦ ਹੋਏ ਸਨ। 2014 ਵਿਚ 17068 ਅਤੇ 2015 ਦੇ ਅੰਤ ਤਕ 11593 ਨਸ਼ੇੜੀ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਡੱਕ ਦਿੱਤੇ ਗਏ ਜਦਕਿ ਸਰਕਾਰੀ ਪੁਸ਼ਤਪਨਾਹੀ ਮਾਣ ਰਹੇ ਨਸ਼ਿਆਂ ਦੇ ਥੋਕ ਦੇ ਵਪਾਰੀ ਬਾਹਰ ਨਾ ਸਿਰਫ਼ ਬੇਰੋਕ-ਟੋਕ ਸੁਪਰ ਮੁਨਾਫ਼ਿਆਂ ਦਾ ਧੰਦਾ ਚਲਾ ਰਹੇ ਸਨ ਸਗੋਂ 'ਸਖ਼ਤੀ' ਦੇ ਬਹਾਨੇ ਸਪਲਾਈ ਦੀ ਕਿੱਲਤ ਦਿਖਾ ਕੇ ਮਰਜ਼ੀ ਦੇ ਭਾਅ ਨਸ਼ੇ ਵੇਚ ਰਹੇ ਸਨ। ਇਸ ਨਾਲ ਜਿਥੇ ਪਹਿਲਾਂ ਹੀ ਸਮਰੱਥਾ ਤੋਂ ਵਾਧੂ ਕੈਦੀਆਂ ਨਾਲ ਨੱਕੋ-ਨੱਕ ਭਰੀਆਂ ਜੇਲ੍ਹਾਂ ਵਿਚ ਕੈਦੀਆਂ ਦੀ ਹਾਲਤ ਹੋਰ ਖ਼ਰਾਬ ਹੋ ਗਈ, ਉਥੇ ਨਸ਼ੇੜੀਆਂ ਨੂੰ ਸਾਂਭਣ ਪ੍ਰਤੀ ਜੇਲ੍ਹ ਪ੍ਰਬੰਧ ਦੀ ਘੋਰ ਬਦਇੰਤਜ਼ਾਮੀ ਅਤੇ ਬੇਪ੍ਰਵਾਹੀ ਉਨ੍ਹਾਂ ਨੂੰ ਮੌਤ ਦੇ ਲਗਾਤਾਰ ਮੂੰਹ ਧੱਕ ਰਹੀ ਹੈ। ਸੱਤਾ ਦੇ ਗਲਿਆਰਿਆਂ ਵਿਚ ਸਿਆਸੀ ਪਹੁੰਚ ਅਤੇ ਪੈਸੇ ਵਾਲਿਆਂ ਲਈ ਤਾਂ ਜੇਲ੍ਹਾਂ ਵੀ 'ਡੀਲਕਸ ਹੋਟਲ' ਹਨ, ਪਰ ਪਹੁੰਚਹੀਣ ਅਤੇ ਸਾਧਨਹੀਣ ਆਮ ਨਸ਼ੇੜੀਆਂ ਤੇ ਮਾਮੂਲੀ ਮੁਜਰਿਮਾਂ ਲਈ ਜੇਲ੍ਹਾਂ ਮੌਤ ਦੇ ਖੂਹ ਹਨ। -0-

# ਸਮੂਹਿਕ ਖੁਦਕੁਸ਼ੀ ਦੀ ਹੋਣੀ ਵੱਲ ਧੱਕੇ ਜਾ ਰਹੇ ਨੇ ਪੰਜਾਬੀ

**ਡਾ. ਅਨੂਪ ਸਿੰਘ**
ਫੋਨ: +91-98768-01268

ਪੰਜਾਬ ਵਿਚ ਇਹ ਲੋਕੋਕਤੀ ਸਦੀਆਂ ਤੋਂ ਪ੍ਰਚੱਲਿਤ ਹੈ- ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ। ਸੂਬੇ ਦੇ ਇਤਿਹਾਸ ਵਿਚ ਸ਼ਾਇਦ ਹੀ ਕਦੇ 50 ਸਾਲ ਸੁੱਖ-ਸ਼ਾਂਤੀ ਤੇ ਅਮਨ-ਅਮਾਨ ਨਾਲ ਲੰਘੇ ਹੋਣ ਜਦੋਂ ਕੋਈ ਵੱਡੀ ਦੁਰਘਟਨਾ, ਜੰਗ ਜਾਂ ਵੱਡੀ ਉਥਲ-ਪੁਥਲ ਨਾ ਹੋਈ ਹੋਵੇ। ਬੀਤੀ ਸਦੀ ਵਿਚ 1947 ਦਾ ਮਹਾਂ-ਦੁਖਾਂਤ ਵਾਪਰਿਆ। ਅਜੇ ਇਹ ਜ਼ਖ਼ਮ ਭਰੇ ਨਹੀਂ ਸਨ ਕਿ 1984 ਵਿਚ ਸਾਕਾ ਨੀਲਾ ਤਾਰਾ ਅਤੇ ਦਿੱਲੀ ਤੇ ਉਤਰੀ ਭਾਰਤ ਵਿਚ ਸਿੱਖਾਂ ਦਾ ਕਤਲੇਆਮ ਹੋਇਆ। ਪੰਜਾਬੀ ਇਨ੍ਹਾਂ ਦੋ ਵੱਡੇ ਦੁਖਾਂਤਾਂ ਤੋਂ ਅਜੇ ਸੰਭਲ ਹੀ ਰਹੇ ਸਨ ਕਿ ਕਿਸਾਨੀ ਖ਼ੁਦਕੁਸ਼ੀਆਂ ਤੇ ਨਸ਼ਿਆਂ ਦਾ ਹਮਲਾ ਸ਼ੁਰੂ ਹੋ ਗਿਆ। ਪੰਜਾਬੀਆਂ ਨੂੰ ਸਮੂਹਿਕ ਖ਼ੁਦਕੁਸ਼ੀ ਵੱਲ ਧੱਕਿਆ ਜਾ ਰਿਹਾ ਹੈ।


ਪੰਜਾਬ ਸਰਕਾਰ ਸਿਰ ਸਵਾ ਲੱਖ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਹੈ। ਬੋਰਡਾਂ, ਕਾਰਪੋਰੇਸ਼ਨਾਂ ਤੇ ਹੋਰ ਅਰਧ-ਸਰਕਾਰੀ ਅਦਾਰਿਆਂ ਸਿਰ ਲਗਪਗ 75 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ। ਕਿਸਾਨਾਂ ਸਿਰ ਵੀ ਲਗਪਗ 70-75 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ। ਖੇਤ ਤੇ ਸਨਅਤੀ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਸਿਰ ਕਰਜ਼ੇ ਦਾ ਕੋਈ ਹਿਸਾਬ-ਕਿਤਾਬ ਹੀ ਨਹੀਂ ਲੱਗ ਸਕਦਾ, ਕਿਉਂਕਿ ਇਹ ਸਾਰਾ ਕਰਜ਼ਾ ਸ਼ਾਹੂਕਾਰਾਂ, ਆੜ੍ਹਤੀਆਂ, ਪੇਂਡੂ ਜ਼ਿਮੀਦਾਰਾਂ ਅਤੇ ਹੋਰ ਖਾਂਦੇ-ਪੀਂਦੇ ਵਰਗਾਂ ਤੋਂ ਲਿਆ ਗਿਆ ਹੈ। ਪੰਜਾਬ ਵਰਗੇ ਖ਼ੁਸ਼ਹਾਲ ਕਹੇ ਜਾਂਦੇ ਸੂਬੇ ਵਿਚ ਘੋਰ ਗੁਰਬਤ ਦੇ ਦ੍ਰਿਸ਼ ਹਰ ਸੰਵੇਦਨਸ਼ੀਲ ਤੇ ਖੁੱਲ੍ਹੀਆਂ ਅੱਖਾਂ ਵਾਲੇ ਨੂੰ ਪ੍ਰਤੱਖ ਦਿਖਾਈ ਦਿੰਦੇ ਹਨ। ਇਸ ਲਈ ਜੇ ਪੰਜਾਬ ਵਿਚ ਦਰਮਿਆਨਾ/ਛੋਟਾ ਕਿਸਾਨ ਤੇ ਖੇਤ ਮਜ਼ਦੂਰ ਕਰਜ਼ਾ ਬੋਝ ਤੇ ਗ਼ਰੀਬੀ ਕਾਰਨ ਖ਼ੁਦਕੁਸ਼ੀਆਂ ਕਰ ਰਿਹਾ ਹੈ, ਤਾਂ ਇਹ ਵਰਤਾਰਾ ਦੁਖਦਾਈ ਤਾਂ ਹੈ, ਪਰ ਅਲੋਕਾਰੀ ਨਹੀਂ ਹੈ। ਖੇਤੀ ਘਾਟੇ ਵਾਲਾ ਧੰਦਾ ਬਣ ਗਿਆ ਹੈ। ਕਿਸਾਨਾਂ-ਮਜ਼ਦੂਰਾਂ ਦੇ ਬੱਚਿਆਂ ਲਈ ਮਿਆਰੀ ਸਿੱਖਿਆ ਤੇ ਸਿਹਤ ਸੇਵਾਵਾਂ ਦੇ ਦਰਵਾਜ਼ੇ ਬੰਦ ਹਨ। ਉਨ੍ਹਾਂ ਦੇ ਬੱਚੇ ਗ਼ੈਰ-ਹੁਨਰਮੰਦ ਹਨ ਜਿਸ ਕਰ ਕੇ ਸਰੀਰਕ ਕੰਮ ਤੋਂ ਛੁੱਟ ਉਹ ਕੁਝ ਕਰ ਹੀ ਨਹੀਂ ਸਕਦੇ। ਉਨ੍ਹਾਂ ਕੋਲ ਕੋਈ ਬਦਲਵਾਂ ਲਾਹੇਵੰਦ ਰੁਜ਼ਗਾਰ ਵੀ ਨਹੀਂ। ਸਰੀਰਕ ਮਿਹਨਤ ਦੇ ਉਨ੍ਹਾਂ ਨੂੰ ਪੂਰੇ ਪੈਸੇ ਨਹੀਂ ਮਿਲਦੇ।

ਪੰਜਾਬ ਵਿਚ ਵਧ ਰਹੇ ਨਸ਼ੇ ਹੁਣ ਹਕੀਕਤ ਹਨ। ਪੰਜਾਬ ਵਿਚ 14-15 ਸਾਲਾਂ ਦੌਰਾਨ ਸ਼ਰਾਬ ਦੇ ਠੇਕਿਆਂ ਦੀ ਗਿਣਤੀ ਅਤੇ ਸ਼ਰਾਬ ਤੋਂ ਹੁੰਦੀ ਆਮਦਨ ਵਿਚ ਅਣਕਿਆਸਿਆ ਵਾਧਾ ਹੋਇਆ ਹੈ। ਹਰ ਸ਼ਹਿਰ ਤੇ ਕਸਬਿਆਂ ਵਿਚ ਇਨ੍ਹਾਂ ਠੇਕਿਆਂ ਦੀਆਂ ਅਣਅਧਿਕਾਰਤ ਬਰਾਂਚਾਂ ਹਨ। ਵਿਆਹ-ਸ਼ਾਦੀ ਅਤੇ ਹੋਰ ਖ਼ੁਸ਼ੀ ਦੀਆਂ ਰਸਮਾਂ ਸਮੇਂ ਮਹਿੰਗੀ ਸ਼ਰਾਬ ਅਤੇ ਮਾਸੂਮ ਲੜਕੀਆਂ ਦੁਆਰਾ ਇਸ ਨੂੰ ਵਰਤਾਉਣਾ ਸਮਾਜਿਕ ਹੈਸੀਅਤ ਦਾ ਸੰਕੇਤ ਬਣ ਗਿਆ ਹੈ। ਸ਼ਰਾਬ ਨਸ਼ਿਆਂ ਦਾ ਦਾਖ਼ਲਾ ਦੁਆਰ ਹੈ, ਪਰ ਹਾਕਮ ਸ਼ਰਾਬ ਨੂੰ ਕਮਾਈ ਦਾ ਮੁੱਖ ਸਾਧਨ ਮੰਨ ਰਹੇ ਹਨ। ਜਿੱਤਣ ਲਈ ਨੋਟਾਂ ਦੇ ਨਾਲ ਨਸ਼ਿਆਂ ਦੀ ਵਰਤੋਂ ਖੁੱਲ੍ਹੇਆਮ ਕੀਤੀ ਜਾਂਦੀ ਹੈ। ਹੈਰੋਇਨ, ਸਮੈਕ, ਅਫੀਮ, ਭੁੱਕੀ ਤੇ ਸਿੰਥੈਟਿਕ ਡਰੱਗਜ਼ ਪੰਜਾਬ ਦੀ ਜਵਾਨੀ ਨੂੰ ਤਬਾਹ ਕਰ ਰਹੇ ਹਨ।

ਕਣਕ-ਝੋਨੇ ਦੇ ਫ਼ਸਲੀ ਚੱਕਰ, ਘਰੇਲੂ ਤੇ ਸਨਅਤੀ ਖੇਤਰਾਂ ਵਿਚ ਪਾਣੀ ਦੀ ਵਧ ਰਹੀ ਵਰਤੋਂ, ਘਟ ਰਹੇ ਮੀਂਹ ਦੇ ਪਾਣੀ ਦੀ ਸੰਭਾਲ ਨਾ ਹੋਣ ਕਰ ਕੇ ਪੰਜਾਬ ਵਿਚ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ। ਪਾਣੀ ਨਾਲ ਜੁੜਿਆ ਦੂਜਾ ਵਰਤਾਰਾ ਸਰਵਪੱਖੀ ਪ੍ਰਦੂਸ਼ਣ ਹੈ। ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਅੰਨ੍ਹੇਵਾਹ ਤੇ ਬੇਲੋੜੀ ਵਰਤੋਂ, ਸਨਅਤਾਂ ਦੁਆਰਾ ਬਿਨਾਂ ਸੋਧੇ ਪ੍ਰਦੂਸ਼ਿਤ ਪਾਣੀ ਨੂੰ ਧਰਤੀ, ਦਰਿਆਵਾਂ ਅਤੇ ਨਾਲਿਆਂ ਆਦਿ ਵਿਚ ਸੁੱਟ ਦੇਣਾ, ਕੂੜਾ ਕਰਕਟ ਤੇ ਮਨੁੱਖੀ ਮਲ-ਮੂਤਰ ਨੂੰ ਜਲ-ਸੋਮਿਆਂ 'ਚ ਸੁੱਟ ਦੇਣਾ ਅਤੇ ਈ-ਵੇਸਟ ਸਮੇਤ ਹੋਰ ਫ਼ਾਲਤੂ ਪਦਾਰਥਾਂ ਨੂੰ ਖੁੱਲ੍ਹੇ 'ਚ ਪਏ ਰਹਿਣ ਦੇਣਾ, ਪਾਣੀ ਸਮੇਤ ਸਮੁੱਚੇ ਵਾਤਾਵਰਨ ਨੂੰ ਮਲੀਨ ਤੇ ਪਲੀਤ ਕਰ ਰਿਹਾ ਹੈ। ਸਰਵਪੱਖੀ ਪ੍ਰਦੂਸ਼ਣ ਨਾਲ ਕੈਂਸਰ, ਸ਼ੂਗਰ, ਦਿਲ ਦੀਆਂ ਬਿਮਾਰੀਆਂ, ਚਮੜੀ ਅਤੇ ਮਾਨਸਿਕ ਰੋਗ ਵਧ ਰਹੇ ਹਨ। ਅਮੀਰਾਂ ਲਈ ਮਹਿੰਗੀਆਂ ਸਿਹਤ ਸੇਵਾਵਾਂ ਦੇਣ ਵਾਲੇ ਪ੍ਰਾਈਵੇਟ ਹਸਪਤਾਲ ਬਣ ਰਹੇ ਹਨ, ਪਰ ਆਮ ਲੋਕਾਂ ਲਈ ਸਰਕਾਰੀ ਸਿਹਤ ਸਹੂਲਤਾਂ ਨਹੀਂ। ਲੋਕ ਬੇਇਲਾਜੇ ਮਰ ਰਹੇ ਹਨ।

ਨੌਜਵਾਨਾਂ ਲਈ ਕੋਈ ਰੁਜ਼ਗਾਰ ਨਹੀਂ ਹੈ। ਬੇਰੁਜ਼ਗਾਰੀ ਦੀ ਹਾਲਤ ਵਿਚ ਹਜ਼ਾਰਾਂ ਨੌਜਵਾਨ ਲੁੱਟਾਂ-ਖੋਹਾਂ, ਚੋਰੀਆਂ ਆਦਿ ਤੋਂ ਹੁੰਦੇ ਹੋਏ ਜਥੇਬੰਦ ਗੁੰਡਾ ਗਰੋਹਾਂ ਵਿਚ ਸ਼ਾਮਲ ਹੋ ਰਹੇ ਹਨ। ਪੜ੍ਹੇ ਲਿਖੇ ਨੌਜਵਾਨਾਂ ਸਮੇਤ ਲੱਖਾਂ ਨੌਜਵਾਨ ਨਸ਼ਿਆਂ ਦੀ ਗ੍ਰਿਫ਼ਤ ਵਿਚ ਧੱਕੇ ਜਾ ਰਹੇ ਹਨ। ਹਰੇ ਇਨਕਲਾਬ ਤੇ ਨਿੱਜੀਕਰਨ, ਉਦਾਰੀਕਰਨ ਅਤੇ ਵਿਸ਼ਵੀਕਰਨ ਆਦਿ ਵਰਤਾਰਿਆਂ ਦੇ ਸਿੱਟੇ ਵਜੋਂ ਨੌਜਵਾਨ ਕਿਰਤ ਸਭਿਆਚਾਰ ਤੇ ਹੱਥੀਂ ਕੰਮ ਕਰਨ ਤੋਂ ਇਨਕਾਰੀ ਹੈ।

ਪ੍ਰਚੂਨ ਦੁਕਾਨਾਂ ਦੀ ਥਾਂ ਵੱਡੇ-ਵੱਡੇ ਮਾਲ ਖੁੱਲ੍ਹ ਰਹੇ ਹਨ। ਢਾਬੇ ਬੰਦ ਹੋ ਰਹੇ ਹਨ ਅਤੇ ਆਲੀਸ਼ਾਨ ਹੋਟਲ ਤੇ ਰੈਸਟੋਰੈਂਟ ਉਸਰ ਰਹੇ ਹਨ। ਪ੍ਰਾਈਵੇਟ ਸਿੱਖਿਆ ਸੰਸਥਾਵਾਂ ਦੁਆਰਾ



ਅਧਿਆਪਕਾਂ ਮਾਪਿਆਂ ਤੇ ਵਿਦਿਆਰਥੀਆਂ ਦਾ ਬੇਕਿਰਕ ਸ਼ੋਸ਼ਣ ਹੋ ਰਿਹਾ ਹੈ। ਕੋਈ ਸਰਕਾਰੀ ਰੈਗੂਲੇਟਰ ਇਨ੍ਹਾਂ ਸੰਸਥਾਵਾਂ ਦੀ ਕਾਰਜਸ਼ੈਲੀ ਨੂੰ ਕੰਟਰੋਲ ਨਹੀਂ ਕਰ ਰਿਹਾ ਹੈ। ਸਰਕਾਰ ਖ਼ੁਦ ਕਈ ਤਰ੍ਹਾਂ ਦੇ ਸਕੂਲ ਚਲਾ ਰਹੀ ਹੈ, ਜਿਵੇਂ ਆਦਰਸ਼ ਸਕੂਲ (ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਧੀਨ) ਸਰਕਾਰੀ ਕੰਟਰੋਲ ਵਾਲੇ ਛੇ ਅੰਗਰੇਜ਼ੀ ਮਾਧਿਅਮ ਆਦਰਸ਼ ਸਕੂਲ, ਮੈਰੀਟੋਰੀਅਸ ਸਕੂਲ ਅਤੇ ਆਮ ਸਰਕਾਰੀ ਸਕੂਲ। ਇਨ੍ਹਾਂ ਵਿਚ ਇਕ ਗੱਲ ਸਾਂਝੀ ਹੈ ਕਿ ਲੋੜੀਂਦੇ ਅਧਿਆਪਕ ਕਿਤੇ ਵੀ ਨਹੀਂ। ਇਕਸਾਰ ਮਿਆਰੀ ਸਿੱਖਿਆ ਸੁਪਨਾ ਬਣ ਕੇ ਰਹਿ ਗਈ ਹੈ।

ਚਹੁੰ ਮਹੀਨਿਆਂ ਨੂੰ ਮਾਂ ਬੋਲੀ ਪੰਜਾਬੀ ਦੇ ਆਧਾਰ 'ਤੇ ਬਣੇ ਪੰਜਾਬੀ ਸੂਬੇ ਦੀ ਗੋਲਡਨ ਜੁਬਲੀ ਮਨਾਈ ਜਾ ਰਹੀ ਹੈ। ਇਹ ਕਿਹੀ ਵਿਡੰਬਨਾ ਹੈ ਕਿ 10 ਸਾਲ ਤੋਂ ਪੰਜਾਬੀ ਸੂਬੇ ਦੇ ਮੁਦੱਈ ਤੇ ਵਿਰੋਧੀ ਮਿਲ ਕੇ ਸਰਕਾਰ ਚਲਾ ਰਹੇ ਹਨ ਅਤੇ ਗੋਲਡਨ ਜੁਬਲੀ ਜਸ਼ਨ ਵੀ ਇਕੱਠੇ ਹੀ ਮਨਾ ਰਹੇ ਹਨ, ਪਰ ਪੰਜਾਬੀ ਬੋਲਦੇ ਪਿੰਡਾਂ ਨੂੰ ਉਜਾੜ ਕੇ ਬਣਾਈ ਸੂਬੇ ਦੀ ਰਾਜਧਾਨੀ ਦਾ ਫ਼ੈਸਲਾ 50 ਸਾਲ ਬਾਅਦ ਵੀ ਨਹੀਂ ਕਰਵਾ ਸਕੇ ਅਤੇ ਨਾ ਹੀ ਹਰਿਆਣਾ ਤੇ ਹਿਮਾਚਲ ਵਿਚਲੇ ਪੰਜਾਬੀ ਬੋਲਦੇ ਜੁੜਵੇਂ ਖੇਤਰ ਹੀ ਪੰਜਾਬ 'ਚ ਸ਼ਾਮਲ ਕਰਵਾ ਸਕੇ ਹਨ। ਸਭ ਤੋਂ ਦੁਖਦਾਈ ਹਾਲਤ ਮਾਂ ਬੋਲੀ ਪੰਜਾਬੀ ਦੀ ਹੈ: ਪੰਜਾਬ ਦੀ ਧਰਤੀ 'ਤੇ ਖੁੱਲ੍ਹੇ ਕੁਝ ਸਕੂਲਾਂ ਵਿਚ ਪੰਜਾਬੀ ਬੋਲਣ 'ਤੇ ਪਾਬੰਦੀ ਹੈ। ਰਾਜ ਭਾਸ਼ਾ ਕਾਨੂੰਨ 1967 ਅਤੇ 2008 'ਚ ਕੀਤੀਆਂ ਸੋਧਾਂ ਅਜੇ ਤਕ ਲਾਗੂ ਨਹੀਂ ਹੋ ਸਕੀਆਂ। ਪੰਜਾਬੀ ਬੋਲੀ ਦਾ ਪੰਜਾਬ 'ਚ ਹੀ ਗਲਾ ਘੁੱਟਣ ਅਤੇ ਸਭਿਆਚਾਰ ਦਾ ਸੱਤਿਆਨਾਸ਼ ਕਰਨ ਵਿਚ ਇਨ੍ਹਾਂ ਅੰਗਰੇਜ਼ੀ ਮਾਧਿਅਮ ਸਕੂਲਾਂ ਦੀ ਵੱਡੀ ਭੂਮਿਕਾ ਹੈ। ਪੰਜਾਬ ਦੀ ਕਿਸਾਨੀ ਤੇ ਜਵਾਨੀ ਨੂੰ ਸਾਡੇ ਬਹੁ-ਗਿਣਤੀ 'ਗਾਇਕਾਂ' ਨੇ ਵੀ ਤਬਾਹ ਕਰਨ ਵਿਚ ਹਿੱਸਾ ਪਾਇਆ ਹੈ। ਲੱਚਰ ਗਾਇਕੀ ਵਿਚ ਹਿੰਸਾ ਤੇ ਹਥਿਆਰਾਂ ਦਾ ਪ੍ਰਦਰਸ਼ਨ ਅਤੇ ਸ਼ਰਾਬ ਤੇ ਨਸ਼ਿਆਂ ਦਾ ਜੱਸ ਗਾਇਨ ਕੀਤਾ ਜਾ ਰਿਹਾ ਹੈ। ਸ਼ੋਰ ਨੂੰ ਸੰਗੀਤ ਸਮਝਿਆ ਜਾਣ ਲੱਗਾ ਹੈ। ਹੋਰ ਤਾਂ ਹੋਰ, ਸਵੇਰ ਵੇਲੇ ਦੀ ਕੁਦਰਤੀ ਸ਼ਾਂਤੀ ਨੂੰ ਵੀ ਧਰਮ ਸਥਾਨਾਂ 'ਤੇ ਲਗਾਏ ਸਪੀਕਰਾਂ ਨੇ ਭੰਗ ਕਰ ਦਿਤਾ ਹੈ।

ਲੋਕਾਂ ਨੂੰ ਅਨੇਕਾਂ ਪਰਿਵਾਰਕ ਸਮੱਸਿਆਵਾਂ ਦਰਪੇਸ਼ ਹਨ। ਉਹ ਅਨਪੜ੍ਹਤਾ-ਅਗਿਆਨਤਾ ਤੇ ਅੰਧ-ਵਿਸ਼ਵਾਸਾਂ ਕਾਰਨ ਚੇਤਨਾ ਸੰਕਟ ਦਾ ਸ਼ਿਕਾਰ ਹਨ। ਸਿਟੇ ਵਜੋਂ ਉਹ ਮਾਨਸਿਕ ਸ਼ਾਂਤੀ ਲਈ ਡੇਰੇਦਾਰਾਂ ਦੀਆਂ ਭੀੜਾਂ ਵਧਾਉਂਦੇ ਹਨ। ਇਹ ਡੇਰੇਦਾਰ ਪੰਜਾਬੀਆਂ ਨੂੰ ਕਿਰਤ ਸਭਿਆਚਾਰ ਤੋਂ ਤੋੜ ਰਹੇ ਹਨ। ਡੇਰਿਆਂ ਦੇ ਮਾਲਕ ਖ਼ੁਦ ਹੱਥੀਂ ਕੋਈ ਕੰਮ ਨਹੀਂ ਕਰਦੇ। ਉਹ ਲੋਕਾਂ ਨੂੰ ਪਰਲੋਕ ਦੇ ਭਰਮ ਵਿਚ ਪਾ ਕੇ ਅਗਲਾ ਜਨਮ ਸੰਵਾਰਨ 'ਤੇ ਜ਼ੋਰ ਦਿੰਦੇ ਹੋਏ ਵਰਤਮਾਨ ਸਮੱਸਿਆਵਾਂ ਤੋਂ ਅੱਖਾਂ ਬੰਦ ਕਰੀ ਰੱਖਦੇ ਹਨ। ਮਾਦਾ ਭਰੂਣ ਹੱਤਿਆ ਤੇ ਨਸ਼ੇ ਪੰਜਾਬ ਦੀਆਂ ਵੱਡੀਆਂ ਸਮੱਸਿਆਵਾਂ ਹਨ। ਬੇਰਹਿਮ ਟ੍ਰੈਵਲ ਏਜੰਟ ਨੌਜਵਾਨਾਂ ਦੀਆਂ ਰੀਝਾਂ ਅਤੇ ਮਾਪਿਆਂ ਦੀ ਦਸਾਂ-ਨਹੁੰਆਂ ਦੀ ਕਮਾਈ ਨੂੰ ਚਟਮ ਕਰ ਰਹੇ ਹਨ।

ਵਧ ਰਹੇ ਸੜਕੀ ਹਾਦਸੇ ਤੇ ਇਨ੍ਹਾਂ ਵਿਚ ਹੁੰਦੀਆਂ ਬੇਵਕਤੀ ਮੌਤਾਂ ਅਤੇ ਸਦਾ ਲਈ ਅੰਗਹੀਣ ਹੁੰਦੇ ਲੋਕ ਪੰਜਾਬ ਦੇ ਮੌਜੂਦਾ ਦੁਖਾਂਤ ਦੀ ਕਹਾਣੀ ਨੂੰ ਹੋਰ ਗੂੜ੍ਹਾ ਕਰ ਰਹੇ ਹਨ। ਸੜਕ ਹਾਦਸਿਆਂ ਵਿਚ ਅੱਧੇ ਤੋਂ ਵੱਧ 16 ਤੋਂ 35 ਸਾਲ ਦੇ ਉਮਰ ਵਰਗ ਦੇ ਹੁੰਦੇ ਹਨ। ਅਨਟਰੇਂਡ ਡਰਾਈਵਰ, ਵਹੀਕਲਾਂ ਦੀ ਵਧ ਰਹੀ ਗਿਣਤੀ ਤੇ ਸੜਕਾਂ 'ਤੇ ਵਧ ਰਹੀਆਂ ਭੀੜਾਂ, ਡਰਾਈਵਰਾਂ ਦੁਆਰਾ ਸ਼ਰਾਬ ਤੇ ਹੋਰ ਨਸ਼ੇ ਕਰ ਕੇ ਗੱਡੀ ਚਲਾਉਣੀ, ਸੜਕਾਂ ਦੀ ਮੰਦੀ ਹਾਲਤ, ਸੜਕੀ ਪ੍ਰੋਜੈਕਟਾਂ ਦਾ ਸਮੇਂ ਸਿਰ ਪੂਰਾ ਨਾ ਹੋਣਾ, ਪ੍ਰਸ਼ਾਸਨ ਦੁਆਰਾ ਨਿਰਧਾਰਿਤ ਰਫ਼ਤਾਰ ਨੂੰ ਲਾਗੂ ਨਾ ਕਰਵਾ ਸਕਣਾ; ਸਮਾਜਿਕ ਰਾਜਨੀਤਕ ਤੇ ਧਾਰਮਿਕ ਇਕੱਠਾਂ ਕਾਰਨ ਸੜਕਾਂ 'ਤੇ ਭੀੜਾਂ ਦਾ ਵਧਣਾ; ਪ੍ਰਾਈਵੇਟ ਸਕੂਲਾਂ ਦੀਆਂ ਕੰਡਮ ਗੱਡੀਆਂ 'ਤੇ ਅਨਟਰੇਂਡ ਡਰਾਈਵਰ ਅਤੇ ਹੋਰ ਕਈ ਕਾਰਨਾਂ ਕਰ ਕੇ ਸੜਕੀ ਹਾਦਸੇ ਤੇ ਮੌਤਾਂ ਵਧ ਰਹੀਆਂ ਹਨ।

ਇਹ ਸਾਰੀਆਂ ਸਮੱਸਿਆਵਾਂ ਪੰਜਾਬ ਨੂੰ ਸਮੂਹਿਕ ਖ਼ੁਦਕੁਸ਼ੀ ਵੱਲ ਧੱਕ ਰਹੀਆਂ ਹਨ। ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਇਨ੍ਹਾਂ ਵਿਕਰਾਲ ਸਮੱਸਿਆਵਾਂ ਦੇ ਹੱਲ ਲਈ ਸੱਤਾਧਾਰੀ ਧਿਰਾਂ ਤੇ ਜਥੇਬੰਦਕ ਦਬਾਅ ਬੇਹੱਦ ਨਿਗੂਣਾ, ਅੱਧ-ਪਚੱਧਾ ਤੇ ਟੁੱਟਵਾਂ ਹੈ। ਕਮਜ਼ੋਰ ਜਿਹਾ ਜਥੇਬੰਦਕ ਵਿਰੋਧ ਵੀ ਬੱਝਵਾਂ ਤੇ ਨਿਰੰਤਰ ਨਹੀਂ ਹੈ। ਅਕਾਲੀ-ਭਾਜਪਾ ਗੱਠਜੋੜ, ਕਾਂਗਰਸ ਤੇ ਬਸਪਾ ਆਦਿ ਰਾਜਨੀਤਿਕ ਪਾਰਟੀਆਂ ਦਾ ਇੱਕੋ-ਇੱਕ ਉਦੇਸ਼ ਲੋਕਾਂ ਦਾ ਧਿਆਨ ਉਨ੍ਹਾਂ ਨੂੰ ਦਰਪੇਸ਼ ਮੁੱਦਿਆਂ ਤੋਂ ਲਾਂਭੇ ਕਰ ਕੇ ਗ਼ੈਰ-ਜ਼ਰੂਰੀ ਜਾਂ ਫ਼ਜ਼ੂਲ ਦੇ ਮਾਮਲਿਆਂ ਵਿਚ ਉਲਝਾਉਣਾ ਅਤੇ ਗੁਮਰਾਹ ਕਰਨਾ ਹੈ। ਪੰਜਾਬ ਦੇ ਚਿੰਤਕ, ਸੂਝਵਾਨ ਅਤੇ ਖੱਬੇਪੱਖੀ ਧਿਰਾਂ ਖੱਖੜੀਆਂ ਕਰੇਲੇ ਹਨ। ਇਨ੍ਹਾਂ ਧਿਰਾਂ ਅੰਦਰਲੀ ਧੜੇਬੰਦੀ ਅਤੇ ਆਪਸੀ ਖਹਿਬਾਜ਼ੀ ਵੀ ਨੀਵੇਂ ਪੱਧਰ 'ਤੇ ਜਾ ਪਹੁੰਚੀ ਹੈ। ਕੁਝ ਅਪਵਾਦਾਂ ਨੂੰ ਛੱਡ ਕੇ ਬਹੁਤੇ ਚਿੰਤਕ ਬੁੱਧੀਜੀਵੀ ਤੇ ਲੇਖਕ, ਸਰਕਾਰੀ 'ਨਿਆਮਤਾਂ' ਵੱਲ ਝਾਕਦੇ ਰਹਿੰਦੇ ਹਨ। ਇਨ੍ਹਾਂ ਦੀ ਵੱਡੀ ਬਹੁ-ਗਿਣਤੀ ਵਿਖਾਵੇ, ਦੋਗਲੇਪਨ, ਚਾਪਲੂਸ ਮਾਨਸਿਕਤਾ ਅਤੇ ਸ਼ਬਦ-ਜਾਲ ਬੁਣਨ ਦੀ ਸ਼ਿਕਾਰ ਹੈ। ਅੰਗਰੇਜ਼ੀ ਮਾਧਿਅਮ ਸਕੂਲ ਚਲਾ ਰਿਹਾ 'ਪੰਜਾਬੀ ਲੇਖਕ' ਮਾਂ-ਬੋਲੀ ਪੰਜਾਬੀ ਦੇ ਹੱਕ ਵਿਚ ਕਿਵੇਂ ਲੜਾਈ ਲੜਨ ਦਾ ਦਮ ਭਰ ਰਿਹਾ ਹੈ। ਇਸ ਹਾਲਤ ਵਿਚ ਪੰਜਾਬ ਦਾ ਖ਼ੁਦਕੁਸ਼ੀ ਵੱਲ ਵਧਣਾ ਸੁਭਾਵਿਕ ਹੈ।

# ਹੁਣ ਪੰਜਾਬ-ਯੂ.ਪੀ. ਕਰਨਗੇ ਅਗਲੀ ਸਿਆਸਤ ਦਾ ਫੈਸਲਾ

**ਅਭੈ ਕੁਮਾਰ ਦੂਬੇ**

ਭਾਰਤੀ ਰਾਜਨੀਤੀ ਲਈ ਅਗਲੇ ਸਾਲ, ਭਾਵ 2017 ਦੇ ਪਹਿਲੇ ਤਿੰਨ ਮਹੀਨੇ ਅਹਿਮ ਹਨ। ਜੇ ਇਹ ਕਿਹਾ ਜਾਵੇ ਤਾਂ ਗ਼ਲਤ ਨਹੀਂ ਹੋਵੇਗਾ ਕਿ ਇਨ੍ਹਾਂ ਤਿੰਨਾਂ ਮਹੀਨਿਆਂ ਵਿਚ ਜੋ ਕੁਝ ਹੋਵੇਗਾ, ਉਸ ਨਾਲ ਮੁਲਕ ਦੀ ਲੋਕਤੰਤਰੀ ਰਾਜਨੀਤੀ ਦਾ ਭਵਿਖ ਤੈਅ ਹੋ ਜਾਵੇਗਾ। ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਗਲੇ ਸਾਲ ਦੇ ਜਨਵਰੀ, ਫਰਵਰੀ ਅਤੇ ਮਾਰਚ ਮਹੀਨਿਆਂ ਵਿਚ ਉਤਰ ਪ੍ਰਦੇਸ਼ (ਯੂ.ਪੀ.) ਅਤੇ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹੋਣਗੀਆਂ। ਹਰ ਪਾਰਟੀ ਦੀ ਮੁਹਿੰਮ ਆਪਣੇ ਪੂਰੇ ਸ਼ਬਾਬ 'ਤੇ ਹੋਵੇਗੀ। ਇਸ ਮੁਕਾਬਲੇ ਵਿਚ 4 ਅਜਿਹੀਆਂ ਪਾਰਟੀਆਂ (ਅਕਾਲੀ ਦਲ, ਆਮ ਆਦਮੀ ਪਾਰਟੀ, ਬਹੁਜਨ ਸਮਾਜ ਪਾਰਟੀ ਤੇ ਸਮਾਜਵਾਦੀ ਪਾਰਟੀ) ਆਪਣੀ ਦਾਅਵੇਦਾਰੀ ਪੇਸ਼ ਕਰਨਗੀਆਂ। ਇਸ ਦੇ ਨਾਲ ਹੀ ਦੋ ਅਜਿਹੀਆਂ ਪਾਰਟੀਆਂ (ਕਾਂਗਰਸ ਤੇ ਭਾਰਤੀ ਜਨਤਾ ਪਾਰਟੀ) ਇਹ ਚੋਣਾਂ ਜਿੱਤਣ ਦੀ ਕੋਸ਼ਿਸ਼ ਕਰਨਗੀਆਂ।

ਇਸ ਚੁਣਾਵੀ ਰਾਜਨੀਤੀ ਵਿਚ ਭਾਜਪਾ ਦੀ ਰਣਨੀਤੀ ਕੀ ਹੋਵੇਗੀ, ਇਸ ਦਾ ਅੰਦਾਜ਼ਾ ਲਾਉਣਾ ਸਭ ਤੋਂ ਦਿਲਚਸਪ ਹੋ ਸਕਦਾ ਹੈ। ਇਸ ਰਣਨੀਤੀ ਦੇ ਦੋ ਚਿਹਰੇ ਹਨ। ਪਹਿਲਾ, ਭਾਜਪਾ ਲਈ ਉਤਰ ਪ੍ਰਦੇਸ਼ ਵਿਚ ਚੋਣਾਂ ਜਿੱਤਣੀਆਂ ਜ਼ਰੂਰੀ ਹਨ, ਕਿਉਂਕਿ 2014 ਵਿਚ ਉਸ ਨੇ ਇਸ ਸੂਬੇ ਵਿਚੋਂ ਲੋਕ ਸਭਾ ਦੀਆਂ 71 ਸੀਟਾਂ ਜਿੱਤੀਆਂ ਸਨ ਅਤੇ ਇਸੇ ਗਿਣਤੀ ਕਰ ਕੇ ਅੱਜ ਉਹ ਕੇਂਦਰ ਵਿਚ ਮੁਕੰਮਲ ਬਹੁਮਤ ਵਾਲੀ ਸਰਕਾਰ ਚਲਾ ਰਹੀ ਹੈ। ਜੇ ਭਾਜਪਾ ਉਤਰ ਪ੍ਰਦੇਸ਼ ਵਿਚ ਹਾਰ ਗਈ ਤਾਂ 2019 ਦੀਆਂ ਲੋਕ ਸਭਾ ਚੋਣਾਂ ਦਾ ਰਾਹ ਉਸ ਲਈ ਬਹੁਤ ਔਖਾ ਹੋ ਜਾਵੇਗਾ। ਹਰ ਹਾਰ ਦਾ ਕੋਈ ਬਹਾਨਾ ਹੋ ਸਕਦਾ ਹੈ, ਪਰ ਉਤਰ ਪ੍ਰਦੇਸ਼ ਦੀ ਹਾਰ ਦਾ ਕੋਈ ਬਹਾਨਾ ਮਿਲਣਾ ਮੁਸ਼ਕਿਲ ਹੋਵੇਗਾ। ਇਸ ਹਾਰ ਦਾ ਇਕ ਹੀ ਨਤੀਜਾ ਹੋਵੇਗਾ: ਲੋਕ ਕਹਿਣਗੇ, ਭਾਜਪਾ ਦਾ ਬੁਰਾ ਵਕਤ ਸ਼ੁਰੂ ਹੋ ਗਿਆ। ਹੁਣ ਮੁਸ਼ਕਿਲ ਇਹ ਹੈ ਕਿ ਉਤਰ ਪ੍ਰਦੇਸ਼ ਦੀ ਜਟਿਲ ਰਾਜਨੀਤੀ ਵਿਚ ਭਾਜਪਾ ਵਾਸਤੇ ਜਿੱਤ ਦੀ ਗਾਰੰਟੀ ਤਲਾਸ਼ਣੀ ਤੂੜੀ ਦੇ ਢੇਰ ਵਿਚੋਂ ਸੂਈ ਲੱਭਣ ਵਾਂਗ ਹੈ। ਪਾਰਟੀ ਦੀ ਰਣਨੀਤੀ ਦਾ ਦੂਜਾ ਚਿਹਰਾ ਪੰਜਾਬ ਸਬੰਧੀ ਹੈ। ਪੰਜਾਬ ਵਿਚ ਭਾਜਪਾ ਮੁੱਖ ਤਾਕਤ ਨਾ ਹੋ ਕੇ ਅਕਾਲੀ ਦਲ ਦੇ ਪੱਲੇ ਨਾਲ ਬੱਝੀ ਹੋਈ ਹੈ। ਆਮ ਸਮਝ ਹੈ ਕਿ ਇਹ ਗਠਜੋੜ 10 ਸਾਲ ਦੀ ਸੱਤਾ ਤੋਂ ਬਾਅਦ ਸਥਾਪਤੀ-ਵਿਰੋਧੀ ਰੁਝਾਨ ਦਾ ਸਾਹਮਣਾ ਕਰ ਰਿਹਾ ਹੈ। ਭਾਜਪਾ ਵੀ ਇਸ ਗੱਲ ਨੂੰ ਸਮਝ ਰਹੀ ਹੈ। ਇਸ ਲਈ ਉਸ ਨੂੰ ਆਪਣੀ ਰਣਨੀਤੀ ਇਸ ਢੰਗ ਨਾਲ ਬਣਾਉਣੀ ਪਵੇਗੀ ਕਿ ਕਿਸ ਪਾਰਟੀ ਤੋਂ ਹਾਰਨਾ ਉਸ ਲਈ ਘੱਟ ਨੁਕਸਾਨਦੇਹ ਹੋਵੇਗਾ।

ਇਸ ਤਰਜ਼ 'ਤੇ ਜੇ ਵਿਸ਼ਲੇਸ਼ਣ ਨੂੰ ਅੱਗੇ ਵਧਾਇਆ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਪੰਜਾਬ ਵਿਚ ਸਥਾਪਤੀ-ਵਿਰੋਧੀ ਰੁਝਾਨ ਦਾ ਲਾਭ ਜਾਂ ਤਾਂ ਆਮ ਆਦਮੀ ਪਾਰਟੀ ਨੂੰ ਮਿਲੇਗਾ, ਜਾਂ ਕਾਂਗਰਸ ਨੂੰ। ਜੇ ਆਮ ਆਦਮੀ ਪਾਰਟੀ ਦੀ ਪ੍ਰਭਾਵਸ਼ਾਲੀ ਹਾਜ਼ਰੀ ਦੇ ਬਾਵਜੂਦ ਕਾਂਗਰਸ ਜਿੱਤ ਗਈ ਤਾਂ ਹੋ ਸਕਦਾ ਹੈ ਕਿ ਕੌਮੀ ਪੱਧਰ 'ਤੇ ਕਾਂਗਰਸ ਵਿਚ ਜਾਨ ਪੈ ਜਾਵੇ ਅਤੇ ਪਾਰਟੀ ਮੁਲਕ ਵਿਚ ਪੰਜਾਬ ਦੀ ਜਿੱਤ ਦੇ ਦਮ 'ਤੇ ਆਪਣੇ ਸਿਆਸੀ ਉਭਾਰ ਦੇ ਦੌਰ ਵਿਚ ਦਾਖ਼ਲ ਹੋ ਜਾਵੇ। ਜੇ ਆਮ ਆਦਮੀ ਪਾਰਟੀ ਜਿੱਤ ਗਈ ਤਾਂ ਉਹ ਕੌਮੀ ਦ੍ਰਿਸ਼ ਵਿਚ ਇਕ ਤੋਂ ਵਧੇਰੇ ਸੂਬਿਆਂ ਵਿਚ ਸਰਕਾਰ ਬਣਾਉਣ ਵਾਲੀ ਤੀਜੀ ਪਾਰਟੀ ਹੋਵੇਗੀ। ਉਸ ਸੂਰਤ ਵਿਚ ਇਹ ਪਾਰਟੀ ਜੋ ਅੱਜ ਵੀ ਬਾਕੀ ਪਾਰਟੀਆਂ ਨੂੰ ਕੁਝ ਵਚਿੱਤਰ ਜਾਪਦੀ ਹੈ, ਖ਼ਾਸ ਤਰ੍ਹਾਂ ਦੀ ਕੌਮੀ ਵੰਗਾਰ ਪੇਸ਼ ਕਰ ਸਕਦੀ ਹੈ। ਪੰਜਾਬ ਵਿਚ ਇਸ ਵੱਲੋਂ ਕਾਂਗਰਸ ਤੋਂ ਅੱਗੇ ਨਿਕਲਣ ਤੋਂ ਬਾਅਦ ਗ਼ੈਰ-ਭਾਜਪਾ ਅਤੇ ਗ਼ੈਰ-ਕਾਂਗਰਸ ਰਾਜਨੀਤਕ ਤਾਕਤਾਂ, ਆਮ ਆਦਮੀ ਪਾਰਟੀ ਤੇ ਅਰਵਿੰਦ ਕੇਜਰੀਵਾਲ ਦੀ ਸ਼ਖ਼ਸੀਅਤ ਦੇ ਆਲੇ-ਦੁਆਲੇ ਕਤਾਰਬੱਧ ਹੋਣ ਲੱਗਣਗੀਆਂ। ਸਮਝਿਆ ਜਾ ਸਕਦਾ ਹੈ ਕਿ ਜਦੋਂ ਦਿੱਲੀ ਵਰਗੀ ਅੱਧੀ ਵਿਧਾਨ ਸਭਾ ਦੇ ਦਮ 'ਤੇ ਕੇਜਰੀਵਾਲ ਭਾਜਪਾ ਲਈ ਸਿਰਦਰਦ ਬਣੇ ਹੋਏ ਹਨ ਤਾਂ ਪੰਜਾਬ ਵਰਗੇ ਅਹਿਮ ਸੂਬੇ ਨੂੰ ਜਿੱਤ ਕੇ ਉਹ ਕੀ ਕਰਨਗੇ, ਤੇ ਕਿਸ ਹੱਦ ਤੱਕ ਚਲੇ ਜਾਣਗੇ? ਭਾਵ ਪੰਜਾਬ ਵਿਚ ਭਾਜਪਾ ਲਈ ਇਕ ਪਾਸੇ ਖੂਹ ਹੈ ਅਤੇ ਦੂਜੇ ਪਾਸੇ ਖਾਈ ਵਾਲੀ ਗੱਲ ਹੈ।

ਕਾਂਗਰਸ ਲਈ ਰਣਨੀਤੀ ਬਿਲਕੁਲ ਸਾਫ਼ ਹੈ। ਉਹ ਪੰਜਾਬ ਵਿਚ ਜਿੱਤਣ ਲਈ ਲੜ ਰਹੀ ਹੈ ਅਤੇ ਉਤਰ ਪ੍ਰਦੇਸ਼ ਵਿਚ ਆਪਣਾ ਪ੍ਰਦਰਸ਼ਨ ਸੁਧਾਰਨ ਲਈ। ਉਸ ਲਈ ਆਦਰਸ਼ ਨਤੀਜਾ ਇਹ ਹੋਵੇਗਾ ਕਿ ਮਾਰਚ 2017 ਵਿਚ ਕੈਪਟਨ ਅਮਰਿੰਦਰ ਸਿੰਘ ਪੰਜਾਬ ਵਿਚ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕ ਲੈਣ ਅਤੇ ਉਤਰ ਪ੍ਰਦੇਸ਼ ਵਿਚ ਉਹ 70-80 ਸੀਟਾਂ ਜਿੱਤ ਜਾਵੇ। ਪ੍ਰਸ਼ਾਂਤ ਕਿਸ਼ੋਰ ਵੱਲੋਂ ਦੋਵਾਂ ਸੂਬਿਆਂ ਵਿਚ ਕੀਤੇ ਜਾਣ ਵਾਲੇ ਰਣਨੀਤਕ ਯਤਨਾਂ ਦੇ ਬਾਵਜੂਦ ਕਾਂਗਰਸ ਨੂੰ ਵੀ ਇਸ ਨਤੀਜੇ ਦੀ ਗਾਰੰਟੀ ਨਜ਼ਰ ਨਹੀਂ ਆ ਰਹੀ। ਹਾਂ, ਜੇ ਆਮ ਆਦਮੀ ਪਾਰਟੀ ਪੰਜਾਬ ਦੇ ਚੋਣ ਮੈਦਾਨ ਵਿਚ ਨਾ ਕੁੱਦੀ ਹੁੰਦੀ ਤਾਂ ਮਾਮਲਾ ਕੁਝ ਹੋਰ ਹੁੰਦਾ। ਦੂਜੀ ਗੱਲ ਇਹ ਕਿ ਅੱਜ ਜੇ ਕਾਂਗਰਸ ਕੋਲ ਉਤਰ ਪ੍ਰਦੇਸ਼ ਵਿਚ ਚੰਗੀ ਲੀਡਰਸ਼ਿਪ ਹੁੰਦੀ ਤਾਂ ਸ਼ਾਇਦ ਉਹ ਕੁਝ ਬਿਹਤਰ ਕਰ ਸਕਦੀ ਸੀ।

ਉਤਰ ਪ੍ਰਦੇਸ਼ ਵਿਚ ਲੀਡਰਸ਼ਿਪ ਭਾਜਪਾ ਦੇ ਕੋਲ ਵੀ ਨਹੀਂ ਹੈ। ਦੋਵੇਂ ਖੇਤਰੀ ਤਾਕਤਾਂ, ਸਮਾਜਵਾਦੀ ਪਾਰਟੀ ਅਤੇ ਬਸਪਾ ਦੇ ਕੋਲ ਕ੍ਰਮਵਾਰ ਅਖਿਲੇਸ਼ ਅਤੇ ਮਾਇਆਵਤੀ ਦੇ ਰੂਪ ਵਿਚ ਮਜ਼ਬੂਤ ਚਿਹਰੇ ਹਨ। ਉਤਰ ਪ੍ਰਦੇਸ਼ ਦੀ ਜਨਤਾ ਜਾਣਦੀ ਹੈ ਕਿ ਇਨ੍ਹਾਂ ਵਿਚੋਂ ਕਿਹੜਾ ਚਿਹਰਾ ਹਕੂਮਤ ਦੇ ਕਿਹੜੇ ਮਾਡਲ ਦੀ ਨੁਮਾਇੰਦਗੀ ਕਰਦਾ ਹੈ। ਪਿਛਲੇ 15 ਸਾਲ ਤੋਂ ਇਨ੍ਹਾਂ ਦੋਵਾਂ ਵਿਚਕਾਰ ਸੱਤਾ ਦੀ ਅਦਲਾ-ਬਦਲੀ ਹੋ ਰਹੀ ਹੈ। ਜੇ ਸਮਾਜਵਾਦੀ ਪਾਰਟੀ ਦੇ ਖਿਲਾਫ਼ ਕੋਈ ਸਥਾਪਤੀ-ਵਿਰੋਧੀ ਰੁਝਾਨ ਹੈ ਤਾਂ ਉਸ ਦਾ ਸੁਭਾਵਿਕ ਲਾਭ ਬਸਪਾ ਨੂੰ ਹੀ ਮਿਲੇਗਾ। ਉਸ ਲਾਭ ਨੂੰ ਆਪਣੇ ਵੱਲ ਖਿੱਚਣ ਲਈ ਭਾਜਪਾ ਅਤੇ ਕਾਂਗਰਸ ਨੂੰ ਬਹੁਤ ਮਿਹਨਤ ਕਰਨੀ ਪਵੇਗੀ। ਚਮਤਕਾਰ ਵਰਗਾ ਕੁਝ ਕਰਨਾ ਪਵੇਗਾ। ਜਥੇਬੰਦਕ ਮਜ਼ਬੂਤੀ ਵੀ ਸਮਾਜਵਾਦੀ ਪਾਰਟੀ ਅਤੇ ਬਸਪਾ ਕੋਲ ਹੀ ਹੈ। ਦੋਵੇਂ ਵੱਡੀਆਂ ਪਾਰਟੀਆਂ ਉਤਰ ਪ੍ਰਦੇਸ਼ ਵਿਚ ਆਪਣੀ ਜਥੇਬੰਦਕ ਹਾਜ਼ਰੀ ਯੋਜਨਾਬੱਧ ਤਰੀਕੇ ਨਾਲ ਵਧਾਉਣ 'ਚ ਨਾਕਾਮ ਰਹੀਆਂ ਹਨ। ਸਮਾਜਵਾਦੀ ਪਾਰਟੀ ਅਤੇ ਬਸਪਾ ਨੂੰ ਵੋਟ ਪਾਉਂਦੇ ਸਮੇਂ ਵੋਟਰ ਇਹ ਵੀ ਫ਼ੈਸਲਾ ਕਰਨਗੇ ਕਿ ਉਹ ਸੂਬੇ ਵਿਚ ਪ੍ਰਸ਼ਾਸਨ ਦਾ ਕਿਹੜਾ ਮਾਡਲ ਚਾਹੁੰਦੇ ਹਨ। ਉਹ ਮਾਡਲ ਜਿਸ 'ਚੋਂ ਮਥੁਰਾ ਕਾਂਡ ਨਿਕਲਿਆ ਜਾਂ ਉਹ ਮਾਡਲ ਜਿਸ ਲਈ ਮਾਇਆਵਤੀ ਦੀ ਉਨ੍ਹਾਂ ਦੇ ਵਿਰੋਧੀ ਵੀ ਸ਼ਲਾਘਾ ਕਰਦੇ ਹਨ?

ਇਕ ਪਾਸੇ ਪੰਜ ਦਰਿਆਵਾਂ ਵਾਲਾ ਸੂਬਾ ਹੈ ਜਿਸ ਦੇ ਬਹੁਤ ਸਾਰੇ ਨੌਜਵਾਨ ਨਸ਼ੇ ਦੇ ਹੜ੍ਹ ਵਿਚ ਡੁੱਬ ਗਏ ਹਨ। ਜਨਤਾ ਇਸ ਅਲਾਮਤ ਤੋਂ ਛੁਟਕਾਰਾ ਚਾਹੁੰਦੀ ਹੈ। ਦੂਜੇ ਪਾਸੇ ਗੰਗਾ-ਯਮੁਨਾ ਦਾ ਵਿਸ਼ਾਲ ਸੂਬਾ ਹੈ ਜਿਸ ਨੂੰ ਦੁਨੀਆ ਦੀ ਸਭ ਤੋਂ ਵੱਡੀ ਪ੍ਰਸ਼ਾਸਨਿਕ ਇਕਾਈ ਹੋਣ ਦਾ ਮਾਣ ਹਾਸਲ ਹੈ। ਇਕ ਸੂਬਾ, 2019 ਦੇ ਸੰਭਾਵੀ ਚੋਣ ਨਤੀਜਿਆਂ ਵੱਲ ਇਸ਼ਾਰਾ ਕਰੇਗਾ ਅਤੇ ਦੂਜਾ ਸੂਬਾ ਜਾਂ ਤਾਂ ਕਾਂਗਰਸ ਨੂੰ ਸਿਰ ਉਠਾ ਕੇ ਚੱਲਣ ਦਾ ਮੌਕਾ ਇਕ ਵਾਰ ਫਿਰ ਮੁਹੱਈਆ ਕਰਾਏਗਾ ਜਾਂ ਕੌਮੀ ਮੰਚ 'ਤੇ ਨਰੇਂਦਰ ਮੋਦੀ ਨੂੰ ਚੁਣੌਤੀ ਦੇਣ ਵਾਲੇ ਚਿਹਰੇ ਨੂੰ ਉਭਾਰ ਦੇਵੇਗਾ। ਸਾਰਾ ਮੁਲਕ ਸਾਹ ਰੋਕ ਕੇ ਇਨ੍ਹਾਂ ਚੋਣ ਨਤੀਜਿਆਂ ਦੀ ਉਡੀਕ ਕਰੇਗਾ। 2019 ਦੇ ਫਾਈਨਲ ਤੋਂ ਪਹਿਲਾਂ ਜੇ ਕੋਈ ਸੈਮੀਫਾਈਨਲ ਹੈ ਤਾਂ ਉਹ ਇਹੀ ਹੈ।

***ਇਕ ਪਾਸੇ ਪੰਜ ਦਰਿਆਵਾਂ ਵਾਲਾ ਸੂਬਾ ਹੈ ਜਿਸ ਦੇ ਬਹੁਤ ਸਾਰੇ ਨੌਜਵਾਨ ਨਸ਼ੇ ਦੇ ਹੜ੍ਹ ਵਿਚ ਡੁੱਬ ਗਏ ਹਨ। ਜਨਤਾ ਇਸ ਅਲਾਮਤ ਤੋਂ ਛੁਟਕਾਰਾ ਚਾਹੁੰਦੀ ਹੈ। ਦੂਜੇ ਪਾਸੇ ਗੰਗਾ-ਯਮੁਨਾ ਦਾ ਸੂਬਾ ਹੈ ਜਿਸ ਨੂੰ ਦੁਨੀਆ ਦੀ ਸਭ ਤੋਂ ਵੱਡੀ ਪ੍ਰਸ਼ਾਸਨਿਕ ਇਕਾਈ ਹੋਣ ਦਾ ਮਾਣ ਹਾਸਲ ਹੈ। ਇਕ ਸੂਬਾ, 2019 ਦੇ ਸੰਭਾਵੀ ਚੋਣ ਨਤੀਜਿਆਂ ਵੱਲ ਇਸ਼ਾਰਾ ਕਰੇਗਾ, ਦੂਜਾ ਸੂਬਾ ਜਾਂ ਤਾਂ ਕਾਂਗਰਸ ਨੂੰ ਸਿਰ ਉਠਾ ਕੇ ਚੱਲਣ ਦਾ ਮੌਕਾ ਇਕ ਵਾਰ ਫਿਰ ਮੁਹੱਈਆ ਕਰਾਏਗਾ ਜਾਂ ਕੌਮੀ ਮੰਚ 'ਤੇ ਨਰੇਂਦਰ ਮੋਦੀ ਨੂੰ ਚੁਣੌਤੀ ਦੇਣ ਵਾਲੇ ਚਿਹਰੇ ਨੂੰ ਉਭਾਰ ਦੇਵੇਗਾ। ਸਾਰਾ ਮੁਲਕ ਸਾਹ ਰੋਕ ਕੇ ਇਨ੍ਹਾਂ ਚੋਣ ਨਤੀਜਿਆਂ ਦੀ ਉਡੀਕ ਕਰੇਗਾ।***

# ਸਾਡੇ ਵਿਹੜੇ ਇੰਡੀਅਨ ਕਾਫੀ ਹਾਊਸ ਦੀ ਆਮਦ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੈਂ ਆਪਣੇ ਸਰਗਰਮ ਜੀਵਨ ਦੇ ਤਿੰਨ ਦਹਾਕੇ ਦਿੱਲੀ ਰਿਹਾ ਹਾਂ ਤੇ ਤਿੰਨ ਚੰਡੀਗੜ੍ਹ। ਦਿੱਲੀ ਰਹਿੰਦਿਆਂ ਬਹੁਤੀਆਂ ਸ਼ਾਮਾਂ ਜਨਪਥ ਵਾਲੇ ਇੰਡੀਅਨ ਕਾਫ਼ੀ ਹਾਊਸ ਗੁਜ਼ਰਦੀਆਂ। ਇਸ ਦਾ ਉਦਘਾਟਨ ਜਵਾਹਰ ਲਾਲ ਨਹਿਰੂ ਦੇ ਕੈਬਨਿਟ ਮੰਤਰੀ ਕ੍ਰਿਸ਼ਨਾ ਮੈਨਨ ਨੇ ਕੀਤਾ ਸੀ ਤੇ ਬਿਲਾ ਨਾਗਾ ਜਾਣ ਵਾਲਿਆਂ ਵਿੱਚ ਸਾਬਕਾ ਪ੍ਰਧਾਨ ਮੰਤਰੀ





ਇੰਦਰ ਕੁਮਾਰ ਗੁਜਰਾਲ ਵਰਗੇ ਸਿਆਸਤਦਾਨ ਤੇ ਟ੍ਰਿਬਿਊਨ ਦੇ ਸਤਿੰਦਰ ਸਿੰਘ ਵਰਗੇ ਪੱਤਰਕਾਰ ਵੀ ਸ਼ਾਮਿਲ ਸਨ, ਪੰਜਾਬੀ ਕਵੀ ਤਾਰਾ ਸਿੰਘ ਕਾਮਲ ਸਮੇਤ।

ਹੋਰ ਕੋਈ ਉਥੇ ਮਿਲੇ ਨਾ ਮਿਲੇ ਕਾਮਲ ਜ਼ਰੂਰ ਮਿਲ ਜਾਂਦਾ। ਬਲਵੰਤ ਗਾਰਗੀ ਦੇ ਕਹਿਣ ਅਨੁਸਾਰ ਕਾਫੀ ਹਾਊਸ ਵਿਚ ਕਾਮਲ ਦਾ ਨਾ ਹੋਣਾ ਏਦਾਂ ਸੀ ਜਿਵੇਂ ਕੋਈ ਮਹਿਰੌਲੀ ਜਾਵੇ ਤੇ ਉਥੋਂ ਕੁਤਬ ਦੀ ਲਾਠ ਗਾਇਬ ਹੋਵੇ।

ਇਨ੍ਹਾਂ ਕਾਫੀ ਹਾਊਸਾਂ ਦੀ ਇਕ ਖੂਬੀ ਇਹ ਵੀ ਹੈ ਕਿ ਇਨ੍ਹਾਂ ਨਾਲ ਕੰਮ ਕਰਨ ਵਾਲੇ ਬੈਰੇ ਬਦਲੀ ਹੋ ਕੇ ਦੂਰ-ਦੁਰਾਡੀਆਂ ਥਾਵਾਂ 'ਤੇ ਜਾਂਦੇ ਰਹਿੰਦੇ ਹਨ। ਉਨ੍ਹਾਂ ਦੀ ਚਿੱਟੀ ਵਰਦੀ ਮੁੱਢ ਕਦੀਮੋਂ ਇੱਕ ਹੀ ਹੋਣ ਕਾਰਨ ਤੁਸੀਂ ਉਨ੍ਹਾਂ ਨੂੰ ਪਹਿਚਾਣੋ ਜਾਂ ਨਾ ਉਹ ਤੁਹਾਨੂੰ ਪਹਿਚਾਣਦਿਆਂ ਸਾਰ ਸਲੂਟ ਮਾਰਨ ਵਿਚ ਫੋਰਾ ਨਹੀਂ ਲਾਉਂਦੇ। ਉਨ੍ਹਾਂ ਨੂੰ ਇਹ ਵੀ ਚੇਤੇ ਹੁੰਦਾ ਹੈ ਕਿ ਤੁਸੀਂ ਮਸਾਲਾ ਡੋਸਾ, ਇਡਲੀ, ਬੜਾ, ਉਤਪਮ ਜਾਂ ਉਪਮਾ ਵਿਚੋਂ ਕਿਸ ਦੇ ਸ਼ੌਕੀਨ ਹੋ। ਦਿੱਲੀ ਰਹਿੰਦਿਆਂ ਜਦੋਂ ਵੀ ਜਲੰਧਰ ਜਾਣ ਦਾ ਸਬੱਬ ਬਣਦਾ, ਕੋਈ ਨਾ ਕੋਈ ਬੈਰਾ ਮੈਨੂੰ ਪਹਿਚਾਣ ਲੈਂਦਾ। ਇਕ ਵਾਰੀ ਮੈਂ ਤ੍ਰਿਵੇਂਦਰਮ ਵਾਲੇ ਕਾਫੀ ਹਾਊਸ ਗਿਆ ਤਾਂ ਦੋ ਬੈਰੇ ਸੇਵਾ ਲਈ ਹਾਜ਼ਰ ਹੋ ਗਏ। ਉਨ੍ਹਾਂ ਨੂੰ ਮੇਰੀ ਦਾੜ੍ਹੀ, ਪਗੜੀ ਦੀ ਪਹਿਚਾਣ ਸੀ। ਮੇਰੇ ਨਾਲ ਪਹਿਲਾਂ ਵੀ ਅਜਿਹੀ ਘਟਨਾ ਘੱਟ ਚੁੱਕੀ ਸੀ ਰਾਜਸਥਾਨ ਦੇ ਜੈਪੁਰ ਵਾਲੇ ਕਾਫੀ ਹਾਊਸ ਵਿਚ।

ਚੰਡੀਗੜ੍ਹ ਆਉਣ ਤੋਂ ਪਿੱਛੋਂ ਮੇਰਾ ਇੰਡੀਅਨ ਕਾਫੀ ਹਾਊਸਾਂ ਨਾਲੋਂ ਨਾਤਾ ਟੁੱਟ ਗਿਆ। ਕੁਝ ਸਮੇਂ ਤੋਂ ਸਾਡੇ ਵਾਲੇ 36 ਸੈਕਟਰ ਵਿਚ ਇਸ ਦੀ ਸ਼ਾਖਾ ਖੁੱਲ੍ਹਣ ਦੀਆਂ ਅਫਵਾਹਾਂ ਗਰਮ ਸਨ ਪਰ ਜੂਨ ਮਹੀਨੇ ਦੇ ਅੱਧ ਵਿਚ ਇਸ ਅਫਵਾਹ ਨੂੰ ਬੂਰ ਪੈ ਗਿਆ। ਮੇਰੇ ਲਈ ਇਹ ਸ਼ਾਖਾ ਨਵੀਂ ਦਿੱਲੀ ਦੇ ਕਰੋਲ ਬਾਗ ਦੀ ਚਨਾ ਮਾਰਕਿਟ ਦੇ ਇਕ ਨਿੱਜੀ ਕਾਹਵਾ ਘਰ ਵਰਗੀ ਹੈ ਜਿਹੜਾ ਮੇਰੀ ਰਿਹਾਇਸ਼ ਦੀ ਹੇਠਲੀ ਮੰਜ਼ਿਲ ਵਿੱਚ ਸੀ। ਮੈਨੂੰ ਸਾਊਥ ਇੰਡੀਅਨ ਖਾਣੇ ਦਾ ਚਸਕਾ ਪਿਆਂ 60 ਸਾਲ ਹੋ ਗਏ ਹਨ। ਆਸ ਹੈ ਕਿ ਹੁਣ ਮੈਨੂੰ ਆਪਣੇ ਅੰਤਲੇ ਸਾਹਾਂ ਤੱਕ ਅਜਿਹੇ ਖਾਣੇ ਦੀ ਘਾਟ ਨਹੀਂ ਆਉਣ ਲੱਗੀ। ਅੱਜ ਮੇਰੇ ਸ਼ਹਿਰ ਚੰਡੀਗੜ੍ਹ ਵਿਚ ਦੋ ਇੰਡੀਅਨ ਕਾਫੀ ਹਾਊਸ ਹਨ ਤੇ ਏਸ ਨਾਤੇ ਇਹ ਸ਼ਹਿਰ ਸ਼ਿਮਲਾ, ਜੈਪੁਰ ਤੇ ਨਵੀਂ ਦਿੱਲੀ ਦਾ ਸਾਨੀ ਹੋ ਗਿਆ ਹੈ। ਮੈਨੂੰ ਆਪਣੇ ਵਿਹੜੇ ਕਾਫੀ ਹਾਊਸ ਖੁੱਲ੍ਹਣ ਦਾ ਨਸ਼ਾ ਹੈ।

**ਡਾ. ਦੀਵਾਨ ਸਿੰਘ ਕਾਲੇਪਾਣੀ ਦਾ ਅੰਡੇਮਾਨ:** ਡਾ. ਦੀਵਾਨ ਸਿੰਘ ਕਾਲੇਪਾਣੀ ਪੰਜਾਬੀ ਦਾ ਅਲਬੇਲਾ ਸ਼ਾਇਰ ਸੀ। ਉਸ ਨੂੰ ਦੂਜੀ ਵੱਡੀ ਜੰਗ ਸਮੇਂ ਗੋਰੀ ਸਰਕਾਰ ਨੇ ਅੰਡੇਮਾਨ ਤੇ ਨਿਕੋਬਾਰ ਵਿਚ ਤਾਇਨਾਤ ਕੀਤਾ ਹੋਇਆ ਸੀ। ਜਦੋਂ ਇਕ ਪੜਾਅ ਉਤੇ ਜਪਾਨ ਦੀਆਂ ਖੂੰਖਾਰ ਫੌਜਾਂ ਨੇ ਅੰਡੇਮਾਨ ਉਤੇ ਧਾਵਾ ਕੀਤਾ ਤਾਂ ਗੋਰੀ ਸਰਕਾਰ ਨੇ ਆਪਣੀਆਂ ਫੌਜਾਂ ਨੂੰ ਅੰਡੇਮਾਨ ਤੋਂ



ਡਾ. ਦੀਵਾਨ ਸਿੰਘ ਕਾਲੇਪਾਣੀ

ਭਾਰਤ ਵਾਪਸ ਬੁਲਾ ਲਿਆ ਤੇ ਉਥੋਂ ਦੇ ਵਸਨੀਕਾਂ ਨੂੰ ਵੀ ਇਹੀਓ ਪੇਸ਼ਕਸ਼ ਕੀਤੀ। ਪਰ ਦੀਵਾਨ ਸਿੰਘ ਨੂੰ ਉਥੋਂ ਦੇ ਵਸਨੀਕ ਏਨਾ ਚਾਹੁੰਦੇ ਸਨ ਕਿ ਡਾ. ਸਾਹਿਬ ਦੀ ਹੋਂਦ ਕਾਰਨ ਆਪਣੇ ਆਪ ਨੂੰ ਉਹ ਸੁਰੱਖਿਅਤ ਸਮਝਦੇ ਸਨ। ਜਦੋਂ ਉਹ ਅੰਡੇਮਾਨ ਛੱਡਣ ਤੋਂ ਮੁਨਕਰ ਹੋ ਗਏ ਤਾਂ ਡਾਕਟਰ ਸਾਹਿਬ ਲਈ ਵੀ ਅੰਡੇਮਾਨ ਛੱਡਣਾ ਅਸੰਭਵ ਹੋ ਗਿਆ। ਉਨ੍ਹਾਂ ਨੇ ਆਪਣੀ ਸ੍ਰੀਮਤੀ ਨਾਲ ਦੋਨੋਂ ਬੇਟੀਆਂ ਤੇ ਚਾਰੇ ਬੇਟਿਆਂ ਨੂੰ ਭੇਜ ਦਿੱਤਾ ਪਰ ਖੁਦ ਉਥੇ ਹੀ ਡਟੇ ਰਹੇ। ਉਨ੍ਹਾਂ ਨੇ ਕਾਲੇਪਾਣੀ ਦੀ ਸਜ਼ਾ ਭੁਗਤ ਰਹੇ ਕੈਦੀਆਂ ਤੋਂ ਬਿਨਾਂ ਅੰਡੇਮਾਨ, ਜਿਸ ਨੂੰ ਕਾਲੇਪਾਣੀ ਕਿਹਾ ਜਾਂਦਾ ਸੀ, ਦੇ ਵਸਨੀਕਾਂ ਦੀ ਵੀ ਦੇਖਭਾਲ ਕਰਨੀ ਸੀ।

ਜਪਾਨੀ ਸੈਨਾ ਡਾਕਟਰ ਸਾਹਿਬ ਨੂੰ ਅੰਗਰੇਜ਼ਾਂ ਦਾ ਵੱਡਾ ਹਮਦਰਦ ਸਮਝਦੀ ਸੀ। ਉਨ੍ਹਾਂ ਨੇ 14 ਜਨਵਰੀ 1944 ਨੂੰ ਅਜਿਹੇ ਤਸੀਹੇ ਦਿੱਤੇ ਕਿ ਡਾ. ਦੀਵਾਨ ਸਿੰਘ ਜੇਲ੍ਹ ਵਿਚ ਹੀ ਸ਼ਹੀਦ ਹੋ ਗਏ। ਭਾਰਤ ਤੇ ਅੰਡੇਮਾਨ ਦੇ ਸੰਚਾਰ ਸਾਧਨ ਏਨੇ ਮਾੜੇ ਸਨ ਕਿ ਉਨ੍ਹਾਂ ਦੇ ਪਰਿਵਾਰ ਨੂੰ ਇਹ ਖਬਰ ਪੌਣੇ ਦੋ ਸਾਲ ਪਿੱਛੋਂ 16 ਅਕਤੂਬਰ ਦੀ ਹਿੰਦੁਸਤਾਨ ਟਾਈਮਜ਼ ਅਖਬਾਰ 'ਚ ਹੀ ਪੜ੍ਹਨ ਨੂੰ ਮਿਲੀ।

ਨਵੀਂ ਦਿੱਲੀ ਰਹਿੰਦਿਆਂ ਡਾ. ਸਾਹਿਬ ਦਾ ਬੇਟਾ ਹਰਵੰਤ ਸਿੰਘ ਢਿੱਲੋਂ ਮੇਰਾ ਏਨਾ ਦੋਸਤ ਬਣ ਗਿਆ ਕਿ ਮੈਂ ਉਨ੍ਹਾਂ ਦੇ ਪਰਿਵਾਰ ਦਾ ਮੈਂਬਰ ਹੀ ਸਮਝਿਆ ਜਾਂਦਾ ਹਾਂ। ਅੰਡੇਮਾਨ ਦੇ ਵਸਨੀਕਾਂ ਤੇ ਉਥੋਂ ਦੇ ਆਦਿਵਾਸੀਆਂ ਵਿਚ ਮੇਰੀ ਏਨੀ ਦਿਲਚਸਪੀ ਹੋਈ ਕਿ 1973 ਵਿਚ ਮੈਂ ਪੂਰਾ ਇਕ ਮਹੀਨਾ ਉਥੋਂ ਦੇ ਸਾਰੇ ਦੀਪਾਂ ਵਿਚ ਘੁੰਮਦਾ ਰਿਹਾ ਸਾਂ। ਮੈਂ ਉਥੋਂ ਦੇ ਜੀਵਨ ਦੇ ਬੜੇ ਰੰਗ ਦੇਖੇ ਹਨ।

ਡਾ. ਦੀਵਾਨ ਸਿੰਘ ਦੀ ਔਲਾਦ ਨੇ ਉਚੇਰੀ ਵਿਦਿਆ ਪ੍ਰਾਪਤ ਕਰਕੇ ਕਿਹੋ ਜਿਹੀਆਂ ਪਦਵੀਆਂ ਪਾਈਆਂ, ਇਸ ਦਾ ਸਬੂਤ ਪਰਿਵਾਰ ਦੇ ਇਕ ਇਕ ਜੀਅ ਦੀ ਚੜ੍ਹਤ ਤੋਂ ਲਗਾਇਆ ਜਾ ਸਕਦਾ ਹੈ। ਉਨ੍ਹਾਂ ਦੀ ਲਗਨ ਤੇ ਚੜ੍ਹਤ ਜਾਣਨ ਲਈ ਚੰਡੀਗੜ੍ਹ ਨੇੜੇ ਸਿਸਵਾਂ-ਬੱਦੀ ਸੜਕ ਉਤੇ ਪੈਂਦੇ ਮਾਜਰੀ ਪਿੰਡ ਵਿਚ ਬਣਿਆ ਦੀਵਾਨ ਸਿੰਘ ਕਾਲੇਪਾਣੀ ਅਜਾਇਬ ਘਰ ਦੇਖਿਆ ਜਾ ਸਕਦਾ ਹੈ। ਸਰਕਾਰੀ ਯਾਦਗਾਰਾਂ ਨਾਲੋਂ ਚੰਗਾ।

ਪਿਛਲੇ ਸਾਲ ਪੰਜਾਬ ਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉਥੇ ਤਿੰਨ ਘੰਟੇ ਲਾ ਕੇ ਆਇਆ ਸੀ ਤੇ ਪਿਛਲੇ ਹਫਤੇ ਅੰਡੇਮਾਨ ਤੇ ਨਿਕੋਬਾਰ ਦਾ ਲੈਫਟੀਨੈਂਟ ਗਵਰਨਰ ਸ੍ਰੀ ਏ. ਕੇ. ਸਿੰਘ ਉਸ ਤੋਂ ਵੀ ਵੱਧ ਉਤਸ਼ਾਹ ਨਾਲ ਉਥੇ ਪਹੁੰਚਿਆ ਸੀ। ਉਹ ਕਾਲੇਪਾਣੀ ਦੀ ਨੂੰਹ ਤੇ ਟਰੱਸਟ ਦੀ ਚੇਅਰਪਰਸਨ ਗੁਰਦਰਸ਼ਨ ਕੌਰ ਢਿੱਲੋਂ ਨੂੰ ਮਿਲ ਕੇ ਬੜਾ ਖੁਸ਼ ਹੋਇਆ ਸੀ। ਉਸ ਨੇ ਸ਼ਹੀਦ ਦੀ ਅੰਡੇਮਾਨ ਵਿਚ ਮਾਨਤਾ ਦੀਆਂ ਗੱਲਾਂ ਹੀ ਨਹੀਂ ਕੀਤੀਆਂ, ਅਜਾਇਬ ਘਰ ਦੀ ਲਾਇਬਰੇਰੀ, ਤਸਵੀਰਾਂ, ਯਾਦਗਾਰੀ ਵਸਤਾਂ ਨੂੰ ਬੜੇ ਧਿਆਨ ਨਾਲ ਦੇਖਿਆ। ਸ੍ਰੀ ਏ. ਕੇ. ਸਿੰਘ ਦੀ ਸਿਸਵਾਂ ਫੇਰੀ ਨੇ ਮੈਨੂੰ 1973 ਦੀ ਅੰਡੇਮਾਨ ਫੇਰੀ ਚੇਤੇ ਕਰਵਾ ਦਿੱਤੀ ਹੈ।

**ਅੰਤਿਕਾ:** (ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ ਸੱਚ)

ਸੱਚ, ਸੂਰਜ ਨੂਰ ਚਮਕਦਾ ਹੈ
ਜੋ ਇਸ 'ਤੇ ਧਿਆਨ ਜਮਾ ਸਕਦਾ
ਉਹ ਜ਼ੁਲਮਤ ਦੂਰ ਹਟਾ ਸਕਦਾ
ਸੱਚ ਮਹਿੰਗਾ, ਔਖਾ ਮਿਲਦਾ ਹੈ
ਜੋ ਤਲੀ 'ਤੇ ਜਿੰਦ ਟਿਕਾ ਸਕਦਾ
ਬਸ ਉਹ ਹੀ ਇਸ ਨੂੰ ਪਾ ਸਕਦਾ।

# ਸਿਹਤ ਸਹੂਲਤਾਂ ਤੇ ਕਾਰਪੋਰੇਟ ਡਾਕਟਰ

ਨਿਰਮਲ ਸੰਧੂ

ਸਿਹਤ ਸੇਵਾਵਾਂ ਦੇ ਖੇਤਰ ਵਿਚ ਪੈਰ ਪਸਾਰ ਰਹੇ ਕਾਰਪੋਰੇਟ ਸਭਿਆਚਾਰ ਤੋਂ ਆਮ ਲੋਕਾਂ ਦੀ ਪਹੁੰਚ ਵਾਲੀਆਂ ਜਨਤਕ ਸਿਹਤ ਸੇਵਾਵਾਂ ਦੇ ਖੇਤਰ ਨੂੰ ਖਤਰਾ ਪੈਦਾ ਹੋ ਗਿਆ ਹੈ। ਲਾਲਚ ਹੀ ਕਾਰਪੋਰੇਟ ਹਸਪਤਾਲਾਂ ਦੀ ਚਾਲਕ ਸ਼ਕਤੀ ਹੈ ਅਤੇ ਹਸਪਤਾਲ ਨੂੰ ਹੁੰਦੇ ਮੁਨਾਫੇ ਵਿਚ ਯੋਗਦਾਨ ਪਾਉਣ ਹਿਤ ਕੀਤੀ 'ਮਿਹਨਤ' ਦੇ ਆਧਾਰ 'ਤੇ ਹੀ ਡਾਕਟਰਾਂ ਨੂੰ 'ਫਲ' ਮਿਲਦਾ ਹੈ। ਜੇ ਇਸ ਅਮਲ ਨੂੰ ਠੱਲ੍ਹਿਆ ਨਾ ਗਿਆ ਤਾਂ ਘੱਟ ਕੀਮਤ 'ਤੇ ਮਿਲਣ ਵਾਲੀਆਂ ਸਿਹਤ ਸੇਵਾਵਾਂ ਲੋਕਾਂ ਦੇ ਵੱਡੇ ਹਿੱਸੇ ਦੀ ਪਹੁੰਚ ਤੋਂ ਬਾਹਰ ਹੋ ਜਾਣਗੀਆਂ ਅਤੇ ਇਸ ਦੇ ਮਾਰੂ ਸਿੱਟੇ ਨਿਕਲ ਸਕਦੇ ਹਨ। ਸਿਹਤ ਸੇਵਾਵਾਂ ਦਾ ਬਜਟ ਘਟਾ ਕੇ ਡਿਸਪੈਂਸਰੀਆਂ ਨੂੰ ਅਣਗੌਲਿਆਂ ਅਤੇ ਸਿਹਤ ਬੀਮੇ ਨੂੰ ਉਤਸ਼ਾਹਿਤ ਕਰ ਕੇ ਸਰਕਾਰਾਂ ਕਾਰਪੋਰੇਟ ਹਸਪਤਾਲਾਂ ਤੇ ਬੀਮਾ ਕੰਪਨੀਆਂ ਦੇ ਪਸਾਰ ਵਿਚ ਯੋਗਦਾਨ ਪਾ ਰਹੀਆਂ ਹਨ ਜਦੋਂਕਿ ਸੀਮਤ ਵਿਤੀ ਸਰੋਤਾਂ ਵਾਲੇ ਨਾਗਰਿਕਾਂ ਦੀ ਮੁੱਢਲੀ ਲੋੜ ਦੀ ਪੂਰਤੀ ਸਬੰਧੀ ਆਪਣੀ ਪ੍ਰਤੀਬੱਧਤਾ ਤੋਂ ਪਿਛੇ ਹਟ ਰਹੀਆਂ ਹਨ।

ਇਸ ਨੁਕਤੇ ਤੋਂ ਸ਼ਲਾਘਾ ਕੀਤੀ ਜਾ ਸਕਦੀ ਹੈ ਕਿ ਕਾਰਪੋਰੇਟ ਹਸਪਤਾਲ ਆਧੁਨਿਕ ਸਾਜ਼ੋ-ਸਾਮਾਨ ਤੇ ਮੈਡੀਕਲ ਮਾਹਿਰਾਂ ਸਦਕਾ ਉਸ ਵਰਗ ਦੀਆਂ ਵਧ ਰਹੀਆਂ ਲੋੜਾਂ ਪੂਰੀਆਂ ਕਰ ਰਹੇ ਹਨ ਜੋ ਉਨ੍ਹਾਂ ਦੀਆਂ ਪੰਜ ਤਾਰਾ ਸੇਵਾਵਾਂ ਖਰੀਦਣ ਦੀ ਸਮਰੱਥਾ ਰੱਖਦੇ ਹਨ। ਇਸ ਗੱਲ ਦੀ ਵੀ ਸਮਝ ਪੈਂਦੀ ਹੈ ਕਿ ਡਾਕਟਰਾਂ ਦੀਆਂ ਵੀ ਆਪਣੀਆਂ ਖਵਾਹਿਸ਼ਾਂ ਹੁੰਦੀਆਂ ਹਨ, ਉਨ੍ਹਾਂ ਨੇ ਵੀ ਪਰਿਵਾਰਾਂ ਦਾ ਪਾਲਣ-ਪੋਸ਼ਣ ਕਰਨਾ ਹੁੰਦਾ ਹੈ, ਬੱਚਿਆਂ ਦੀ ਵਿਦੇਸ਼ਾਂ ਵਿਚ ਪੜ੍ਹਾਈ ਦਾ ਖਰਚ ਚੁੱਕਣਾ ਹੁੰਦਾ ਹੈ ਅਤੇ ਵਿਦੇਸ਼ਾਂ 'ਚ ਛੁੱਟੀਆਂ ਦਾ ਅਨੰਦ ਵੀ ਮਾਨਣਾ ਹੁੰਦਾ ਹੈ। ਜੇ ਸਾਡਾ ਸਮਾਜ ਹੀ ਨੈਤਿਕ ਨਿਘਾਰ ਵੱਲ ਵਧ ਰਿਹਾ ਹੈ ਅਤੇ ਲਾਲਚ ਦੀ ਗ੍ਰਿਫਤ ਵਿਚ ਹੈ ਤਾਂ ਇਕੱਲੇ ਡਾਕਟਰਾਂ ਵੱਲ ਉਂਗਲ ਨਹੀਂ ਕੀਤੀ ਜਾ ਸਕਦੀ। ਜੀਵਨ ਨੂੰ ਆਰਾਮਦਾਇਕ ਬਣਾਉਣ ਦੀ ਦੌੜ 'ਚ ਮਰੀਜ਼-ਡਾਕਟਰ ਦਾ ਆਪਸੀ ਭਰੋਸਾ ਤਾਰ-ਤਾਰ ਹੋ ਚੁਕਾ ਹੈ ਤੇ ਇਸ ਰਿਸ਼ਤੇ ਨੂੰ ਮੁੜ ਉਹੋ ਜਿਹਾ ਨਹੀਂ ਬਣਾਇਆ ਜਾ ਸਕਦਾ ਜਿਹੜਾ ਸ਼ੋਸ਼ਣ ਕਰਨ ਵਾਲੇ ਕਾਰਪੋਰੇਟ ਸਭਿਆਚਾਰ ਦੀ ਆਮਦ ਤੋਂ ਪਹਿਲਾਂ ਕਿਸੇ ਸਮੇਂ ਡਾਕਟਰ ਤੇ ਮਰੀਜ਼ ਵਿਚਾਲੇ ਹੁੰਦਾ ਸੀ। ਜੇ ਡਾਕਟਰ ਮੁਨਾਫਾਖੋਰੀ ਨੂੰ ਮਨੁੱਖੀ ਕਦਰਾਂ-ਕੀਮਤਾਂ ਤੋਂ ਵਧ ਕੇ ਸਮਝਣਗੇ ਤਾਂ ਉਹ ਮਰੀਜ਼ਾਂ ਤੋਂ ਆਪਣੇ ਪ੍ਰਤੀ ਸ਼ੁਕਰਾਨੇ ਦੀ ਭਾਵਨਾ ਦੀ ਉਮੀਦ ਨਹੀਂ ਰੱਖ ਸਕਣਗੇ, ਜੋ ਪਹਿਲਾਂ ਮਰੀਜ਼ਾਂ ਦੇ ਮਨਾਂ 'ਚ ਹੁੰਦੀ ਸੀ। ਅੱਜ ਕੱਲ੍ਹ ਇਲਾਜ ਖਰੀਦੀਆਂ ਜਾ ਸਕਣ ਵਾਲੀਆਂ ਹੋਰ ਸੇਵਾਵਾਂ ਵਰਗਾ ਬਣ ਗਿਆ ਹੈ ਤੇ ਇਸ ਦੇ ਮਿਆਰ ਤੋਂ ਘਟੀਆ ਹੋਣ ਜਾਂ ਨਿਰਧਾਰਤ ਤੋਂ ਜ਼ਿਆਦਾ ਕੀਮਤ ਵਸੂਲੇ ਜਾਣ ਉਤੇ ਗਾਹਕ ਨੂੰ ਵਿਰੋਧ ਕਰਨ ਦਾ ਹੱਕ ਹੈ।

ਭਰੋਸੇ ਦੀ ਘਾਟ ਨੇ ਡਾਕਟਰ ਦੀ ਆਖੀ ਗੱਲ ਪ੍ਰਤੀ ਸ਼ੰਕੇ ਵੀ ਪੈਦਾ ਕੀਤੇ ਹਨ। ਮੈਡੀਸਨ ਖਾਸ ਮੁਹਾਰਤ ਵਾਲਾ ਖੇਤਰ ਹੋਣ ਕਾਰਨ ਮਰੀਜ਼ ਇਹ ਨਹੀਂ ਜਾਣਦਾ ਕਿ ਉਸ ਲਈ ਤਜਵੀਜ਼ਸ਼ੁਦਾ ਦਵਾਈ, ਟੈਸਟ ਜਾਂ ਇਲਾਜ ਵਿਧੀ ਸਹੀ ਹੈ ਜਾਂ ਨਹੀਂ। ਹਾਲਤ ਗੰਭੀਰ ਹੋਣ ਅਤੇ ਪ੍ਰਤੱਖ ਰੂਪ ਵਿਚ ਗਲਤੀ ਨਜ਼ਰ ਆਉਣ ਪਿਛੋਂ ਹੀ ਵਿਰੋਧ ਪ੍ਰਦਰਸ਼ਨ, ਪੁਲਿਸ ਸ਼ਿਕਾਇਤ ਜਾਂ ਖਪਤਕਾਰ ਫੋਰਮ 'ਚ ਕੇਸ ਦਾਖਲ ਕਰਨ ਜਿਹੀ ਕਾਰਵਾਈ ਕੀਤੀ ਜਾਂਦੀ ਹੈ। ਹਾਲੇ ਵੀ ਅਜਿਹਾ ਬਹੁਤ ਘੱਟ ਹੁੰਦਾ ਹੈ। ਜ਼ਿਆਦਾਤਰ ਲੋਕ ਡਾਕਟਰ ਦੀ ਆਖੀ ਗੱਲ ਨੂੰ ਸਹੀ ਮੰਨ ਲੈਂਦੇ ਹਨ। ਡਾਕਟਰੀ ਅਣਗਹਿਲੀ ਦੀਆਂ ਬਹੁਤ ਸਾਰੀਆਂ ਘਟਨਾਵਾਂ ਵਾਪਰਦੀਆਂ ਹਨ। ਮਰ ਚੁੱਕੇ ਮਰੀਜ਼ ਨੂੰ ਵੀ ਉਨਾ ਚਿਰ ਵੈਂਟੀਲੇਟਰ ਉਤੇ ਰੱਖਿਆ ਜਾਂਦਾ ਹੈ ਜਿੰਨਾ ਚਿਰ ਉਸ ਦਾ ਪਰਿਵਾਰ ਪਾਈ ਪਾਈ ਮਰੀਜ਼ ਦੇ 'ਇਲਾਜ' ਉਤੇ ਲਾਉਣ ਦਾ ਇੱਛੁਕ ਹੁੰਦਾ ਹੈ।

ਕੁਝ ਦਿਨ ਪਹਿਲਾਂ ਦਿੱਲੀ ਦੇ 24 ਸਾਲਾ ਰਵੀ ਰਾਏ ਨੂੰ ਪਤਾ ਲੱਗਾ ਕਿ ਦੱਖਣੀ ਦਿੱਲੀ ਦੇ ਸ਼ਾਲੀਮਾਰ ਬਾਗ ਵਿਚਲੇ ਫੋਰਟਿਸ ਹਸਪਤਾਲ ਦੇ ਡਾਕਟਰਾਂ ਨੇ ਪੌੜੀਆਂ ਤੋਂ ਡਿੱਗਣ ਕਾਰਨ ਟੁੱਟੇ ਪੈਰ ਦੀ ਥਾਂ ਉਸ ਦੇ ਦੂਜੇ ਸਹੀ ਸਲਾਮਤ ਪੈਰ ਦਾ ਅਪਰੇਸ਼ਨ ਕਰ ਦਿਤਾ। ਉਸ ਵੱਲੋਂ ਪਾਏ ਰੌਲੇ ਨੇ ਮੀਡੀਆ ਦਾ ਧਿਆਨ ਖਿਚਿਆ। ਪਿਛੋਂ ਅਪਰੇਸ਼ਨ ਕਰਨ ਵਾਲੀ ਸਾਰੀ ਟੀਮ ਨੂੰ ਮੁਅੱਤਲ ਕਰ ਦਿੱਤਾ ਗਿਆ। ਸਭ ਤੋਂ ਪਹਿਲਾਂ ਤਾਜ਼ਾ ਖਬਰ ਦੱਸਣ ਦੀ ਕਾਹਲ 'ਚ ਇਕ ਟੀ ਵੀ ਚੈਨਲ ਨੇ ਦਰਸ਼ਕਾਂ ਨੂੰ ਇਹ ਕਹਿੰਦਿਆਂ ਝਟਕਾ ਦਿਤਾ ਕਿ ਰਵੀ ਦੀ ਲੱਤ ਕੱਟਣੀ ਪਈ, ਖੁਸ਼ਕਿਸਮਤੀ ਨੂੰ ਇਹ ਗੱਲ ਨਹੀਂ ਸੀ। ਸੰਵੇਦਨਹੀਣਤਾ, ਅਣਗਹਿਲੀ ਤੇ ਲਾਪ੍ਰਵਾਹੀ ਸਾਡੇ ਕੌਮੀ ਲੱਛਣ ਬਣਦੇ ਜਾ ਰਹੇ ਹਨ!

ਉਹ ਜੋ ਹਾਲੇ ਵੀ ਮੰਨਦੇ ਹਨ ਕਿ ਸਿਖਰਲੇ ਸਥਾਪਿਤ ਹਸਪਤਾਲ ਅਨੈਤਿਕ ਕਾਰਵਾਈਆਂ ਜਾਂ ਬੇਲੋੜੇ ਇਲਾਜ ਤੇ ਟੈਸਟਾਂ ਦੀ ਸਿਫਾਰਸ਼ ਨਹੀਂ ਕਰਦੇ, ਉਨ੍ਹਾਂ ਲਈ ਤਾਜ਼ਾ ਮਿਸਾਲ ਪੇਸ਼ ਕਰ ਰਿਹਾ ਹਾਂ। ਦੋ ਮਹੀਨੇ ਪਹਿਲਾਂ ਦਿੱਲੀ ਦੇ ਫੋਰਟਿਸ ਐਸਕੋਰਟ ਹਾਰਟ ਹਸਪਤਾਲ ਨੂੰ ਸੂਬਾਈ ਖਪਤਕਾਰ ਕਮਿਸ਼ਨ ਨੇ ਅਣਲੋੜੀਂਦੇ ਇਲਾਜ ਲਈ ਉਨ੍ਹਾਂ ਮਰੀਜ਼ਾਂ ਨੂੰ 75 ਲੱਖ ਰੁਪਏ ਹਰਜਾਨੇ ਵਜੋਂ ਦੇਣ ਲਈ ਕਿਹਾ ਜਿਨ੍ਹਾਂ ਦੀ ਕਮਿਸ਼ਨ ਆਸਾਨੀ ਨਾਲ ਪਛਾਣ ਨਹੀਂ ਕਰ ਸਕਦਾ। ਇਕ ਹੋਰ ਕੇਸ ਵਿਚ ਖਪਤਕਾਰ ਕਮਿਸ਼ਨ ਨੇ ਇਸੇ ਹਸਪਤਾਲ ਨੂੰ ਇਕ ਬਜ਼ੁਰਗ ਨੂੰ 20 ਲੱਖ ਰੁਪਏ (2008 ਤੋਂ 12% ਵਿਆਜ ਸਮੇਤ) ਹਰਜਾਨਾ ਦੇਣ ਦੇ ਹੁਕਮ ਸੁਣਾਏ ਜਿਸ ਦੀ ਪਤਨੀ ਦੀ ਲੱਤ, ਪੱਟ ਤਕ ਕੱਟਣੀ ਪਈ ਸੀ। ਹਸਪਤਾਲ ਨੇ ਕੁਲ ਇਕ ਕਰੋੜ ਰੁਪਏ ਅਦਾ ਕਰਨੇ ਸਨ। ਇੰਨੇ ਮੁਨਾਫੇ ਵਾਲੇ ਹਸਪਤਾਲ ਲਈ ਇਹ ਨਿਗੂਣੀ ਕੀਮਤ ਹੈ।

ਭਾਰਤ ਵਿਚ ਡਾਕਟਰੀ ਅਣਗਹਿਲੀ ਦੇ ਮਾਮਲੇ ਵਿਚ ਹੁਣ ਤਕ ਸਭ ਤੋਂ ਵੱਧ ਮੁਆਵਜ਼ਾ




ਦੇਣ ਦਾ ਫੈਸਲਾ 25 ਅਕਤੂਬਰ 2013 ਨੂੰ ਸੁਣਾਇਆ ਗਿਆ ਸੀ, ਜਦੋਂ ਸੁਪਰੀਮ ਕੋਰਟ ਨੇ ਕੋਲਕਾਤਾ ਆਧਾਰਤ ਐਡਵਾਂਸਡ ਮੈਡੀਕਲ ਰਿਸਰਚ ਇੰਸਟੀਚਿਊਟ ਹਸਪਤਾਲ ਤੇ ਉਥੋਂ ਦੇ 3 ਡਾਕਟਰਾਂ ਨੂੰ ਭਾਰਤੀ ਮੂਲ ਦੇ ਅਮਰੀਕੀ ਡਾਕਟਰ ਨੂੰ 5.96 ਕਰੋੜ ਰੁਪਏ ਹਰਜਾਨੇ ਵਜੋਂ ਦੇਣ ਦਾ ਆਦੇਸ਼ ਦਿਤਾ ਸੀ। ਦਰਅਸਲ, 1998 ਵਿਚ ਭਾਰਤ ਦੌਰੇ ਮੌਕੇ ਡਾਕਟਰੀ ਅਣਗਹਿਲੀ ਕਾਰਨ ਅਮਰੀਕੀ ਡਾਕਟਰ ਦੀ 29 ਸਾਲਾ ਪਤਨੀ ਦਾ ਦੇਹਾਂਤ ਹੋ ਗਿਆ। ਅਨੁਰਾਧਾ ਨਾਂ ਦੀ ਇਹ ਬਾਲ ਮਨੋਚਿਕਿਤਸਕ ਮਾਰਚ 1998 'ਚ ਛੁੱਟੀਆਂ ਵਿਚ ਆਪਣੇ ਸ਼ਹਿਰ ਕੋਲਕਾਤਾ ਆਈ ਸੀ। 25 ਅਪਰੈਲ ਨੂੰ ਉਸ ਨੇ ਸਰੀਰ ਉਤੇ ਧੱਫੜਾਂ ਦੀ ਸ਼ਿਕਾਇਤ ਕੀਤੀ ਅਤੇ 28 ਮਈ 1998 ਨੂੰ ਉਸ ਦੀ ਮੌਤ ਹੋ ਗਈ।

ਇਸ ਹਸਪਤਾਲ ਗਰੁਪ ਦੇ ਪੰਜ ਹਸਪਤਾਲਾਂ 'ਚੋਂ 4 ਕੋਲਕਾਤਾ ਵਿਚ ਹਨ ਅਤੇ ਇਕ ਭੁਵਨੇਸ਼ਵਰ ਵਿਚ ਹੈ। ਹਜ਼ਾਰ ਬਿਸਤਰਿਆਂ ਤੇ 500 ਡਾਕਟਰਾਂ ਵਾਲੇ ਇਨ੍ਹਾਂ ਹਸਪਤਾਲਾਂ 'ਚ ਹਰ ਸਾਲ 10,000 ਆਪਰੇਸ਼ਨ ਕੀਤੇ ਜਾਂਦੇ ਹਨ ਅਤੇ ਇਹ ਪੂਰਬੀ ਭਾਰਤ ਦੇ ਸਭ ਤੋਂ ਵੱਡੇ ਹਸਪਤਾਲਾਂ ਵਿਚੋਂ ਹੈ। ਦਸੰਬਰ 2011 ਵਿਚ ਇਨ੍ਹਾਂ ਦੇ ਕੋਲਕਾਤਾ ਵਿਚਲੇ ਇਕ ਹਸਪਤਾਲ 'ਚ ਅੱਗ ਕਾਰਨ 92 ਲੋਕਾਂ ਦੀ ਮੌਤ ਹੋ ਗਈ ਸੀ। ਤਜਰਬੇ ਨਾਲ ਵਧੇਰੇ ਸੂਝਵਾਨ ਹੋਏ ਹਸਪਤਾਲ ਦੇ ਇਮਾਮੀ ਗਰੁਪ ਨਾਲ ਸੰਬੰਧਤ ਮਾਲਕਾਂ ਨੇ ਹੁਣ ਮਹਿਸੂਸ ਕੀਤਾ ਹੈ ਕਿ ਹਸਪਤਾਲ ਖੋਲ੍ਹਣਾ ਭੁੱਲ ਸੀ। ਹਾਲ ਹੀ ਵਿਚ ਇੰਟਰਵਿਊ ਦੌਰਾਨ ਇਮਾਮੀ ਦੇ ਕਾਰਜਕਾਰੀ ਚੇਅਰਮੈਨ ਆਰ.ਐਸ. ਅਗਰਵਾਲ ਨੇ ਕਿਹਾ, "ਹਸਪਤਾਲਾਂ ਤੋਂ ਕਮਾਈ ਕਰਨ ਲਈ ਤੁਹਾਨੂੰ ਕਠੋਰ ਮਨ ਵਾਲਾ ਹੋਣਾ ਚਾਹੀਦਾ ਹੈ। ਹਸਪਤਾਲਾਂ ਤੋਂ ਕਮਾਈ ਕਰਨ ਦੇ ਸ਼ਾਇਦ ਹੋਰ ਢੰਗ ਹੋਣ, ਪਰ ਇਨ੍ਹਾਂ ਤੋਂ ਅਸੀਂ ਜਾਣੂ ਨਹੀਂ ਹਾਂ।"

ਆਪਣੀ ਕਿਸਮ ਦੀ ਪਹਿਲੀ ਨਹੀਂ ਤਾਂ ਵਿਲੱਖਣ ਜਿਹੀ ਪੁਸਤਕ 'ਡਾਈਸੈਂਟਿੰਗ ਡਾਇਗਨੋਸਿਸ' ਵਿਚ ਦੋ ਡਾਕਟਰਾਂ ਨੇ ਜੋ ਲਿਖਿਆ ਹੈ, ਉਸ ਬਾਰੇ ਜ਼ਿਆਦਾਤਰ ਡਾਕਟਰ ਤਾਂ ਬੋਲਣ ਤੋਂ ਵੀ ਹਿਚਕਿਚਾਉਂਦੇ ਹਨ। ਉਨ੍ਹਾਂ ਨੇ ਕਾਰਪੋਰੇਟ ਅਨੈਤਿਕਤਾ ਬਾਰੇ ਲਿਖਿਆ ਹੈ। ਇਸ ਬਾਰੇ ਸਾਰੇ ਜਾਣਦੇ ਹਨ, ਪਰ ਬਹੁਤ ਘੱਟ ਲੋਕ ਇਸ ਗੱਲ ਨੂੰ ਤਸਲੀਮ ਕਰਨ ਜਾਂ ਸ਼ਰ੍ਹੇਆਮ ਦੱਸਣ ਦੀ ਜੁਰਅਤ ਰੱਖਦੇ ਹਨ। ਇਸ ਦਲੇਰਾਨਾ ਕੋਸ਼ਿਸ਼ ਸਦਕਾ ਡਾ. ਅਰੁਣ ਗਦਰੇ ਅਤੇ ਡਾ. ਅਭੈ ਸ਼ੁਕਲਾ ਨੇ ਬੇਲੋੜੀ ਜਾਂਚ, ਪ੍ਰਕਿਰਿਆਵਾਂ ਅਤੇ ਆਪਰੇਸ਼ਨਾਂ ਨੂੰ ਜੱਗ ਜ਼ਾਹਰ ਕੀਤਾ ਹੈ ਜੋ ਉਨ੍ਹਾਂ ਦਾ ਡਾਕਟਰ ਭਾਈਚਾਰਾ ਕਾਨੂੰਨ ਦੇ ਡਰ-ਭੈਅ ਅਤੇ ਆਪਣੀ ਜ਼ਮੀਰ ਉਤੇ ਕਿਸੇ ਤਰ੍ਹਾਂ ਦਾ ਬੋਝ ਰੱਖੇ ਤੋਂ ਬਿਨਾਂ ਕਰਦਾ ਹੈ।

ਪੁਸਤਕ ਵਿਚ ਦਰਜ ਇਕ ਡਾਕਟਰ ਦੇ ਸ਼ਬਦਾਂ ਵਿਚ: "ਕਾਰਪੋਰੇਟ ਹਸਪਤਾਲ ਆਮ ਤੌਰ 'ਤੇ ਵੱਖ ਵੱਖ ਤਰੀਕਿਆਂ ਨਾਲ ਮਾਰਕੀਟਿੰਗ ਕਰਦੇ ਹਨ। 'ਇਕ ਨਾਲ ਇਕ ਮੁਫਤ', 'ਛੋਟ ਵਾਲਾ ਹਫਤਾ' ਆਦਿ ਵਰਗੇ ਪੂਰੇ ਸਫਿਆਂ ਦੇ ਇਸ਼ਤਿਹਾਰ ਝੂਠੇ ਦਾਅਵਿਆਂ ਨਾਲ ਭਰੇ ਹੁੰਦੇ ਹਨ। ਉਹ ਡਾਕਟਰਾਂ ਲਈ ਪਾਰਟੀਆਂ ਰੱਖਦੇ ਹਨ ਅਤੇ ਡਾਕਟਰ ਬੇਲੋੜੇ ਆਪਰੇਸ਼ਨ ਕਰਦੇ ਹਨ। ਇਸ ਤੋਂ ਵੀ ਵਧ ਕੇ ਇਹ ਹਸਪਤਾਲ ਨੇਤਾਵਾਂ ਲਈ ਪਾਰਟੀਆਂ ਦਾ ਪ੍ਰਬੰਧ ਅਤੇ ਸ਼ਰਾਬ ਸਪਲਾਈ ਕਰ ਕੇ ਉਨ੍ਹਾਂ ਨੂੰ ਆਪਣੇ ਗੁਲਾਮ ਬਣਾਈ ਰੱਖਦੇ ਹਨ। ਕੁਝ ਕਾਰਪੋਰੇਟ ਤੇ ਵੱਡੇ ਹਸਪਤਾਲ ਰਾਜੀਵ ਗਾਂਧੀ ਸਿਹਤ ਬੀਮਾ ਯੋਜਨਾ ਤਹਿਤ ਜਾਅਲੀ ਮਰੀਜ਼ ਦਾਖਲ ਕਰਦੇ ਹਨ। ਉਹ ਜਾਅਲੀ ਮਰੀਜ਼ਾਂ ਨੂੰ ਪੈਸਿਆਂ ਦੇ ਨਾਲ ਨਾਲ ਖੁੱਲ੍ਹਾ ਖਾਣ-ਪੀਣ ਲਈ ਦਿੰਦੇ ਹਨ। ਉਹ ਇਹ ਦਰਸਾਉਂਦੇ ਰਿਕਾਰਡ ਬਣਾਉਂਦੇ ਹਨ ਕਿ ਇਸ ਵਿਅਕਤੀ ਦੀ ਐਂਜੀਓਪਲਾਸਟੀ ਜਾਂ ਐਂਜੀਓਗ੍ਰਾਫੀ ਕੀਤੀ ਗਈ ਸੀ ਜਦੋਂਕਿ ਅਸਲ ਵਿਚ ਅਜਿਹਾ ਕੁਝ ਨਹੀਂ ਕੀਤਾ ਗਿਆ ਹੁੰਦਾ। ਮੈਂ ਹੈਰਾਨ ਹਾਂ ਕਿ ਪ੍ਰਾਈਵੇਟ ਹਸਪਤਾਲਾਂ ਨੂੰ ਪਹਿਲਾਂ ਨਿਯਮਬਧ ਕੀਤੇ ਬਿਨਾਂ ਸਰਕਾਰ ਅਜਿਹੀਆਂ ਯੋਜਨਾਵਾਂ ਕਿਉਂ ਲਾਗੂ ਕਰਦੀ ਹੈ। ਨਿਰਧਾਰਿਤ ਨਿਯਮਾਂ ਤੋਂ ਬਿਨਾ ਅਜਿਹੀਆਂ ਯੋਜਨਾਵਾਂ ਦਾ ਮੂਲ ਮੰਤਵ ਰੁਲ ਜਾਂਦਾ ਹੈ ਤੇ ਇਹ ਕਾਰਪੋਰੇਟ ਹਸਪਤਾਲਾਂ ਵੱਲੋਂ ਜਨਤਕ ਫੰਡਾਂ ਦੀ ਲੁੱਟ ਦਾ ਸਾਧਨ ਬਣਦੀਆਂ ਹਨ।"

ਨਿਯਮਾਂ ਦੀ ਪਾਲਣਾ ਵਿਚ ਨਾਕਾਮੀ ਦਾ ਭੇਤ ਸਾਰੇ ਜਾਣਦੇ ਹਨ। ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਵਾਲੀ ਭਾਰਤੀ ਮੈਡੀਕਲ ਕੌਂਸਲ ਵੀ ਉਦੋਂ ਆਪਣੀ ਭਰੋਸੇਯੋਗਤਾ ਗੁਆ ਬੈਠੀ, ਜਦੋਂ ਸੀ.ਬੀ.ਆਈ. ਨੇ ਇਸ ਦੇ ਸਾਬਕਾ ਮੁਖੀ ਕੇਤਨ ਦੇਸਾਈ ਨੂੰ 22 ਅਪਰੈਲ 2010 ਨੂੰ 2 ਕਰੋੜ ਰੁਪਏ ਦੀ ਰਿਸ਼ਵਤ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਸੀ। ਇਹ ਰਿਸ਼ਵਤ ਪਟਿਆਲੇ ਦੇ ਕਾਲਜ 'ਚ ਵਿਦਿਆਰਥੀਆਂ ਨੂੰ ਦਾਖਲਾ ਦੇਣ ਦੀ ਇਜਾਜ਼ਤ ਲੈਣ ਲਈ ਦਿਤੀ ਗਈ ਸੀ। ਹੁਣ ਐਮ.ਸੀ.ਆਈ. ਨੂੰ ਭੰਗ ਕਰ ਕੇ ਇਸ ਦੀ ਥਾਂ ਮੈਡੀਕਲ ਸਿੱਖਿਆ ਤੇ ਪ੍ਰੈਕਟਿਸ ਨੂੰ ਨਿਯਮਬੱਧ ਕਰਨ ਲਈ ਕਮਿਸ਼ਨ ਬਣਾਉਣ ਦੀ ਗੱਲ ਆਖੀ ਜਾ ਰਹੀ ਹੈ।

ਹਸਪਤਾਲਾਂ ਵੱਲੋਂ ਕੀਤੇ ਜਾਂਦੇ ਗਲਤ ਕੰਮ ਬਹੁਤ ਘੱਟ ਸਾਹਮਣੇ ਆਉਂਦੇ ਹਨ ਕਿਉਂਕਿ ਇਸ ਤੋਂ ਜਾਣੂ ਡਾਕਟਰ ਚੁੱਪ ਰਹਿੰਦੇ ਹਨ। ਇਥੋਂ ਤਕ ਕਿ ਇਨ੍ਹਾਂ ਕਾਰਪੋਰੇਟ ਹਸਪਤਾਲਾਂ ਦੇ ਡਾਕਟਰ ਜੇ ਚੁੱਪ ਰਹਿੰਦੇ ਹਨ ਤਾਂ ਉਹ ਵੀ ਇਨ੍ਹਾਂ ਅਨੈਤਿਕ ਕਾਰਵਾਈਆਂ ਵਿਚ ਭਾਗੀਦਾਰ ਹੁੰਦੇ ਹਨ। ਕਾਨੂੰਨ ਲਾਗੂ ਕਰਵਾਉਣ ਵਾਲੇ ਵੀ ਡਾਕਟਰਾਂ ਪ੍ਰਤੀ ਨਰਮੀ ਅਪਨਾਉਂਦੇ ਹਨ। ਕੋਈ ਪਤਾ ਨਹੀਂ ਕਿ ਕਿਸੇ ਨੂੰ ਕਦੋਂ ਡਾਕਟਰ ਦੀ ਲੋੜ ਪੈ ਜਾਵੇ। ਹੋਰ ਕਾਰਪੋਰੇਟ ਅਦਾਰਿਆਂ ਵਾਂਗ ਕਾਰਪੋਰੇਟ ਹਸਪਤਾਲਾਂ ਦੇ ਮਾਲਕ ਵੀ ਸਿਆਸਤਦਾਨਾਂ ਅਤੇ ਰਸੂਖਵਾਨਾਂ ਨੂੰ ਆਪਣੇ ਪੱਖ ਵਿਚ ਰੱਖਦੇ ਹਨ। ਸਿਆਸੀ ਸਰਪ੍ਰਸਤੀ ਨੇ ਪੰਜਾਬ ਅਤੇ ਹਰਿਆਣਾ ਵਿਚ ਹਸਪਤਾਲਾਂ ਦੇ ਕਾਰੋਬਾਰ ਦੇ ਪਸਾਰ ਵਿਚ ਮਦਦ ਕੀਤੀ ਹੈ। ਪਿਛਲੇ ਦਿਨੀਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਦੇ ਉਨ੍ਹਾਂ ਪੰਜ ਹਸਪਤਾਲਾਂ ਨੂੰ 600 ਕਰੋੜ ਰੁਪਏ ਜੁਰਮਾਨਾ ਕੀਤਾ ਜਿਨ੍ਹਾਂ ਨੇ ਰਿਆਇਤੀ ਦਰਾਂ ਉਤੇ ਜ਼ਮੀਨ ਲਈ ਸੀ, ਪਰ ਸਮਝੌਤੇ ਦੇ ਨਿਯਮਾਂ ਤਹਿਤ ਗਰੀਬ ਲੋਕਾਂ ਦਾ ਇਲਾਜ ਨਹੀਂ ਸੀ ਕੀਤਾ।

# ਪੰਜਾਬੀ ਆਲੋਚਕ ਡਾ. ਸੁਰਜੀਤ ਭੱਟੀ ਨਾਲ ਗੰਭੀਰ ਸੰਵਾਦ

**ਨਿਊ ਯਾਰਕ (ਬਿਊਰੋ):** 'ਜਿਹੜਾ ਸਾਹਿਤ ਸਮਾਜਿਕ ਮੁੱਦਿਆਂ ਦੀ ਗੱਲ ਨਹੀਂ ਕਰਦਾ, ਮੈਂ ਉਸ ਨੂੰ ਸਾਹਿਤ ਨਹੀਂ ਮੰਨਦਾ। ਅਗਰ ਲੇਖਕ ਆਪਣੇ ਹੀ ਰੋਣੇ-ਧੋਣੇ ਪੇਸ਼ ਕਰੀ ਜਾਵੇ, ਉਹ ਪੜ੍ਹਨ ਨਾਲੋਂ ਪਾਠਕ ਨੂੰ ਕੋਈ ਸਾਈਕੋਲੋਜੀ ਦੀ ਕਿਤਾਬ ਪੜ੍ਹ ਲੈਣੀ ਚਾਹੀਦੀ ਹੈ।' ਇਹ ਵਿਚਾਰ ਪੰਜਾਬੀ ਦੇ ਸੁਪ੍ਰਸਿੱਧ ਆਲੋਚਕ ਡਾ. ਸੁਰਜੀਤ ਭੱਟੀ ਨੇ ਨਿਊ ਯਾਰਕ ਦੇ ਸਾਹਿਤਕਾਰਾਂ ਵਲੋਂ ਸੰਤੂਰ ਰੈਸਟੋਰੈਂਟ ਵਿਚ ਰੱਖੀ ਗਈ ਇਕ ਮੀਟਿੰਗ ਦੌਰਾਨ ਪ੍ਰਗਟਾਏ।

ਆਪਣੀ ਗੱਲ ਨੂੰ ਵਿਸਥਾਰ ਦਿੰਦਿਆਂ ਡਾ. ਭੱਟੀ ਨੇ




ਕਿਹਾ ਕਿ ਸਿਰਫ ਇਨਕਲਾਬੀ ਸਾਹਿਤ ਹੀ ਸਾਹਿਤ ਨਹੀਂ ਹੁੰਦਾ। ਦਰਖਤ ਦੇ ਡਿੱਗੇ ਹੋਏ ਪੱਤੇ 'ਤੇ ਵੀ ਕਵਿਤਾ ਲਿਖੀ ਜਾ ਸਕਦੀ ਹੈ। ਪਿਆਰ ਬਹੁਤ ਹੀ ਕੋਮਲ ਜਜ਼ਬਾ ਹੈ। ਦੁਨੀਆਂ ਦਾ ਬਹੁਤਾ ਸਾਹਿਤ 'ਅਤ੍ਰਿਪਤ ਪਿਆਰ' ਦਾ ਹੀ ਸਾਹਿਤ ਹੈ। ਅਗਰ ਲੇਖਕ ਪਿਆਰ ਦੇ ਅਤ੍ਰਿਪਤ ਰਹਿ ਜਾਣ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਦਾ ਹੈ ਤਾਂ ਉਸ ਦੀ ਪ੍ਰਾਪਤੀ ਹੈ, ਵਰਨਾ ਸਾਹਿਤ ਨਿਜੀ ਰੋਣ-ਧੋਣ ਬਣ ਕੇ ਰਹਿ ਜਾਵੇਗਾ। ਅਗਰ ਲੇਖਕ ਦੁੱਖਾਂ ਨੂੰ ਘਟਾਉਣ ਲਈ ਯਤਨਸ਼ੀਲ ਨਹੀਂ, ਲੋਕਾਂ ਦਾ ਫਿਕਰ ਨਹੀਂ ਕਰਦਾ, ਸਿਰਫ ਨਿਜੀ ਰੋਣਾ ਰੋਂਦਾ ਹੈ, ਮੇਰੇ ਖਿਆਲ ਵਿਚ ਉਸ ਬੰਦੇ ਨੂੰ ਲਿਖਣ ਨਾਲੋਂ ਕੋਈ ਹੋਰ ਕੰਮ ਕਰ ਲੈਣਾ ਚਾਹੀਦਾ ਹੈ। ਨਿਜੀ ਪੀੜਾ ਜਿੰਨੀ ਮਰਜ਼ੀ ਵੱਡੀ ਹੋਵੇ, ਜੇਕਰ ਉਹ 'ਹੱਡ-ਬੀਤੀ' ਤੋਂ 'ਜੱਗ-ਬੀਤੀ' ਨਹੀਂ ਬਣਦੀ, ਉਸ ਦਾ ਕੋਈ ਅਰਥ ਨਹੀਂ ਹੈ।

ਇਤਿਹਾਸ ਵੱਲ ਰੁੱਖ ਕਰਦੀ ਵਾਰਤਾ ਵਿਚ ਡਾ. ਭੱਟੀ ਨੇ ਕਿਹਾ ਕਿ ਡਾ. ਗੰਡਾ ਸਿੰਘ ਬਹੁਤ ਵੱਡਾ ਇਤਿਹਾਸਕਾਰ ਹੈ, ਜਿਸ ਨੇ ਫਾਰਸੀ ਦੇ ਸਰੋਤਾਂ ਤੋਂ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਕੀਮਤੀ ਜਾਣਕਾਰੀ ਪੰਜਾਬੀ ਵਿਚ ਲਿਆਂਦੀ। ਉਹ ਪਹਿਲਾ ਅਜਿਹਾ ਇਤਿਹਾਸਕਾਰ ਹੈ, ਜਿਸ ਨੇ ਸਿੱਖ-ਇਤਿਹਾਸ ਨੂੰ ਕੌਮੀ ਪਰਿਪੇਖ ਵਿਚ ਦੇਖਿਆ। ਡਾ. ਗੰਡਾ ਸਿੰਘ ਮੁਤਾਬਕ ਬੰਦਾ ਸਿੰਘ ਬਹਾਦਰ ਪਹਿਲਾ ਅਜਿਹਾ ਸੂਰਮਾ ਹੈ, ਜਿਸ ਨੇ ਪੰਜਾਬ ਦੀ ਧਰਤੀ 'ਤੇ ਆਜ਼ਾਦੀ ਦਾ ਪਹਿਲਾ ਸਿਆੜ ਵਾਹਿਆ।

ਡਾ. ਸੰਦੀਪ ਸਿੰਘ ਨੇ ਜਦੋਂ ਕਿਹਾ ਕਿ ਅਮਰੀਕਾ ਵਿਚ ਖੁਸ਼ਵੰਤ ਸਿੰਘ ਨੂੰ ਬਹੁਤ ਵੱਡਾ ਸਿੱਖ-ਇਤਿਹਾਸਕਾਰ ਮੰਨਿਆ ਜਾਂਦਾ ਹੈ ਤਾਂ ਡਾ. ਭੱਟੀ ਦਾ ਜਵਾਬ ਸੀ, ਇਸ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਡਾ. ਗੰਡਾ ਸਿੰਘ ਦੀ ਪਹੁੰਚ ਸਾਮਰਾਜ ਦੇ ਵਿਰੁਧ ਜਾਂਦੀ ਹੈ, ਜਦਕਿ ਖੁਸ਼ਵੰਤ ਸਿੰਘ ਸਾਮਰਾਜ ਨੂੰ ਪੂਰੀ ਤਰ੍ਹਾਂ ਫਿੱਟ ਬੈਠਦਾ ਹੈ। ਕੁਦਰਤੀ ਗੱਲ ਹੈ ਕਿ ਅਜਿਹੇ ਮੁਲਕ ਆਪਣੀ ਪਹੁੰਚ ਵਾਲੇ ਬੰਦੇ ਨੂੰ ਹੀ ਚੁੱਕਣਗੇ। ਗੰਡਾ ਸਿੰਘ ਉਨ੍ਹਾਂ ਖੋਜੀਆਂ ਵਿਚੋਂ ਹੈ, ਜਿਨ੍ਹਾਂ ਨੇ ਇਤਿਹਾਸ ਦੇ ਸਰੋਤ ਲੱਭੇ, ਇਤਿਹਾਸ ਨੂੰ ਖਰੜਿਆਂ 'ਚੋਂ ਤਲਾਸ਼ਿਆ, ਫ਼ਾਰਸੀ ਦੇ ਸਰੋਤਾਂ ਵਿਚੋਂ ਨੀਝ ਨਾਲ ਢੂੰਡ ਕੇ ਲਿਆਂਦਾ, ਜਿਵੇਂ ਪੰਛੀ ਤੀਲਾ ਤੀਲਾ ਜੋੜ ਕੇ ਆਲ੍ਹਣਾ ਬਣਾਉਂਦੇ ਹਨ, ਜਦਕਿ ਖੁਸ਼ਵੰਤ ਸਿੰਘ 'ਇਲੀਟ ਕਲਾਸ' ਨਾਲ ਸਬੰਧਤ ਹੋਣ ਕਰਕੇ, ਉਸ ਦਾ ਕੰਮ ਕਰਨ ਦਾ ਤਰੀਕਾ ਬਿਲਕੁਲ ਅਲੱਗ ਸੀ।

ਸੋਸ਼ਲ ਮੀਡੀਆ ਵੱਲ ਗੱਲਬਾਤ ਮੁੜੀ ਤਾਂ ਡਾ. ਭੱਟੀ ਨੇ ਕਿਹਾ ਕਿ ਫੇਸ-ਬੁੱਕ ਅਤੇ ਇੰਟਰਨੈਟ ਨੇ ਸਭ ਤੋਂ ਵੱਡਾ ਨੁਕਸਾਨ ਇਹ ਕੀਤਾ ਹੈ ਕਿ ਇਸ ਨੇ ਮਨੁੱਖ ਕੋਲੋਂ ਕਿਤਾਬ ਖੋਹ ਲਈ ਹੈ। ਫੇਸ-ਬੁੱਕ 'ਤੇ ਕੱਚ-ਘਰੜ ਲੇਖਕਾਂ ਦੀ ਭਰਮਾਰ ਵਿਚ ਅਸਲੀ ਲੇਖਕ ਗੁੰਮ ਗਏ ਹਨ। ਪਰ ਫਿਰ ਵੀ ਹਰ ਬੀਮਾਰੀ ਅੰਦਰ ਹੀ ਉਸ ਦਾ ਇਲਾਜ ਪਿਆ ਹੁੰਦਾ ਹੈ। ਕੁਝ ਸੁਚੇਤ ਲੋਕਾਂ ਨੇ ਫੇਸ-ਬੁੱਕ ਲੋਕ ਹਿੱਤ ਲਈ ਵਰਤਣ ਦੇ ਉਪਰਾਲੇ ਵੀ ਕੀਤੇ ਹਨ।

ਬਲਵਿੰਦਰ ਜੰਡਿਆਲਾ ਨੇ ਇਸ ਗੱਲ ਦੀ ਤਾਈਦ ਕਰਦਿਆਂ ਕਿਹਾ ਕਿ ਮੁਸ਼ਕਿਲ ਇਹ ਹੈ ਕਿ ਚੰਗੇ ਕੰਮ ਘੱਟ ਹੋ ਰਹੇ ਹਨ ਤੇ ਨਿਕੰਮੇ ਵੱਧ। ਭਾਗ ਸਿੰਘ ਰੱਕੜ ਨੇ ਕਿਹਾ ਕਿ ਬਹੁਤੇ ਬੰਦੇ ਤਾਂ ਆਪਣੀਆਂ ਫੋਟੋਆਂ ਅੱਪ-ਡੇਟ ਕਰਨ ਦੇ ਆਹਰ ਵਿਚ ਹੀ ਰੁਝੇ ਹੋਏ ਹਨ। ਤਰਲੋਕਬੀਰ ਨੇ ਅੱਜ ਰਚੀ ਜਾ ਰਹੀ ਪੰਜਾਬੀ ਕਵਿਤਾ ਬਾਰੇ, ਰਾਣੀ ਨਗਿੰਦਰ ਨੇ ਪੰਜਾਬੀ ਭਾਸ਼ਾ ਦੇ ਭਵਿੱਖ ਬਾਰੇ, ਸੁਰਿੰਦਰ ਸੋਹਲ ਨੇ ਮਾਰਕਸਵਾਦੀ ਆਲੋਚਨਾ ਦੇ ਭਵਿੱਖ ਬਾਰੇ ਅਤੇ ਦਲਜੀਤ ਮੋਖਾ ਤੇ ਮਨਮੋਹਨ ਪੂਨੀ ਨੇ ਸੋਸ਼ਲ-ਮੀਡੀਆ ਦੇ ਸੰਦਰਭ ਵਿਚ ਕਈ ਤਰ੍ਹਾਂ ਦੇ ਸਵਾਲ ਕੀਤੇ। ਡਾ. ਸੁਰਜੀਤ ਭੱਟੀ ਨੇ ਬੜੇ ਤਹੱਮਲ ਅਤੇ ਸੂਝ ਨਾਲ ਜਵਾਬ ਦਿੱਤੇ। ਮੀਟਿੰਗ ਦਾ ਪ੍ਰਬੰਧ ਪੰਜਾਬੀ ਕਵੀ ਤਰਲੋਕਬੀਰ ਨੇ ਕੀਤਾ ਸੀ।


ਪੁਸਤਕ ਪ੍ਰਾਪਤ ਕਰਨ ਲਈ ਸੰਪਰਕ ਕਰੋ
ਨੀਲਮ ਸੈਣੀ, ਫੋਨ: 510-502-0551



ਗੁਰੂ ਨਾਨਕ ਸਿੱਖ ਟੈਂਪਲ ਫੇਅਰਫੀਲਡ, ਕੈਲੀਫੋਰਨੀਆ
2948 Rockville Road, Fairfield, CA 94534

ਦੁਖ ਨਿਵਾਰਨ ਕੈਂਪ
8, 9 ਅਤੇ 10 ਜੁਲਾਈ 2016
ਬਾਅਦ ਦੁਪਹਿਰ 3:30 ਵਜੇ ਤੋਂ 7:30 ਵਜੇ ਤੱਕ




ਗੁਰਬਾਣੀ ਸ਼ਬਦ, ਸਿਮਰਨ ਅਤੇ ਜਾਪ ਰਾਹੀਂ ਰੋਗ ਅਤੇ ਦੁੱਖ ਦੂਰ ਕਰਨ ਲਈ ਇਕ ਦੁਖ ਨਿਵਾਰਨ ਕੈਂਪ 8 ਤੋਂ 10 ਜੁਲਾਈ ਤੱਕ ਲਾਇਆ ਜਾ ਰਿਹਾ ਹੈ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਕੈਂਪ ਵਿਚ ਹਾਜ਼ਰੀ ਭਰ ਕੇ 'ਸਰਬ ਰੋਗ ਕਾ ਅਉਖਧ ਨਾਮ' ਗੁਰਬਾਣੀ ਦਾ ਲਾਹਾ ਲਓ ਜੀ। ਪ੍ਰੋਗਰਾਮ ਵਿਚ ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਉਨ੍ਹਾਂ ਨਾਲ ਫੋਨ 646-464-1818 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

ਬੇਨਤੀ ਕਰਤਾ: ਸਮੂਹ ਸਾਧ ਸੰਗਤ ਗੁਰੂ ਨਾਨਕ ਸਿੱਖ ਟੈਂਪਲ ਫੇਅਰਫੀਲਡ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸੁਖਜਿੰਦਰ ਸਿੰਘ ਗਿੱਲ, ਫੋਨ: 510-224-6630
ਰਾਮ ਸਿੰਘ ਮਠਾੜੂ, ਫੋਨ: 707-365-1368
27-28



NRI DENTAL CARE
LUDHIANA



- Cosmetic (Veneers, Crowns, Whitening)
- Dental Implants
- Denture
- Advance Root Canal Treatment (Single Sitting)
- Orthodontics (Clear Braces)



Call for Free Consultation
Dr. Rupinder Singh : +91-99880-90049
Between : 7.00 pm to 9.00 pm (IST)
E-mail : nridental@gmail.com

## ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ

# ਗਰਮੀ ਦੇ ਬਾਵਜੂਦ ਖੂਬ ਰੰਗ ਬੰਨ੍ਹਿਆ ਕਬੱਡੀ ਤੇ ਗਾਇਕੀ ਦੇ ਮੇਲੇ ਨੇ

**ਕੁਲਜੀਤ ਸਿੰਘ ਦਿਆਲਪੁਰੀ**

**ਸ਼ਿਕਾਗੋ:** ਮੁੜ੍ਹਕੋ ਮੁੜ੍ਹਕੀ ਹੋਏ ਜਾਫੀ ਤੇ ਧਾਵੀ; ਪੈਂਦੀਆਂ ਕਬੱਡੀਆਂ ਤੇ ਲੱਗਦੇ ਜੱਫੇ; ਕੁਮੈਂਟੇਟਰ ਤੇ ਕਬੱਡੀ ਪ੍ਰੇਮੀਆਂ ਦੀਆਂ ਖਿਡਾਰੀਆਂ ਨੂੰ ਹੱਲਾਸ਼ੇਰੀਆਂ; ਹਵਾ ਵਿਚ ਉਡਦੀ ਵਾਲੀਬਾਲ; ਠੰਡੇ ਪਾਣੀ ਤੇ ਸੋਡੇ ਦੀਆਂ ਬੋਤਲਾਂ ਫੜ੍ਹੀਂ ਟੈਂਟਾਂ ਹੇਠ ਬੈਠੀਆਂ ਬੀਬੀਆਂ; ਦਰਖਤਾਂ ਦੀ ਛਾਂਵੇਂ ਚਾਹ ਵਾਲੇ ਕੱਪ ਫੜ੍ਹੀਂ ਬੈਠੇ ਗੱਪਾਂ ਮਾਰਦੇ ਬਜ਼ੁਰਗਾਂ ਦੇ ਟੋਲੇ, ਏਧਰ-ਓਧਰ ਭੱਜੇ ਫਿਰਦੇ ਤੇ ਕੁਲਫੀਆਂ



ਚੂਪਦੇ ਫਿਰਦੇ ਨਿਆਣੇ; ਮੁੱਛਾਂ 'ਤੇ ਹੱਥ ਫੇਰਦੇ ਤੇ ਕਾਲੀਆਂ ਐਨਕਾਂ ਲਾਈਂ ਭਲਵਾਨੀ ਗੇੜਾ ਦਿੰਦੇ ਗੱਭਰੂ; ਰੰਗ-ਬਰੰਗੇ ਸੂਟਾਂ ਤੇ ਡਰੈਸਾਂ ਵਿਚ ਸਜੀਆਂ ਮਹਿੰਦੀ ਲੁਆ ਰਹੀਆਂ ਮੁਟਿਆਰਾਂ; ਕਾਰਾਂ ਦੀਆਂ ਡਿੱਕੀਆਂ ਖੋਲ੍ਹ ਕੇ ਅਤੇ ਗਰਾਊਂਡ ਵਿਚ ਲੱਗੇ ਟੈਂਟ ਵਿਚ ਹੁੰਦੀ 'ਖਾਸ-ਸੇਵਾ'- ਇਹ ਨਜ਼ਾਰਾ ਸੀ ਸਥਾਨਕ ਖੇਡ ਸੰਸਥਾ ਪੰਜਾਬ ਸਪੋਰਟਸ ਤੇ ਕਲਚਰਲ ਕਲੱਬ ਵਲੋਂ ਇਥੇ ਐਲਕਗਰੂਵ ਵਿਲੇਜ ਦੇ ਬਸੀ ਵੁਡ ਫਾਰੈਸਟ ਪ੍ਰਿਜ਼ਰਵ 'ਚ 25 ਜੂਨ ਨੂੰ ਕਰਵਾਏ ਗਏ ਖੇਡ ਤੇ ਗਾਇਕੀ ਦੇ ਮੇਲੇ ਦਾ।

ਜੇ ਕੋਈ ਕਸਰ ਬਾਕੀ ਸੀ ਤਾਂ ਉਹ ਗਾਇਕਾਂ ਨੇ ਪੂਰੀ ਕਰ ਦਿੱਤੀ। ਮੇਲੇ ਦਾ ਅਨੰਦ ਮਾਣਦੇ ਮੇਲੀਆਂ ਨੂੰ ਉਦੋਂ ਸੂਰਜ ਦੀ ਤਪਸ਼ ਵੀ ਠੰਡੇ ਬੁੱਲੇ ਵਾਂਗ ਲੱਗੀ ਜਦ ਇਕ ਤੋਂ ਬਾਅਦ ਇਕ ਗਾਇਕ ਨੇ ਆਪਣੇ ਗੀਤਾਂ ਤੇ ਬੋਲੀਆਂ ਦੀ ਝੜੀ ਲਾ ਦਿੱਤੀ। ਸੂਰਜ ਨੇ ਭਾਵੇਂ ਗਰਮੀ ਦੇ ਕੜਾਕੇ ਕੱਢੀ ਰੱਖੇ ਪਰ ਮੇਲੀਆਂ ਨੇ ਕਬੱਡੀ ਦੇ ਮੈਚਾਂ ਪਿਛੋਂ ਗਾਇਕੀ ਦੇ ਖੁੱਲ੍ਹੇ ਅਖਾੜੇ ਦਾ ਭਰਪੂਰ ਅਨੰਦ ਮਾਣਿਆ। ਗਰਮੀ ਕਾਰਨ ਤਰੋ-ਤਰ ਹੋਏ ਮੇਲੇ ਦੇ ਪ੍ਰਬੰਧਕ ਮਹਿਮਾਨਾਂ ਨੂੰ ਜੀ ਆਇਆਂ ਆਖਣ ਤੇ ਉਨ੍ਹਾਂ ਦਾ ਮਾਣ-ਤਾਣ ਕਰਨ ਵਿਚ ਮਸ਼ਰੂਫ ਸਨ। ਮੇਲਾ ਭਰਵਾਂ ਤਾਂ ਸੀ ਹੀ, ਬੱਝਵਾਂ ਵੀ ਸੀ।

ਮੇਲੇ ਦੇ ਮੁਖ ਮਹਿਮਾਨ ਵਿਸ਼ਵ ਪ੍ਰਸਿਧ ਸਮਾਜਸੇਵੀ ਐਸ.ਪੀ. ਸਿੰਘ ਓਬਰਾਏ ਸਨ, ਜਦੋਂਕਿ ਸ਼ਿਕਾਗੋ ਵਿਚ ਭਾਰਤੀ ਕੌਂਸਲ ਜਨਰਲ ਡਾ. ਔਸਾਫ ਸਈਅਦ ਵਿਸ਼ੇਸ਼ ਮਹਿਮਾਨ ਸਨ। ਇਸ ਮੌਕੇ ਸ. ਓਬਰਾਏ ਨੇ ਸਤਨਾਮ ਸਿੰਘ ਔਲਖ ਦੀ ਸੰਸਾਰ ਜੰਗਾਂ ਵਿਚ ਸਿੱਖ ਯੋਧਿਆਂ ਦੀ ਬਹਾਦਰੀ ਬਾਰੇ ਕਿਤਾਬ ਵੀ ਰਿਲੀਜ਼ ਕੀਤੀ।

ਮੇਲੇ ਵਿਚ ਨਾ ਸਿਰਫ ਸ਼ਿਕਾਗੋਲੈਂਡ ਤੋਂ ਹੀ ਦਰਸ਼ਕ ਪਹੁੰਚੇ, ਸਗੋਂ ਇੰਡੀਆਨਾ, ਮਿਸ਼ੀਗਨ, ਵਿਸਕਾਨਸਿਨ, ਆਇਓਵਾ ਅਤੇ ਓਹਾਇਓ ਤੋਂ ਵੀ ਭਰਵੀਂ ਗਿਣਤੀ ਵਿਚ ਪਹੁੰਚੇ। ਪਾਰਕਿੰਗ ਲਾਟ ਨੱਕੋ ਨੱਕ ਭਰੇ ਹੋਏ ਸਨ ਤੇ ਲੋਕਾਂ ਨੂੰ ਕਾਰਾਂ ਦੂਰ ਦੂਰ ਖੜ੍ਹੀਆਂ ਕਰਨੀਆਂ ਪਈਆਂ। ਵਧੀਆ ਗੱਲ ਇਹ ਰਹੀ ਕਿ ਪ੍ਰਬੰਧਕਾਂ ਨੇ ਪਾਰਕਿੰਗ ਲਾਟ ਵਿਚ ਆਉਣ-ਜਾਣ ਲਈ ਗੌਲਫ ਕਾਰਟਾਂ ਦਾ ਬੰਦੋਬਸਤ ਕੀਤਾ ਹੋਇਆ ਸੀ। ਮੇਲੀਆਂ ਦਾ ਇਕੱਠ ਵੇਖ ਪ੍ਰਬੰਧਕ ਬਾਗੋਬਾਗ ਸਨ।

ਕਬੱਡੀ ਦੀਆਂ 4 ਟੀਮਾਂ-ਮਿਲਵਾਕੀ, ਡੈਲਸ, ਨਿਊ ਯਾਰਕ ਅਤੇ ਮੀਰੀ ਪੀਰੀ ਸਪੋਰਟਸ ਕਲੱਬ ਇੰਡੀਆਨਾ ਮੈਦਾਨ ਵਿਚ ਨਿਤਰੀਆਂ। ਕਬੱਡੀ ਦਾ ਫਾਈਨਲ ਮੈਚ ਦੇਖਦਿਆਂ ਦਰਸ਼ਕਾਂ ਦਾ ਵੀ ਖਿਡਾਰੀਆਂ ਜਿੰਨਾ ਜੋਰ ਲੱਗ ਰਿਹਾ ਸੀ।



ਡੌਂਟੇ, ਚੱਕ ਦੇ ਚੌਂਟੇ...

ਫਰਕ ਸਿਰਫ ਇੰਨਾ ਕੁ ਸੀ ਕਿ ਖਿਡਾਰੀ ਖੇਡ ਮੈਦਾਨ 'ਚ ਨਿੱਤਰੇ ਹੋਏ ਸਨ ਤੇ ਦਰਸ਼ਕ ਫਸਵੇਂ ਭੇੜ ਵੇਖ ਤਾੜੀਆਂ ਤੇ ਕਿਲਕਾਰੀਆਂ ਮਾਰਦੇ 'ਚੱਕ ਲੈ ਬਈ, ਨਹੀਂ ਰੁਕਣਾ, ਲਾ ਲਓ ਜੋਰ' ਕਹਿੰਦੇ ਖਿਡਾਰੀਆਂ ਨੂੰ ਜੋਸ਼ ਦਿਵਾ ਰਹੇ ਸਨ। ਦਰਸ਼ਕਾਂ ਦੀਆਂ ਕਿਲਕਾਰੀਆਂ ਦੀ ਸੁਰ ਉਦੋਂ ਹੋਰ ਉਚੀ ਹੋ ਗਈ ਜਦੋਂ ਇਕ ਜੂੜੇ ਵਾਲਾ ਪੰਜਾਬੀ ਧਾਵੀ ਕਾਲੇ ਮੂਲ ਦੇ ਜਾਫੀ ਡੌਂਟੇ ਤੋਂ ਨੰਬਰ ਲੈ ਕੇ ਆਪਣੇ ਪਾਣੇ ਜਾ ਵੜਿਆ। ਖੇਡ ਪ੍ਰੇਮੀਆਂ ਨੇ ਡੌਂਟੇ ਦੀਆਂ ਚੰਗੀਆਂ ਰੇਡਾਂ ਤੇ ਜੱਫਿਆਂ ਦੀ ਕਦਰ ਕਰਦਿਆਂ ਉਸ ਦੀ ਡਾਲਰਾਂ ਨਾਲ ਹੌਸਲਾ ਅਫਜ਼ਾਈ ਵੀ ਕੀਤੀ। ਕੁਮੈਂਟੇਟਰ ਮੱਖਣ ਅਲੀ ਨੇ ਵੀ ਲੱਗਦੇ ਹੱਥ ਤੁਕ ਜੋੜ ਲਈ, 'ਡੌਂਟੇ, ਚੱਕ ਦੇ ਚੌਂਟੇ।'



ਫਾਈਨਲ ਮੈਚ ਵਿਚ ਇੰਡੀਆਨਾ ਦੀ ਟੀਮ ਜੇਤੂ ਰਹੀ ਜਦਕਿ ਮਿਲਵਾਕੀ ਦੀ ਟੀਮ ਨੂੰ ਦੂਜੇ ਥਾਂ ਨਾਲ ਸਬਰ ਕਰਨਾ ਪਿਆ। ਕਬੱਡੀ ਦਾ ਪਹਿਲਾ 5100 ਡਾਲਰ ਦਾ ਇਨਾਮ ਮਿਲਵਾਕੀ ਤੋਂ ਕਾਰੋਬਾਰੀ ਦਰਸ਼ਨ ਸਿੰਘ ਧਾਲੀਵਾਲ ਨੇ ਆਪਣੇ ਮਰਹੂਮ ਪਿਤਾ ਸੂਬੇਦਾਰ ਕਰਤਾਰ ਸਿੰਘ ਦੀ ਯਾਦ ਵਿਚ ਦਿੱਤਾ ਜਦੋਂਕਿ 4100 ਡਾਲਰ ਦੇ ਦੂਜੇ ਇਨਾਮ ਦੇ ਸਪਾਂਸਰ ਹੈਰੀ ਘੁਮਾਣ ਸਨ।

ਬੈਸਟ ਜਾਫੀ ਡੌਂਟੇ ਤੇ ਬੈਸਟ ਧਾਵੀ ਜੱਸਾ ਸਿਧਵਾਂ ਦੋਨਾ ਤੇ ਗੌਰੀ ਮਨਰਾਈਆਂ ਸਾਂਝੇ ਤੌਰ 'ਤੇ ਰਹੇ। ਸਵਰਗੀ ਹਰਜਾਪ ਸਿੰਘ ਸੰਘਾ ਦੇ ਪਰਿਵਾਰ ਨੇ ਇਨ੍ਹਾਂ ਨੂੰ ਹੌਸਲਾ ਅਫਜ਼ਾਈ ਵਜੋਂ ਢਾਈ-ਢਾਈ ਸੌ ਡਾਲਰ ਦਾ ਇਨਾਮ ਦਿਤਾ।

ਕਬੱਡੀ ਓਪਨ ਵਿਚ ਵਿੱਕੀ ਘਨੌਰ, ਬਲਜੀਤ ਸੈਦੋਕੇ, ਨਵੀ ਜੌਹਲ, ਜੱਸਾ ਸਿਧਵਾਂ ਦੋਨਾ ਅਤੇ ਡੌਂਟੇ ਜਿਹੇ ਨਾਮੀ ਖਿਡਾਰੀਆਂ ਨੇ ਵਧੀਆ ਜੱਫੇ ਲਾ ਕੇ ਅਤੇ ਵਧੀਆ ਰੇਡ ਪਾ ਕੇ ਦਰਸ਼ਕਾਂ ਦੀ ਭਰਪੂਰ ਵਾਹ ਵਾਹ ਖੱਟੀ। ਦਰਸ਼ਕਾਂ ਨੇ ਵੀ ਉਨ੍ਹਾਂ ਦੇ ਸਿਰਾਂ ਤੋਂ ਡਾਲਰ ਵਾਰਨ ਲੱਗਿਆਂ ਕੰਜੂਸੀ ਨਹੀਂ ਕੀਤੀ।

ਕਬੱਡੀ ਅੰਡਰ-21 ਮੁਕਾਬਲੇ ਵਿਚ ਦੋ ਟੀਮਾਂ-ਵਰਜੀਨੀਆ ਤੇ ਮਿਸ਼ੀਗਨ ਭਿੜੀਆਂ। ਪਹਿਲਾ ਇਨਾਮ ਮਿਸ਼ੀਗਨ ਦੀ ਟੀਮ ਲੈ ਗਈ।

ਕਬੱਡੀ ਮੈਚਾਂ ਦੇ ਰੈਫਰੀ-ਦਵਿੰਦਰ ਸਿੰਘ ਤੇ ਪੰਡਿਤ ਸੁਰਖਪੁਰ (ਦੋਵੇਂ ਪੰਜਾਬ ਤੋਂ) ਸਨ, ਜਦੋਂਕਿ ਵਧੀਆ ਕੁਮੈਂਟਰੀ ਕਰਕੇ ਮੱਖਣ ਅਲੀ ਨੇ ਮੈਚਾਂ ਨੂੰ ਰੌਚਿਕ ਬਣਾ ਦਿਤਾ ਅਤੇ ਵਖ ਵਖ ਖਿਡਾਰੀਆਂ ਬਾਰੇ ਭਰਪੂਰ ਜਾਣਕਾਰੀ ਦਿਤੀ। ਉਂਜ ਦਰਸ਼ਕਾਂ ਨੇ ਵੀ ਡਾਲਰਾਂ ਨਾਲ ਉਸ ਦਾ ਮਾਣ-ਸਨਮਾਨ ਕਰਨ ਲੱਗਿਆਂ ਕਸਰ ਬਾਕੀ ਨਾ ਛਡੀ।

ਵਾਲੀਬਾਲ ਮੁਕਾਬਲਿਆਂ ਵਿਚ ਚਾਰ ਟੀਮਾਂ ਨਿਤਰੀਆਂ। ਭਗਤ ਸਿੰਘ ਸਪੋਰਟਸ ਕਲੱਬ-ਸ਼ਿਕਾਗੋ ਦੀ ਟੀਮ ਪਹਿਲੇ ਨੰਬਰ 'ਤੇ ਰਹਿ ਕੇ 1500 ਡਾਲਰ ਦੇ ਇਨਾਮ ਦੀ ਹੱਕਦਾਰ ਬਣੀ, ਜਦੋਂਕਿ ਦੂਜਾ 1100 ਡਾਲਰ ਦਾ ਇਨਾਮ ਮੈਡੀਸਨ



*ਦੂਜੇ ਇਨਾਮ ਦੀ ਜੇਤੂ ਟੀਮ ਪ੍ਰਬੰਧਕਾਂ ਨਾਲ*

ਸਪੋਰਟਸ ਕਲੱਬ-ਮਿਲਵਾਕੀ ਦੇ ਹਿੱਸੇ ਆਇਆ।

ਜਿਉਂ ਹੀ ਕਬੱਡੀ ਦੇ ਫਾਈਨਲ ਮੈਚ ਤੋਂ ਬਾਅਦ ਗਾਇਕੀ ਦੇ ਖੁੱਲ੍ਹੇ ਅਖਾੜੇ ਲਈ ਸਟੇਜ 'ਤੇ ਸਾਜੀਆਂ ਨੇ ਤਾਰਾਂ ਕੱਸਣੀਆਂ ਸ਼ੁਰੂ ਕੀਤੀਆਂ, ਦਰਸ਼ਕ ਸਰੋਤੇ ਬਣ ਆਪੋ ਆਪਣੀਆਂ ਕੁਰਸੀਆਂ ਚੁੱਕ ਸਟੇਜ ਦੁਆਲੇ ਆ ਜੁੜੇ। 'ਵਿਸ਼ੇਸ਼ ਟੈਂਟ' ਅਤੇ ਕਾਰਾਂ ਦੁਆਲੇ ਜੁੜੇ ਲੈਗ-ਪੈਗ ਦੇ ਸ਼ੌਕੀਨ ਵੀ ਹਵਾ-ਪਿਆਜ਼ੀ ਹੋਏ ਸਟੇਜ ਵੱਲ ਨੂੰ ਹੋ ਤੁਰੇ। ਮੰਚ ਸੰਚਾਲਨ ਕਰਦਿਆਂ ਅਦਾਕਾਰਾ ਬਲਜੀਤ ਕੌਰ ਜੌਹਲ ਨੇ ਗਾਇਕਾਂ ਨੂੰ ਵਾਰੋ ਵਾਰੀ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ।



ਅਨਮੋਲ ਗਗਨ



ਕੁਲਵਿੰਦਰ ਬਿੱਲਾ

ਗਾਇਕ ਸੰਦੀਪ ਬਰਾੜ ਨੇ ਆਪਣੇ ਚਰਚਿਤ ਗੀਤਾਂ 'ਬਚਪਨ ਮੁੜ ਕੇ ਆਉਂਦਾ ਕਾਹਤੋਂ ਨਹੀਂ' ਅਤੇ 'ਮਰਜਾਣੀ ਆ ਕੇ ਛੱਤ 'ਤੇ ਖੜ੍ਹੀ' ਗਾ ਕੇ ਬਚਪਨ ਦੀਆਂ ਯਾਦਾਂ ਤਾਜ਼ਾ ਕੀਤੀਆਂ ਤੇ ਇਸ਼ਕ-ਮੁਸ਼ਕ ਦੀ ਬਾਤ ਪਾਈ। ਗਾਇਕਾ ਅਨਮੋਲ ਗਗਨ ਮਾਨ ਨੇ ਜਿਥੇ 'ਜੱਟ ਦਾ ਬੁਲਟ ਮਾਰੇ ਬੜ੍ਹਕਾਂ' ਅਤੇ 'ਕੁੰਢੀ ਮੁੱਛ' ਗੀਤ ਗਾ ਕੇ ਬੰਦਿਆਂ ਤੋਂ ਬੜ੍ਹਕਾਂ ਮਰਵਾਈਆਂ, ਉਥੇ 'ਮਾਂ ਵਰਗਾ ਪਤੰਦਰ ਕੰਜੂਸ, ਨਾ ਪੈਸਾ ਕੋਈ ਖਰਚੇ' ਗਾ ਕੇ ਤੇ ਬੋਲੀਆਂ ਪਾ ਕੇ ਬੀਬੀਆਂ ਨੂੰ ਵੀ ਖੁਸ਼ ਕੀਤਾ।

ਗਾਇਕ ਤੇ ਅਦਾਕਾਰ ਐਮੀ ਵਿਰਕ ਨੇ ਸਟੇਜ 'ਤੇ ਆਉਂਦਿਆਂ ਹੀ ਬੋਲੀਆਂ ਪਾਉਂਦਿਆਂ ਮੇਲੀਆਂ ਨੂੰ ਇਹ ਕਹਿ ਕੇ ਨੱਚਣ ਲਈ ਉਕਸਾ ਲਿਆ ਕਿ ਤੁਸੀਂ ਕਿਹੜਾ ਘਰੇ ਜਾ ਕੇ ਰੋਟੀਆਂ ਲਾਹੁਣੀਆਂ, ਨੱਚ ਲੋ, ਟੱਪ ਲੋ। ਫਿਰ ਉਸ ਨੇ ਹਿੱਕ ਦੇ ਜ਼ੋਰ 'ਕਾਂਵਾਂਰੌਲੀ ਕਦੇ ਨ੍ਹੀਂ ਪੰਚਾਇਤ ਚੁਣੀਦੀ' ਗਾ ਕੇ ਸਰੋਤਿਆਂ 'ਤੇ ਆਪਣੀ ਡੂੰਘੀ ਛਾਪ ਛੱਡੀ। ਦਾਰੂ ਪੀਣ ਦੇ ਸ਼ੌਕੀਨਾਂ ਦੀਆਂ ਉਦੋਂ ਵਰਾਛਾਂ ਖਿੜ ਗਈਆਂ ਜਦੋਂ ਐਮੀ ਨੇ 'ਪੰਜ ਵਜਦੇ ਨੂੰ ਪੀ ਗਏ ਪੌਣਾ ਢੋਲ ਜੱਟੀਏ' ਗਾਇਆ।

ਅੰਮ੍ਰਿਤ ਮਾਨ ਨੇ 'ਮਿੱਤਰਾਂ ਨੇ ਮੁੱਛ ਰੱਖੀ ਆ' ਅਤੇ 'ਪਊਏ ਜਿੰਨੇ ਕੱਦ ਵਾਲੀਏ, ਡੋਲ੍ਹ ਗਈ ਏਂ ਦੇਸੀ ਦਾ ਡਰੰਮ ਨੀ' ਗਾ ਕੇ ਹਵਾ ਪਿਆਜ਼ੀ ਹੋਣ ਦੇ ਸ਼ੁਕੀਨਾਂ ਨੂੰ ਝੂਮਣ ਲਾਇਆ। ਉਸ ਨੇ ਇਕ ਗੀਤ ਪੇਸ਼ ਕਰਕੇ ਟਰੱਕਰ ਵੀਰਾਂ ਨੂੰ ਵੀ ਖੁਸ਼ ਕੀਤਾ। ਜਗਮੀਤ (ਜੈਸੀ) ਸਿੰਘ ਨੇ ਇਕ ਗੀਤ ਗਾ ਕੇ ਹਾਜ਼ਰੀ ਲੁਆਈ।







ਐਮੀ ਵਿਰਕ



ਸੰਦੀਪ ਬਰਾੜ



ਬਲਜੀਤ ਕੌਰ ਜੌਹਲ

*(ਬਾਕੀ ਅਗਲੇ ਸਫੇ 'ਤੇ)*

## ਮੇਲੇ ਦੀਆਂ ਝਲਕੀਆਂ

ਤਿੱਖੀ ਧੁੱਪ ਅਤੇ ਗਰਮੀ ਦੀ ਭੜਾਸ ਤੋਂ ਬਚਣ ਲਈ ਜ਼ਿਆਦਾਤਰ ਲੋਕ ਤੰਬੂਆਂ ਹੇਠ ਹੀ ਵੜ੍ਹੇ ਰਹੇ। ਜਿਨ੍ਹਾਂ ਨੂੰ ਤੰਬੂਆਂ ਥੱਲੇ ਥਾਂ ਨਾ ਮਿਲੀ, ਉਨ੍ਹਾਂ ਨੇ ਦਰਖਤਾਂ ਥੱਲੇ ਕੁਰਸੀਆਂ ਡਾਹ ਲਈਆਂ। ਗਰਮੀ ਨਾਲ ਮੁੜਕੋ-ਮੁੜਕੀ ਹੋਏ



*ਗਰਮਾ ਗਰਮ ਜਲੇਬੀਆਂ ਦੀ ਟਰੇਅ ਆਉਂਦੀ ਮਗਰੋਂ ਤੇ ਖਾਲੀ ਪਹਿਲਾਂ ਹੋ ਜਾਂਦੀ*

ਲੋਕ ਪਾਣੀ, ਸੋਡਾ ਤੇ ਚਾਹ ਪੀ ਪੀ ਆਪਣੇ ਸਰੀਰ ਦਾ ਪਾਣੀ ਪੂਰਾ ਕਰ ਰਹੇ ਸਨ। ਕੌੜਾ ਪਾਣੀ ਪੀਣ ਵਾਲੇ ਵੀ ਪਿਛੇ ਨਹੀਂ ਸਨ, ਉਹ ਵੀ ਦਾਅ ਲੱਗੇ ਆਪਣਾ ਕੋਟਾ ਪੂਰਾ ਕਰਦੇ ਰਹੇ।

---

ਮੇਲੀਆਂ ਲਈ ਰੋਟੀ-ਪਾਣੀ, ਦਾਲ-ਚੌਲ, ਭੁੰਨੇ ਕੁੱਕੜ ਤੇ ਬੱਕਰੇ ਦਾ ਖੁੱਲ੍ਹਾ ਪ੍ਰਬੰਧ ਤਾਂ ਸੀ ਹੀ, ਕੇਲੇ ਤੇ ਸੇਬ ਵੀ ਵਾਧੂ ਸਨ। ਪਕੌੜੇ ਖਾਣ ਵਾਲਿਆਂ ਪਕੌੜੇ ਰਗੜੇ ਤੇ ਫਰੂਟ ਖਾਣ ਵਾਲਿਆਂ ਨੇ ਫਰੂਟ। ਕਈ ਦੋਹਰਾ ਲਾਹਾ ਵੀ ਲੈ ਗਏ।

---

ਖਾਣ-ਪੀਣ ਵਾਲੀ ਥਾਂ 'ਤੇ ਲੋਕਾਂ ਦੀ ਕਾਫੀ ਭੀੜ ਸੀ ਤੇ ਲੋਕ ਲਾਈਨਾਂ 'ਚ ਲੱਗ ਲੱਗ ਕੇ ਖਾਣਾ ਲੈ ਰਹੇ ਸਨ। ਕੁੱਕੜ ਭੁੰਨਣ ਵਾਲੇ ਤੰਦੂਰ ਦੁਆਲੇ ਵੀ ਲੋਕ ਘੇਰਾ ਘੱਤੀਂ ਖੜ੍ਹੇ ਸਨ ਤੇ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਬੀਬੀਆਂ ਨੇ ਰੋਟੀ-ਪਾਣੀ ਛਕਣ ਤੋਂ ਪਹਿਲਾਂ ਗੋਲ ਗੱਪਿਆਂ ਦਾ ਸਵਾਦ ਵੀ ਚੱਖਿਆ। ਰੋਟੀ-ਪਾਣੀ ਦਾ ਪ੍ਰਬੰਧ ਕੇ ਕੇ ਪੰਮਾ ਦਾ ਸੀ।

---

ਗਰਮਾ ਗਰਮ ਤੇ ਕੜਾਕੇਦਾਰ ਜਲੇਬੀਆਂ ਤਲਦੇ ਪੰਮੇ ਦੁਆਲੇ, ਕੀ ਬਜ਼ੁਰਗ ਤੇ ਕੀ ਜਵਾਨ, ਸਭ ਪਲੇਟਾਂ ਫੜ੍ਹੀ ਘੇਰਾ ਪਾਈ ਖੜ੍ਹੇ ਸਨ। ਸੂਗਰ ਦੇ ਮਰੀਜ ਵੀ ਜਲੇਬੀਆਂ ਵੇਖ ਆਪਣੇ ਆਪ ਨੂੰ ਰੋਕ ਨਾ ਸਕੇ। ਜਲੇਬੀਆਂ ਖਾ ਰਹੇ ਦੋ ਬਾਬਿਆਂ 'ਚੋਂ ਇਕ ਨੇ ਦੂਜੇ ਨੂੰ ਕਿਹਾ, ਹਾਂ ਭਾਊ ਤੂੰ ਡਾਕਟਰ ਕੋਲ ਗਿਆ ਸੀ, ਕੀ ਕਿਹਾ? ਦੂਜਾ ਬੋਲਿਆ, ਆਖਣਾ ਕੀ ਸੀ? ਕਹਿੰਦਾ ਕੋਈ ਸੂਗਰ ਸ਼ਾਗਰ ਜਿਹੀ ਆ। ਪੰਜਾਬੀਆਂ ਤੋਂ ਇਲਾਵਾ ਹੋਰਨਾਂ ਭਾਈਚਾਰਿਆਂ ਦੇ ਲੋਕ ਵੀ ਤੱਤੀਆਂ ਜਲੇਬੀਆਂ ਦਾ ਅਨੰਦ ਮਾਣਦੇ ਵੇਖੇ ਗਏ।

---

ਮੰਚ ਸੰਚਾਲਕਾ ਨੇ ਜਦੋਂ ਮਾਈਕ ਫੜ੍ਹਦਿਆਂ ਕਿਹਾ ਕਿ ਮੁੰਡੇ ਸੋਹਣੀਆਂ ਪੱਗਾਂ ਬੰਨ ਕੇ ਆਏ



*ਮਹਿੰਦੀ, ਮਹਿੰਦੀ, ਮਹਿੰਦੀ ਲਾ ਦੇ ਨੀਂ ਮੇਰੇ ਮਹਿੰਦੀ*

ਐ ਪਰ ਐਨਰਜੀ ਕੁੜੀਆਂ 'ਚ ਜ਼ਿਆਦਾ ਲੱਗਦੀ ਐ, ਤਾਂ ਸਟੇਜ ਦੇ ਸਾਹਮਣੇ ਬੈਠੀਆਂ ਕੁੜੀਆਂ-ਚਿੜੀਆਂ ਤੇ ਬੀਬੀਆਂ-ਸੁਆਣੀਆਂ ਨੇ ਤਾੜੀਆਂ ਦੇ ਨਾਲ ਨਾਲ ਉਚੀ ਉਚੀ ਕੂਕਾਂ ਮਾਰ ਕੇ ਆਪਣੀ ਐਨਰਜੀ ਦਾ ਪ੍ਰਗਟਾਵਾ ਕੀਤਾ। ਸਟੇਜ ਦੇ ਇਕ ਪਾਸੇ ਜੁੰਡਲੀ ਬਣਾਈ ਖੜ੍ਹੇ ਮੁੰਡਿਆਂ ਨੇ ਵੀ ਬੜ੍ਹਕਾਂ ਮਾਰ ਆਪਣੇ ਹਾਜ਼ਰ ਹੋਣ ਦੀ ਗਵਾਹੀ ਭਰੀ।

---

ਮੰਚ ਸੰਚਾਲਕ ਨੇ ਮੇਲੇ ਵਿਚ ਆਏ ਬਜ਼ੁਰਗਾਂ ਵੱਲ ਵੇਖ ਕੇ ਜਦ ਕਿਹਾ, 'ਇਹ ਉਤੋਂ ਈ ਬਜ਼ੁਰਗ ਲੱਗਦੇ ਐ, ਦਿਲ ਇਨ੍ਹਾਂ ਦੇ ਵੀ ਜਵਾਨ ਨੇ' ਤਾਂ ਬਜ਼ੁਰਗ ਖਿੜ੍ਹ ਉਠੇ। ਇਸੇ ਦੌਰਾਨ ਜਵਾਨ ਲੱਗਦਾ ਇਕ ਬਜ਼ੁਰਗ ਮੁੱਛਾਂ ਵਿਚ ਦੀ ਮੁਸਕਰਾਇਆ ਤੇ ਆਸੇ-ਪਾਸੇ ਵੇਖਦਾ ਮੁੱਛ ਨੂੰ ਵੱਟ ਚਾੜ੍ਹਨ ਲੱਗਾ।

---

ਕੁਲਫੀਆਂ ਵਾਲੀ ਵੈਨ ਦੁਆਲੇ ਬੱਚੇ ਤੇ ਵੱਡੇ ਝੁਰਮਟ ਪਾਈ ਖੜ੍ਹੇ ਸਨ। ਇਕ ਸੱਜਣ ਕਹਿ ਰਿਹਾ ਸੀ, ਬਈ ਗਰਮੀ 'ਚ ਤੀਲੇ ਵਾਲੀ ਕੁਲਫੀ ਦਾ ਵੀ ਆਪਣਾ ਈ ਸਵਾਦ ਐ। ਲਾਗੇ ਹੀ ਇਕ ਸੱਜਣ ਤਸਵੀਰਾਂ ਦਾ ਸਟਾਲ ਲਾਈ ਬੈਠਾ ਸੀ। ਨਾਲੇ ਉਹ ਮੇਲੇ ਦਾ ਅਨੰਦ ਮਾਣ ਰਿਹਾ ਸੀ ਤੇ ਨਾਲੇ ਗਾਹਕ ਪੱਟ ਕੇ ਡਾਲਰ ਵੱਟੀ ਜਾ ਰਿਹਾ ਸੀ।

---

ਇਕ ਪਾਰਕਿੰਗ ਲਾਟ ਦੇ ਲਾਗੇ ਕੁਝ ਸ਼ੌਕੀਨਾਂ ਨੇ ਆਪਣਾ ਅੱਡਰਾ ਚੁੱਲ੍ਹਾ ਬਾਲਿਆ ਹੋਇਆ ਸੀ। ਕੁੱਕਰ 'ਚ ਕੁੱਕੜ ਰਿੱਝ ਰਿਹਾ ਸੀ ਤੇ ਹੱਥਾਂ ਵਿਚ ਜਾਮ ਸਨ। ਵਿਚ ਵਿਚ ਦੀ ਕੋਈ ਜਣਾ ਚੈਕ ਕਰਦਾ, ਮੀਟ ਬਣਿਆ ਕਿ ਨਹੀਂ। ਲਾਗਿਓਂ ਲੰਘਦੇ ਲੋਕ ਇਸ ਟੋਲੇ ਨੂੰ ਵੇਖ ਟਿੱਚਰੀ ਹਾਸਾ ਹੱਸ ਰਹੇ ਸਨ।

---

ਜਦੋਂ ਗੱਲਾਂ ਕਰਦੇ ਇਕ ਟੋਲੇ 'ਚੋਂ ਇਕ ਸੱਜਣ ਨੇ ਆਪਣੇ ਸਾਥੀਆਂ ਨੂੰ ਦਾਰੂ ਪੀਣ ਦੀ ਸੁਲ੍ਹਾ ਮਾਰੀ ਤਾਂ ਨਾਲ ਖੜ੍ਹੇ ਸੱਜਣ ਇਕ-ਦੂਜੇ ਨੂੰ ਅੱਖਾਂ ਅੱਖਾਂ ਵਿਚ ਇਸ਼ਾਰੇ ਕਰਦੇ ਦਾਰੂ ਵਾਲੇ ਟੈਂਟ ਵੱਲ ਨੂੰ ਹੋ ਤੁਰੇ। ਕਈ ਸੋਫੀ ਸੱਜਣ ਵੀ ਪੈਰ ਮਲਦੇ ਯਾਰੀਆਂ ਦੇ ਮਾਣ ਨੂੰ ਉਨ੍ਹਾਂ ਨਾਲ ਤੁਰ ਪਏ।

---

ਸਪਰਿੰਗਫੀਡਲ, ਓਹਾਇਓ ਤੋਂ ਆਏ ਅਵਤਾਰ ਸਿੰਘ ਨੇ ਸਿਰ ਭਾਰ ਖੜ੍ਹੇ ਹੋ ਕੇ ਕਰਤੱਵ ਵਿਖਾਏ। ਉਸ ਨੇ ਸੱਦਾ ਵੀ ਦਿੱਤਾ ਕਿ ਕੋਈ ਉਸ ਜਿੰਨਾ ਸਮਾਂ ਸਿਰ ਭਾਰ ਖੜ੍ਹ ਕੇ ਵਿਖਾਵੇ ਤਾਂ ਜਾਣਾਂ, ਪਰ ਕੋਈ ਮਾਈ ਦਾ ਲਾਲ ਮੈਦਾਨ 'ਚ ਨਾ



*ਬਾਜੀਆਂ ਪਾਉਂਦਾ ਅਵਤਾਰ ਸਿੰਘ*

ਨਿੱਤਰਿਆ।

---

ਸਟੇਜ ਦੇ ਪਿਛੇ ਲਗਜ਼ਰੀ ਕਾਰਾਂ ਵਿਚ ਗਾਇਕ ਏ.ਸੀ. ਛੱਡੀਂ ਬੈਠੇ ਸਨ। ਗਾਇਕ ਸਟੇਜ 'ਤੇ ਆਪਣੀ ਹਾਜ਼ਰੀ ਲੁਆਉਂਦਾ ਤੇ ਮੁੜ ਕਾਰ 'ਚ ਜਾ ਬੈਠਦਾ। ਕੁਝ ਪ੍ਰਸ਼ੰਸਕ ਉਨ੍ਹਾਂ ਨਾਲ ਸੈਲਫੀਆਂ ਲੈਣ ਲਈ ਕਾਰਾਂ ਦੁਆਲੇ ਗੇੜੀਆਂ ਲਾਉਂਦੇ ਦੇਖੇ ਗਏ। ਸਿਕਿਉਰਿਟੀ ਵਾਲੇ ਉਨ੍ਹਾਂ ਨੂੰ ਲਾਗੇ ਨਹੀਂ ਸਨ ਲੱਗਣ ਦੇ ਰਹੇ, ਪਰ ਕੁਝ ਮੌਕਾ ਤਾੜ ਕੇ ਦਾਅ ਲਾ ਗਏ ਤੇ ਕੁਝ ਪ੍ਰਬੰਧਕਾਂ ਦੀ ਸਿਫਾਰਸ਼ ਨਾਲ ਗਾਇਕਾਂ ਨੂੰ ਜਾ ਮਿਲੇ।

---

ਸਥਾਨਕ ਸੰਸਥਾਵਾਂ-ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਪੀ ਸੀ ਐਸ, ਪੀ ਐਚ ਓ, ਪੀ ਏ ਓ ਅਤੇ ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ ਦੇ ਨੁਮਾਇੰਦਿਆਂ ਨੇ ਵੀ ਭਰਵੀਂ ਹਾਜ਼ਰੀ ਲੁਆਈ ਜੋ ਲੋਕਾਂ ਨੂੰ ਆਪਣੇ ਮੇਲਿਆਂ 'ਚ ਆਉਣ ਦਾ ਅਗਾਊਂ ਸੱਦਾ ਦੇ ਰਹੇ ਸਨ।

---

ਦਾਦੀਆਂ-ਨਾਨੀਆਂ ਪੋਤੇ-ਪੋਤੀਆਂ ਤੇ ਦੋਹਤੇ-ਦੋਹਤੀਆਂ ਨਾਲ ਖੇਡ ਰਹੀਆਂ ਸਨ ਤੇ ਜੋੜੇ ਤੁਰ-ਫਿਰ ਕੇ ਮੇਲੇ ਦਾ ਅਨੰਦ ਲੈ ਰਹੇ ਸਨ। ਉਂਜ ਗਰਮੀ ਨਾਲ ਬੱਚਿਆਂ ਦਾ ਵੀ ਤ੍ਰਾਹ ਨਿਕਲਿਆ ਪਿਆ ਸੀ ਤੇ ਉਹ ਥੋੜ੍ਹੀ ਥੋੜ੍ਹੀ ਦੇਰ ਬਾਅਦ ਪਾਣੀ ਮੰਗ ਰਹੇ ਸਨ।

---

ਮੇਲੇ ਦੌਰਾਨ ਕਈ ਸੱਜਣਾਂ ਨੇ ਇਤਰਾਜ਼ ਕੀਤਾ ਕਿ ਹਾਲਾਂਕਿ ਪ੍ਰਬੰਧਕਾਂ ਨੇ ਕੂੜਾ ਸੁੱਟਣ ਲਈ ਗਾਰਬੇਜ ਕੈਨ ਤੇ ਲਿਫਾਫੇ ਰੱਖੇ ਹੋਏ ਸਨ ਅਤੇ ਕੂੜਾ ਇਕੱਠਾ ਕਰਨ ਨੂੰ ਸਫਾਈ ਸੇਵਕ ਵੀ, ਪਰ ਬਹੁਤੇ ਲੋਕ ਜਿਨ੍ਹਾਂ ਕੁਰਸੀਆਂ 'ਤੇ ਬੈਠ ਕੇ ਖਾ-ਪੀ ਰਹੇ ਸਨ, ਉਥੇ ਹੀ ਗੰਦ ਪਾਈ ਜਾ ਰਹੇ ਸਨ। ਅਜਿਹਾ ਉਨ੍ਹਾਂ ਇਸ ਮੇਲੇ 'ਚ ਹੀ ਨਹੀਂ ਕੀਤਾ, ਸਗੋਂ ਹਰ ਮੇਲੇ 'ਚ ਕਰਦੇ ਹਨ। ਸ਼ਾਇਦ ਪੰਜਾਬੀਆਂ ਨੂੰ ਇੰਜ ਕੀਤੇ ਬਿਨਾ ਮੇਲੇ ਦਾ ਸਵਾਦ ਈ ਨਹੀਂ ਆਉਂਦਾ।

**ਤਸਵੀਰਾਂ: ਏਸ਼ੀਅਨ ਮੀਡੀਆ**




*ਪੰਮਾ ਜਲੇਬੀਆਂ ਵਾਲਾ*

# ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਦਾ ਮੇਲਾ

*(ਪਿਛਲੇ ਸਫੇ ਦੀ ਬਾਕੀ)*

ਗਾਇਕੀ ਦਾ ਅਖਾੜਾ ਆਪਣੇ ਨਾਂ ਕਰਨ ਵਿਚ ਕੁਲਵਿੰਦਰ ਬਿੱਲਾ ਸਫਲ ਰਿਹਾ। ਉਸ ਨੇ ਜਦ 'ਮੇਰਾ ਦੇਸ਼ ਹੋਵੇ ਪੰਜਾਬ' ਗਾਇਆ ਤਾਂ ਸਰੋਤਿਆਂ ਨੇ ਭਰਵੀਆਂ ਤਾੜੀਆਂ ਮਾਰ ਕੇ ਉਸ ਦੇ ਉਮਦਾ ਗੀਤ ਦੀ ਤਾਰੀਫ ਕੀਤੀ। ਬਿੱਲੇ ਨੇ ਬੋਲੀਆਂ ਦੇ ਨਾਲ ਨਾਲ 'ਇਸ਼ਕ ਦਾ ਗਿੜ੍ਹਧਾ' ਵੀ ਪਾਇਆ। ਉਂਜ ਉਸ ਨੇ ਅਜੋਕੇ ਦੌਰ ਦੇ ਆਪਣੇ ਚਰਚਿਤ ਗੀਤ 'ਸੱਪ ਵਾਂਗੂੰ ਮੇਲ੍ਹੇ ਗੁੱਤ ਨਾਰ ਦੀ' ਅਤੇ 'ਵੇਖੀਂ ਕਿਤੇ ਦੱਬ ਦਈਂ ਨਾ ਘੋੜਾ ਵੇ ਬੰਦੂਕ ਦਾ' ਸਮੇਤ ਕੁਝ ਹੋਰ ਗੀਤ ਵੀ ਗਾਏ। ਲੋਕ ਗੀਤ-ਸੰਗੀਤ ਦਾ ਅਨੰਦ ਮਾਣਦੇ ਕੁਰਸੀਆਂ ਤੋਂ ਉਠਣ ਦਾ ਨਾਂ ਨਹੀਂ ਸੀ ਲੈ ਰਹੇ। ਸਮੇਂ ਦੀ ਪਾਬੰਦੀ ਕਾਰਨ ਗਾਇਕ ਵੀ ਬਹੁਤੇ ਗੀਤ ਨਾ ਗਾ ਸਕੇ।





ਕਲੱਬ ਦੇ ਪ੍ਰਧਾਨ ਜਸਕਰਨ ਸਿੰਘ ਧਾਲੀਵਾਲ ਤੇ ਚੇਅਰਮੈਨ ਬਲਦੇਵ ਸਿੰਘ ਸੱਲ੍ਹਾਂ ਨੇ ਆਏ ਦਰਸ਼ਕਾਂ ਦਾ ਧੰਨਵਾਦ ਕੀਤਾ। ਮੇਲੇ ਨੂੰ ਕਾਮਯਾਬ ਕਰਨ ਲਈ ਕਲੱਬ ਦੇ ਪ੍ਰਧਾਨ ਤੇ ਸਾਬਕਾ ਚੇਅਰਮੈਨ ਜੇ ਪੀ ਖਹਿਰਾ ਅਤੇ ਮੈਂਬਰਾਂ-ਅੰਮ੍ਰਿਤਪਾਲ ਸਿੰਘ ਸੰਘਾ, ਅਮਰੀਕ ਸਿੰਘ (ਅਮਰ ਕਾਰਪੈਟਸ), ਹੈਪੀ ਹੀਰ, ਨਰਿੰਦਰ ਸਰਾਂ, ਹਰਵਿੰਦਰ ਸਿੰਘ ਬਿੱਲਾ, ਲਵਦੀਪ ਸਿੰਘ ਦੂਲਤ, ਹਰਦੀਪ ਸਿੰਘ ਗਿੱਲ, ਮਨਮਿੰਦਰ ਸਿੰਘ ਹੀਰ, ਲੱਕੀ ਸਹੋਤਾ, ਗੁਰਪ੍ਰੀਤ ਸਿੰਘ ਗਿੱਲ, ਗੁਰਮੀਤ ਸਿੰਘ ਭੋਲਾ, ਗਿਆਨ ਸਿੰਘ ਸੀਹਰਾ ਤੇ ਰਾਜਿੰਦਰ ਦਿਆਲ ਨੇ ਇਕ-ਜੁੱਟ ਹੋ ਕੇ ਕੰਮ ਕੀਤਾ।

ਮੇਲੇ ਵਿਚ ਸਥਾਨਕ ਸੰਸਥਾਵਾਂ-ਪੀ ਸੀ ਐਸ ਸ਼ਿਕਾਗੋ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ, ਪੀ ਐਚ ਓ ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ-ਮਿਡਵੈਸਟ ਦੇ ਨੁਮਾਇੰਦਿਆਂ ਤੋਂ ਇਲਾਵਾ ਇੰਡੀਆਨਾ ਤੋਂ ਮੀਰੀ ਪੀਰੀ ਸਪੋਰਟਸ ਕਲੱਬ, ਪੰਜਾਬੀ ਅਮੈਰੀਕਨ ਯੂਥ ਕਲੱਬ, ਸੰਤ ਬਾਬਾ ਪ੍ਰੇਮ ਸਿੰਘ ਸੁਸਾਇਟੀ; ਮਿਸ਼ੀਗਨ ਤੋਂ ਪੰਜਾਬ ਸਪੋਰਟਸ ਕਲੱਬ-ਡਿਟਰਾਇਟ, ਪੰਜਾਬੀ ਹੈਰੀਟੇਜ ਸੁਸਾਇਟੀ-ਕੈਲਮਜ਼ੂ ਤੇ ਪੀ ਸੀ ਐਸ ਮਿਸ਼ੀਗਨ ਤੇ ਪੀ ਸੀ ਓ ਮਿਲਵਾਕੀ, ਮਿਸ਼ਵਾਕਾ, ਸਾਊਥਬੈਂਡ, ਸਿਲਵਿਸ-ਇਲੀਨਾਏ, ਡਿਕੇਟਰ, ਆਇਓਆ ਸਣੇ ਹੋਰ ਸਟੇਟਾਂ ਤੋਂ ਵੀ ਖੇਡ ਕਲੱਬਾਂ ਦੇ ਨੁਮਾਇੰਦੇ ਮੇਲੇ ਦਾ ਅਨੰਦ ਮਾਣਨ ਪਹੁੰਚੇ।

## ਫਰਾਂਸ ਦੇ ਸਾਬਕਾ ਪ੍ਰਧਾਨ ਮੰਤਰੀ ਰੋਕਾਰਡ ਦਾ ਦੇਹਾਂਤ

**ਪੈਰਿਸ:** ਫਰਾਂਸ ਦੇ ਸਾਬਕਾ ਪ੍ਰਧਾਨ ਮੰਤਰੀ ਮਿਸ਼ੇਲ ਰੋਕਾਰਡ ਦਾ 85 ਸਾਲ ਦੀ ਉਮਰੇ ਦੇਹਾਂਤ ਹੋ ਗਿਆ। ਉਹ ਸਮਾਜਵਾਦੀ ਪਾਰਟੀ ਨਾਲ ਜੁੜੇ ਹੋਏ ਸਨ। ਯੂਰਪੀ ਸੰਘ ਦੇ ਪੈਰੋਕਾਰ ਰੋਕਾਰਡ 1988 ਤੋਂ 1991 ਤੱਕ ਸਦਰ ਫਰਾਂਸਵਾ ਮਿੱਤਰੈਂਡ ਦੇ ਸਮੇਂ ਪ੍ਰਧਾਨ ਮੰਤਰੀ ਅਹੁਦੇ 'ਤੇ ਰਹੇ ਸਨ।



# ਸੂਫੀ ਸ਼ਹਾਦਤ!



## ਸੁਰ ਬਣੇ ਦਹਿਸ਼ਤ ਲਈ ਖਤਰਾ?

ਕਲਾ ਪਰਿਕਰਮਾ



ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਨੇ ਸੁਰਾਂ ਨਾਲ ਇਕ ਵਾਰ ਫਿਰ ਦੁਸ਼ਮਣੀ ਨਿਭਾਈ ਹੈ। ਜਿਸ ਮਸ਼ਹੂਰ ਕੱਵਾਲ ਅਮਜਦ ਫਰੀਦ ਸਾਬਰੀ ਨੂੰ ਤਾਲਿਬਾਨ ਨੇ 22 ਜੂਨ ਨੂੰ ਕਰਾਚੀ ਵਿਚ ਕਤਲ ਕੀਤਾ, ਉਸ ਦੀ ਇਕ ਅਮੀਰ ਸੂਫ਼ੀ ਪਰੰਪਰਾ ਸੀ। ਅਮਜਦ ਸਾਬਰੀ ਦਾ ਸਬੰਧ ਉਨ੍ਹਾਂ ਸਾਬਰੀ ਭਰਾਵਾਂ ਨਾਲ ਸੀ ਜਿਨ੍ਹਾਂ ਨੇ ਸੂਫ਼ੀ ਗਾਇਨ ਪੰਰਪਰਾ ਨੂੰ ਮਾਲਾਮਾਲ ਕੀਤਾ। ਇਸ ਪਰੰਪਰਾ ਦੀ ਸ਼ੁਰੂਆਤ (ਮਰਹੂਮ) ਗੁਲਾਮ ਫਰੀਦ ਸਾਬਰੀ ਨੇ ਕੀਤੀ ਸੀ। ਉਸ ਦੀਆਂ ਕੱਵਾਲੀਆਂ ਵਿਚ ਵਾਰ ਵਾਰ ਅੱਲ੍ਹਾ ਸ਼ਬਦ ਦੀ ਵਰਤੋਂ ਨਾਲ ਉਸ ਦੀ ਵੱਖਰੀ ਪਛਾਣ ਬਣ ਗਈ। ਉਸ ਦਾ ਸਾਥ

ਕਾਸਿਮ ਸਿਦੀਕੀ


ਉਸ ਦੇ ਛੋਟੇ ਭਰਾ ਮਕਬੂਲ ਅਹਿਮਦ ਸਾਬਰੀ ਨੇ ਨਿਭਾਇਆ। ਦੋਵਾਂ ਭਰਾਵਾਂ ਦੀ ਮੌਤ ਤੋਂ ਬਾਅਦ ਇਹ ਸਿਲਸਿਲਾ ਗੁਲਾਮ ਫਰੀਦ ਸਾਬਰੀ ਦਾ ਪੁੱਤਰ ਅਮਜਦ ਫਰੀਦ ਸਾਬਰੀ ਨਿਭਾਅ ਰਿਹਾ ਸੀ ਜਿਸ ਦੀ ਜ਼ਿੰਦਗੀ ਦੀ ਡੋਰ ਕੱਟੜਪੰਥੀ ਤਾਲਿਬਾਨ ਨੇ ਅੱਧ-ਵਿਚਾਲਿਓਂ ਕੱਟ ਦਿੱਤੀ। ਬਹੁਤੇ ਸੰਗੀਤ ਮਾਹਿਰ ਤਾਂ ਸਾਬਰੀ ਭਰਾਵਾਂ ਨੂੰ ਨੁਸਰਤ ਫਤਿਹ ਅਲੀ ਖਾਨ ਤੋਂ ਵੀ ਅਗਾਂਹ ਦੇ ਗਾਇਕ ਦੱਸਦੇ ਹਨ। ਸੱਚਮੁੱਚ ਸਾਬਰੀ ਭਰਾਵਾਂ ਨੇ ਮਿਸਾਲੀ ਅਤੇ ਰੂਹ ਨੂੰ ਸਰਸ਼ਾਰ ਕਰਨ ਵਾਲੀਆਂ ਕੱਵਾਲੀਆਂ ਸੰਗੀਤ ਪ੍ਰੇਮੀਆਂ ਨੂੰ ਦਿਤੀਆਂ। ਇਸ ਜਥੇ ਨਾਲ ਸਾਬਰੀ ਭਰਾਵਾਂ ਤੋਂ ਇਲਾਵਾ ਕਮਾਲ ਸਾਬਰੀ, ਮਹਿਮੂਦ ਗਜ਼ਨਵੀ ਸਾਬਰੀ, ਫਜ਼ਲ ਇਸਲਾਮ, ਅਜ਼ਮਤ ਫਰੀਦ ਸਾਬਰੀ, ਸਰਵਤ ਫਰੀਦ ਸਾਬਰੀ, ਜਾਵੇਦ ਕਮਾਲ ਸਾਬਰੀ, ਉਮਰ ਦਰਾਜ, ਅਬਦੁਲ ਅਜ਼ੀਜ਼, ਮਸੀਹ-ਉਦ-ਦੀਨ, ਅਬਦੁਲ ਕਰੀਮ ਅਤੇ ਮੁਹੰਮਦ ਅਨਵਰ ਨੇ ਖੂਬ ਸੁਰਾਂ ਦੀ ਛਹਿਬਰ ਲਾਈ। ਸਾਬਰੀ ਭਰਾਵਾਂ ਨੇ ਸੰਗੀਤ ਦੀ ਸਿੱਖਿਆ ਆਪਣੇ ਅੱਬਾ ਇਨਾਇਤ ਹੁਸੈਨ ਸਾਬਰੀ ਤੋਂ ਲਈ ਸੀ। ਇਨਾਇਤ ਹੁਸੈਨ ਸਾਬਰੀ ਨੇ ਅਪਣੇ ਦੋਵਾਂ ਪੁੱਤਰਾਂ ਨੂੰ ਕੱਵਾਲੀ ਅਤੇ ਭਾਰਤੀ ਕਲਾਸੀਕਲ ਸੰਗੀਤ ਦੀਆਂ ਬਾਰੀਕੀਆਂ ਸਿਖਾਈਆਂ। ਸਾਬਰੀ ਭਰਾਵਾਂ ਨੇ ਸਭ ਤੋਂ ਪਹਿਲਾਂ 1946 ਵਿਚ



ਕਲਿਆਣਾ ਵਿਖੇ ਮੁਬਾਰਕ ਸ਼ਾਹ ਦੇ ਉਰਸ ਉਤੇ ਕੱਵਾਲੀਆਂ ਗਾਈਆਂ ਸਨ। 1947 ਵਿਚ ਭਾਰਤ ਦੀ ਵੰਡ ਤੋਂ ਬਾਅਦ ਪੂਰਾ ਪਰਿਵਾਰ ਕਲਿਆਣਾ ਤੋਂ ਕਰਾਚੀ ਚਲਾ ਗਿਆ।

ਅਮਜਦ ਫ਼ਰੀਦ ਸਾਬਰੀ ਦਾ ਜਨਮ 23 ਦਸੰਬਰ 1976 ਨੂੰ ਹੋਇਆ ਸੀ। ਉਹਨੇ ਆਪਣੇ ਅੱਬਾ ਤੋਂ ਕੱਵਾਲੀ ਦੀ ਸਿੱਖਿਆ ਲੈਣੀ ਸ਼ੁਰੂ ਕੀਤੀ ਅਤੇ 1988 ਵਿਚ 12 ਵਰ੍ਹਿਆਂ ਦੀ ਉਮਰ ਵਿਚ ਉਹ ਆਪਣੇ ਅੱਬਾ ਅਤੇ ਚਾਚੇ ਨਾਲ ਸਟੇਜ ਉਤੇ ਸੁਰ ਵਿਚ ਸੁਰ ਮਿਲਾਉਣ ਲੱਗ ਪਿਆ ਸੀ। ਅੱਬਾ ਨੇ ਅਮਜਦ ਸਾਬਰੀ ਨੂੰ ਰਾਗ ਭੈਰੋਂ ਵਿਚ ਪੱਕਾ ਕਰ ਦਿੱਤਾ। ਉਹ ਅਮਜਦ ਨੂੰ ਅੱਧੀ ਰਾਤੀਂ ਉਠਾ ਲੈਂਦਾ ਅਤੇ ਫਿਰ ਰਿਆਜ਼ ਤੜਕੇ ਸਵੇਰੇ ਤੱਕ ਚਲਦੀ। ਜਦੋਂ ਇਹ ਬਾਲਕ ਵੱਡਾ ਹੋ ਕੇ ਕੱਵਾਲਾਂ ਦੀਆਂ ਦੁਨੀਆ ਵਿਚ ਫੁੱਲ ਵਾਂਗ ਖਿੜਿਆ ਤਾਂ ਉਸ ਨੂੰ ਭਾਰਤ, ਅਮਰੀਕਾ ਅਤੇ ਯੂਰਪੀ ਦੇਸ਼ਾਂ ਵਿਚ 'ਰੌਕ ਸਟਾਰ ਕੱਵਾਲ' ਦਾ ਲਕਬ ਮਿਲ ਗਿਆ। 'ਭਰ ਦੋ ਝੋਲੀ ਮੇਰੀ ਯਾ ਮੁਹੰਮਦ' ਅਤੇ 'ਤਾਜਦਾਰ-ਏ-ਹਰਮ' ਆਦਿ ਕੱਵਾਲੀਆਂ ਨਾਲ ਉਹ ਸੰਗੀਤ ਦੀ ਦੁਨੀਆ ਦਾ ਬੁਲੰਦ ਸਿਤਾਰਾ ਹੋ ਨਿਬੜਿਆ।

ਤਾਲਿਬਾਨ ਨੇ ਅਮਜਦ ਸਾਬਰੀ ਉਤੇ ਕੁਫਰ ਦਾ ਇਲਜ਼ਾਮ ਲਾਇਆ ਸੀ। 22 ਜੂਨ ਨੂੰ ਉਹ ਸਵੇਰੇ ਟੀ.ਵੀ. ਸ਼ੋਅ ਵਿਚ ਹਿੱਸਾ ਲੈਣ ਪਿਛੋਂ ਪਰਤ ਰਿਹਾ ਸੀ ਕਿ ਤਾਲਿਬਾਨ ਨੇ ਉਸ ਨੂੰ ਗੋਲੀ ਮਾਰ ਦਿਤੀ। -0-



### ਤਾਲਿਬਾਨ ਦਾ ਤੰਦੂਆ...

*ਸੂਫੀ ਸੁਰਾਂ ਵਾਲੇ ਗਾਇਕ ਭਾਵੇਂ ਅੱਲ੍ਹਾ ਦੀ ਸਿਫਤ ਵਿਚ ਹੀ ਆਪਣਾ ਗਾਇਨ ਪੇਸ਼ ਕਰਦੇ ਹਨ, ਪਰ ਤਾਲਿਬਾਨ ਦੇ ਆਪਣੇ ਹੀ ਏਜੰਡੇ ਹਨ। ਕੱਟੜਪੰਥੀ ਤਾਲਿਬਾਨ ਨੂੰ ਨਰਮਪੰਥੀ ਸੂਫੀ ਫੁੱਟੀ ਅੱਖ ਨਹੀਂ ਭਾਉਂਦੇ, ਇਸੇ ਲਈ ਇਨ੍ਹਾਂ ਉਤੇ ਹਮਲਿਆਂ ਦੀਆਂ ਖਬਰਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ, ਪਰ ਅਮਜਦ ਸਾਬਰੀ ਦੇ ਜਨਾਜ਼ੇ ਮੌਕੇ ਉਮੜੀ ਭੀੜ ਨੇ ਦਰਸਾ ਦਿੱਤਾ ਕਿ ਲੋਕ ਅਸਲ ਵਿਚ ਕਿਸ ਦੇ ਨਾਲ ਹਨ।*



ਕਰਾਚੀ ਵਿਚ ਅਮਜਦ ਸਾਬਰੀ ਦੇ ਜਨਾਜ਼ੇ ਮੌਕੇ ਉਮੜੇ ਲੋਕ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਜੁਲਾਈ 2016 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-229



*ਕਰਦੇ ਰੰਗ ਨੇ ਸ਼ੌਂਕ ਦੀ ਤਰਜਮਾਨੀ*
*ਸਿਰ 'ਤੇ ਓੜ੍ਹੀਆਂ ਚੁੰਨੀਆਂ ਗੂੜ੍ਹੀਆਂ ਦੇ।*
*ਚੀਰੇ ਮਾਹੀ ਦੇ ਨਾਲ ਜੋ 'ਮੈਚ' ਕਰਦੇ*
*ਚੁਣੇ ਰੰਗ ਵੀ ਜਾਂਦੇ ਨੇ ਚੂੜੀਆਂ ਦੇ।*

### ਕੈਪਸ਼ਨ ਮੁਕਾਬਲਾ-227



ਆ ਨਿੱਕਿਆ ਆ ਬੈਠ ਜਾ ਕੋਲੇ
ਬੰਦੇ ਦੀ ਕਰਤੂਤ ਸੁਣਾਵਾਂ।
ਖਬਰਾਂ ਨਿੱਤ ਭਿਆਨਕ ਆਵਣ
ਲੈ ਕੇ ਤੈਨੂੰ ਕਿੱਧਰ ਜਾਵਾਂ।
ਉਜਾੜੀ ਜਾਵੇ ਰੈਣ ਬਸੇਰੇ
ਦੱਸ ਮੈਂ ਤੈਨੂੰ ਕਿੱਥੇ ਲੁਕਾਵਾਂ।
ਬਚ ਜਾਈਂ ਇਸ ਜ਼ਾਲਮ ਕੋਲੋਂ
ਤੈਨੂੰ ਬੱਸ ਇਹੋ ਸਮਝਾਵਾਂ।

**-ਜਗਮੀਤ ਸਿੰਘ ਪੰਧੇਰ**

---

ਬਾਂਦਰ ਆਖੇ ਸੁਣ ਓਏ ਪੁੱਤਰਾ
ਚਿੱਠੀ ਪੜ੍ਹਾਂ ਮੈਂ ਤੇਰੀ ਮਾਂ ਦੀ।
ਕਹਿੰਦੀ ਆ ਕੇ ਮੈਨੂੰ ਲੈ ਜਾ
ਬੱਚੇ ਦੀ ਯਾਦ ਹੈ ਬੜਾ ਸਤਾਉਂਦੀ।
'ਬੋਲੀ ਬੁਰਾ ਭਾਲ ਜੋ ਮੂੰਹ ਆਇਆ
ਗੁੱਸੇ ਵਿਚ ਮੈਂ ਐਵੇਂ ਆਈ।
ਭੁੱਲ ਗਈ ਮੈਂ ਘਰ ਤੋਂ ਤੁਰ ਕੇ
ਮੇਰੀ ਭਾਰੀ ਗਲਤੀ ਹੋ ਗਈ ਸਾਈਂ।'
ਜਾਹ ਤੂੰ ਨਾਨਕਿਆਂ ਨੂੰ ਚੱਲ ਜਾ
ਉਦਾਸ ਹੋਣ ਦੀ ਲੋੜ ਨਹੀਂ ਕੋਈ।
ਕਹਿ ਦੇਵੀਂ ਆਪੇ ਮੁੜ ਆਵੇ
ਨਹੀਂ ਤਾਂ ਕੁੱਟ ਕੁੱਟ ਕਰੂੰ ਅਧਮੋਈ।
ਸਾਹਣੇਂ ਤੇਰੇ ਝਈਆਂ ਲੈ ਪੈਂਦੀ
ਪਰ ਮੈਂ ਪਿਆਰ ਬੜਾ ਹੀ ਕਰਦਾ।
ਆਖੀਂ ਡਰ ਪੇਕਿਆਂ ਦਾ ਨਾ ਦੇਵੇ
ਉਂਜ ਮੈਂ ਕਿਸੇ ਸਾਲੇ ਤੋਂ ਨਹੀਂ ਡਰਦਾ।
ਪੜ੍ਹਨਾ-ਲਿਖਣਾ ਬੰਦੇ ਦਾ ਕੰਮ
ਸ਼ਾਇਦ ਹੁਣ ਬਾਂਦਰ ਕਰਿਆ ਕਰਨਗੇ।
ਵਾਂਗ ਪੰਜਾਬੀਆਂ ਫੋਕੀ ਟੌਹਰ ਰੱਖ
ਬੰਦੇ ਨਸ਼ਿਆਂ 'ਚ ਬਾਂਦਰ ਬਣਨਗੇ।

**-ਸੇਵਾ ਸਿੰਘ ਨੂਰਪੁਰੀ**

---

ਹੈ ਕੀ ਬਾਂਦਰ ਜਿਹਾ!
ਹੋਵੇ ਨਾ ਬਾਂਦਰੀ ਕਿਸੇ ਜਹਾਨ ਦੀ!
ਪ੍ਰਚਲਿਤ ਹੈ ਸਾਡੇ ਸਮਾਜ ਵਿਚ।
ਰੁਸ ਕੇ ਭੱਜ ਗਈ ਪੇਕਿਆਂ ਨੂੰ
ਸਹੁਰਿਆਂ ਨੇ ਜੁਆਬੀ ਖਤ ਪਾਇਆ।
ਕਿਸੇ ਨੂੰ ਥਹੁ ਪਤਾ ਨਹੀਂ,
ਕਦੋਂ ਤੂੰ ਭੱਜ ਗਈ।?
ਉਹ ਤਾਂ ਪਾਣੀ ਨਾ ਪੈਣ ਦੇਵੇ ਥੱਲੇ
'ਹਾਂ ਹਾਂ, ਮੈਨੂੰ ਕੁੱਟਦਾ ਮਾਰਦਾ।'
ਦੋਹਾਂ ਪਾਸਿਆਂ ਤੋਂ ਪੰਚਾਇਤਾਂ ਆਈਆਂ
ਧੜੇਬਾਜ਼ੀ ਨਾਲ ਜਿੱਤੇ ਸਰਪੰਚ
ਅਕਸਰ ਕੋਰੇ ਅਨਪੜ੍ਹ ਹੁੰਦੇ।
ਦਿੱਤੀ ਤਾੜਨਾ ਬਾਂਦਰੀ ਨੂੰ
ਸੰਤੋਖ ਨਾਲ ਘਰ 'ਚ ਬੈਠ।
ਸਰਪੰਚ ਨੇ ਫੁਰਮਾਨ ਜਾਰੀ ਕੀਤਾ,
ਓ ਬਾਂਦਰਾ! ਤੂੰ ਵੀ ਸੁਣ ਲੈ,
ਜੇ ਮਾਰਿਆ ਬਾਂਦਰੀ ਨੂੰ
ਜਾਂ ਹੱਥ ਵੀ ਤੂੰ ਲਾਇਆ,
ਭੇਜ ਦਊਂ ਚਿੜੀਆਘਰ ਤੈਨੂੰ।

**-ਦਰਸ਼ਨਪਾਲ ਦੋਸਾਂਝ**

---

ਵਿਚ ਪਰਦੇਸੀਂ ਢੋਲ ਨੇ
ਜਾ ਡੇਰਾ ਲਾਇਆ।
ਚਿਰ ਪਿਛੋਂ ਖਤ ਉਹਦਾ ਆਇਆ।
ਕੀ ਲਿਖਿਆ ਖਤ 'ਚ ਢੋਲ ਨੇ
ਤੂੰ ਨਵਾਂ ਵਿਆਹ ਕਰਵਾਇਆ।
ਕੱਲੀ ਹੁੰਦੀ ਜਿੰਦ ਮੇਰੀ
ਤਾਂ ਹੋਰ ਹੋਣੀ ਸੀ ਗੱਲ।
ਪਰ ਇਸ ਮਸਲੇ ਦਾ
ਮੈਂ ਕਿੱਥੋਂ ਲੱਭਾਂ ਹੱਲ?

**-ਗੋਰਾ ਪ੍ਰਜਪਤ, ਨਿਊ ਯਾਰਕ**

# ਮਾਹਿਰ ਡਾਕਟਰਾਂ ਵੱਲੋਂ ਸਰਕਾਰੀ ਨੌਕਰੀ ਤੋਂ ਤੌਬਾ

**ਚੰਡੀਗੜ੍ਹ:** ਪੰਜਾਬ ਸਿਹਤ ਵਿਭਾਗ ਵੱਲੋਂ ਨਵੇਂ ਭਰਤੀ ਕੀਤੇ ਮਾਹਿਰ ਡਾਕਟਰ ਡਿਊਟੀ ਉਤੇ ਹਾਜ਼ਰ ਹੋਣ ਲਈ ਤਿਆਰ ਨਹੀਂ ਹਨ। ਵਿਭਾਗ ਵੱਲੋਂ 17 ਜੂਨ ਦੀ ਵਾਕ ਇਨ ਇੰਟਰਵਿਊ ਵਿਚ ਤਿੰਨ ਦਰਜਨ ਮਾਹਿਰ ਡਾਕਟਰਾਂ ਦੀ ਚੋਣ ਕੀਤੀ ਗਈ ਸੀ। ਨਵ-ਨਿਯੁਕਤ ਡਾਕਟਰ ਚੋਣ ਹੋਣ ਤੋਂ ਬਾਅਦ ਵੀ ਨਿਯੁਕਤੀ ਪੱਤਰ ਲੈਣ ਨਹੀਂ ਆਏ ਹਨ। ਇਸ ਸਾਲ ਵਿਚ ਇਹ ਤੀਜੀ ਵਾਰ ਹੈ ਜਦੋਂ ਵਿਭਾਗ ਵੱਲੋਂ ਮਾਹਿਰ ਡਾਕਟਰਾਂ ਦੇ ਤਿਆਰ ਕੀਤੇ ਨਿਯੁਕਤੀ ਪੱਤਰ ਧਰੇ-ਧਰਾਏ ਰਹਿ ਗਏ ਹਨ। ਵਿਭਾਗ ਵੱਲੋਂ ਮਾਹਿਰਾਂ ਦੀਆਂ 339 ਅਸਾਮੀਆਂ ਲਈ ਹਰ ਦੂਜੇ ਮਹੀਨੇ ਦੀ 17 ਤਰੀਕ ਨੂੰ ਇੰਟਰਵਿਊ ਕੀਤੀ ਜਾਂਦੀ ਹੈ।

ਨਵੇਂ ਚੁਣੇ ਡਾਕਟਰ ਨਿਯੁਕਤੀ ਪੱਤਰ ਲੈਣ ਹੀ ਨਾ ਆਏ



ਸਿਹਤ ਵਿਭਾਗ ਵੱਲੋਂ 339 ਮਾਹਿਰ ਡਾਕਟਰਾਂ ਦੀ ਭਰਤੀ ਲਈ 17 ਜੂਨ ਨੂੰ ਵਾਕ ਇਨ ਇੰਟਰਵਿਊ ਲਈ ਗਈ ਸੀ। ਇੰਟਰਵਿਊ ਦੇਣ ਲਈ 41 ਡਾਕਟਰ ਆਏ ਸਨ ਅਤੇ ਇਨ੍ਹਾਂ ਵਿਚੋਂ 36 ਨੂੰ ਚੁਣ ਲਿਆ ਗਿਆ ਸੀ। ਇਸ ਤੋਂ ਪਹਿਲਾਂ ਨੌਂ ਜੂਨ ਨੂੰ ਮਾਹਿਰ ਡਾਕਟਰਾਂ ਦੀਆਂ 316 ਅਸਾਮੀਆਂ ਵਾਸਤੇ ਵਾਕ ਇਨ ਇੰਟਰਵਿਊ ਕੀਤੀ ਗਈ ਸੀ ਉਦੋਂ 37 ਡਾਕਟਰ ਪੁੱਜੇ ਸਨ।

ਉਦੋਂ ਵੀ ਚੁਣੇ ਉਮੀਦਵਾਰ ਡਿਊਟੀ ਉਤੇ ਹਾਜ਼ਰ ਨਹੀਂ ਹੋਏ ਸਨ। ਵਿਭਾਗ ਨੇ ਬੱਚਿਆਂ ਦੇ ਮਾਹਿਰ ਡਾਕਟਰਾਂ ਦੀਆਂ 110 ਖਾਲੀ ਅਸਾਮੀਆਂ ਲਈ ਇੰਟਰਵਿਊ ਰੱਖੀ ਸੀ, ਪਰ ਸਿਰਫ ਤਿੰਨ ਉਮੀਦਵਾਰ ਹੀ ਇੰਟਰਵਿਊ ਲਈ ਆਏ ਸਨ। ਮੈਡੀਸਨ ਦੀਆਂ 48 ਅਸਾਮੀਆਂ ਲਈ ਦੋ, ਸਰਜਨਾਂ ਦੀਆਂ ਬਾਰਾਂ ਅਸਾਮੀਆਂ ਲਈ ਤਿੰਨ, ਰੇਡਆਲੋਜਿਸਟਾਂ ਦੀਆਂ 41 ਅਸਾਮੀਆਂ ਲਈ ਤਿੰਨ ਅਤੇ ਕਾਰਡਿਆਲੋਜਿਸਟਾਂ ਦੀਆਂ 28 ਅਸਾਮੀਆਂ ਲਈ ਸਿਰਫ ਇਕ ਉਮੀਦਵਾਰ ਹੀ ਪੇਸ਼ ਹੋਇਆ ਹੈ।

ਦੱਸਣਯੋਗ ਹੈ ਕਿ ਸਿਹਤ ਵਿਭਾਗ ਵਿਚ ਮਾਹਿਰ ਡਾਕਟਰਾਂ ਦੀਆਂ 40 ਫੀਸਦੀ ਤੋਂ ਜ਼ਿਆਦਾ ਅਸਾਮੀਆਂ ਖਾਲੀ ਪਈਆਂ ਹਨ, ਜਦੋਂਕਿ ਨਵੇਂ ਡਾਕਟਰ ਲੱਭਣੇ ਮੁਸ਼ਕਲ ਹੋ ਰਹੇ ਹਨ। ਵਿਭਾਗ ਵੱਲੋਂ ਮਾਹਿਰ ਡਾਕਟਰਾਂ ਦੀ ਭਰਤੀ ਲਈ ਵਾਰ-ਵਾਰ ਇੰਟਰਵਿਊ ਰੱਖੀ ਗਈ ਹੈ ਪਰ ਵੱਡੀ ਗਿਣਤੀ ਉਮੀਦਵਾਰ ਨਿਯੁਕਤੀ ਪੱਤਰ ਲੈਣ ਤੋਂ ਹੀ ਕੰਨੀ ਕਤਰਾ ਜਾਂਦੇ ਹਨ। ਸਿਹਤ ਵਿਭਾਗ ਵੱਲੋਂ ਮਾਹਿਰ ਡਾਕਟਰ ਲੱਭਣ ਵਾਸਤੇ ਰਾਜ ਤੋਂ ਬਾਹਰ ਦਿੱਲੀ ਵਿਚ ਵੀ ਇੰਟਰਵਿਊ ਰੱਖੀ ਗਈ ਸੀ ਪਰ ਡੇਢ ਦਰਜਨ ਉਮੀਦਵਾਰ ਇੰਟਰਵਿਊ ਦੇ ਕੇ ਵੀ ਡਿਊਟੀ ਦੇਣ ਲਈ ਰਾਜ਼ੀ ਨਹੀਂ ਹੋਏ ਹਨ।

ਇਸ ਦਾ ਕਾਰਨ ਸਰਕਾਰ ਵੱਲੋਂ ਮਾਹਿਰ ਡਾਕਟਰਾਂ ਨੂੰ ਦੂਜੇ ਰਾਜਾਂ ਦੇ ਮੁਕਾਬਲੇ ਦਿੱਤੀ ਜਾ ਰਹੀ ਘੱਟ ਤਨਖ਼ਾਹ ਤੇ ਹੋਰ ਸਹੂਲਤਾਂ ਹਨ। ਡਾਕਟਰਾਂ ਨੂੰ ਸਰਕਾਰ ਵੱਲੋਂ ਨੌਕਰੀ ਲਈ ਦਿੱਤਾ ਜਾ ਰਿਹਾ ਮਾਹੌਲ ਵੀ ਭਾਅ ਨਹੀਂ ਰਿਹਾ ਹੈ। ਪੰਜਾਬ ਦੇਸ਼ ਦਾ ਇਕੋ-ਇਕ ਸੂਬਾ ਹੈ, ਜਿਥੇ ਐਮ.ਬੀ.ਬੀ.ਐਸ. ਤੇ ਮਾਹਿਰ ਇਕੋ ਜਿੰਨਾ ਸਕੇਲ ਲੈ ਰਹੇ ਹਨ। ਸਰਕਾਰ ਵੱਲੋਂ ਦੋਹਾਂ ਵਰਗਾਂ ਦੇ ਡਾਕਟਰਾਂ ਵਿਚ ਸਿਰਫ ਭੱਤਿਆਂ ਦਾ ਫਰਕ ਰੱਖਿਆ ਗਿਆ ਹੈ।

ਪੰਜਾਬ ਵਿਚ ਸਿਹਤ ਸਹੂਲਤਾਂ ਦਾ ਮਾੜਾ ਹਾਲ ਹੈ। ਸਰਕਾਰੀ ਹਸਪਤਾਲਾਂ ਵਿਚ ਸਪੈਸ਼ਲਿਸਟ ਡਾਕਟਰਾਂ ਦੀ ਘਾਟ ਕਿਸੇ ਤੋਂ ਲੁਕੀ ਨਹੀਂ। ਇਕ ਗਾਇਨੀ ਡਾਕਟਰ ਨੂੰ ਇਕ ਦਿਨ ਵਿਚ ਛੇ ਤੋਂ ਸੱਤ ਤੱਕ ਜਣੇਪਾ ਅਪ੍ਰੇਸ਼ਨ ਕਰਨੇ ਪੈ ਰਹੇ ਹਨ। ਗਾਇਨੀ ਡਾਕਟਰ 28, ਆਮ ਸਰਜਨ ਦੀਆਂ 29, ਬਾਲ ਰੋਗਾਂ ਦੇ 119, ਮਨੋਵਿਗਿਆਨ ਦੇ 30, ਮੈਡੀਸਨ ਦੇ 36, ਰੇਡੀਓਲੋਜੀ ਦੇ 38, ਐਨੇਸਥੀਸੀਆ ਦੇ 58 ਤੇ ਚਮੜੀ ਦੇ ਸੱਤ ਸਪੈਸ਼ਲਿਸਟ ਡਾਕਟਰਾਂ ਦੀ ਘਾਟ ਹੈ। ਦੱਸਣਯੋਗ ਹੈ ਕਿ ਪਿਛਲੇ ਸਾਲ ਸਿਹਤ ਵਿਭਾਗ ਵਿਚੋਂ 175 ਮਾਹਿਰ ਡਾਕਟਰਾਂ ਦੇ ਇਕੋ ਦਿਨ ਇਕੱਠਿਆਂ ਨੌਕਰੀ ਛੱਡ ਦਿੱਤੀ ਸੀ।

ਨੌਕਰੀ ਛੱਡਣ ਵਾਲੇ ਡਾਕਟਰਾਂ ਨੂੰ ਗੌਰਮਿੰਟ ਮੈਡੀਕਲ ਕਾਲਜ ਤੇ ਹਸਪਤਾਲਾਂ ਵਿਚ ਸੀਨੀਅਰ ਰੈਜੀਡੈਂਟ ਦੀ ਨੌਕਰੀ ਮਿਲੀ ਸੀ। ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਵੱਲੋਂ 250 ਸੀਨੀਅਰ ਰੈਜੀਡੈਂਟ ਡਾਕਟਰਾਂ ਦੀ ਭਰਤੀ ਲਈ ਜਨਵਰੀ ਵਿਚ ਅਰਜ਼ੀਆਂ ਮੰਗੀਆਂ ਗਈਆਂ ਸਨ। ਇਨ੍ਹਾਂ ਅਸਾਮੀਆਂ ਲਈ 400 ਉਮੀਦਵਾਰਾਂ ਨੇ ਅਪਲਾਈ ਕੀਤਾ ਸੀ ਤੇ ਚੁਣੇ ਗਏ ਉਮੀਦਵਾਰਾਂ ਵਿਚੋਂ 250 ਸਿਹਤ ਵਿਭਾਗ ਵਿਚ ਤਾਇਨਾਤ ਸਨ। ਇਨ੍ਹਾਂ ਡਾਕਟਰਾਂ ਦੇ ਨੌਕਰੀ ਛੱਡਣ ਪਿੱਛੋਂ ਸਿਹਤ ਵਿਭਾਗ ਨੇ ਕੋਈ ਨਵੀਂ ਭਰਤੀ ਨਹੀਂ ਕੀਤੀ।

# ਕੈਫੇ 'ਚ ਪਤਨੀ ਸਮੇਤ 5 ਜਣਿਆਂ ਨੂੰ ਗੋਲੀ ਮਾਰੀ

**ਬੈਲਗ੍ਰੇਡ:** ਉੱਤਰੀ ਸਰਬੀਆ ਦੇ ਕੈਫੇ ਵਿਚ ਇਕ ਵਿਅਕਤੀ ਨੇ ਪਤਨੀ ਸਮੇਤ ਪੰਜ ਹੋਰਾਂ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ। ਹਮਲੇ ਵਿਚ 20 ਹੋਰ ਵਿਅਕਤੀ ਵੀ ਜਖ਼ਮੀ ਹੋਏ ਹਨ। ਪੁਲਿਸ ਨੇ ਹਮਲੇ ਪਿੱਛੇ ਈਰਖਾ ਹੋਣ ਦਾ ਸ਼ੱਕ ਪ੍ਰਗਟਾਇਆ ਹੈ। ਪੁਲਿਸ ਨੇ ਹਮਲਾਵਰ ਨੂੰ ਗ੍ਰਿਫਤਾਰ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੁਲਿਸ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਵਿਅਕਤੀ ਨੇ ਕੈਫੇ ਵਿਚ ਦਾਖਲ ਹੁੰਦੇ ਸਾਰ ਆਟੋਮੈਟਿਕ ਰਾਈਫਲ ਨਾਲ ਅੰਨ੍ਹੇਵਾਹ ਗੋਲੀਬਾਰੀ ਸ਼ੁਰੂ ਕਰ ਦਿੱਤੀ ਜਿਸ ਵਿਚ ਉਸ ਦੀ ਪਤਨੀ ਅਤੇ ਇਕ ਹੋਰ ਮਹਿਲਾ ਦੀ ਮੌਤ ਹੋ ਗਈ। ਹਮਲਾਵਰ ਨੇ ਇਸ ਤੋਂ ਬਾਅਦ ਕੈਫੇ ਵਿਚ ਬੈਠੇ ਹੋਰ ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ। ਗ੍ਰਹਿ ਮੰਤਰੀ ਨੇਬੋਜਸਾ ਸਟੀਫੈਨੋਵਿਚ ਨੇ ਕੈਫੇ ਦਾ ਦੌਰਾ ਕੀਤਾ। ਉਨ੍ਹਾਂ ਦੱਸਿਆ ਕਿ ਰਾਈਫਲ ਗੈਰ ਕਾਨੂੰਨੀ ਸੀ। ਹਮਲੇ ਵਿਚ ਦੋ ਵਿਅਕਤੀਆਂ ਦੀ ਥਾਂ ਉਤੇ ਹੀ ਮੌਤ ਹੋ ਗਈ ਜਦਕਿ ਤਿੰਨ ਨੇ ਮਗਰੋਂ ਹਸਪਤਾਲ 'ਚ ਦਮ ਤੋੜ ਦਿੱਤਾ। ਸਰਬੀਆ ਵਿਚ ਪਿਛਲੇ ਕੁਝ ਵਰ੍ਹਿਆਂ ਤੋਂ ਅਜਿਹੀ ਤੀਜੀ ਵਾਰਦਾਤ ਹੈ।

# ਸੁਖਬੀਰ ਨੇ ਗਿਣਾਈਆਂ ਸਰਕਾਰ ਦੀਆਂ ਪ੍ਰਾਪਤੀਆਂ

**ਹੁਸ਼ਿਆਰਪੁਰ**: ਪੰਜਾਬ ਦੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਨੇ ਹਮੇਸ਼ਾ ਹੀ ਲੋਕ ਪੱਖੀ ਨੀਤੀਆਂ ਲਾਗੂ ਕੀਤੀਆਂ ਹਨ ਅਤੇ ਵੱਖ-ਵੱਖ ਸਕੀਮਾਂ ਤੇ ਪ੍ਰਾਜੈਕਟਾਂ ਨੂੰ ਇਸ ਤਰ੍ਹਾਂ ਲਾਗੂ ਕੀਤਾ ਹੈ ਤਾਂ ਜੋ ਸੂਬੇ ਦਾ ਸਰਬਪੱਖੀ ਵਿਕਾਸ ਹੋ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਤਕਨਾਲੋਜੀ, ਆਰਥਿਕ ਖੇਤਰ ਅਤੇ ਬੁਨਿਆਦੀ ਢਾਂਚੇ ਵਿਚ ਲਿਆਂਦੀ ਗਈ ਬੇਮਿਸਾਲ ਤਰੱਕੀ ਸਦਕਾ ਅੱਜ ਪੰਜਾਬ ਦੇਸ਼ ਦੇ ਮੋਹਰੀ ਸੂਬਿਆਂ ਵਿਚ ਸ਼ੁਮਾਰ ਹੋ ਚੁੱਕਾ ਹੈ। ਸੰਗਤ ਦਰਸ਼ਨ ਪ੍ਰੋਗਰਾਮ ਵਿਚ ਉੱਪ ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਗਈਆਂ ਵੱਖ-ਵੱਖ ਖੇਤਰਾਂ



ਦੀਆਂ ਪਹਿਲਕਦਮੀਆਂ ਅਤੇ ਲੋਕ ਪੱਖੀ ਸਕੀਮਾਂ ਕਰਕੇ ਮੌਜੂਦਾ ਸਮੇਂ ਪੰਜਾਬ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਹੋਇਆ ਹੈ ਅਤੇ ਪੰਜਾਬ ਵਾਸੀਆਂ ਦੀ ਜ਼ਿੰਦਗੀ ਵਿਚ ਸਕਾਰਾਤਮਕ ਬਦਲਾਅ ਆਇਆ ਹੈ ਜਦਕਿ ਇਸ ਤੋਂ ਪਹਿਲਾਂ ਕਾਂਗਰਸ ਸਰਕਾਰ ਵੇਲੇ ਪੰਜਾਬ ਦੇ ਲੋਕਾਂ ਦਾ ਜੀਵਨ ਬਦ ਤੋਂ ਬਦਤਰ ਬਣ ਗਿਆ ਸੀ। ਉਨ੍ਹਾਂ ਵਿਕਾਸ ਤੇ ਭਲਾਈ ਸਕੀਮਾਂ ਦੀ ਗੱਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਤੇ ਵਪਾਰੀਆਂ ਲਈ ਮੁਫਤ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ, ਐਸ.ਸੀ. ਪਰਿਵਾਰਾਂ ਨੂੰ 200 ਮੁਫਤ ਬਿਜਲੀ ਯੂਨਿਟ, ਮਾਈ ਭਾਗੋ ਸਕੀਮ ਤਹਿਤ ਸਕੂਲ ਦੀਆਂ ਕੁੜੀਆਂ ਨੂੰ ਮੁਫਤ ਸਾਈਕਲ, ਕਿਸਾਨਾਂ ਨੂੰ ਮੁਫਤ ਬਿਜਲੀ, ਮੁੱਖ ਮੰਤਰੀ ਦਰਸ਼ਨ ਯਾਤਰਾ ਯੋਜਨਾ, ਪੰਜਾਬ ਦੀਆਂ ਸਾਰੀਆਂ ਮੰਡੀਆਂ ਤੇ ਸ਼ਹਿਰਾਂ ਵਿਚ ਸੀਵਰੇਜ ਅਤੇ ਪੀਣ ਵਾਲਾ ਸਾਫ ਪਾਣੀ ਮੁਹੱਈਆ ਕੀਤਾ, 4-6 ਮਾਰਗੀ ਸੜਕਾਂ ਦਾ ਨਿਰਮਾਣ, ਮੋਹਾਲੀ ਵਿਖੇ ਨਵਾਂ ਕੌਮਾਂਤਰੀ ਹਵਾਈ ਅੱਡਾ, ਬਠਿੰਡਾ ਤੇ ਆਦਮਪੁਰ ਵਿਖੇ ਘਰੇਲੂ ਹਵਾਈ ਅੱਡਿਆਂ ਤੋਂ ਇਲਾਵਾ ਸੂਬੇ ਵਿਚ ਨਵਾਂ ਨਿਵੇਸ਼ ਲਿਆਂਦਾ ਅਤੇ ਰੁਜ਼ਗਾਰ ਦੇ ਬੇਹਿਸਾਬ ਮੌਕੇ ਪੈਦਾ ਕੀਤੇ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰਾਪਤੀਆਂ ਸਦਕਾ ਅੱਜ ਪੰਜਾਬ ਵਿਸ਼ਵ ਦੇ ਨਕਸ਼ੇ 'ਤੇ ਚਮਕ ਰਿਹਾ ਹੈ।

# ਹੁਣ ਸਵਾਮੀ ਨੇ ਮੋਦੀ ਸਰਕਾਰ ਦੇ 'ਅੱਛੇ ਦਿਨਾਂ' ਉਤੇ ਉਠਾਏ ਸਵਾਲ

**ਨਵੀਂ ਦਿੱਲੀ:** ਭਾਜਪਾ ਦੇ ਸੀਨੀਅਰ ਨੇਤਾ ਅਤੇ ਰਾਜ ਸਭਾ ਮੈਂਬਰ ਸੁਬਰਾਮੰਨਿਅਮ ਸਵਾਮੀ ਨੇ ਰਘੂਰਾਮ ਰਾਜਨ, ਅਰਵਿੰਦ ਸੁਬਰਾਮੰਨਿਅਮ, ਅਰੁਣ ਜੇਤਲੀ ਤੋਂ ਬਾਅਦ ਇਸ ਵਾਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ 'ਅੱਛੇ ਦਿਨਾਂ' ਉਤੇ ਮੁੜ ਨਿਸ਼ਾਨਾ ਲਾਇਆ ਹੈ। ਸਵਾਮੀ ਨੇ ਆਪਣੇ ਟਵੀਟ ਰਾਹੀਂ ਕਿਹਾ ਕਿ ਜੇਕਰ ਮੈਂ ਇੰਡੈਕਸ ਨੰਬਰ ਦੀ ਸੈਮੂਅਲਸਨ-ਸਵਾਮੀ ਥਿਊਰੀ ਨੂੰ ਭਾਰਤੀ ਜੀ.ਡੀ.ਪੀ. ਦੀ ਗਣਨਾ ਜਾਂ ਆਰ.ਬੀ.ਆਈ. ਵਿਆਜ ਦੇ ਰੇਟ 'ਤੇ ਲਾਗੂ ਕਰਾਂ ਤਾਂ ਮੀਡੀਆ ਰੌਲਾ ਪਾਵੇਗਾ ਕਿ ਸਵਾਮੀ ਪਾਰਟੀ ਵਿਰੋਧੀ ਗਤੀਵਿਧੀ ਵਿਚ ਸ਼ਾਮਲ ਹੈ। ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਕ ਇੰਟਰਵਿਊ ਵਿਚ ਅਸਿੱਧੇ ਰੂਪ ਵਿਚ ਉਨ੍ਹਾਂ (ਸੁਬਰਾਮੰਨਿਅਮ ਸਵਾਮੀ ਨੂੰ) ਨਸੀਹਤ ਦਿੰਦੇ ਹੋਏ ਕਿਹਾ ਸੀ ਕਿ



ਜੇਕਰ ਲੋਕ ਪ੍ਰਚਾਰ ਪਾਉਣ ਲਈ ਬਿਆਨ ਦਿੰਦੇ ਹਨ ਤਾਂ ਉਹ ਗਲਤ ਹੈ। ਇਸ 'ਤੇ ਸਵਾਮੀ ਨੇ ਕਿਹਾ ਸੀ ਕਿ 'ਮੈਂ ਪ੍ਰਚਾਰ ਪਿੱਛੇ ਨਹੀਂ, ਪ੍ਰਚਾਰ ਮੇਰੇ ਪਿੱਛੇ ਭੱਜਦਾ ਹੈ।'

# ਧੋਖਾਧੜੀ ਕਾਰਨ ਡੁੱਬਦੈ ਬੈਂਕਾਂ ਦਾ ਪੈਸਾ

**ਨਵੀਂ ਦਿੱਲੀ:** ਭਾਰਤ ਦੇ ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਸ਼ਸ਼ੀ ਕਾਂਤ ਸ਼ਰਮਾ ਨੇ ਕਿਹਾ ਕਿ ਬੈਂਕਾਂ ਦੀ ਵੱਟੇ ਖਾਤੇ ਗਈ ਸੰਪਤੀ (ਐਨ.ਪੀ.ਏ.) ਉਹ ਹੈ ਜਿਹੜੀ ਗਲਤ ਢੰਗ ਵਰਤ ਕੇ ਕਰਜ਼ੇ ਵਜੋਂ ਲਈ ਗਈ ਹੈ।

ਐਸੋਚੈਮ ਦੀ ਵਿੱਤੀ ਤੇ ਕਾਰਪੋਰੇਟ ਜਾਅਲਸਾਜ਼ੀ ਬਾਰੇ ਕਾਨਫਰੰਸ ਵਿਚ ਸ੍ਰੀ ਸ਼ਰਮਾ ਨੇ ਕਿਹਾ ਕਿ ਅਜਿਹੇ ਕਰਜ਼ੇ ਉਗਰਾਹੁਣੇ ਬਹੁਤ ਮੁਸ਼ਕਲ ਹਨ ਕਿਉਂਕਿ ਕਰਜ਼ੇ ਦੀ ਰਾਸ਼ੀ ਨੂੰ ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਕਰਵਾਉਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਹਾਲ ਹੀ ਦੌਰਾਨ ਵਿੱਤੀ ਸੰਸਥਾਵਾਂ ਖਾਸ ਕਰ ਸਰਕਾਰੀ ਬੈਂਕਾਂ ਨਾਲ ਧੋਖਾਧੜੀ ਦੀਆਂ ਘਟਨਾਵਾਂ ਕਾਰਨ ਮਾੜੇ ਦੌਰ 'ਚੋਂ ਲੰਘ ਰਹੇ ਸਰਕਾਰੀ ਬੈਂਕਾਂ ਦਾ ਬੁਰਾ ਹਾਲ ਹੋ ਗਿਆ ਹੈ।

# ਗੁਰਦੁਆਰਾ ਛੇਵੀਂ ਪਾਤਸ਼ਾਹੀ ਨੂੰ ਮਜ਼ਾਰ ਵਿਚ ਬਦਲਿਆ




**ਅੰਮ੍ਰਿਤਸਰ:** ਲਾਹੌਰ ਦੀ ਫਿਰੋਜ਼ਪੁਰ ਰੋਡ ਉਤੇ ਆਬਾਦ ਪਿੰਡ ਚੁੰਗੀ ਅਮਰ ਸਿੱਧੂ ਵਿਚ ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਸਬੰਧਤ ਗੁਰਦੁਆਰੇ ਦੀ ਇਮਾਰਤ ਨੂੰ ਲਾਹੌਰ ਦੇ ਪੀਰ ਬਾਬਾ ਮਸਤਾਨ ਸ਼ਾਹ (ਅਸਲ ਨਾਂ ਰਿਆਜ਼ ਸ਼ਾਹ) ਅਤੇ ਉਸ ਦੀ ਪਾਲਤੂ ਖੋਤੀ ਦੀ ਮਜ਼ਾਰ ਵਿਚ ਤਬਦੀਲ ਕਰ ਦਿੱਤਾ ਹੈ। ਇਹ ਗੁਰਦੁਆਰਾ ਇਸ ਸਮੇਂ ਪਿੰਡ ਅਮਰ ਸਿੱਧੂ ਦੇ ਅਖੀਰ ਵਿਚ ਡੀ.ਐਚ.ਏ. (ਡਿਫੈਂਸ ਹਾਊਸਿੰਗ ਅਥਾਰਟੀ) ਦੀ ਚਾਰਦੀਵਾਰੀ ਅੰਦਰ ਮੌਜੂਦ ਹੈ। ਡੀ.ਐਚ.ਏ. ਹੈੱਡਕੁਆਰਟਰ ਬਾਹਰ ਲੱਗੇ ਨਕਸ਼ਿਆਂ ਨੂੰ ਵੇਖਣ ਉਤੇ ਇਹ ਸਾਫ ਹੋ ਜਾਂਦਾ ਹੈ ਕਿ ਬੇਬੇ ਨਾਨਕੀ ਦੇ ਗੁਰਦੁਆਰੇ ਰੱਖ ਡੇਰਾ ਚਾਹਲ ਤੋਂ ਬਾਅਦ ਡੀ.ਐਚ.ਏ. ਹੁਣ ਗੁਰਦੁਆਰਾ ਛੇਵੀਂ ਪਾਤਸ਼ਾਹੀ, ਅਮਰ ਸਿੱਧੂ ਅਤੇ ਇਸ ਦੇ ਨਾਂ ਬੋਲਦੀ ਜ਼ਮੀਨ ਨੂੰ ਰਿਹਾਇਸ਼ੀ ਕਾਲੋਨੀ ਦਾ ਹਿੱਸਾ ਬਣਾਉਣ ਦੀ ਤਿਆਰੀ ਵਿਚ ਹੈ।

ਪਾਕਿਸਤਾਨ ਦੇ ਹਾਫ਼ਿਜ਼ਾਬਾਦ ਸ਼ਹਿਰ ਦੇ ਗੁਰੂ ਨਾਨਕਪੁਰਾ ਮੁਹੱਲੇ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦਗਾਰ ਗੁਰਦੁਆਰਾ ਕਿੱਲਾ ਸਾਹਿਬ, ਜਿਥੇ ਗੁਰੂ ਸਾਹਿਬ ਕਸ਼ਮੀਰ ਤੋਂ ਵਾਪਸੀ ਵੇਲੇ ਬਿਰਾਜੇ ਸਨ, ਦੀ ਆਲੀਸ਼ਾਨ ਤੇ ਖ਼ੂਬਸੂਰਤ ਦੋ ਮੰਜਲਾਂ ਇਮਾਰਤ ਵੀ ਇਕ ਦਰਗਾਹ ਵਿਚ ਤਬਦੀਲ ਕਰ ਦਿੱਤੀ ਗਈ ਹੈ। ਇਸ 'ਲਾਲਾਂ ਵਾਲੀ ਸਰਕਾਰ' ਨਾਮੀ ਦਰਗਾਹ ਬਾਰੇ ਪਿੰਡ ਦੇ ਬਜ਼ੁਰਗਾਂ ਦਾ ਕਹਿਣਾ ਹੈ ਕਿ ਇਸ ਕਬਰ ਅੰਦਰ ਕੋਈ ਵੀ ਦਫ਼ਨ ਨਹੀਂ ਹੈ। ਜਾਣਕਾਰੀ ਅਨੁਸਾਰ ਪਹਿਲਾਂ ਇਸ ਕੋਲ ਹੀ ਇਕ ਪੱਕਾ ਸਰੋਵਰ ਹੁੰਦਾ ਸੀ ਅਤੇ ਜਿਸ ਨਾਲ ਗੁਰੂ ਸਾਹਿਬ ਨੇ ਘੋੜਾ ਬੰਨ੍ਹਿਆ ਸੀ, ਉਹ ਜੰਡ ਦਾ ਦਰਖਤ ਅੱਜ ਵੀ ਮੌਜੂਦ ਹੈ।

# ਬਾਦਲ ਵੱਲੋਂ ਉਮਾ ਨਾਲ ਖਾਲਿਆਂ ਬਾਰੇ ਵਿਚਾਰਾਂ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰੀ ਜਲ ਵਸੀਲਿਆਂ ਬਾਰੇ ਮੰਤਰੀ ਉਮਾ ਭਾਰਤੀ ਨਾਲ ਮੁਲਾਕਾਤ ਕੀਤੀ। ਉਨ੍ਹਾਂ ਕੇਂਦਰੀ ਮੰਤਰੀ ਨੂੰ ਪੰਜਾਬ ਵਿਚ ਖਾਲਿਆਂ ਦੀ ਉਸਾਰੀ ਦੇ ਨੇਮਾਂ ਉਤੇ ਮੁੜ ਵਿਚਾਰ ਕਰਨ, ਸਵਾਂ ਨਦੀ ਲਈ ਫੰਡ ਅਲਾਟ ਕਰਨ ਤੇ ਅੱਪਰ ਬਾਰੀ ਦੋਆਬ ਕੈਨਾਲ ਲਈ ਫੰਡ ਪ੍ਰਵਾਨ ਕਰਨ ਲਈ ਆਪਣੇ ਮੰਤਰਾਲੇ ਨੂੰ ਹਦਾਇਤ ਕਰਨ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਖਾਲਿਆਂ ਦੇ ਨਿਰਮਾਣ ਲਈ 25 ਹਜ਼ਾਰ ਰੁਪਏ ਪ੍ਰਤੀ ਹੈਕਟੇਅਰ ਦੀ ਬਜਾਏ 35 ਹਜ਼ਾਰ ਰੁਪਏ ਪ੍ਰਤੀ ਹੈਕਟੇਅਰ ਕੀਤੇ ਜਾਣ ਕਿਉਂਕਿ ਪੰਜਾਬ ਵਿਚ ਪਾਣੀ ਦਾ ਵਹਾਅ 2.5 ਕਿਊਸਕ ਹੈ ਜਦੋਂ ਕਿ ਮੁਲਕ ਦੇ ਬਾਕੀ ਹਿੱਸਿਆਂ ਵਿਚ ਇਕ ਕਿਊਸਕ ਹੈ।



ਮੁੱਖ ਮੰਤਰੀ ਨੇ ਕੇਂਦਰੀ ਮੰਤਰੀ ਨੂੰ ਕਿਹਾ ਕਿ ਪੰਜਾਬ ਵਿਚ ਵਹਿੰਦੀ 17 ਕਿਲੋਮੀਟਰ ਸਵਾਂ ਨਦੀ ਦੇ ਨਹਿਰੀਕਰਨ ਲਈ 209 ਕਰੋੜ ਰੁਪਏ ਦੇ ਪ੍ਰਾਜੈਕਟ ਨੂੰ ਫੌਰੀ ਪ੍ਰਵਾਨਗੀ ਦੇ ਕੇ ਫੰਡ ਜਾਰੀ ਕੀਤੇ ਜਾਣ। ਉਨ੍ਹਾਂ ਦੱਸਿਆ ਕਿ ਹਿਮਾਚਲ ਪ੍ਰਦੇਸ਼ ਵੱਲੋਂ ਆਪਣੇ ਸੂਬੇ ਵਿਚਲੇ 55 ਕਿਲੋਮੀਟਰ ਹਿੱਸੇ ਵਿਚ ਇਸ ਨਦੀ ਦੇ ਨਹਿਰੀਕਰਨ ਦਾ ਕੰਮ ਸ਼ੁਰੂ ਕੀਤਾ ਜਾ ਚੁੱਕਾ ਹੈ। ਅੱਪਰ ਬਾਰੀ ਦੋਆਬ ਕੈਨਾਲ ਦੇ ਮੁੱਦੇ ਉਤੇ ਮੁੱਖ ਮੰਤਰੀ ਨੇ ਕੇਂਦਰੀ ਮੰਤਰੀ ਨੂੰ ਇਸ ਨਹਿਰ ਦੀ ਸਾਫ ਸਫਾਈ ਅਤੇ ਨਵਿਆਉਣ ਲਈ ਪ੍ਰਾਜੈਕਟ ਨੂੰ ਫੌਰੀ ਪ੍ਰਵਾਨਗੀ ਦਿੱਤੀ ਜਾਵੇ। ਉਨ੍ਹਾਂ ਨੇ ਇਸ ਪ੍ਰਾਜੈਕਟ ਲਈ ਫੰਡ ਜਾਰੀ ਕਰਨ ਦੀ ਮੰਗ ਕੀਤੀ। ਕੇਂਦਰੀ ਮੰਤਰੀ ਨੇ ਭਰੋਸਾ ਦਿੱਤਾ ਕਿ ਉਹ ਇਨ੍ਹਾਂ ਮੁੱਦਿਆਂ ਨਾਲ ਸਬੰਧਤ ਸਾਰੇ ਅਧਿਕਾਰੀਆਂ ਦੀ ਇਕ ਮੀਟਿੰਗ ਬੁਲਾਉਣਗੇ ਤਾਂ ਜੋ ਇਨ੍ਹਾਂ ਦਾ ਛੇਤੀ ਹੱਲ ਕੱਢਿਆ ਜਾ ਸਕੇ।

# ਪਰਵਾਸੀ ਭਾਰਤੀ ਅਤੇ ਬ੍ਰਿਐਗਜ਼ਿਟ

ਸ਼ਿੰਦਰ ਸਿੰਘ ਥਾਂਦੀ

ਬਰਤਾਨੀਆ ਵਿਚ ਹੋਈ ਰਾਇਸ਼ੁਮਾਰੀ ਦਾ ਸਪਸ਼ਟ ਜੇਤੂ ਨਾਈਜਿਲ ਫੈਰੇਜ਼ ਰਿਹਾ ਹੈ ਜੋ ਯੂ.ਕੇ.ਆਈ.ਪੀ. ਦਾ ਆਗੂ ਹੈ। ਇਹ ਪਾਰਟੀ ਯੂਰਪੀ ਯੂਨੀਅਨ ਅਤੇ ਇਮੀਗਰੇਸ਼ਨ ਵਿਰੋਧੀ ਮੰਨੀ ਜਾਂਦੀ ਹੈ। ਯੂਰਪੀ ਯੂਨੀਅਨ ਵਿਚ ਰਹਿਣ ਦੀ ਵਕਾਲਤ ਕਰਨ ਵਾਲਿਆਂ ਦਾ ਪ੍ਰਚਾਰ ਉਸ ਨਾਲੋਂ ਨਾਤਾ ਤੋੜਨ ਦੇ ਨਫ਼ੇ ਤੇ ਨੁਕਸਾਨ ਉਤੇ ਵਧੇਰੇ ਕਰ ਕੇ ਕੇਂਦਰਿਤ ਸੀ, ਜਦਕਿ 'ਬ੍ਰਿਐਗਜ਼ਿਟ' (ਯੂਰਪੀ ਯੂਨੀਅਨ ਤੋਂ ਵੱਖ ਹੋਣ) ਵਾਲਿਆਂ ਨੇ ਦੂਜੇ ਦੇਸ਼ਾਂ ਪ੍ਰਤੀ ਨਫ਼ਰਤ ਅਤੇ ਯੂਨੀਅਨ ਵਿਰੋਧੀ ਘ੍ਰਿਣਾ ਵਾਲੇ ਏਜੰਡੇ ਦੀ ਕਮਾਨ ਸੰਭਾਲੀ ਹੋਈ ਸੀ। ਯੂ.ਕੇ.ਆਈ.ਪੀ. ਇਸ ਏਜੰਡੇ 'ਤੇ ਕਈ ਵਰ੍ਹਿਆਂ ਤੋਂ ਕੰਮ ਕਰ ਰਹੀ ਸੀ, ਪਰ ਉਸ ਨੂੰ ਨਾਂ-ਮਾਤਰ ਸਫ਼ਲਤਾ ਮਿਲੀ ਸੀ। ਮਈ 2015 ਵਿਚ ਹੋਈਆਂ ਚੋਣਾਂ ਵਿਚ ਯੂ.ਕੇ.ਆਈ.ਪੀ. ਨੂੰ 40 ਲੱਖ ਵੋਟਾਂ ਮਿਲੀਆਂ ਸਨ, ਪਰ ਬਰਤਾਨਵੀ ਸੰਸਦੀ ਪ੍ਰਣਾਲੀ ਤਹਿਤ ਉਸ ਦਾ ਸਿਰਫ਼ ਇਕੋ ਸੰਸਦ ਮੈਂਬਰ ਹਾਊਸ ਆਫ਼ ਕਾਮਨਜ਼ ਵਿਚ ਪਹੁੰਚਣ ਵਿਚ ਕਾਮਯਾਬ ਰਿਹਾ ਸੀ। ਹੁਣ ਰਾਇਸ਼ੁਮਾਰੀ ਦੌਰਾਨ ਸਾਰੀਆਂ ਸਿਆਸੀ ਪਾਰਟੀਆਂ ਸਾਰੇ ਵਰਗਾਂ ਅਤੇ ਸਾਰੇ ਖ਼ਿੱਤਿਆਂ ਦੇ ਹਰ ਇਕ ਵੋਟ ਦੀ ਅਹਿਮੀਅਤ ਸੀ ਜਿਸ 'ਤੇ ਇੱਕ ਕਰੋੜ 70 ਲੱਖ ਤੋਂ ਵੱਧ ਵੋਟਰਾਂ ਨੇ ਯੂਰਪੀ ਯੂਨੀਅਨ ਨਾਲੋਂ ਤੋੜ-ਵਿਛੋੜੇ ਦੇ ਪੱਖ ਵਿਚ ਹਾਮੀ ਭਰੀ।

ਹਜ਼ਾਰਾਂ ਬ੍ਰਿਟਿਸ਼-ਭਾਰਤੀਆਂ ਨੇ ਵੀ ਯੂਰਪੀ ਯੂਨੀਅਨ ਤੋਂ ਲਾਂਭੇ ਹੋਣ ਦੇ ਪੱਖ ਵਿਚ ਆਪਣੀ ਰਾਇ ਦਿਤੀ। ਇਹ ਅਚੰਭੇ ਵਾਲੀ ਗੱਲ ਨਹੀਂ ਹੋਵੇਗੀ, ਜੇ ਬਰਤਾਨੀਆ ਵਿਚ ਵਸਦੇ ਭਾਰਤੀਆਂ ਨੇ 'ਬ੍ਰਿਐਗਜ਼ਿਟ' ਦੇ ਪੱਖ ਵਿਚ ਭੁਗਤ ਕੇ ਪੂਰੀ ਖੇਡ ਹੀ ਵਿਗਾੜ ਦਿੱਤੀ ਹੋਵੇ, ਪਰ ਵੱਖ-ਵੱਖ ਸਮਾਜਿਕ ਆਰਥਿਕ ਤਾਣੇ-ਬਾਣੇ ਅਤੇ ਧਰਮਾਂ ਨਾਲ ਜੁੜੇ ਬਰਤਾਨਵੀ-ਭਾਰਤੀਆਂ ਨੂੰ 'ਵੋਟ ਲੀਵ' (ਤੋੜ-ਵਿਛੋੜੇ) ਨੂੰ ਹੀ ਕਿਉਂ ਚੁਣਿਆ?

ਪੂਰੀ ਦੁਨੀਆ ਵਿਚ ਪਰਵਾਸੀਆਂ ਦੀ ਪਹਿਲੀ ਪੀੜ੍ਹੀ ਦੇ ਪਰਵਾਸ ਦੇ ਭਾਵੇਂ ਆਪੋ-ਆਪਣੇ ਕਾਰਨ ਹੋਣ, ਪਰ ਜਦੋਂ ਉਹ ਸੱਤ ਸਮੁੰਦਰ ਪਾਰ ਪੁੱਜੇ ਤਾਂ ਉਥੇ ਉਨ੍ਹਾਂ ਦਾ ਨਿੱਘਾ ਸਵਾਗਤ ਨਹੀਂ ਹੋਇਆ, ਸਗੋਂ ਉਨ੍ਹਾਂ ਨੂੰ ਕਹਿਰੀ ਨਜ਼ਰਾਂ ਨਾਲ ਦੇਖਿਆ ਗਿਆ। ਅਜਿਹਾ ਵੈਰ-ਭਾਵ ਉਥੇ ਵੱਧ ਦੇਖਿਆ ਗਿਆ ਜਿਥੇ ਪਰਵਾਸੀ ਕਾਲੇ ਸਨ ਅਤੇ ਉਨ੍ਹਾਂ ਨੂੰ ਮੇਜ਼ਬਾਨ ਮੁਲਕਾਂ ਵੱਲੋਂ ਬੋਝ ਸਮਝਿਆ ਗਿਆ। ਉਨ੍ਹਾਂ ਨੂੰ ਰੁਜ਼ਗਾਰ ਦੇ ਮੌਕੇ ਖੋਹਣ ਜਾਂ ਘੱਟ ਉਜਰਤਾਂ ਲੈਣ, ਅਪਰਾਧਾਂ ਵਿਚ ਵਾਧੇ ਅਤੇ ਜਿਨਸੀ ਹਿੰਸਾ ਦੇ ਜਿੰਨ ਵਜੋਂ ਦੇਖਿਆ ਜਾਂਦਾ ਹੈ। ਅਜਿਹੇ ਵਤੀਰੇ ਕਰ ਕੇ ਕਈ ਵਾਰ ਉਨ੍ਹਾਂ ਨੂੰ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੀ ਵਿਰੋਧ ਭਾਵਨਾ ਨੂੰ ਸਾਨੂੰ ਅਮਰੀਕਾ ਵਿਚ ਅਗਾਂਹਵਧੂ ਸਿੱਖਾਂ ਖ਼ਿਲਾਫ਼ ਦੇਖਣ ਨੂੰ ਮਿਲੀ ਸੀ ਜਦੋਂ 1907 ਵਿਚ ਵਾਸ਼ਿੰਗਟਨ ਦੇ ਛੋਟੇ ਜਿਹੇ ਕਸਬੇ ਬੇਲਿੰਘਮ ਵਿਚ ਗੋਰੇ ਪਰਵਾਸੀਆਂ ਨੇ ਰਾਤ ਨੂੰ ਹਮਲਾ ਕਰ ਕੇ ਉਨ੍ਹਾਂ ਨੂੰ ਉਥੋਂ ਭੱਜਣ ਲਈ ਮਜਬੂਰ ਕਰ ਦਿਤਾ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਸਿੱਖਾਂ ਕਾਰਨ ਉਨ੍ਹਾਂ ਦੀਆਂ ਉਜਰਤਾਂ ਘੱਟ ਰਹੀਆਂ ਸਨ।

ਇਸੇ ਤਰ੍ਹਾਂ 1972 ਵਿਚ ਯੂਗਾਂਡਾ ਦੇ ਰਾਸ਼ਟਰਪਤੀ ਈਦੀ ਅਮੀਨ ਨੇ ਆਪਣੀਆਂ ਨਾਕਾਮੀਆਂ 'ਤੇ ਪਰਦਾ ਪਾਉਣ ਲਈ ਭਾਰਤੀ ਪਰਵਾਸੀਆਂ ਨੂੰ ਬਲੀ ਦਾ ਬੱਕਰਾ ਬਣਾਇਆ ਅਤੇ ਜਾਨ ਦਾ ਖ਼ਤਰਾ ਦੱਸ ਕੇ ਹਜ਼ਾਰਾਂ ਭਾਰਤੀਆਂ ਨੂੰ 90 ਦਿਨਾਂ ਅੰਦਰ ਮੁਲਕ ਛੱਡਣ ਦਾ ਫ਼ਤਵਾ ਜਾਰੀ ਕਰ ਦਿਤਾ। ਪੂਰਬੀ ਅਫ਼ਰੀਕੀ ਮੁਲਕਾਂ, ਜਿਵੇਂ ਕੀਨੀਆ ਆਦਿ ਵਿਚ ਵਸੇ ਵੱਡੀ ਗਿਣਤੀ ਵਿਚ ਭਾਰਤੀਆਂ ਨੂੰ ਵੀ ਬੁਰੇ ਸਲੂਕ ਦਾ ਖ਼ਦਸ਼ਾ ਸਤਾਉਣ ਲੱਗ ਪਿਆ ਸੀ ਅਤੇ ਉਹ ਵੀ ਮੁਲਕ ਛੱਡਣ ਲੱਗ ਪਏ ਸਨ। ਉਨ੍ਹਾਂ ਕੋਲ ਓਵਰਸੀਜ਼ ਬ੍ਰਿਟਿਸ਼ ਪਾਸਪੋਰਟ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਬ੍ਰਿਟੇਨ ਵਿਚ ਦਾਖ਼ਲ ਨਹੀਂ ਹੋਣ ਦਿਤਾ ਗਿਆ। ਅਜਿਹੇ ਹੋਰ ਕਈ ਕਿੱਸੇ ਹਨ, ਜਿਥੇ ਪਰਵਾਸੀਆਂ ਦੀ ਪਹਿਲੀ ਪੀੜ੍ਹੀ ਨੂੰ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ।

ਖ਼ੁਸ਼ਕਿਸਮਤੀ ਨਾਲ ਅਫ਼ਰੀਕੀ-ਏਸ਼ਿਆਈ ਪਰਵਾਸੀਆਂ ਦੇ ਹੱਕ ਵਿਚ ਉਦਾਰ ਅਤੇ ਮਾਨਵੀ ਆਵਾਜ਼ਾਂ ਬੁਲੰਦ ਹੋਣੀਆਂ ਅਤੇ ਉਨ੍ਹਾਂ ਨੂੰ ਵਿਰੋਧ ਦੇ ਬਾਵਜੂਦ ਬ੍ਰਿਟੇਨ ਵਿਚ ਆਉਣ ਦੀ ਇਜਾਜ਼ਤ ਮਿਲ ਗਈ ਜਿਸ ਸਦਕਾ ਉਨ੍ਹਾਂ ਨੇ ਯੂ.ਕੇ. ਦੇ ਅਰਥਚਾਰੇ ਵਿਚ ਅਹਿਮ ਯੋਗਦਾਨ ਪਾਇਆ; ਪਰ ਦੋ ਵਾਰ ਹਿਜਰਤ ਕਰਨ ਵਾਲੇ ਇਨ੍ਹਾਂ ਭਾਰਤੀਆਂ ਵਿਚੋਂ ਕਈ ਨੇ ਭਾਰਤ ਦੇ ਵੱਖ-ਵੱਖ ਕੋਨਿਆਂ ਤੋਂ ਸਿੱਧੇ ਆਏ ਹਜ਼ਾਰਾਂ ਪਰਵਾਸੀਆਂ ਅਤੇ ਦੂਜੀ ਤੇ ਤੀਜੀ ਪੀੜ੍ਹੀ ਦੇ ਬੱਚਿਆਂ ਨਾਲ ਮਿਲ ਕੇ ਹੁਣ ਯੂਰਪੀ ਯੂਨੀਅਨ ਅਤੇ ਹੋਰ ਗ਼ੈਰ ਯੂਰਪੀ ਮੁਲਕਾਂ ਦੇ ਪਰਵਾਸੀਆਂ ਨੂੰ ਡੱਕਣ ਦੇ ਪੱਖ ਵਿਚ ਫ਼ੈਸਲਾ ਦਿਤਾ। ਵੱਖ-ਵੱਖ ਭਾਰਤੀਆਂ ਨਾਲ ਗੱਲਬਾਤ ਦੌਰਾਨ ਇਹ ਗੱਲ ਸਪਸ਼ਟ ਸੀ ਕਿ ਜਿੰਨੇ ਭਾਰਤੀ ਯੂਰਪੀ ਯੂਨੀਅਨ ਨਾਲ ਤੋੜ-ਵਿਛੋੜੇ ਦੇ ਪੱਖ ਵਿਚ ਸਨ, ਉਨੇ ਹੀ ਉਸ ਨਾਲ ਜੁੜੇ ਰਹਿਣ ਦਾ ਹੋਕਾ ਦੇ ਰਹੇ ਸਨ। ਕਈ ਪਰਿਵਾਰਕ ਮੈਂਬਰ ਅਤੇ ਦੋਸਤ, ਵਿਰੋਧੀਆਂ ਦੇ ਪਾਲੇ ਵਿਚ ਖੜ੍ਹੇ ਸਨ ਅਤੇ ਮੀਡੀਆ ਨੇ ਵਿਚਾਰਾਂ ਦੇ ਵਖਰੇਵੇਂ ਨੂੰ ਉਜਾਗਰ ਵੀ ਕੀਤਾ ਸੀ। ਕਈ ਭਾਵਪੂਰਤ ਦ੍ਰਿਸ਼ ਵੀ ਦੇਖਣ ਨੂੰ ਮਿਲੇ। ਮਿਸਾਲ ਲਈ ਕਈ ਸਿੱਖ 'ਲੀਵ' (ਯੂਰਪੀ ਯੂਨੀਅਨ ਦਾ ਖਹਿੜਾ ਛੱਡੋ) ਦੇ ਮੰਚ 'ਤੇ ਖੜ੍ਹੇ ਦਿਸੇ। ਇਹ ਗੱਲ ਯਕੀਨੀ ਹੈ ਕਿ ਕਈ ਗੋਰੇ ਬ੍ਰਿਟੇਨ ਵਿਚ ਉਨ੍ਹਾਂ ਦੀ ਮੌਜੂਦਗੀ ਤੋਂ ਨਫ਼ਰਤ ਕਰਦੇ ਹਨ। ਉਹ ਗੁਰਦੁਆਰਿਆਂ ਅਤੇ ਦਸਤਾਰਾਂ ਨੂੰ ਪਸੰਦ ਨਹੀਂ ਕਰਦੇ ਅਤੇ ਨਾ ਹੀ ਉਹ ਉਨ੍ਹਾਂ (ਸਿੱਖਾਂ) ਦੇ ਮਿੱਤਰ ਬਣ ਸਕਦੇ ਹਨ, ਪਰ ਹੁਣ ਉਨ੍ਹਾਂ ਦਾ ਦੁਸ਼ਮਣ ਸਾਂਝਾ ਸੀ।



ਸੋ, ਅਜਿਹੇ ਹਾਲਾਤ ਕਿਵੇਂ ਬਣੇ, ਜਿਥੇ ਪਰਵਾਸੀ ਭਾਈਚਾਰਾ ਹੀ ਹੋਰ ਨਵੇਂ ਪਰਵਾਸੀਆਂ ਖ਼ਿਲਾਫ਼ ਖੜ੍ਹਾ ਹੋ ਗਿਆ ਅਤੇ ਨਵੇਂ ਪਰਵਾਸੀ ਉਨ੍ਹਾਂ ਨੂੰ ਆਪਣੇ ਰਿਜ਼ਕ ਦੇ ਦੁਸ਼ਮਣ ਹੀ ਜਾਪਣ ਲੱਗ ਪਏ? ਹਜ਼ਾਰਾਂ ਭਾਰਤੀਆਂ, ਸਿੱਖਾਂ, ਹਿੰਦੂਆਂ, ਮੁਸਲਮਾਨਾਂ ਅਤੇ ਈਸਾਈਆਂ ਨੂੰ 'ਵੋਟ ਲੀਵ' ਦੇ ਪੱਖ ਵਿਚ ਭੁਗਤਣ ਦਾ ਫ਼ੈਸਲਾ ਕਿਉਂ ਲਿਆ? ਜ਼ਿਆਦਾਤਰ ਵਿਚੋਂ ਹਮਦਰਦੀ ਦੀ ਕਮੀ ਕਿਉਂ ਦਿਖਾਈ ਦਿਤੀ? ਕੀ ਇਹ ਉਨ੍ਹਾਂ ਦੀ ਬ੍ਰਿਟਿਸ਼ ਪਛਾਣ ਦਾ ਸਵਾਲ ਸੀ ਜੋ ਉਨ੍ਹਾਂ ਨੂੰ ਪੈਨ-ਯੂਰਪੀ ਦਿੱਖ ਨਾਲੋਂ ਵੱਧ ਮਹੱਤਵਪੂਰਨ ਜਾਪੀ। ਕੀ ਇਹ ਸਵੈ-ਹਿਤ ਅਤੇ ਸਵੈ-ਸਥਾਪਤੀ ਦਾ ਮਾਮਲਾ ਸੀ ਜਿਸ ਨੂੰ ਨਵੇਂ ਪਰਵਾਸੀਆਂ ਤੋਂ ਚੁਣੌਤੀ ਮਿਲ ਰਹੀ ਹੈ? ਜਾਂ ਉਨ੍ਹਾਂ ਦੇ ਫ਼ੈਸਲੇ ਉਤੇ ਇਸਲਾਮੀਕਰਨ ਦੇ ਵਧਦੇ ਖ਼ਤਰੇ ਦਾ ਅਸਰ ਸੀ ਜਿਸ ਬਾਰੇ ਪਿਛਲੇ ਕੁਝ ਸਾਲਾਂ ਤੋਂ ਸ਼ਰਨਾਰਥੀ ਵਿਰੋਧੀ ਤੇ ਮੁਸਲਿਮ ਵਿਰੋਧੀ ਪ੍ਰਚਾਰਕਾਂ ਵੱਲੋਂ ਚੋਖਾ ਰੌਲਾ ਪਾਇਆ ਜਾ ਰਿਹਾ ਹੈ? ਚਲੋ ਮੰਨ ਲੈਂਦੇ ਹਾਂ ਕਿ ਲੰਮੇ ਸਮੇਂ ਤੋਂ ਰਹਿ ਰਹੇ ਭਾਰਤੀਆਂ ਦਾ ਫ਼ੈਸਲਾ ਯੂਰਪੀ ਯੂਨੀਅਨ ਦੇ ਪਰਵਾਸੀਆਂ ਨਾਲ ਸਬੰਧਤ ਨਹੀਂ ਸੀ ਬਲਕਿ ਯੂਰਪੀ ਯੂਨੀਅਨ ਦੇ ਵਿਰੋਧ ਦਾ ਮਾਮਲਾ ਸੀ, ਪਰ ਅਜੇ ਵੀ ਇਹ ਕਬੂਲ ਕਰਨਾ ਮੁਸ਼ਕਿਲ ਹੈ ਕਿ ਅਸਲ ਮੁੱਦਾ ਇਸਲਾਮੋਫੋਬੀਆ ਦਾ ਨਹੀਂ ਸੀ। ਇਸ ਸਬੰਧੀ ਵੱਧ ਬਾਰੀਕਬੀਨੀ ਵਾਲੀ ਸਮਝ ਦੀ ਲੋੜ ਹੈ।

ਬ੍ਰਿਟੇਨ ਵਿਚ ਨਸਲੀ ਘੱਟ-ਗਿਣਤੀਆਂ, ਖ਼ਾਸ ਕਰ ਕੇ ਭਾਰਤੀ ਮਜ਼ਹਬੀ ਭਾਈਚਾਰੇ ਸਿਆਸਤ ਦੇ ਮੈਦਾਨ ਵਿਚ ਵੱਧ ਉੱਤਰ ਆਏ ਹਨ। ਉਹ ਸਥਾਨਕ, ਕੌਮੀ ਅਤੇ ਯੂਰਪੀ ਪੱਧਰ 'ਤੇ ਸਰਗਰਮ ਸਿਆਸਤ ਵਿਚ ਹਿੱਸਾ ਲੈਂਦੇ ਹਨ ਅਤੇ ਕਈ ਖ਼ਿੱਤਿਆਂ ਵਿਚ ਉਹ ਕੌਂਸਲਰ ਤੇ ਸੰਸਦ ਮੈਂਬਰ ਵੀ ਚੁਣੇ ਗਏ ਹਨ, ਭਾਵੇਂ ਅਜੇ ਵੀ ਉਹ ਆਪਣੇ ਵਜੂਦ ਮੁਤਾਬਿਕ ਵੱਧ ਨੁਮਾਇੰਦਗੀ ਹਾਸਲ ਕਰਨਾ ਲੋਚਦੇ ਹਨ। ਸਾਰੀਆਂ ਸਿਆਸੀ ਪਾਰਟੀਆਂ ਖ਼ਾਸ ਕਰ ਕੇ ਕੰਜ਼ਰਵੇਟਿਵ ਅਤੇ ਲੇਬਰ ਉਨ੍ਹਾਂ ਦੀ ਹਮਾਇਤ ਹਾਸਲ ਕਰਨ ਲਈ ਵਾਹ ਲਾਉਂਦੀਆਂ ਰਹਿੰਦੀਆਂ ਹਨ। ਲੰਡਨ ਦੇ ਮੇਅਰ ਵਜੋਂ ਸਾਜਿਦ ਖ਼ਾਨ ਦੀ ਚੋਣ ਨੇ ਇਸ ਸਿਆਸੀ ਤਾਂਘ ਨੂੰ ਹੋਰ ਹੁਲਾਰਾ ਦਿੱਤਾ ਹੈ।

ਉਂਜ, ਭਾਰਤੀ ਮੱਧ ਵਰਗ ਦੇ ਉਭਾਰ ਅਤੇ ਮੁੱਖ ਧਾਰਾ ਦੇ ਸਮਾਜ ਨਾਲ ਇਕਜੁੱਟਤਾ ਦੀਆਂ ਪੀਂਘਾਂ ਪਾਉਣ ਦੇ ਬਾਵਜੂਦ ਵੱਡੀ ਗਿਣਤੀ ਵਿਚ ਬ੍ਰਿਟਿਸ਼-ਭਾਰਤੀ ਮੁਕਾਬਲਤਨ ਅੱਡ ਰਹਿੰਦੇ ਹਨ। ਉਹ ਸ਼ਹਿਰਾਂ ਦੇ ਉਨ੍ਹਾਂ ਅੰਦਰੂਨੀ ਇਲਾਕਿਆਂ ਵਿਚ ਵਸਦੇ ਹਨ, ਜਿਥੇ ਉਨ੍ਹਾਂ ਨੂੰ ਹੁਣੇ ਪੁੱਜੇ ਹੋਰ ਪਰਵਾਸੀਆਂ ਨਾਲ ਰੁਜ਼ਗਾਰ, ਰਿਹਾਇਸ਼, ਸਿੱਖਿਆ ਅਤੇ ਸਿਹਤ ਲਈ ਦੋ-ਦੋ ਹੱਥ ਕਰਨੇ ਪੈਂਦੇ ਹਨ। ਛੇ ਸਾਲਾਂ ਤਕ ਜ਼ਬਤ ਵਿਚ ਰਹਿਣ ਤੋਂ ਬਾਅਦ ਵੀ ਉਨ੍ਹਾਂ ਲਈ ਇਹ ਸਹੂਲਤਾਂ ਹੋਰ ਦੂਰ ਹੁੰਦੀਆਂ ਜਾ ਰਹੀਆਂ ਹਨ। ਅਜਿਹੇ ਮੁਸ਼ਕਿਲ ਹਾਲਾਤ ਵਿਚ ਗੋਰੇ ਕਾਮਿਆਂ ਤੋਂ ਇਲਾਵਾ ਹੋਰ ਬਰਤਾਨਵੀ ਲੋਕ ਵੀ ਯੂ.ਕੇ.ਆਈ.ਪੀ. ਦੇ ਏਜੰਡੇ ਤੋਂ ਪ੍ਰਭਾਵਿਤ ਹਨ। ਉਨ੍ਹਾਂ ਨੂੰ ਜਾਪਦਾ ਹੈ ਕਿ ਉਨ੍ਹਾਂ ਦੀਆਂ ਤਕਲੀਫ਼ਾਂ ਲਈ ਨਵੇਂ ਪਰਵਾਸੀ ਅਤੇ ਯੂਰਪੀ ਯੂਨੀਅਨ ਦੀ ਕਾਮਿਆਂ ਪ੍ਰਤੀ ਨੀਤੀਆਂ ਜ਼ਿੰਮੇਵਾਰ ਹਨ। ਬਰਤਾਨੀਆ ਦੇ ਸੱਜੇ-ਪੱਖੀ ਅਖ਼ਬਾਰਾਂ-ਰਸਾਲਿਆਂ ਨੇ 'ਵੋਟ ਲੀਵ' ਦਾ ਪੱਖ ਪੂਰਨ ਵਾਲੇ ਸਿਆਸਤਦਾਨਾਂ ਨਾਲ ਮਿਲ ਕੇ ਅਜਿਹਾ ਮਾਹੌਲ ਸਿਰਜਿਆ ਜਿਸ ਤੋਂ ਲੱਗਦਾ ਸੀ ਕਿ ਯੂਰਪੀ ਯੂਨੀਅਨ ਅਤੇ ਹੋਰ ਮੁਲਕਾਂ ਦੇ ਪਰਵਾਸੀ ਕਤਾਰਾਂ ਲਾਈ ਬ੍ਰਿਟੇਨ ਵਿਚ ਦਾਖ਼ਲ ਹੋਣ ਲਈ ਪੱਬਾਂ ਭਾਰ ਹੋਏ ਪਏ ਹਨ। ਇਨ੍ਹਾਂ ਵਿਚ ਤੁਰਕੀ ਵੀ ਸ਼ਾਮਲ ਹੈ ਜਦਕਿ ਉਸ ਦੀ ਯੂਰਪੀ ਯੂਨੀਅਨ ਵਿਚ ਸ਼ਾਮਲ ਹੋਣ ਦੀ ਅਰਜ਼ੀ ਨੂੰ ਅਜੇ ਤਕ ਮਨਜ਼ੂਰ ਨਹੀਂ ਕੀਤਾ ਗਿਆ ਹੈ। ਅਜਿਹੇ ਮਾਹੌਲ ਵਿਚ ਜਦੋਂ ਲੋਕਾਂ ਨੂੰ ਭਰੋਸਾ ਦਿਵਾਇਆ ਗਿਆ ਕਿ ਯੂਰਪੀ ਯੂਨੀਅਨ ਨਾਲੋਂ ਖਹਿੜਾ ਛੁਡਾਉਣ ਨਾਲ ਉਨ੍ਹਾਂ ਦੀ ਹਰ ਮਰਜ਼ ਦਾ ਇਲਾਜ ਸੰਭਵ ਹੋ ਜਾਵੇਗਾ ਤਾਂ ਉਹ ਅਜਿਹੇ ਪ੍ਰਚਾਰ ਤੋਂ ਸਹਿਜੇ ਹੀ ਪ੍ਰਭਾਵਿਤ ਹੋ ਗਏ।

ਬ੍ਰਿਟਿਸ਼ ਸਰਕਾਰ ਅਤੇ ਹੋਰ ਸਿਆਸਤਦਾਨ ਇਹ ਕਦੇ ਵੀ ਕਬੂਲ ਨਹੀਂ ਕਰਨਗੇ ਕਿ 'ਬ੍ਰਿਐਗਜ਼ਿਟ' ਵੋਟ ਕੰਟਰੋਲ-ਰਹਿਤ ਇਮੀਗਰੇਸ਼ਨ ਖ਼ਿਲਾਫ਼ ਸੀ। ਇਕ ਹੋਰ ਵਿਡੰਬਨਾ ਇਹ ਹੈ ਕਿ ਜੇ ਮੰਦੀ ਦੀ ਮਾਰ ਦਾ ਦੌਰ ਕੁਝ ਹੋਰ ਸਮੇਂ ਲਈ ਜਾਰੀ ਰਹਿੰਦਾ ਹੈ ਤਾਂ ਇਸ ਦਾ ਅਸਰ ਭਾਰਤੀ ਪਰਵਾਸੀਆਂ 'ਤੇ ਜ਼ਰੂਰ ਪਏਗਾ ਜਿਵੇਂ 1980 ਦੇ ਦਹਾਕੇ ਵਿਚ ਜਦੋਂ ਥੈਚਰ ਸਰਕਾਰ ਨੇ ਉਤਪਾਦਨ ਸਨਅਤ ਨਾਲ ਜੁੜੇ ਉਨ੍ਹਾਂ ਖੇਤਰਾਂ 'ਤੇ ਨਕੇਲ ਕਸ ਦਿਤੀ ਸੀ, ਜਿਨ੍ਹਾਂ ਵਿਚ ਜ਼ਿਆਦਾਤਰ ਭਾਰਤੀ ਕੰਮ ਕਰਦੇ ਸਨ ਤਾਂ ਖ਼ਾਸ ਕਰਕੇ ਵੈਸਟ ਮਿਡਲੈਂਡਜ਼ 'ਚ ਬੁਰਾ ਪ੍ਰਭਾਵ ਪਿਆ ਸੀ।

ਕੀ ਯੂ.ਕੇ. ਦਾ ਅਰਥਚਾਰਾ ਮੰਦੀ ਤੋਂ ਪੂਰੀ ਤਰ੍ਹਾਂ ਨਾਲ ਉਭਰ ਸਕੇਗਾ ਅਤੇ ਕੀ ਖੰਡਿਤ ਬ੍ਰਿਟੇਨ ਸਾਮਰਾਜਵਾਦ ਅਤੇ ਸਨਅਤੀਕਰਨ ਤੋਂ ਬਾਅਦ ਵਾਲੇ ਆਲਮ ਵਿਚ ਨਿਘਰਦਾ ਚਲਿਆ ਜਾਵੇਗਾ, ਇਹ ਸਭ ਭਵਿੱਖ ਦੀਆਂ ਗੱਲਾਂ ਹਨ; ਪਰ ਇਸ ਗੱਲ ਦੀ ਆਸ ਨਾ ਰੱਖੋ ਕਿ ਭਾਰਤੀ ਪਰਵਾਸੀਆਂ ਨੂੰ ਅਗਾਂਹ ਤੋਂ ਖ਼ੁਸ਼ਹਾਲ ਹੋਣ ਵਧਣ ਦੇ ਪਹਿਲਾਂ ਵਰਗੇ ਹੋਰ ਮੌਕੇ ਮਿਲਦੇ ਰਹਿਣਗੇ। -0-

# ਇਕਸਾਰ ਸਿਵਲ ਕੋਡ ਅਤੇ ਘੱਟਗਿਣਤੀਆਂ

ਪੂਨਮ ਕੌਸ਼ਿਸ਼

ਧਰਮ ਨਿਰਪੱਖਤਾ ਸ਼ਬਦ ਤੋਂ ਹਿੰਦੂਵਾਦੀ ਬ੍ਰਿਗੇਡ ਹਮੇਸ਼ਾ ਚਿੜਦੀ ਰਹੀ ਹੈ ਅਤੇ ਸਿਆਸੀ ਛੂਆ-ਛੂਤ ਕਾਂਗਰਸ ਲਈ ਦਿਲਖਿਚਵਾਂ ਸ਼ਬਦ ਰਿਹਾ ਹੈ ਜਿਸ ਕਾਰਨ ਰਾਮ, ਅੱਲ੍ਹਾ ਅਤੇ ਯਿਸੂ ਨੂੰ 'ਸਿਆਸੀ ਚੋਣ ਪੋਸਟਰ' ਬਣਾ ਦਿੱਤਾ ਗਿਆ ਹੈ। ਹੁਣ ਜੇ ਮੋਦੀ ਸਰਕਾਰ ਦੀ ਚੱਲੀ ਤਾਂ ਅਜਿਹਾ ਨਹੀਂ ਹੋਵੇਗਾ, ਕਿਉਂਕਿ ਨਰੇਂਦਰ ਮੋਦੀ ਵਿਵਾਦਪੂਰਨ ਇਕਸਾਰ ਸਿਵਲ ਕੋਡ ਦੇ ਜ਼ਰੀਏ ਭਾਰਤ ਦੇ ਵੰਨ-ਸੁਵੰਨੇ ਸਮਾਜਿਕ ਤਾਣੇ-ਬਾਣੇ ਨੂੰ ਇਕ ਰਾਸ਼ਟਰ ਦੇ ਸੂਤਰ ਵਿਚ ਪਿਰੋਣ ਦੀ ਦਿਸ਼ਾ ਵਿਚ ਕਦਮ ਚੁੱਕ ਰਹੇ ਹਨ।

ਇਸ ਵਿਚ ਨਵਾਂ ਕੀ ਹੈ? ਇਸ ਦਾ ਅਹਿਸਾਸ ਉਦੋਂ ਹੋਇਆ, ਜਦੋਂ ਸਰਕਾਰ ਨੇ ਕਾਨੂੰਨ ਕਮਿਸ਼ਨ ਨੂੰ ਤਜਵੀਜ਼ ਭੇਜੀ ਕਿ ਉਹ ਪਤਾ ਲਾਵੇ ਕਿ ਕਿਸ ਤਰ੍ਹਾਂ ਵੱਖ-ਵੱਖ ਧਰਮਾਂ ਨੂੰ ਚਲਾਉਣ ਵਾਲੇ ਨਿਜੀ ਕਾਨੂੰਨਾਂ ਦੀ ਥਾਂ ਇਕਸਾਰ ਸਿਵਲ ਕੋਡ ਬਣਾਇਆ ਜਾ ਸਕਦਾ ਹੈ। ਇਕਸਾਰ ਸਿਵਲ ਕੋਡ 2014 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਦੇ ਚੋਣ ਮਨੋਰਥ ਪੱਤਰ ਵਿਚ ਵੀ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਭਾਰਤ ਵਿਚ ਉਦੋਂ ਤਕ ਲਿੰਗਕ ਬਰਾਬਰੀ ਨਹੀਂ ਆ ਸਕਦੀ, ਜਦੋਂ ਤਕ ਇਕਸਾਰ ਸਿਵਲ ਕੋਡ ਨੂੰ ਲਾਗੂ ਨਹੀਂ ਕੀਤਾ ਜਾਂਦਾ, ਜਿਸ ਤਹਿਤ ਜਾਤ ਅਤੇ ਧਰਮ ਦੇ ਆਧਾਰ 'ਤੇ ਵਿਤਕਰੇ ਤੋਂ ਬਿਨਾ ਸਾਰੀਆਂ ਔਰਤਾਂ ਦੇ ਹੱਕਾਂ ਦੀ ਰਾਖੀ ਹੋਵੇ।

ਇਸ 'ਤੇ ਕਾਂਗਰਸ ਲੀਡਰਸ਼ਿਪ ਨੇ ਰੌਲਾ ਪਾਉਣਾ ਸ਼ੁਰੂ ਕਰ ਦਿਤਾ। ਉਨ੍ਹਾਂ ਦਾ ਕਹਿਣਾ ਹੈ ਕਿ ਭਾਜਪਾ ਇਸ ਮੁੱਦੇ ਨੂੰ ਅਗਲੇ ਸਾਲ ਦੇ ਸ਼ੁਰੂ ਵਿਚ ਯੂ.ਪੀ. ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਉਠਾ ਰਹੀ ਹੈ। ਇਹ ਸੱਚ ਹੈ ਕਿ ਮੋਦੀ ਸਰਕਾਰ ਇਕਸਾਰ ਸਿਵਲ ਕੋਡ 'ਤੇ ਦੂਜੀ ਵਾਰ ਕਦਮ ਚੁੱਕ ਰਹੀ ਹੈ। ਪਿਛਲੇ ਸਾਲ ਜੁਲਾਈ ਵਿਚ ਸੰਸਦ ਦੇ ਮਾਨਸੂਨ ਸੈਸ਼ਨ ਦੌਰਾਨ ਪ੍ਰਸ਼ਨਕਾਲ ਵੇਲੇ ਕਾਨੂੰਨ ਮੰਤਰੀ ਨੇ ਸਵਾਲ ਦੇ ਜਵਾਬ ਵਿਚ ਕਿਹਾ ਸੀ ਕਿ ਸਰਕਾਰ ਸੰਵਿਧਾਨ ਦੀ ਧਾਰਾ-44 ਬਾਰੇ ਵੱਖ-ਵੱਖ ਲੋਕਾਂ ਨਾਲ ਸਲਾਹ ਕਰ ਰਹੀ ਹੈ।

ਸਰਕਾਰ ਨੇ ਪਿਛਲੇ ਸਾਲਾਂ ਵਿਚ ਚਾਰ ਵਾਰ ਇਕਸਾਰ ਸਿਵਲ ਕੋਡ ਬਣਾਉਣ ਦੀ ਕੋਸ਼ਿਸ਼ ਕੀਤੀ-ਸ਼ਾਹਬਾਨੋ ਮਾਮਲੇ ਵਿਚ 1985 ਵਿਚ, ਈਸਾਈ ਪਾਦਰੀ ਜੋਨ ਦੇ ਮਾਮਲੇ ਵਿਚ 2003 ਵਿਚ, ਮੁਸਲਿਮ ਮਹਿਲਾ ਇਮਰਾਨਾ ਦੇ ਮਾਮਲੇ ਵਿਚ 2005 ਵਿਚ ਅਤੇ ਪਿਛਲੇ ਸਾਲ ਅਕਤੂਬਰ ਵਿਚ ਸੁਪਰੀਮ ਕੋਰਟ ਵਿਚ ਮੁਸਲਿਮ ਔਰਤਾਂ ਵਲੋਂ ਪਰਸਨਲ ਲਾਅ ਦੇ ਤਹਿਤ ਤਿੰਨ ਵਾਰ 'ਤਲਾਕ' ਤੇ ਵਿਆਹ ਪ੍ਰਥਾ ਦੀ ਮਾਨਤਾ ਨੂੰ ਚੁਣੌਤੀ ਦੇਣ ਲਈ ਪਟੀਸ਼ਨ ਦਾਇਰ ਕੀਤੀ ਗਈ। ਅਦਾਲਤ ਨੇ ਕਿਹਾ ਕਿ ਵੱਖ-ਵੱਖ ਧਾਰਮਿਕ ਰਵਾਇਤਾਂ ਨੂੰ ਚਲਾਉਣ ਵਾਲੇ ਵੱਖ-ਵੱਖ ਨਿਜੀ ਕਾਨੂੰਨਾਂ ਕਾਰਨ ਪੂਰੀ ਤਰ੍ਹਾਂ ਭਰਮ ਵਾਲੀ ਹਾਲਤ ਬਣੀ ਹੋਈ ਹੈ।

ਤਿੰਨ ਜੱਜਾਂ ਦੇ ਡਿਵੀਜ਼ਨ ਬੈਂਚ ਨੇ ਕੇਂਦਰ ਸਰਕਾਰ ਨੂੰ ਪੁੱਛਿਆ ਕਿ ਮੁਸਲਿਮ ਔਰਤਾਂ ਨਾਲ ਲਿੰਗ ਦੇ ਆਧਾਰ 'ਤੇ ਵਿਤਕਰਾ ਧਾਰਾ-14, 15 ਅਤੇ 21 ਦੇ ਤਹਿਤ ਮੂਲ ਅਧਿਕਾਰਾਂ ਦੀ ਉਲੰਘਣਾ ਨਹੀਂ ਹੈ? ਅਦਾਲਤ ਨੇ ਕੇਂਦਰ ਨੂੰ ਇਹ ਵੀ ਸਪਸ਼ਟ ਕਰਨ ਲਈ ਕਿਹਾ ਕਿ ਕੀ ਉਹ ਇਕਸਾਰ ਸਿਵਲ ਕੋਡ ਲਾਗੂ ਕਰਨ ਲਈ ਤਿਆਰ ਹੈ? ਇਕਸਾਰ ਸਿਵਲ ਕੋਡ ਵਿਚ ਅਜਿਹਾ ਕੀ ਹੈ ਕਿ ਹਿੰਦੂਵਾਦੀ ਬ੍ਰਿਗੇਡ ਨੂੰ ਛੱਡ ਕੇ ਬਾਕੀ ਸਾਰੀਆਂ ਪਾਰਟੀਆਂ ਇਸ ਦਾ ਵਿਰੋਧ ਕਰਦੀਆਂ ਹਨ? ਧਾਰਾ-44 ਵਿਚ ਸਪਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਸਰਕਾਰ ਪੂਰੇ ਭਾਰਤ ਵਿਚ ਨਾਗਰਿਕਾਂ ਲਈ ਇਕਸਾਰ ਸਿਵਲ ਕੋਡ ਬਣਾਉਣ ਦੀ ਕੋਸ਼ਿਸ਼ ਕਰੇਗੀ। ਕੀ ਇਹ ਫਰਾਂਸੀਸੀ ਜਾਂ ਇਤਾਲਵੀ ਭਾਸ਼ਾ ਵਿਚ ਲਿਖੀ ਗਈ ਹੈ? ਇਸ ਧਾਰਾ ਤੋਂ ਸਪਸ਼ਟ ਹੈ ਕਿ ਸਭਿਅਕ ਸਮਾਜ ਵਿਚ ਧਾਰਮਿਕ ਅਤੇ ਪਰਸਨਲ ਕਾਨੂੰਨਾਂ ਵਿਚਾਲੇ ਕੋਈ ਜ਼ਰੂਰੀ ਸਬੰਧ ਨਹੀਂ ਹਨ।

> *ਸਵਾਲ ਉਠਦਾ ਹੈ ਕਿ ਇਕਸਾਰ ਸਿਵਲ ਕੋਡ ਨੂੰ ਧਾਰਮਿਕ ਆਜ਼ਾਦੀ ਦੇ ਅਧਿਕਾਰ ਦੀ ਉਲੰਘਣਾ ਜਾਂ ਘੱਟਗਿਣਤੀ ਵਿਰੋਧੀ ਕਿਉਂ ਮੰਨਿਆ ਜਾਂਦਾ ਹੈ? ਜੇ ਹਿੰਦੂ ਪਰਸਨਲ ਕਾਨੂੰਨ ਵਿਚ ਸੋਧ ਕੀਤੀ ਜਾ ਸਕਦੀ ਹੈ ਅਤੇ ਈਸਾਈ ਰਵਾਇਤਾਂ ਨੂੰ ਗੈਰ-ਸੰਵਿਧਾਨਿਕ ਕਰਾਰ ਦਿਤਾ ਜਾ ਸਕਦਾ ਹੈ, ਤਾਂ ਫਿਰ ਧਰਮ ਨਿਰਪੱਖਤਾ ਦੀ ਖ਼ਾਤਿਰ ਮੁਸਲਿਮ ਪਰਸਨਲ ਲਾਅ ਨੂੰ ਇੰਨਾ ਪਵਿੱਤਰ ਕਿਉਂ ਮੰਨਿਆ ਜਾਂਦਾ ਹੈ।*

ਸਵਾਲ ਉਠਦਾ ਹੈ ਕਿ ਇਕਸਾਰ ਸਿਵਲ ਕੋਡ ਨੂੰ ਧਾਰਮਿਕ ਆਜ਼ਾਦੀ ਦੇ ਅਧਿਕਾਰ ਦੀ ਉਲੰਘਣਾ ਜਾਂ ਘੱਟਗਿਣਤੀ ਵਿਰੋਧੀ ਕਿਉਂ ਮੰਨਿਆ ਜਾਂਦਾ ਹੈ? ਜੇ ਹਿੰਦੂ ਪਰਸਨਲ ਕਾਨੂੰਨ ਵਿਚ ਸੋਧ ਕੀਤੀ ਜਾ ਸਕਦੀ ਹੈ ਅਤੇ ਈਸਾਈ ਰਵਾਇਤਾਂ ਨੂੰ ਗੈਰ-ਸੰਵਿਧਾਨਿਕ ਕਰਾਰ ਦਿਤਾ ਜਾ ਸਕਦਾ ਹੈ, ਤਾਂ ਫਿਰ ਧਰਮ ਨਿਰਪੱਖਤਾ ਦੀ ਖ਼ਾਤਿਰ ਮੁਸਲਿਮ ਪਰਸਨਲ ਲਾਅ ਨੂੰ ਇੰਨਾ ਪਵਿੱਤਰ ਕਿਉਂ ਮੰਨਿਆ ਜਾਂਦਾ ਹੈ। ਸਾਰੀਆਂ ਪਾਰਟੀਆਂ ਇਸ ਤੱਥ ਨੂੰ ਅਣਡਿੱਠ ਕਰ ਰਹੀਆਂ ਹਨ ਕਿ ਸੰਵਿਧਾਨ ਦੇ ਪਿਤਾਮਾ ਡਾ. ਅੰਬੇਦਕਰ ਨੇ ਬਦਲਵੇਂ ਇਕਸਾਰ ਸਿਵਲ ਕੋਡ ਦੀ ਵਕਾਲਤ ਕੀਤੀ ਸੀ। ਸੰਵਿਧਾਨ ਸਭਾ ਵਿਚ ਧਾਰਾ-35 (ਜੋ ਹੁਣ ਧਾਰਾ-44 ਹੈ) ਉਤੇ ਬਹਿਸ ਦੌਰਾਨ 3 ਨਵੰਬਰ 1948 ਨੂੰ ਜਦੋਂ ਤਿੰਨ ਮੁਸਲਿਮ ਮੈਂਬਰਾਂ ਨੇ ਇਸ ਧਾਰਾ ਦਾ ਵਿਰੋਧ ਕੀਤਾ ਕਿ ਇਹ ਉਨ੍ਹਾਂ ਦੇ ਪਰਸਨਲ ਲਾਅ ਦੀ ਪਾਲਣਾ ਕਰਨ ਵਿਚ ਦਖ਼ਲ ਦੇਵੇਗੀ ਤਾਂ ਡਾ. ਅੰਬੇਦਕਰ ਨੇ ਦੋ ਟਿੱਪਣੀਆਂ ਕੀਤੀਆਂ ਸਨ। ਪਹਿਲੀ ਇਹ ਕਿ ਮੁਸਲਿਮ ਪਰਸਨਲ ਲਾਅ ਪੂਰੇ ਦੇਸ਼ ਵਿਚ ਇਕੋ ਜਿਹਾ ਨਹੀਂ ਹੈ ਅਤੇ ਦੂਜੀ ਇਸ ਧਾਰਾ ਵਿਚ ਇਹ ਤਜਵੀਜ਼ ਰੱਖੀ ਗਈ ਹੈ ਕਿ ਸਰਕਾਰ ਆਪਣੇ ਨਾਗਰਿਕਾਂ ਲਈ ਇਕਸਾਰ ਸਿਵਲ ਕੋਡ ਹਾਸਿਲ ਕਰਨ ਦੀ ਕੋਸ਼ਿਸ਼ ਕਰੇਗੀ।

ਅਜਿਹੀ ਵਿਵਸਥਾ ਨਹੀਂ ਸੀ ਕਿ ਇਸ ਕੋਡ ਨੂੰ ਬਣਾਉਣ ਤੋਂ ਬਾਅਦ ਸਰਕਾਰਾਂ ਇਸ ਨੂੰ ਸਿਰਫ਼ ਇਸ ਲਈ ਲਾਗੂ ਕਰ ਦੇਣਗੀਆਂ ਕਿ ਉਹ ਦੇਸ਼ ਦੇ ਨਾਗਰਿਕ ਹਨ। ਡਾ. ਅੰਬੇਦਕਰ ਨੇ ਕਿਹਾ ਸੀ ਕਿ ਭਵਿੱਖ ਵਿਚ ਸੰਸਦ ਅਜਿਹੀ ਵਿਵਸਥਾ ਬਣਾ ਸਕਦੀ ਹੈ ਜੋ ਸ਼ੁਰੂਆਤੀ ਤੌਰ 'ਤੇ ਪੂਰੀ ਤਰ੍ਹਾਂ ਸਵੈ-ਇਛੁਕ ਹੋਵੇ। ਸਵਾਲ ਉਠਦਾ ਹੈ ਕਿ ਇਕਸਾਰ ਸਿਵਲ ਕੋਡ ਨੂੰ ਘੱਟਗਿਣਤੀ-ਵਿਰੋਧੀ ਕਿਉਂ ਮੰਨਿਆ ਜਾਂਦਾ ਹੈ?

ਹੈਰਾਨੀ ਦੀ ਗੱਲ ਹੈ ਕਿ ਅੱਜ ਪੜ੍ਹੇ-ਲਿਖੇ ਤੇ ਉਦਾਰ ਮੁਸਲਮਾਨ ਵੀ ਇਸ ਮੁੱਦੇ 'ਤੇ ਚੁੱਪ ਹਨ। ਕੀ ਉਹ ਇਹ ਨਹੀਂ ਜਾਣਦੇ ਕਿ ਕਈ ਇਸਲਾਮਿਕ ਦੇਸ਼ਾਂ ਵਿਚ ਮੁਸਲਿਮ ਪਰਸਨਲ ਲਾਅ ਦੀ ਦੁਰਵਰਤੋਂ ਨੂੰ ਰੋਕਣ ਲਈ ਇਸ ਨੂੰ ਜ਼ਾਬਤਾਬੱਧ ਕਰ ਦਿਤਾ ਗਿਆ ਹੈ ਤੇ ਇਸ ਵਿਚ ਸੁਧਾਰ ਕੀਤਾ ਗਿਆ ਹੈ? ਇਕ ਤੋਂ ਵੱਧ ਵਿਆਹਾਂ ਦੀ ਪ੍ਰਥਾ ਉਤੇ ਸੀਰੀਆ, ਟਿਊਨੀਸ਼ੀਆ, ਮੋਰਾਕੋ, ਇਰਾਨ ਅਤੇ ਇਥੋਂ ਤਕ ਕਿ ਪਾਕਿਸਤਾਨ ਵਿਚ ਵੀ ਪਾਬੰਦੀ ਹੈ। ਸਵਾਲ ਹੈ ਕਿ ਕੀ ਸਰਕਾਰ ਜਾਤ ਅਤੇ ਧਰਮ ਦੇ ਆਧਾਰ 'ਤੇ ਵਿਤਕਰਾ ਕਰੇ? ਕਿਸੇ ਧਰਮ ਨਿਰਪੱਖ ਰਾਜ ਵਿਚ ਅਜਿਹਾ ਨਹੀਂ ਹੋ ਸਕਦਾ, ਪਰ ਅੱਜ ਦੀ ਸਮਾਜਿਕ ਤੇ ਸਿਆਸੀ ਅਸਲੀਅਤ ਵਿਚ ਡਾ. ਅੰਬੇਦਕਰ ਦੀ ਸਲਾਹ ਨੂੰ ਅਣਡਿੱਠ ਕੀਤਾ ਜਾ ਰਿਹਾ ਹੈ ਤੇ ਧਾਰਾ-44 ਮਰਨ ਕੰਢੇ ਪਹੁੰਚ ਗਈ ਹੈ।

ਫਿਰ ਇਸ ਸਮੱਸਿਆ ਦਾ ਹੱਲ ਕੀ ਹੈ? ਹਿੰਦੂ ਤੇ ਮੁਸਲਿਮ ਕੱਟੜਵਾਦੀਆਂ ਵਲੋਂ ਵਿਗਾੜੇ ਮਾਹੌਲ ਵਿਚ ਹੁਣ ਸਰਕਾਰ 'ਤੇ ਨਿਰਭਰ ਕਰਦਾ ਹੈ ਕਿ ਉਹ ਵੱਖ-ਵੱਖ ਤਰ੍ਹਾਂ ਦੇ ਵਾਅਦਿਆਂ ਤੋਂ ਮੁਕਤ ਹੋਣਾ ਚਾਹੁੰਦੀ ਹੈ ਤੇ ਅਸਲੀ ਧਰਮ ਨਿਰਪੱਖਤਾ ਉਤੇ ਨਿਰਭਰ ਰਹਿਣਾ ਚਾਹੁੰਦੀ ਹੈ ਕਿਉਂਕਿ ਦੇਸ਼ ਦਾ ਧਰਮ ਨਿਰਪੱਖ ਸਰੂਪ ਕਿਸੇ ਰਹੱਸ ਦੇ ਪਰਦੇ ਹੇਠਾਂ ਨਹੀਂ ਹੈ। ਸੱਚੇ ਲੋਕਤੰਤਰ ਵਿਚ ਕੋਈ ਸਰਕਾਰ ਨਾ ਤਾਂ ਈਸ਼ਵਰ ਦੀ ਸਮਰਥਕ ਹੁੰਦੀ ਹੈ ਅਤੇ ਨਾ ਹੀ ਈਸ਼ਵਰ-ਵਿਰੋਧੀ। ਸਰਕਾਰ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਸਾਰੇ ਧਰਮਾਂ ਤੇ ਸਾਰੇ ਲੋਕਾਂ ਨਾਲ ਇਕੋ ਜਿਹਾ ਵਰਤਾਓ ਕਰੇ ਤੇ ਧਰਮ ਦੇ ਆਧਾਰ 'ਤੇ ਕਿਸੇ ਨਾਲ ਵੀ ਵਿਤਕਰਾ ਨਾ ਹੋਵੇ। -0-

# ਸੱਤਾਂ ਪਰਦਿਆਂ 'ਚ ਲਿਪਟੀ

# ਸੁਰਜੀਤ ਸਖੀ



***ਕਾਨਾ ਸਿੰਘ ਵੱਲੋਂ ਪੰਜਾਬੀ ਦੀ ਉਮਦਾ ਸ਼ਾਇਰਾ ਸੁਰਜੀਤ ਸਖੀ ਨਾਲ ਕੀਤੀ ਗਈ ਇਹ ਮੁਲਾਕਾਤ ਤਕਰੀਬਨ ਇਕ ਦਹਾਕਾ ਪੁਰਾਣੀ ਹੈ, ਪਰ ਇਸ ਵਿਚ ਸ਼ਾਇਰੀ, ਸਾਹਿਤ ਅਤੇ ਜੱਗ-ਜਹਾਨ ਬਾਰੇ ਜੋ ਸਵਾਲ-ਜਵਾਬ ਹਨ, ਉਹ ਅੱਜ ਵੀ ਸਾਡੇ ਆਲੇ-ਦੁਆਲੇ ਦੀ ਬਾਤ ਪਾਉਂਦੇ ਜਾਪਦੇ ਹਨ। ਸ਼ਬਦਾਂ ਦੀ ਇਹੀ ਤਾਕਤ ਹੁੰਦੀ ਹੈ ਜੋ ਅਕਸਰ ਸਮੇਂ ਤੋਂ ਪਾਰ ਜਾਂਦੀ ਹੈ ਅਤੇ ਸਰਬ-ਸਮਿਆਂ ਦੇ ਹਾਣ ਦੀ ਹੋ ਨਿਬੜੀ ਹੈ। ਇਸ ਮੁਲਾਕਾਤ ਤੋਂ ਸੁਰਜੀਤ ਸਖੀ ਦੀ ਸ਼ਾਇਰੀ ਦੇ ਬੜੇ ਸਹਿਜ-ਦਰਸ਼ਨ ਹੁੰਦੇ ਹਨ। -ਸੰਪਾਦਕ***

*ਕਵਿਤਾ ਉਸ ਨੂੰ ਗੁੜ੍ਹਤੀ ਵਿਚ ਮਿਲੀ ਤੇ ਤਖੱਲਸ ਉਹਦੇ ਪ੍ਰਸ਼ੰਸਕਾਂ ਨੇ ਦਿੱਤਾ। ਉਹ ਨਾ ਦਏ ਆਪਣਾ ਰਾਜ਼ ਕਿਸੇ ਵੀ ਸਖੀ-ਸਖੇ ਨੂੰ। ਉਹਦੀ ਸਖੀ ਕੇਵਲ ਉਹਦੀ ਕਲਮ ਤੇ ਉਸ ਦਾ ਮਿੱਤਰ ਕੇਵਲ ਉਹਦਾ ਕਲਾਮ। ਪੰਜਾਬੀ ਕਾਵਿ ਜਗਤ ਦਾ ਨਵੇਕਲਾ ਹਸਤਾਖਰ ਸੁਰਜੀਤ ਸਖੀ।...*

? ਸਖੀ ਜੀ, ਆਪਣੇ ਕੁਝ ਖਾਸ ਸ਼ਿਅਰ ਸੁਣਾਓ ਜਿਨ੍ਹਾਂ ਤੋਂ ਤੁਹਾਨੂੰ ਤਸੱਲੀ ਹੋਈ ਹੋਵੇ।



**ਕਾਨਾ ਸਿੰਘ**
ਫੋਨ:+91-95019-44944

- ਤਸੱਲੀ ਤਾਂ ਕੀ ਹੁੰਦੀ ਹੈ ਕਾਨਾ ਜੀ, ਆਪਣੇ ਸ਼ਿਅਰ ਤਾਂ ਬਸ ਐਵੇਂ ਪ੍ਰੇਸ਼ਾਨ ਹੀ ਕਰਦੇ ਹਨ। ਸੌ ਕਮੀਆਂ ਦਿਸਣ ਲੱਗ ਪੈਂਦੀਆਂ ਹਨ ਸ਼ਿਅਰ ਵਿਚ, ਕੁਝ ਦੇਰ ਬਾਅਦ; ਫੇਰ ਵੀ ਚੰਦ ਖਿਆਲ ਹਾਜ਼ਰ ਹਨ।...

? ਇਰਸ਼ਾਦ!

- ਸਾਗਰ ਤੋਂ ਮੈਂ ਘਟਾ ਯਾ ਨਦੀ,
ਇਸ ਲਈ ਬਣਾਂ
ਵੀਰਾਨ ਰਸਤਿਆਂ ਵਿਚੋਂ
ਦੁਬਾਰਾ ਗੁਜ਼ਰ ਸਕਾਂ।
ਡੂੰਘੇ ਬਹੁਤ ਖਿਆਲ
ਬੜੇ ਪੇਤਲੇ ਨੇ ਲਫ਼ਜ਼
ਕੋਸ਼ਿਸ਼ ਕਰਾਂਗੀ ਆਪਾ
ਗਜ਼ਲ ਵਿਚ ਉਤਾਰ ਸਕਾਂ।

0

ਉਂਝ ਤਾਂ ਬੰਦਾ ਬਦਲ ਜਾਂਦਾ ਹੈ
ਘਟਨਾਵਾਂ ਦੇ ਨਾਲ
ਅੰਦਰੋਂ ਜੁੜਿਆ ਹੀ ਰਹਿੰਦੈ ਪਰ,
ਉਹ ਕੁਝ ਥਾਂਵਾਂ ਦੇ ਨਾਲ।

0

ਫਿਰ ਉਸ ਦੇ ਪਾਰਦਰਸ਼ੀ ਹੋਣ ਦਾ
ਕੀ ਅਰਥ ਰਹਿ ਜਾਂਦੈ
ਜੇ ਸ਼ੀਸ਼ਾ ਪਰਦਿਆਂ ਵਿਚ ਹੋ ਰਹੀ
ਸਾਜ਼ਿਸ਼ 'ਚ ਰਲ ਜਾਏ।

0

ਸੰਜਮ ਦੇ ਨਾਲ ਵਰ੍ਹ ਤੂੰ
ਮਿਰੀ ਪਿਆਸ 'ਤੇ ਨਾ ਜਾ
ਐਨੀ ਨਮੀ ਨਾ ਦੇ ਕਿ
ਮੈਂ ਔੜਾਂ ਨਾ ਜਰ ਸਕਾਂ।

0

ਫੇਰ ਤੋਂ ਗਲ ਨਾਲ ਲਗ ਕੇ
ਤਰਸਦੀ ਹੈ ਰੋਣ ਨੂੰ
ਖੁਰ ਗਈ ਮਿੱਟੀ ਜੋ
ਇਸ ਪਰਬਤ ਦੀ ਦਰਿਆਵਾਂ ਦੇ ਨਾਲ।

0

ਮੈਥੋਂ ਪੁੱਛ ਨਾ ਹਾਲ ਪੰਜਾਬ ਦਾ
ਇਹ ਸਫ਼ਾ ਹੈ ਸੁਰਖ ਕਿਤਾਬ ਦਾ,
ਜਿਹਨੂੰ ਲਿਖਣ ਵਾਲੇ ਦੇ ਪੋਟਿਆਂ 'ਚ
ਕਲਮ ਦੀ ਨੋਕ ਉਤਰ ਗਈ।
ਇਹ ਜੋ ਸੜਕਾਂ 'ਤੇ ਡੁੱਲ੍ਹਿਆ ਲਹੂ ਐ ਖੁਦਾ
ਤੇਰੇ ਸਿਰ ਹੀ ਤਾਂ ਔਂਦਾ ਹੈ ਇਸ ਦਾ ਗਿਲਾ
ਸੀ ਮਨੁੱਖ ਵਿਚ ਜੋ ਜਾਨਵਰ ਸੌਂ ਰਿਹਾ
ਉਹ ਤੇਰਾ ਨਾਮ ਲੈ ਕੇ ਜਗਾਇਆ ਗਿਆ।

? ਬਹੁਤ ਖੂਬ! ਬੜੇ ਗਹਿਰ ਗੰਭੀਰ ਹੋ। ਹੁਣ ਇਹ ਦਸੋ ਕਿ ਸਾਹਿਤ ਦੀ ਮੱਸ ਕੀਕੂੰ ਲੱਗੀ?

- ਸਾਹਿਤ ਦੀ ਮੱਸ ਬਚਪਨ ਤੋਂ ਹੀ ਸੀ। ਘਰੇਲੂ ਮਾਹੌਲ ਕਾਵਿਕ ਸੀ। ਪਿਤਾ ਜੀ ਬੜੇ ਉਚ ਕੋਟੀ ਦੇ ਕਵੀ ਹਨ। ਘਰ ਵਿਚ ਬਹੁਤ ਸਾਹਿਤ ਪੜ੍ਹਿਆ ਜਾਂਦਾ ਸੀ। ਉਨ੍ਹਾਂ ਨੇ ਮੇਰੇ ਉਤੇ ਬੜੀ ਮਿਹਨਤ ਕੀਤੀ। ਮੇਰੀ ਕਾਵਿ ਪ੍ਰਤਿਭਾ ਵਿਚ ਉਹ ਸ਼ਾਮਲ ਹਨ।

? ਕਿਥੇ ਹਨ ਉਹ।

- ਪਤਾ ਨਹੀਂ। ਮੁੱਦਤ ਹੋਈ ਮਾਨਸਿਕ ਰੋਗ ਵੱਸ ਘਰ-ਬਾਰ ਛੱਡ ਕੇ ਤੁਰ ਗਏ ਵੈਰਾਗ ਵਿਚ।

? ਕਦੇ ਮੇਲ ਨਹੀਂ ਹੋਇਆ?

- ਇਕ ਵੇਰਾਂ ਖਤ ਆਇਆ ਸੀ, ਕਿਸੇ ਮਾਨਸਿਕ ਹਸਪਤਾਲ 'ਚੋਂ। ਉਹ ਵੀ ਮੈਨੂੰ ਹੀ। ਅਸੀਂ ਉਥੇ ਗਏ, ਉਹ ਮਿਲੇ ਨਹੀਂ। ਹੁਣ ਪਤਾ ਨਹੀਂ ਕਿਥੇ ਹਨ। ਇਹ ਗੁੱਝੀ ਪੀੜ ਹੈ।

? ਉਨ੍ਹਾਂ ਦੀਆਂ ਕਾਵਿ-ਪੁਸਤਕਾਂ ਤੁਹਾਡੇ ਕੋਲ ਹੈਨ? ਛਪੀਆਂ, ਅਣਛਪੀਆਂ ਕਿਰਤਾਂ।

- ਪੁਸਤਕ ਉਨ੍ਹਾਂ ਕੋਈ ਛਾਪੀ ਨਹੀਂ ਸੀ। ਉਨ੍ਹਾਂ ਦਾ ਕਲਾਮ ਪੈਂਫ਼ਲਿਟ ਦੇ ਰੂਪ ਵਿਚ ਮੇਰੇ ਕੋਲ ਹੈ।

? ਉਨ੍ਹਾਂ ਦੇ ਕਿਸੇ ਸ਼ਿਅਰ ਦਾ ਖਿਆਲ ਤੁਹਾਡੀਆਂ ਨਜ਼ਮਾਂ ਵਿਚ ਆਇਆ ਹੋਵੇ।

- ਨਹੀਂ, ਮੇਰੀ ਕਵਿਤਾ ਵਿਚੋਂ ਕਿਤੇ ਵੀ ਉਨ੍ਹਾਂ ਦਾ ਸਿੱਧੇ ਜਾਂ ਅਸਿੱਧੇ ਤੌਰ 'ਤੇ ਸੰਕੇਤ ਨਹੀਂ ਮਿਲਦਾ।

? ਤੁਹਾਡਾ ਪਹਿਲਾ ਪਿਆਰ।

- ਆਪਣਾ ਆਲਾ-ਦੁਆਲਾ, ਖੇਤ, ਹਵਾ, ਹਰਿਆਲੀ, ਜੰਗਲ, ਧੁੱਪ, ਪਹਾੜ, ਨਦੀਆਂ, ਅੰਬਰ, ਬੱਦਲ, ਮੌਸਮਾਂ ਦੇ ਬਦਲਦੇ ਰੂਪ...।

? ਮੇਰਾ ਮਤਲਬ ਇਸ਼ਕ ਮੁਹੱਬਤ ਤੋਂ ਹੈ, ਰੂਹ ਤੇ ਹਾਣ ਦੀ ਗੱਲ।

- ਤੇ ਉਹ ਮੈਂ ਨਹੀਂ ਕਰਨੀ।

? ਤੁਹਾਡੇ ਪਤੀ।

- ਬੇਹੱਦ ਸਾਊ ਆਦਮੀ। ਬੇਹੱਦ ਮੁਹੱਬਤ ਕਰਨ ਵਾਲੇ। ਉਹ ਮੇਰੀ ਆਵਾਜ਼ ਉਤੇ ਮੋਹਿਤ ਹੋ ਗਏ ਸਨ, ਤੇ ਫੇਰ ਸ਼ਾਦੀ...।

? ਉਨ੍ਹਾਂ ਦਾ ਤੁਹਾਡੀ ਸਾਹਿਤ ਸਿਰਜਣਾ ਵਿਚ ਯੋਗਦਾਨ?

- ਸਾਹਿਤ ਸਿਰਜਣਾ ਤਾਂ ਮੇਰੀ ਆਪਣੀ ਘਾਲਣਾ ਐ। ਉਨ੍ਹਾਂ ਵੱਲੋਂ ਬਸ ਭਰਪੂਰ ਹੁੰਗਾਰਾ ਮਿਲਦਾ ਹੈ।

? ਵੇਖਿਆ ਗਿਐ ਕਿ ਪਤੀ-ਪਰਿਵਾਰ ਨਾਲ ਜੁੜੀਆਂ ਇਸਤਰੀ ਸਾਹਿਤਕਾਰਾਂ ਦੇ ਸਾਹਿਤ ਦੀ ਸੁਰ ਮੱਧਮ ਹੈ ਜਦ ਕਿ ਛੜੀਆਂ, ਸੁਤੰਤਰ ਜੀਵਨ ਜੀ ਰਹੀਆਂ ਲੇਖਿਕਾਵਾਂ ਜਾਂ ਕਲਾਕਾਰ ਬੇਬਾਕ ਹਨ। ਲਿਖਤਾਂ ਵਿਚ ਵੀ ਬੇਧੜਕ ਤੇ ਆਪਣੀ ਗੱਲ ਕਰਨ ਵਿਚ ਵੀ। ਤੁਹਾਡਾ ਕੀ ਵਿਚਾਰ ਹੈ?

- ਪਤਾ ਨਹੀਂ ਸਾਡੇ ਲੋਕ ਮੱਧਮ ਸੁਰ ਤੇ ਬੇਬਾਕ ਸ਼ਾਇਰੀ ਬਾਰੇ ਕਿਸ ਤਰ੍ਹਾਂ ਦੀ ਰਾਇ ਰੱਖਦੇ ਹਨ। ਬੇਧੜਕ ਸ਼ਾਇਰੀ ਦੇ ਬਹਾਨੇ ਊਲ-ਜਲੂਲ ਕਹੀ ਜਾਣਾ ਮੈਨੂੰ ਤਾਂ ਸ਼ਾਇਰੀ ਦੀ ਤੌਹੀਨ ਲਗਦੀ ਐ। ਸ਼ਾਇਰੀ ਤਾਂ ਬਹੁਤ ਹੀ ਸੂਖਮ ਸ਼ੈਅ ਹੈ। ਸੱਤਾਂ ਪਰਦਿਆਂ ਵਿਚ ਲਿਪਟੀ ਸ਼ਰਮ ਵਰਗੀ। ਖੌਰੀ ਤੋਂ ਖੌਰੀ ਗੱਲ ਨਰਮ ਤੋਂ ਨਰਮ ਲਫ਼ਜ਼ਾਂ ਵਿਚ ਕਹਿ ਸਕਣਾ ਹੀ ਤਾਂ ਸ਼ਾਇਰੀ ਐ। ਮੈਂ ਜੋ ਵੀ ਕਹਿਣਾ ਚਾਹਿਆ ਹੈ, ਖੁੱਲ੍ਹ ਕੇ ਕਿਹਾ ਹੈ।

? ਤੁਹਾਡਾ ਪਰਿਵਾਰਕ ਜੀਵਨ।

- ਪਰਿਵਾਰਕ ਜੀਵਨ ਬਿਲਕੁਲ ਠੀਕ-ਠਾਕ ਐ, ਜਿਵੇਂ ਆਮ ਹੁੰਦਾ ਹੈ। ਮੈਂ ਘਰਦਿਆਂ ਉਤੇ ਕਦੇ ਆਪਣੀ ਸ਼ਾਇਰੀ ਨਹੀਂ ਮੜ੍ਹੀ। ਘਰ ਮੈਂ ਬਿਲਕੁਲ ਆਮ ਵਾਂਗ...ਮਾਂ, ਭੈਣ, ਪਤਨੀ ਹੁੰਦੀ ਹਾਂ। ਸਿਰਫ਼ ਸਾਹਿਤ ਰਚਨਾ ਦੇ ਪਲਾਂ ਵਿਚ ਹੀ ਸ਼ਾਇਰ ਹੁੰਦੀ ਆਂ।

? ਪਰ ਘਰ-ਗ੍ਰਿਹਿਸਥੀ, ਪਰਿਵਾਰਕ ਝਮੇਲੇ, ਕੁਝ ਤਾਂ ਸਿਰਜਣ ਪ੍ਰਕਿਰਿਆ ਵਿਚ ਵਿਘਨ ਪਾਉਂਦੇ ਹੋਣਗੇ।

- ਮੇਰੇ ਆਮ ਗ੍ਰਹਿਸਥਣ ਅਤੇ ਸ਼ਾਇਰਾ ਹੋਣ ਵਿਚ ਇਤਨਾ ਖਾਮੋਸ਼ ਜਿਹਾ ਫਾਸਲਾ ਹੈ ਕਿ ਤੈਅ ਕਰਨ ਲੱਗਿਆਂ ਕਿਸੇ ਪਰਿਵਾਰ ਦੇ ਮੈਂਬਰ ਨੂੰ ਕੰਨੋ-ਕੰਨ ਖਬਰ ਨਹੀਂ ਹੁੰਦੀ। ਕਿਸੇ ਨੂੰ ਪਤਾ ਨਹੀਂ ਲਗਦਾ ਕਿ ਮੈਂ ਕਦੋਂ ਕਵਿਤਾ ਲਿਖਦੀ ਹਾਂ।

? ਇਕੋ ਬੈਠਕ ਵਿਚ ਜਾਂ ਗਾਹੇ-ਬਗਾਹੇ, ਕਦੋਂ ਹੁੰਦੀ ਹੈ ਸਿਰਜਣਾ।

- ਇਹ ਤਾਂ ਕਿਸੇ ਨਜ਼ਮ ਦੇ ਵਿਸਥਾਰ ਮੁਤਾਬਕ, ਵਿਸ਼ੇ ਦੀ ਇਕਸਾਰਤਾ ਦੀ ਗੱਲ ਹੁੰਦੀ ਐ ਕਿ ਉਹ ਇਕੋ ਬੈਠਕ ਵਿਚ ਲਿਖੀ ਜਾਏ ਜਾਂ ਗਾਹੇ-ਬਗਾਹੇ।

? ਤੁਹਾਡੀ ਕਾਵਿ-ਪ੍ਰਤਿਭਾ ਦਾ ਇਕ ਪੱਖ ਤੁਹਾਡੀ ਪਰਪੱਕ ਸਿਆਸੀ ਸੂਝ ਲਗਦੀ ਹੈ ਜਿਸ ਦੀ ਪਛਾਣ ਹੋਰ ਕਵਿਤਰੀਆਂ ਵਿਚ ਘੱਟ-ਵੱਧ ਹੀ ਵੇਖਣ ਵਿਚ ਆਈ ਹੈ। ਉਹ ਨਿੱਜੀ ਪੀੜ ਤੋਂ ਘੱਟ ਹੀ ਮੁਕਤ ਹੋ ਸਕੀਆਂ ਹਨ, ਇਹ ਹਾਸਲ ਕੀਕੂੰ?

- ਸਿਆਸੀ ਸੂਝ ਤਾਂ ਇਸ ਜੁਗ ਵਿਚ ਸਭ ਨੂੰ ਹੀ ਹੈ, ਇਹ ਵੱਖਰੀ ਗੱਲ ਹੈ ਕਿ ਉਹ ਉਸ ਦਾ ਕਿੰਨਾ ਕੁ ਪ੍ਰਭਾਵ ਕਬੂਲਦੇ ਹਨ। ਨਿੱਜ ਤੋਂ ਸਮੂਹ ਤੱਕ ਪਹੁੰਚਣਾ ਤਾਂ ਸ਼ਾਇਦ ਅੱਗ ਦਾ ਦਰਿਆ ਪਾਰ ਕਰਨ ਵਾਲੀ ਗੱਲ ਹੈ। ਜੋ ਸੇਕ ਜਰ ਗਿਆ ਉਹ ਪਾਰ, ਜੋ ਡਰ ਗਿਆ, ਉਹ ਉਰਾਰ!

? ਤੁਹਾਡੀਆਂ ਤਰੱਨੁਮ ਵਿਚ ਕਹੀਆਂ ਗਜ਼ਲਾਂ ਸੁਣਨ ਨੂੰ ਮਿਲੀਆਂ। ਪਰਪੱਕ ਵਿਚਾਰ, ਸੁਰ ਤੇ ਅਦਾਇਗੀ ਦਾ ਸੁਮੇਲ ਜਾਪਦੈ। ਤੁਸੀਂ ਸੰਗੀਤ ਵਿਦਿਆ ਵਿਚ ਪ੍ਰਬਲ ਹੋ?

- ਤਰੱਨੁਮ ਮੈਂ ਸਿੱਖਿਆ ਨਹੀਂ, ਬਸ ਐਵੇਂ ਹੀ ਗੌਣਾ ਚੰਗਾ ਲਗਦਾ ਸੀ। ਸ਼ੁਰੂ ਤੋਂ ਹੀ; ਖਾਸ ਕਰ ਇਕਲਾਪੇ ਵਿਚ। ਗਜ਼ਲ ਦੇ ਸ਼ਿਅਰ ਵੀ ਮੈਨੂੰ ਲਗਦਾ ਹੈ, ਮੇਰੇ ਇਕਲਾਪੇ ਦੇ ਦਰਦ ਵਿਚੋਂ ਫੁੱਟੇ ਅੱਥਰੂ ਹੀ ਹਨ।

? ਕਿਆ ਕਹਿਣੇ!...ਤੇ ਇਸ ਇਕਲਾਪੇ ਦੇ ਸਬੰਧ ਦੀ ਤੁਸਾਂ ਗੱਲ ਨਹੀਂ ਕਰਨੀ, ਚਲੋ ਨਾ ਸਹੀ...ਪਰ ਇਹ ਦੱਸੋ ਤੁਹਾਡੇ ਇਕ ਸ਼ਿਅਰ, 'ਉਹ ਕੁੜੀ ਜੋ ਸੀ ਵਾਰਿਸ ਦੇ ਬੈਂਤ ਵਾਂਗ ਸਪਸ਼ਟ
ਉਹ ਆਪਣੇ ਅਰਥ ਨਾ ਸਮਝੇ ਖੁੱਲ੍ਹੀ ਨਜ਼ਮ ਦੀ ਤਰ੍ਹਾਂ' ਅਨੁਸਾਰ ਖੁੱਲ੍ਹੀ ਨਜ਼ਮ ਬਾਰੇ ਤੁਹਾਡਾ ਕੀ ਵਿਚਾਰ ਹੈ?

- ਖੁੱਲ੍ਹੀ ਨਜ਼ਮ ਆਪਣੇ ਆਪ ਵਿਚ ਪੂਰਨ ਸਿਨਫ਼ ਹੈ, ਜੇ ਸਿਰਫ਼ ਔਖੇ ਤੇ ਬੇ-ਮਾਅਨੀ ਲਫਜ਼ਾਂ ਦੀ ਨੁਮਾਇਸ਼ ਨਾ ਹੋਵੇ ਤਾਂ।

? 'ਸਿਮਰੋ' ਤੇ 'ਆਜੜੀ' ਤੁਹਾਡੀਆਂ ਦੋ ਖੁੱਲ੍ਹੀਆਂ ਨਜ਼ਮਾਂ ਹਨ, ਕਥਾ-ਕਾਵਿ। ਇਨ੍ਹਾਂ ਵਿਚ ਤੁਸੀਂ ਆਪਣੀਆਂ ਛੰਦ-ਬੱਧ ਕਵਿਤਾਵਾਂ ਦੇ ਮੁਕਾਬਲੇ ਵਧੇਰੇ ਸਪਸ਼ਟ ਹੋ।

- 'ਸਿਮਰੋ' ਤੇ 'ਆਜੜੀ' ਦੋਵੇਂ ਅਸਲੋਂ ਹੀ ਵੱਖ-ਵੱਖ ਵਿਸ਼ੇ ਵਸਤੂ ਹਨ। ਵੇਗ ਵਿਚ ਕਹੀਆਂ ਗਈਆਂ ਹਨ। ਸਪਸ਼ਟ ਹੋਣਾ ਸੁਭਾਵਿਕ ਹੀ ਸੀ।

? ਪਰ ਇਨ੍ਹਾਂ ਵਿਚ 'ਕਹਾਣੀ' ਕਹਿਣ ਦਾ ਯਤਨ ਹੈ। ਤੁਸਾਂ ਵਾਰਤਕ 'ਤੇ ਕਦੇ ਹੱਥ ਨਹੀਂ ਅਜ਼ਮਾਇਆ?

- ਮੇਰੀਆਂ ਨਜ਼ਮਾਂ ਵਿਚ ਬੇਸ਼ੱਕ ਕਹਾਣੀ ਅੰਸ਼ ਹੈ, ਪਰ ਉਹ ਸਮੁੱਚੇ ਕਾਵਿਕ ਗੁਣ ਨਾਲ ਲੈ ਕੇ ਚੱਲਦੀਆਂ ਹਨ। ਵਾਰਤਕ ਲਿਖਣ ਦਾ ਮੈਂ ਕਦੇ ਹੀਆ ਨਹੀਂ ਕੀਤਾ।

? ਉਹ ਕਵੀ, ਸਾਹਿਤਕਾਰ ਜਿਨ੍ਹਾਂ ਤੋਂ ਤੁਸੀਂ ਪ੍ਰਭਾਵਿਤ ਹੋਏ ਜਾਂ ਹੁੰਦੇ ਹੋ?

- ਬਚਪਨ ਵਿਚ ਤਾਂ ਅੰਮ੍ਰਿਤਾ ਪ੍ਰੀਤਮ ਤੇ ਮੋਹਣ ਸਿੰਘ ਬਹੁਤ ਪੜ੍ਹੇ। ਮੋਹਣ ਸਿੰਘ ਦੀ 'ਰੱਬ', 'ਬਸੰਤ', 'ਨੂਰਜਹਾਂ' ਨੇ ਬਹੁਤ ਟੁੰਬਿਆ। ਬਾਅਦ ਦਾ ਦੌਰ ਤਾਂ ਬਿਲਕੁਲ ਹੀ ਵੱਖਰਾ ਹੋ ਗਿਆ। ਨਵੇਂ ਨਕੋਰ ਰਾਹ ਨਿਕਲੇ। ਪਾਤਰ, ਜਗਤਾਰ ਤੇ ਹੋਰ ਕਿੰਨੇ ਹੀ। ਅੱਜ ਵੀ ਨਵੇਂ ਸ਼ਬਦ-ਗੁਰਤੇਜ ਕੁਹਾਰਵਾਲਾ, ਵਿਜੈ ਵਿਵੇਕ, ਰਾਬਿੰਦਰ ਮਸਰੂਰ, ਆਪਣਾ ਹੀ ਰੰਗ ਰੱਖਦੇ ਹਨ।

? ਤੁਹਾਡੇ 'ਜਵਾਬੀ ਖਤ' ਦੀ ਪਹਿਲੀ ਨਜ਼ਮ 'ਪਛਾਣ' ਤਾਂ ਇੰਜ ਲਗਦੈ ਜਿਵੇਂ ਮੋਹਨ ਸਿੰਘ 'ਏਸ਼ੀਆ ਦਾ ਚਾਨਣ' ਵਰਗਾ ਹੀ ਵਾਤਾਵਰਨ ਬੰਨ੍ਹਦੀ ਹੋਵੇ...ਛੰਦ ਵੀ ਉਹੀ।

- ਮੋਹਣ ਸਿੰਘ ਦਾ ਪ੍ਰਭਾਵ ਅਚੇਤ ਹੀ ਕਿਤੇ ਪਿਆ ਹੋਵੇਗਾ।

? ਤੁਹਾਡੀਆਂ ਗਾਈਆਂ ਗਜ਼ਲਾਂ, ਨਜ਼ਮਾਂ ਨਾਲੋਂ ਵਧੇਰੇ ਧੂਹ ਪਾਉਂਦੀਆਂ ਹਨ।

- ਗਜ਼ਲਾਂ ਦਾ ਨਜ਼ਮਾਂ ਨਾਲੋਂ ਵਧੇਰੇ ਅਸਰ ਰੱਖਣ ਦਾ ਕਾਰਨ ਤਰੱਨੁਮ ਹੀ ਹੋਵੇਗਾ।

? ਤੁਹਾਡਾ ਕਿਹੜਾ ਸ਼ਿਅਰ ਤੁਹਾਨੂੰ ਖੁਦ ਨੂੰ ਹੀ ਹੈਰਾਨ ਕਰਦਾ ਹੈ ਕਿ ਕੀਕੂੰ ਸਿਰਜ ਹੋ ਗਿਆ?

- ਕਦੇ ਕਿਸੇ ਸ਼ਿਅਰ ਨੇ ਹੈਰਾਨ ਨਹੀਂ ਕੀਤਾ। ਇੰਨਾ ਜ਼ਰੂਰ ਹੈ ਕਿ ਜੋ ਵੀ ਸ਼ਿਅਰ ਸਾਰੇ ਪੱਖੋਂ ਠੀਕ ਹੋਵੇਗਾ, ਉਹ ਠੀਕ ਹੀ ਹੁੰਦਾ ਹੈ।

? ਜਿਹੜੀ ਨਜ਼ਮ ਤੁਹਾਡੇ ਮੁੱਖੋਂ ਟਪਕਦੀ ਹੈ, ਸਰੋਤੇ ਫੜਕ ਉਠਦੇ ਹਨ, ਪਰ ਜਦੋਂ ਉਸ ਨੂੰ ਪੜ੍ਹਦੇ ਹਾਂ, ਤਾਂ ਉਸ ਤੋਂ ਵੱਧ ਗੰਭੀਰ ਕੋਈ ਹੋਰ, ਤੇ ਫਿਰ ਕੋਈ ਹੋਰ...'ਜਵਾਬੀ ਖਤ' ਦੀਆਂ ਨਜ਼ਮਾਂ ਤੇ ਗਜ਼ਲਾਂ ਵਿਚ ਵੀ ਮਿਆਰ ਦਾ ਅੰਤਰ ਹੈ। ਕੀ ਇਹ ਕਾਫੀ ਲੰਮੇ ਅਰਸੇ ਦੀ ਘਾਲਣਾ ਹੈ?

- ਇਹ ਤਾਂ ਸਭ ਵਿਸ਼ੇ, ਵਸਤੂ ਤੇ ਮਾਨਸਿਕ ਅਵਸਥਾ ਉਤੇ ਹੀ ਨਿਰਭਰ ਹੁੰਦਾ ਹੈ। ਕੋਈ ਰਚਨਾ ਵਧੀਆ ਹੋ ਜਾਂਦੀ ਹੈ, ਕੋਈ ਨਹੀਂ ਹੁੰਦੀ। ਸਮੇਂ ਦਾ ਅੰਤਰ ਕੋਈ ਮਾਅਨੇ ਨਹੀਂ ਰੱਖਦਾ।

? ਤੁਸੀਂ ਜੱਗ ਦੀ ਪੀੜ (ਪੰਜਾਬੀ, ਪਛਾਣ, ਖਤ, ਜਵਾਬੀ ਖਤ ਆਦਿ ਵਿਚ) ਖੁੱਲ੍ਹ ਕੇ ਗੱਲ ਕਰਦੇ ਹੋ, ਪਰ ਨਿੱਜ ਦੀ ਪੀੜ ਨੂੰ ਹਮੇਸ਼ਾ ਸੌ ਪਰਦਿਆਂ, ਵਲੇਵਿਆਂ ਵਿਚ...।

- ਨਿੱਜ ਦੀ ਪੀੜ ਨਿੱਜ ਤਕ ਹੀ ਰਹੇ ਤਾਂ ਠੀਕ ਐ। ਢੰਡੋਰਚੀ ਬਣ ਕੇ ਆਪਣੀ ਪੀੜ ਦਾ ਢੰਡੋਰਾ ਦੇਣਾ ਕੋਈ ਵਧੀਆ ਗੱਲ ਤਾਂ ਨਹੀਂ।

? 'ਮੈਂ ਤੈਨੂੰ ਢੂੰਡਦੀ ਥੱਕੀ ਨਾ ਬਿਲਕੁਲ।
ਸਿਰੋਂ ਉਚੀ ਮਜ਼੍ਹਬ ਦੀ ਕੰਧ ਟੱਪਦੀ,
ਮੈਂ ਤੈਨੂੰ ਭਾਲਦੀ ਫਿਰਦੀ ਰਹੀ ਹਾਂ।
ਵਲਾ ਕੇ ਗਿਰਦ ਡੋਰੀ ਰਿਸ਼ਤਿਆਂ ਦੀ।'
... ਕੌਣ ਸੀ ਉਹ?

- ਪਤਾ ਨਹੀਂ। ਉਹ ਤਾਂ ਸ਼ਾਇਦ ਮੈਂ ਵੀ ਹੁਣ ਤੱਕ ਨਹੀਂ ਜਾਣ ਸਕੀ।

? 'ਸਦਾ ਲੋਕਾਂ ਸਲਾਹੀ ਤੋਰ ਮੇਰੀ ਤੇ ਜ਼ਖਮੀ ਪੈਰ ਨਾ ਦਿਸੇ ਕਿਸੇ ਨੂੰ!'...ਕੁਝ 'ਜ਼ਖਮੀ ਪੈਰਾਂ' ਦਾ ਹਾਲ ਤਾਂ ਦੱਸੋ?

- ਜੇ ਲੋਕੀ ਚੰਗੀ ਤੋਰ ਨਾਲ ਹੀ ਵਰਚ ਜਾਣ, ਤਾਂ ਜ਼ਖਮੀ ਪੈਰਾਂ ਬਾਰੇ ਕੀ ਗੱਲ ਕਰਨੀ ਹੋਈ! ਗੱਲ ਤਾਂ ਪੈਰ ਜ਼ਖ਼ਮੀ ਹੁੰਦਿਆਂ ਹੋਇਆਂ ਵੀ ਸੁਹਣਾ ਤੁਰਨ ਦੇ ਹੌਸਲੇ ਦੀ ਹੈ।

? ਬਹੁਤ ਖੂਬ! ਕੋਈ ਅਜਿਹੀ ਤਾਂਘ, ਲੋਚਾ, ਇਕੋ-ਇਕ ਰੀਝ ਜਿਸ ਦੀ ਸ਼ਿੱਦਤ ਤੋਂ ਬੇਵਸ ਹੋਵੋ, ਤੁਹਾਨੂੰ ਡਰ ਲਗਦਾ ਹੋਵੇ, ਕਿ ਕਿਤੇ ਕੜ ਨਾ ਪਾਟ ਜਾਵੇ?

- ਕੋਈ ਅਜਿਹੀ ਤਾਂਘ ਨਹੀਂ ਜੋ ਸ਼ਬਦਾਂ ਦੀ ਮੁਥਾਜ ਹੋਵੇ। ਜੇ ਹੈ ਵੀ ਤਾਂ ਕੇਵਲ ਮਹਿਸੂਸ ਕਰਨ ਦੀ ਹੱਦ ਤੱਕ। ਜਿਸ ਦਾ ਕੋਈ ਠੋਸ ਹੱਲ ਹੀ ਨਹੀਂ। ਸੋ, ਉਸ ਦਾ ਜ਼ਿਕਰ ਵੀ ਕੀ ਕਰਨਾ!

? ਕਿਹੋ ਜਿਹੇ ਸੁਪਨੇ ਵੇਖਦੇ ਹੋ।

- ਸੁਪਨੇ ਤਾਂ ਸੁਪਨੇ ਹੀ ਹੁੰਦੇ ਹਨ, ਕੋਈ ਗਿਣੇ ਮਿਥੇ ਰੂਪ ਤਾਂ ਨਹੀਂ ਹੁੰਦੇ ਇਨ੍ਹਾਂ ਦੇ।

? ਕਦੇ ਕੋਈ ਸੁਪਨਾ ਸੱਚ ਹੋ ਵਾਪਰਿਆ?

- ਨਹੀਂ, ਕਦੇ ਨਹੀਂ। ਉਹ ਸੁਪਨਾ ਹੀ ਕਾਹਦਾ ਜੋ ਸੱਚ ਹੋ ਵਾਪਰੇ।

? ਕਿਆ ਬਾਤ ਹੈ! ਕਿਸੇ ਸਮਕਾਲੀ ਪੰਜਾਬੀ ਸ਼ਾਇਰਾ ਦਾ ਜ਼ਿਕਰ?

- ਉਹ ਮੇਰਾ ਜ਼ਿਕਰ ਕਰਦੀਆਂ ਨੇ। ਸਭ ਚੰਗਾ ਹੀ ਲਿਖ ਰਹੀਆਂ ਨੇ। ਉਤਰੀ ਭਾਰਤ ਦੇ ਖਿੱਤੇ ਵਿਚ ਤਾਂ ਕਲਮ ਫੜਨ ਦਾ ਹੌਸਲਾ ਹੀ ਬਹੁਤ ਵੱਡੀ ਗੱਲ ਹੈ। ਅੰਦਰ ਕੋਈ ਨਾ ਕੋਈ ਗੱਲ ਹੁੰਦੀ ਹੈ ਤਾਂ ਹੀ ਕਲਮ ਫੜੀ ਜਾਂਦੀ ਹੈ।

? ਵਿਸ਼ਵ ਸਾਹਿਤ ਦੇ ਪਿੜ ਵਿਚ ਸਾਡੀਆਂ ਸਾਹਿਤਕਾਰਾਂ ਕਿਥੇ ਖਲੋਂਦੀਆਂ ਹਨ?

- ਵਿਸ਼ਵ ਪੱਧਰ ਬਾਰੇ ਸੋਚੋ ਤਾਂ ਇਕੋ ਗੱਲ ਚੁਭਦੀ ਹੈ ਕਿ ਅਸੀਂ ਅਜੇ ਔਰਤਪੁਣੇ ਦੇ ਦੁਆਲੇ ਹੀ ਹਾਂ।

? ਨੇੜ ਭਵਿੱਖ ਵਿਚ ਕੀ ਸਿਰਜਣ ਦੀ ਸੰਭਾਵਨਾ ਹੈ?

- ਭਵਿੱਖ ਬਾਰੇ ਪਹਿਲਾਂ ਹੀ ਕੀ ਕਹਿ ਸਕਦੀ ਹਾਂ। ਸ਼ਾਇਰੀ ਵਿਚ ਤਾਂ ਐਸੀ ਗੱਲ ਸੰਭਵ ਨਹੀਂ।

? ਹੁਣ ਤੱਕ ਦੀਆਂ ਤੁਹਾਡੀਆਂ ਕਿਰਤਾਂ?

- ਤਿੰਨ ਪੁਸਤਕਾਂ: 'ਕਿਰਨਾਂ', 'ਅੰਗੂਠੇ ਦਾ ਨਿਸ਼ਾਨ' ਤੇ 'ਜਵਾਬੀ ਖਤ'। ਤਿੰਨ ਬੱਚੇ: ਦੋ ਲੜਕੇ, ਇਕ ਲੜਕੀ। ਵੱਡਾ ਲੜਕਾ ਬੰਗਲੌਰ ਵਿਚ ਇੰਜੀਨੀਅਰਿੰਗ ਕਰ ਰਿਹਾ ਹੈ। ਛੋਟਾ ਲੜਕਾ ਫਾਈਨ ਆਰਟਸ ਵਿਚ ਵੋਕਲ ਸੰਗੀਤ ਦੀ ਡਿਗਰੀ ਕਰ ਰਿਹਾ ਹੈ ਤੇ ਬੇਟੀ 12ਵੀਂ ਵਿਚ ਪੜ੍ਹ ਰਹੀ ਹੈ। ਪਤੀ (ਐਮ.ਈ.ਐਸ.) ਵਿਚ ਕਲਰਕ ਹਨ।

? ਤੇ ਉਹ ਵੀ ਤੁਹਾਡੀ ਕਿਰਤ ਹਨ। (ਹਾਸਾ) ਠੀਕ ਹੈ, ਉਨ੍ਹਾਂ ਦੇ ਕਾਬਲ ਪਤੀ ਹੋਣ ਵਿਚ ਵੀ ਸ਼ਾਮਲ ਹੋ ਨਾ! ਜਿਵੇਂ ਤੁਹਾਡੀ ਸਫ਼ਲਤਾ ਵਿਚ ਉਹ।

ਚੁੱਪ...।

? ਬਹੁਤ ਬਹੁਤ ਧੰਨਵਾਦ ਸਖੀ ਜੀ। ਇਹ ਸਾਡੀ ਪਹਿਲੀ ਤੇ ਰਸਮੀ ਮੁਲਾਕਾਤ ਸੀ। ਤੁਸੀਂ ਬਹੁਤਾ ਨਹੀਂ ਖੁੱਲ੍ਹੇ, ਚਲੋ ਫੇਰ ਸਹੀ।

## ਗਜ਼ਲ

### ਸੁਰਜੀਤ ਸਖੀ

ਪੈਣ ਭੁਲੇਖੇ ਸਰਘੀ ਦੇ ਪਰ,
ਦੂਰ ਕਿਤੇ ਪ੍ਰਭਾਤ ਅਜੇ।
ਚਲੋ ਦੀਵਿਓ! ਰਲ ਕੇ ਜਗੀਏ,
ਬੜੀ ਹਨੇਰੀ ਰਾਤ ਅਜੇ।

ਖਬਰਾਂ ਦੀ ਇਕ ਸੁਰਖੀ ਪੜ੍ਹ ਕੇ,
ਕਿਉਂ ਐਨਾ ਘਬਰਾਉਂਦੇ ਹੋ?
ਜ਼ਹਿਰ ਬਥੇਰਾ, ਸ਼ਹਿਰ ਮੇਰੇ ਵਿਚ,
ਘਰ ਘਰ ਨੇ ਸੁਕਰਾਤ ਅਜੇ।

ਡਰ ਡਰ ਕੇ ਕੀ ਜੀਣਾ ਹੋਇਆ,
ਐਨੀ ਵੀ ਤੇ ਦੂਰੀ ਨਹੀਂ,
ਹੋਠਾਂ ਉਤੇ ਕਿਉਂ ਨਹੀਂ ਔਂਦੀ,
ਅੱਖਾਂ ਵਿਚਲੀ ਬਾਤ ਅਜੇ।

ਰੁੱਤਾਂ ਸੰਗ ਯਾਰਾਨਾ ਹੈ ਤਾਂ
ਕਮਰੇ ਦੀ ਪਾਬੰਦੀ ਕਿਉਂ,
ਕੀ ਹੋਇਆ ਜੇ ਨਹੀਂ ਸੁਖਾਵੇਂ,
ਬਾਹਰ ਦੇ ਹਾਲਾਤ ਅਜੇ।

ਹੰਝੂਆਂ ਦੀ ਇਹ ਬੂੰਦਾ ਬਾਂਦੀ,
ਤੁਪਕਾ ਤੁਪਕਾ ਮੁੜ੍ਹਕੇ ਦਾ,
ਇਸ ਨਗਰੀ ਦੀ ਕਿਸਮਤ ਵਿਚ ਹੈ,
ਐਸੀ ਹੀ ਬਰਸਾਤ ਅਜੇ।

## ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

# ਪਾਪੇ ਦਾ ਵਰਤਿਆ ਵਰਤਾਰਾ

ਪਹਿਲੀ ਵਾਰ ਦੀ 20ਵੀਂ ਪਉੜੀ ਵਿਚ ਭਾਈ ਗੁਰਦਾਸ ਇਸਲਾਮ ਬਾਰੇ ਗੱਲ ਕਰਦਿਆਂ ਦੱਸਦੇ ਹਨ ਕਿ ਜਦੋਂ ਸੰਸਾਰ ਉਤੇ ਕਈ ਤਰ੍ਹਾਂ ਦੀਆਂ ਧਾਰਮਿਕ ਸ਼ਾਖਾਂ ਜਾਂ ਰਸਤੇ ਸਥਾਪਤ ਹੋ ਗਏ ਤਾਂ ਹਜ਼ਰਤ ਮੁਹੰਮਦ ਸਾਹਿਬ ਦੇ ਚਾਰ ਯਾਰ ਅਬੂਬਕਰ ਸਿਦੀਕ, ਉਮਰ, ਉਸਮਾਨ ਤੇ ਅਲੀ ਪੈਦਾ ਹੋਏ (ਸ਼ੀਆ ਮੁਸਲਮਾਨਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਅਲੀ ਨੂੰ ਹਜ਼ਰਤ ਮੁਹੰਮਦ ਦਾ ਅਸਲੀ ਵਾਰਿਸ ਮੰਨਦੇ ਹਨ)। ਭਾਈ ਗੁਰਦਾਸ ਅਨੁਸਾਰ ਇਸ ਤਰ੍ਹਾਂ ਕੌਮ ਬਹੱਤਰ ਹਿੱਸਿਆਂ ਵਿਚ ਵੰਡੀ ਗਈ ਅਰਥਾਤ ਕੌਮ ਵਿਚ ਵੰਡੀਆਂ ਪੈ ਗਈਆਂ ਜਿਸ ਕਰਕੇ ਵੱਖ ਵੱਖ ਫਿਰਕਿਆਂ ਦਾ ਆਪਸੀ ਵੈਰ-ਵਿਰੋਧ ਬਹੁਤ ਵਧ ਗਿਆ ਅਤੇ ਝਗੜੇ ਹੋਣ ਲਗ ਪਏ। ਦੁਨੀਆਂ ਭਰ ਵਿਚ ਮੁਸਲਮਾਨਾਂ ਲਈ ਰੋਜ਼ੇ, ਈਦ ਅਤੇ ਨਮਾਜ਼ ਆਦਿ ਕਰਮ ਨਿਰਧਾਰਤ ਕਰ ਦਿੱਤੇ ਗਏ। ਕਿਸੇ ਵੀ ਧਰਮ ਦਾ ਸੰਸਥਾਗਤ ਸਰੂਪ ਜਦੋਂ ਹੌਲੀ ਹੌਲੀ ਸਥਾਪਤ ਹੋ ਜਾਂਦਾ ਹੈ ਤਾਂ ਉਸ ਵਿਚ ਹੋਰ ਵੀ ਕਈ ਕੁਝ ਪੈਦਾ ਹੋ ਜਾਂਦਾ ਹੈ ਜਿਵੇਂ ਕਈ ਕਿਸਮ ਦੇ ਫਿਰਕੇ, ਧਾਰਮਿਕ ਆਗੂ, ਧਾਰਮਿਕ ਰਸਮਾਂ ਅਤੇ ਅਜਿਹਾ ਹੀ ਹੋਰ ਬਹੁਤ ਕੁਝ। ਇਸੇ ਦੀ ਗੱਲ ਇਥੇ ਭਾਈ ਗੁਰਦਾਸ ਇਸਲਾਮ ਦੇ ਸਬੰਧ ਵਿਚ ਕਰ ਰਹੇ ਹਨ।

ਭਾਈ ਗੁਰਦਾਸ ਦੱਸ ਰਹੇ ਹਨ ਕਿ ਇਸਲਾਮ ਵਿਚ ਵੀ ਵੱਖ ਵੱਖ ਮੁਲਕਾਂ ਅੰਦਰ ਕਈ ਕਿਸਮ ਦੇ ਧਾਰਮਿਕ ਆਗੂ ਪੈਦਾ ਹੋ ਗਏ ਜੋ ਆਪਣੇ ਆਪ ਨੂੰ ਪੀਰ, ਪੈਗੰਬਰ, ਅਉਲੀਏ, ਗਉਸ ਕਹਾਉਂਦੇ ਸਨ ਅਤੇ ਉਨ੍ਹਾਂ ਨੇ ਕਈ ਕਿਸਮ ਦੇ ਅੱਗੋਂ ਹੋਰ ਭੇਖਾਂ ਦਾ ਪਸਾਰਾ ਪਸਾਰ ਦਿੱਤਾ। ਭਾਈ ਗੁਰਦਾਸ ਇਹ ਸਾਰੀ ਵਾਰਤਾ ਹਿੰਦੁਸਤਾਨ ਦੇ ਸੰਦਰਭ ਵਿਚ ਖਾਸ ਤੌਰ 'ਤੇ ਕਰ ਰਹੇ ਹਨ ਅਤੇ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ਨ ਤੋਂ ਪਹਿਲਾਂ ਜਿਸ ਕਿਸਮ ਦੀ ਧਾਰਮਿਕ, ਸਮਾਜਿਕ ਜਾਂ ਰਾਜਨੀਤਕ ਦਸ਼ਾ ਸੀ, ਉਸ 'ਤੇ ਚਾਨਣ ਪਾ ਰਹੇ ਹਨ। ਇਸ ਲਈ ਦੱਸ ਰਹੇ ਹਨ ਕਿ ਇਸਲਾਮ ਕਿਉਂਕਿ ਹਿੰਦੁਸਤਾਨ ਵਿਚ ਬਾਹਰੀ ਹਮਲਾਵਰਾਂ ਦੇ ਨਾਲ ਆਇਆ ਸੀ ਜਿਨ੍ਹਾਂ ਨੇ ਇਥੇ ਰਾਜ ਸਥਾਪਤ ਕਰ ਲਿਆ ਅਤੇ ਬਹੁਤ ਸਾਰੀਆਂ ਥਾਂਵਾਂ 'ਤੇ ਮੰਦਿਰ ਢਾਹ ਕੇ ਉਥੇ ਮਸਜਿਦਾਂ ਦੀ ਉਸਾਰੀ ਕਰ ਦਿੱਤੀ ਸੀ। ਇਸਲਾਮ ਹਾਕਮਾਂ ਦਾ ਧਰਮ ਸੀ ਇਸ ਲਈ ਉਹ ਧਰਮ ਦੇ ਨਾਂ 'ਤੇ ਕਈ ਕਿਸਮ ਦਾ ਜ਼ੁਲਮ ਕਰ ਰਹੇ ਸਨ, ਗਰੀਬ-ਗੁਰਬਿਆਂ ਉਤੇ ਧਰਮ ਦੇ ਨਾਂ 'ਤੇ ਕਈ ਕਿਸਮ ਦਾ ਤਸ਼ੱਦਦ ਹੋ ਰਿਹਾ ਸੀ ਜਿਸ ਨਾਲ ਪਾਪ ਫੈਲ ਗਿਆ ਸੀ। ਭਾਈ ਗੁਰਦਾਸ ਅਨੁਸਾਰ ਆਰਮੀਨੀਅਨਾਂ ਤੇ ਰੂਮੀਆਂ ਨੂੰ ਉਨ੍ਹਾਂ ਨੇ ਕਾਫਰ, ਧਰਮ ਤੋਂ ਬੇਮੁੱਖ ਗਰਦਾਨ ਦਿੱਤਾ ਸੀ ਅਤੇ ਇਸ ਤਰ੍ਹਾਂ ਦੁਸ਼ਮਣਾਂ ਨੂੰ ਖਤਮ ਕਰਨ ਲਈ ਜੰਗ ਹੁੰਦੇ ਸਨ। ਸਾਰੇ ਸੰਸਾਰ 'ਤੇ ਪਾਪ ਦਾ ਵਰਤਾਰਾ ਹੋ ਰਿਹਾ ਸੀ:

ਬਹੁ ਵਾਟੀ ਜਗਿ ਚਲੀਆ
ਤਬ ਹੀ ਭਏ ਮੁਹੰਮਦਿ ਯਾਰਾ।
ਕਉਮਿ ਬਹਤਰਿ ਸੰਗਿ ਕਰਿ
ਬਹੁ ਬਿਧਿ ਵੈਰੁ ਵਿਰੋਧੁ ਪਸਾਰਾ।
ਰੋਜੇ ਈਦ ਨਿਮਾਜਿ ਕਰਿ
ਕਰਮੀ ਬੰਦਿ ਕੀਆ ਸੰਸਾਰਾ।
ਪੀਰ ਪੈਕੰਬਰਿ ਅਉਲੀਏ
ਗਉਸਿ ਕੁਤਬ ਬਹੁ ਭੇਖ ਸਵਾਰਾ।
ਠਾਕੁਰ ਦੁਆਰੇ ਢਾਹਿ ਕੈ
ਤਿਹਿ ਠਉੜੀ ਮਾਸੀਤਿ ਉਸਾਰਾ।
ਮਾਰਨਿ ਗਊ ਗਰੀਬ ਨੋ
ਧਰਤੀ ਉਪਰਿ ਪਾਪੁ ਬਿਥਾਰਾ।
ਕਾਫਰਿ ਮੁਲਹਿਦ ਇਰਮਨੀ
ਰੂਮੀ ਜੰਗੀ ਦੁਸਮਣਿ ਦਾਰਾ।
ਪਾਪੇ ਦਾ ਵਰਤਿਆ ਵਰਤਾਰਾ॥੨੦॥

ਗੁਰੂ ਨਾਨਕ ਦਾ ਵੀ ਇਸ ਕਿਸਮ ਦੇ ਪੈਦਾ ਹੁੱਕੇ ਹਾਲਾਤ ਵੱਲ ਹੀ ਸੰਕੇਤ ਹੈ ਜਦੋਂ ਉਹ ਕਹਿੰਦੇ ਹਨ ਕਿ ਧਾਰਮਿਕ ਆਗੂ ਧਰਮ ਦੇ ਨਾਂ 'ਤੇ ਝੂਠ ਬੋਲ ਬੋਲ ਕੇ ਹਰਾਮ ਦਾ ਖਾਂਦਾ ਹੈ ਅਰਥਾਤ ਧਰਮ ਦੇ ਨਾਂ 'ਤੇ ਝੂਠ ਦੀ ਕਮਾਈ ਖਾਂਦਾ ਹੈ ਅਤੇ ਦੂਸਰਿਆਂ ਨੂੰ ਧਰਮ ਦਾ ਉਪਦੇਸ਼ ਦਿੰਦਾ ਹੈ। ਅਜਿਹਾ ਮਨੁੱਖ ਆਪ ਵੀ ਠੱਗਿਆ ਜਾਂਦਾ ਹੈ ਅਤੇ ਆਪਣੇ ਨਾਲ ਦੇ ਸਾਥੀਆਂ ਨੂੰ ਵੀ ਠਗਾਉਂਦਾ ਹੈ। ਇਹ ਕਿਹੋ ਜਿਹਾ ਧਾਰਮਿਕ ਆਗੂ ਹੈ:

ਕੂੜੁ ਬੋਲਿ ਮੁਰਦਾਰ ਖਾਇ॥
ਅਵਰੀ ਨੋ ਸਮਝਾਵਣ ਜਾਇ॥
ਮੁਠਾ ਆਪਿ ਮੁਹਾਏ ਸਾਥੈ॥
ਨਾਨਕ ਐਸਾ ਆਗੂ ਜਾਪੈ॥੧॥
(ਪੰਨਾ ੧੪੦)

ਉਪਰਲੀ ਪਉੜੀ ਵਿਚ ਇਸਲਾਮ ਦਾ ਜੋ ਹਾਲ ਸੀ, ਉਸ ਦਾ ਵਰਣਨ ਕੀਤਾ ਹੈ। ਅਗਲੀ ਪਉੜੀ ਵਿਚ ਮੁਸਲਮਾਨਾਂ ਦਾ ਅਤੇ ਹਿੰਦੂਆਂ ਦਾ ਆਪਸੀ ਰਿਸ਼ਤਾ ਕਿਹੋ ਜਿਹਾ ਸੀ, ਉਸ ਦਾ ਜ਼ਿਕਰ ਕੀਤਾ ਹੈ। ਭਾਈ ਗੁਰਦਾਸ ਦੱਸਦੇ ਹਨ ਕਿ ਹਿੰਦੂ ਸ਼ਾਸਤਰਾਂ ਅਨੁਸਾਰ ਹਿੰਦੂ ਸਮਾਜ ਦੀ ਵੰਡ ਵਰਣ-ਆਸ਼ਰਮ ਧਰਮ ਦੇ ਸਿਧਾਂਤ ਦੇ ਆਧਾਰ 'ਤੇ ਕੀਤੀ ਹੋਈ ਸੀ ਜਿਸ ਕਰਕੇ ਸਮਾਜ ਚਾਰ ਜਾਤਾਂ ਵਿਚ ਵੰਡਿਆ ਹੋਇਆ ਸੀ।

ਇਸ ਦੀਆਂ ਵੀ ਅੱਗੋਂ ਬਹੁਤ ਸਾਰੀਆਂ ਜਾਤਾਂ ਅਤੇ ਉਪਜਾਤਾਂ ਸਨ। ਇਸ ਜਾਤੀ ਵੰਡ ਕਾਰਨ ਸਮਾਜ ਵਿਚ ਪੂਰੀ ਤਰ੍ਹਾਂ ਖੜੋਤ ਆ ਗਈ ਸੀ। ਉਪਰਲੀਆਂ ਦੋ ਜਾਤਾਂ ਕੋਲ ਬਹੁਤ ਸਾਰੇ ਅਧਿਕਾਰ ਸਨ ਪਰ ਹੇਠਲੀਆਂ ਜਾਤਾਂ ਨੂੰ ਅਛੂਤ ਕਿਹਾ ਜਾਂਦਾ ਸੀ ਅਤੇ ਉਨ੍ਹਾਂ ਕੋਲ ਕਿਸੇ ਕਿਸਮ ਦਾ ਕੋਈ ਅਧਿਕਾਰ ਨਹੀਂ ਸੀ। ਗੁਲਾਮੀ ਦੀ ਇਹ ਬਹੁਤ ਹੀ ਗੁੰਝਲਦਾਰ ਕਿਸਮ ਹੈ ਕਿਉਂਕਿ ਸ਼ਾਸਤਰਾਂ ਦੀ ਪ੍ਰਵਾਨਗੀ 'ਤੇ ਆਧਾਰਤ ਹੋਣ ਕਰਕੇ ਕੋਈ ਵੀ ਇਸ ਨੂੰ ਬਦਲਣ ਦੀ ਹਿੰਮਤ ਨਹੀਂ ਸੀ ਕਰ ਸਕਦਾ। ਇਸ ਜਾਤੀ ਪ੍ਰਬੰਧ ਕਾਰਨ ਕਿੱਤਾ ਵੀ ਆਪਣੀ ਜਾਤ ਅਨੁਸਾਰ ਅਪਨਾਉਣਾ ਪੈਂਦਾ ਸੀ ਅਤੇ ਜੋ ਜਿਸ ਜਾਤ ਵਿਚ ਪੈਦਾ ਹੋ ਗਿਆ, ਉਹ ਆਪਣੀ ਜਾਤ ਜਾਂ ਕਿੱਤੇ ਨੂੰ ਬਦਲ ਨਹੀਂ ਸੀ ਸਕਦਾ। ਅੱਜ ਸਦੀਆਂ ਬੀਤ ਜਾਣ 'ਤੇ ਵੀ ਇਹ ਪ੍ਰਬੰਧ ਬਾਦਸਤੂਰ ਕਾਇਮ ਹੈ।

ਆਜ਼ਾਦੀ ਤੋਂ ਬਾਅਦ ਸੰਵਿਧਾਨ ਅਨੁਸਾਰ ਹਰ ਇੱਕ ਨੂੰ ਬਰਾਬਰ ਦੇ ਅਧਿਕਾਰ ਦੇ ਦਿੱਤੇ ਜਾਣ ਦੇ ਬਾਵਜੂਦ ਪਰਨਾਲਾ ਉਥੇ ਦਾ ਉਥੇ ਹੈ। ਦਲਿਤਾਂ ਨਾਲ ਕਿਸ ਕਿਸਮ ਦਾ ਵਰਤਾਉ ਹਰ ਰੋਜ਼ ਹੁੰਦਾ ਹੈ, ਕਿਵੇਂ ਵਿਦਿਅਕ ਅਦਾਰਿਆਂ 'ਚ ਉਨ੍ਹਾਂ ਨਾਲ ਭਿੰਨ ਭੇਦ ਕੀਤਾ ਜਾਂਦਾ ਹੈ, ਖਾਸ ਕਰਕੇ ਬੀ ਜੇ ਪੀ ਦੀ ਕੇਂਦਰੀ ਸਰਕਾਰ ਦੇ ਸਮੇਂ ਤੋਂ, ਕਿਸੇ ਤੋਂ ਵੀ ਗੁੱਝਾ ਨਹੀਂ ਹੈ।

ਭਾਈ ਗੁਰਦਾਸ ਦੱਸਦੇ ਹਨ ਕਿ ਇੱਕ ਪਾਸੇ ਹਿੰਦੂ ਸਮਾਜ ਦੀ ਵੰਡ ਚਾਰ ਜਾਤਾਂ ਵਿਚ, ਦੂਸਰੇ ਪਾਸੇ ਮੁਸਲਮਾਨਾਂ ਦੇ ਚਾਰ ਫਿਰਕੇ ਸ਼ੀਆ, ਸੁੰਨੀ, ਰਾਫਜ਼ੀ ਤੇ ਇਮਾਮ ਸ਼ਾਫੀ ਅਤੇ ਫਿਰ ਹਿੰਦੂ ਮੁਸਲਮਾਨ ਦੀ ਵੰਡ। ਇਨ੍ਹਾਂ ਦੋਵਾਂ ਧਰਮਾਂ ਦੇ ਮੰਨਣ ਵਾਲੇ ਸਵਾਰਥੀ, ਈਰਖਾਲੂ, ਹੰਕਾਰ ਨਾਲ ਭਰੇ ਹੋਏ ਅਤੇ ਹਠਧਰਮੀ (ਅੱਜ ਵੀ ਹਨ) ਇੱਕ ਦੂਜੇ ਪ੍ਰਤੀ ਹਿੰਸਕ ਵਰਤਾਉ ਵਾਲੇ ਹੋ ਗਏ।

ਇੱਕ ਪਾਸੇ ਹਿੰਦੂਆਂ ਲਈ ਗੰਗਾ-ਹਰਿਦਵਾਰ ਅਤੇ ਬਨਾਰਸ ਪੂਜਣਯੋਗ ਤੀਰਥ ਸਥਾਨ ਹਨ ਅਤੇ ਦੂਜੇ ਪਾਸੇ ਮੁਸਲਮਾਨਾਂ ਲਈ ਕਾਬਾ ਅਤੇ ਮੱਕਾ ਪਵਿੱਤਰ ਸਥਾਨ ਹਨ। ਮੁਸਲਮਾਨਾਂ ਨੂੰ ਸੁੰਨਤ ਦੀ ਧਾਰਮਿਕ ਰਸਮ ਪਿਆਰੀ ਹੈ ਅਤੇ ਹਿੰਦੂਆਂ ਨੂੰ ਤਿਲਕ ਲਾਉਣਾ ਤੇ ਜੰਞੂ ਧਾਰਨ ਕਰਨਾ ਚੰਗਾ ਲੱਗਦਾ ਹੈ। ਹਿੰਦੂ ਪਰਮਾਤਮਾ ਨੂੰ ਰਾਮ ਦੇ ਨਾਮ ਨਾਲ ਯਾਦ ਕਰਦੇ ਹਨ ਅਤੇ ਮੁਸਲਮਾਨ ਰੱਬ ਨੂੰ ਰਹੀਮ ਕਰਕੇ ਯਾਦ ਕਰਦੇ ਹਨ ਪਰ ਇੱਕ ਗੱਲ ਦੋਵੇਂ ਹੀ ਭੁੱਲ ਜਾਂਦੇ ਹਨ ਕਿ ਉਨ੍ਹਾਂ ਨੇ ਰਸਤੇ ਭਾਵੇਂ ਦੋ ਬਣਾ ਲਏ ਹਨ ਪਰ ਉਹ ਪਰਮ ਹਸਤੀ ਆਪ ਇੱਕ ਹੀ ਹੈ। ਭਾਵ ਆਪਣੇ ਆਪਣੇ ਰਸਤਿਆਂ ਦੇ ਵਖਰੇਵੇਂ ਕਾਰਨ ਜਿਸ ਰੱਬ ਲਈ ਆਪਸ ਵਿਚ ਲੜਦੇ ਹਨ, ਉਹ ਇੱਕ ਹੀ ਹੈ, ਫਿਰ ਕਿਉਂ ਭੁੱਲੇ ਫਿਰਦੇ ਹਨ। ਹਿੰਦੂਆਂ ਨੇ ਆਪਣੇ ਧਾਰਮਿਕ ਗ੍ਰੰਥ ਵੇਦਾਂ ਦੀ ਸਿੱਖਿਆ ਭੁਲਾ ਦਿੱਤੀ ਹੈ ਅਤੇ ਮੁਸਲਮਾਨਾਂ ਨੇ ਪਵਿੱਤਰ ਕੁਰਾਨ ਦੀ ਸਿੱਖਿਆ ਭੁਲਾ ਦਿੱਤੀ ਹੈ, ਇਸ ਦੀ ਥਾਂ ਦੋਵੇਂ ਦੁਨਿਆਵੀ ਲਾਲਚ ਵਿਚ ਫਸ ਕੇ ਸ਼ੈਤਾਨ ਦੇ ਪਿੱਛੇ ਲੱਗੇ ਹੋਏ ਹਨ।

ਧਰਮ ਦਾ ਅਸਲੀ ਮਕਸਦ ਕੀ ਹੈ, ਇਸ ਸੱਚ ਨੂੰ ਭੁੱਲਾ ਕੇ ਦੋਵਾਂ ਧਰਮਾਂ ਦੇ ਆਗੂ ਬ੍ਰਾਹਮਣ ਅਤੇ ਮੁੱਲਾਂ ਲੜ ਲੜ ਕੇ (ਅਤੇ ਲੋਕਾਂ ਨੂੰ ਧਰਮ ਦੇ ਨਾਂ 'ਤੇ ਆਪਸ ਵਿਚ ਲੜਾ ਕੇ) ਮਰ ਰਹੇ ਹਨ। ਇਸ ਤਰ੍ਹਾਂ ਦੋਵੇਂ ਫਿਰਕੇ ਹੀ ਜਨਮ-ਮਰਨ ਦੇ ਚੱਕਰ ਵਿਚੋਂ ਛੁਟਕਾਰਾ ਨਹੀਂ ਪਾ ਸਕਦੇ, ਮੁਕਤੀ ਪ੍ਰਾਪਤ ਨਹੀਂ ਕਰ ਸਕਦੇ:

ਚਾਰਿ ਵਰਨਿ ਚਾਰਿ ਮਜਹਬਾਂ
ਜਗਿ ਵਿਚਿ ਹਿੰਦੂ ਮੁਸਲਮਾਣੇ।
ਖੁਦੀ ਬਖੀਲਿ ਤਕਬਰੀ
ਖਿੰਚੋਤਾਣਿ ਕਰੇਨਿ ਧਿਙਾਣੇ।
ਗੰਗ ਬਨਾਰਸਿ ਹਿੰਦੂਆਂ
ਮਕਾ ਕਾਬਾ ਮੁਸਲਮਾਣੇ।
ਸੁੰਨਤਿ ਮੁਸਲਮਾਣ ਕੀ
ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇਦੇ
ਇਕੁ ਨਾਮੁ ਦੁਇ ਰਾਹ ਲੋਭਾਣੇ।
ਬੇਦ ਕਤੇਬ ਭੁਲਾਇ ਕੈ
ਮੋਹੇ ਲਾਲਚ ਦੁਨੀ ਸੈਤਾਣੇ।
ਸਚੁ ਕਿਨਾਰੇ ਰਹਿ ਗਿਆ
ਖਹਿ ਮਰਦੇ ਬਾਮ੍ਹਣਿ ਮਉਲਾਣੇ।
ਸਿਰੋ ਨ ਮਿਟੇ ਆਵਣਿ ਜਾਣੇ॥੨੧॥

ਹਿੰਦੂ ਸ਼ਾਸਤਰਾਂ ਵਿਚ ਸਮੇਂ ਦੀ ਵੰਡ ਚਾਰ ਜੁਗਾਂ ਵਿਚ ਕੀਤੀ ਗਈ ਹੈ ਅਤੇ ਫਿਰ ਉਨ੍ਹਾਂ ਅਨੁਸਾਰ ਹਰ ਜੁਗ ਵਿਚ ਧਰਮ ਦੀ ਅਵਸਥਾ ਦਾ ਜ਼ਿਕਰ ਭਾਈ ਗੁਰਦਾਸ ਦੀਆਂ ਵਾਰਾਂ ਦੇ ਹਵਾਲੇ ਨਾਲ ਅਸੀਂ ਕਰਦੇ ਆਏ ਹਾਂ। ਇਸ ਅਗਲੀ ਪਉੜੀ ਵਿਚ ਭਾਈ ਗੁਰਦਾਸ ਇਸਲਾਮ ਨੂੰ ਮੰਨਣ ਵਾਲਿਆਂ ਅਤੇ ਹਿੰਦੂ ਧਰਮ ਨੂੰ ਮੰਨਣ ਵਾਲਿਆਂ ਦੇ ਆਪਸੀ ਵਿਰੋਧ ਅਤੇ ਇੱਕ-ਦੂਜੇ ਦੇ ਧਾਰਮਿਕ ਵਿਰੋਧ ਦੀ ਗੱਲ ਕਰਨ ਤੋਂ ਬਾਅਦ ਹੁਣ ਅਕਾਲ ਪੁਰਖ ਦੇ ਨਿਆਂ ਦੀ ਗੱਲ ਕਰਦੇ ਹਨ ਕਿ ਉਹ ਅਕਾਲ ਪੁਰਖ ਆਪ ਹੀ ਫੈਸਲਾ ਕਰਨ ਵਾਲਾ ਹੈ ਕਿ ਚਾਰ ਜੁਗਾਂ ਦਾ ਕੀ ਧਰਮ ਜਾਂ ਫਰਜ਼ ਹੈ ਕਿਉਂਕਿ ਉਹ ਇੱਕ ਅਕਾਲ ਪੁਰਖ ਆਪ ਹੀ ਸਭ ਕੁਝ ਹੈ। ਉਹ ਆਪ ਹੀ ਕਾਗਜ਼ ਜਾਂ ਪੱਟੀ ਹੈ, ਆਪ ਹੀ ਲਿਖਣ ਵਾਲੀ ਕਲਮ ਹੈ ਅਤੇ ਉਹ ਆਪ ਹੀ ਲਿਖਣ ਵਾਲਾ ਹੈ। ਇੱਕ ਗੁਰੂ ਦੀ ਅਗਵਾਈ ਤੋਂ ਬਿਨਾਂ ਲੋਕ ਅਗਿਆਨ ਵਸ ਇੱਕ ਦੂਸਰੇ ਨਾਲ ਮਜ਼ਬੀ ਵੈਰ-ਵਿਰੋਧ ਅਤੇ ਵਖਰੇਵਿਆਂ ਕਾਰਨ ਕਈ ਤਰ੍ਹਾਂ ਨਾਲ ਲੜ ਲੜ ਕੇ ਮਰ ਰਹੇ ਸੀ। ਇਸ ਤਰ੍ਹਾਂ ਧਾਰਮਿਕ ਵਖਰੇਵਿਆਂ ਕਰਕੇ ਜੋ ਆਪਸੀ ਵੈਰ-ਵਿਰੋਧ ਵਧ ਗਿਆ ਸੀ, ਉਸ ਨਾਲ ਸੰਸਾਰ 'ਤੇ ਪਾਪਾਂ ਦਾ ਭਾਰ ਵਧ ਗਿਆ ਸੀ।

ਹਿੰਦੂ ਮਿਥਿਹਾਸ ਵਿਚ ਧਰਮ ਨੂੰ ਬਲਦ ਮੰਨਿਆ ਗਿਆ ਹੈ, ਜਿਸ ਨੇ ਆਪਣੇ ਉਪਰ ਧਰਤੀ ਦਾ ਬੋਝ ਚੁੱਕਿਆ ਹੋਇਆ ਹੈ। ਸਤਿਜੁਗ ਵਿਚ ਧਰਮ ਰੂਪੀ ਬਲਦ ਦੇ ਚਾਰੇ ਪੈਰ ਕਾਇਮ ਸਨ ਅਰਥਾਤ ਧਰਮ ਪੂਰੀ ਤਰ੍ਹਾਂ ਸਥਾਪਤ ਸੀ। ਤ੍ਰੇਤੇ ਵਿਚ ਧਰਮ ਦਾ ਇੱਕ ਪੈਰ ਖਿਸਕ ਗਿਆ ਭਾਵ ਧਰਮ 'ਚ ਕਮੀ ਆ ਗਈ ਤੇ ਉਸ ਦੇ ਤਿੰਨ ਪੈਰ ਹੀ ਰਹਿ ਗਏ। ਦੁਆਪਰ 'ਚ ਉਸ ਦਾ ਇੱਕ ਪਗ ਹੋਰ ਖਿਸਕ ਗਿਆ ਅਰਥਾਤ ਧਰਮ ਅੱਧਾ ਰਹਿ ਗਿਆ ਅਤੇ ਕਲਿਜੁਗ ਵਿਚ ਧਰਮ ਦੀ ਹਾਨੀ ਏਨੀ ਵਧ ਗਈ ਕਿ ਬਲਦ ਇੱਕ ਟੰਗ ਦੇ ਭਾਰ ਹੋ ਗਿਆ ਭਾਵ ਧਰਮ ਸਿਰਫ ਚੌਥਾ ਹਿੱਸਾ ਰਹਿ ਗਿਆ। ਧਰਮ ਦੀ ਇਸ ਹਾਲਤ ਤੋਂ ਧਰਮ ਰੂਪੀ ਬਲਦ ਉਦਾਸ ਹੋ ਗਿਆ ਤੇ ਦਿਨ-ਰਾਤ ਰੋਣ ਲੱਗਾ।

ਦਇਆ ਧਰਮ ਦੀ ਸ਼ਕਤੀ ਹੈ, ਜਦੋਂ ਧਰਮ ਵਿਚੋਂ ਦਇਆ ਮਨਫੀ ਹੋ ਜਾਵੇ ਤਾਂ ਧਰਮ ਦੀ ਤਾਕਤ ਘੱਟ ਜਾਂਦੀ ਹੈ ਤੇ ਉਹ ਸ਼ਕਤੀਹੀਣ ਹੋ ਕੇ ਗਿਰਾਵਟ ਦੇ ਟੋਏ ਵਿਚ ਡੂੰਘਾ ਨਿੱਘਰ ਜਾਂਦਾ ਹੈ। ਉਸ ਵੇਲੇ ਵੀ ਧਰਮ ਦਾ ਇਹੀ ਹਾਲ ਹੋ ਗਿਆ ਸੀ ਜਿਸ ਦੀ ਭਾਈ ਗੁਰਦਾਸ ਗੱਲ ਕਰ ਰਹੇ ਹਨ। ਧਰਮ ਤਿੰਨ ਹਿੱਸੇ ਖਤਮ ਹੋ ਜਾਣ ਨਾਲ ਉਹ ਚੌਥਾ ਹਿੱਸਾ ਰਹਿ ਗਿਆ ਸੀ ਅਤੇ ਇੱਕ ਟੰਗ ਦੇ ਭਾਰ ਖੜੇ ਧਰਮ ਰੂਪੀ ਬੈਲ ਤੇ ਪਾਪਾਂ ਦਾ ਭਾਰ ਬਹੁਤ ਵਧ ਗਿਆ ਸੀ। ਧਰਤੀ ਉਤੇ ਪਾਪਾਂ ਦਾ ਭਾਰ ਕਿਸੇ ਸੰਤ ਪੁਰਸ਼ ਅਰਥਾਤ ਕਿਸੇ ਪਹੁੰਚੇ ਹੋਏ ਅਧਿਆਤਮਕ ਪੁਰਸ਼ ਦੀ ਅਗਵਾਈ ਨਾਲ ਹੀ ਘਟ ਹੋ ਸਕਦਾ ਸੀ ਪਰ ਸੰਸਾਰ ਉਤੇ ਕੋਈ ਵੀ ਅਜਿਹਾ ਸੰਤ-ਪੁਰਸ਼ ਨਜ਼ਰ ਨਹੀਂ ਆ ਰਿਹਾ ਸੀ ਜੋ ਇਨ੍ਹਾਂ ਵਧਦੇ ਹੋਏ ਪਾਪਾਂ ਨੂੰ ਰੋਕ ਸਕਦਾ। ਇਸ ਤਰ੍ਹਾਂ ਧਰਮ ਪਾਪਾਂ ਦੇ ਬੋਝ ਥੱਲੇ ਦੱਬਿਆ ਹੋਇਆ ਧਰਤੀ ਦਾ ਬੋਝ ਚੁੱਕਣ ਤੋਂ ਅਸਮਰੱਥ ਹੋ ਕੇ ਰੋ-ਰੋ ਕੇ ਪੁਕਾਰ ਕਰ ਰਿਹਾ ਸੀ:

ਚਾਰੇ ਜਾਗੇ ਚਹੁ ਜੁਗੀ
ਪੰਚਾਇਣੁ ਪ੍ਰਭੁ ਆਪੇ ਹੋਆ।
ਆਪੇ ਪਟੀ ਕਲਮਿ ਆਪ
ਆਪੇ ਲਿਖਣਿਹਾਰਾ ਹੋਆ।
ਬਾਝੁ ਗੁਰੂ ਅੰਧੇਰੁ ਹੈ
ਖਹਿ ਖਹਿ ਮਰਦੇ ਬਹੁ ਬਿਧਿ ਲੋਆ।
ਵਰਤਿਆ ਪਾਪੁ ਜਗਤਿ
ਤੇ ਧਉਲ ਉਡੀਣਾ ਨਿਸਦਿਨ ਰੋਆ।
ਬਾਝੁ ਦਇਆ ਬਲਹੀਣ ਹੋਉ
ਨਿਘਰੁ ਚਲੌ ਰਸਾਤਲਿ ਟੋਆ।
ਖੜਾ ਇਕਤੇ ਪੈਰਿ ਤੇ
ਪਾਪ ਸੰਗਿ ਬਹੁ ਭਾਰਾ ਹੋਆ।
ਥੰਮੇ ਕੋਇ ਨ ਸਾਧੁ ਬਿਨੁ
ਸਾਧੁ ਨ ਦਿਸੈ ਜਗਿ ਵਿਚ ਕੋਆ।
ਧਰਮ ਧਉਲੁ ਪੁਕਾਰੈ ਤਲੈ ਖੜੋਆ॥੨੨॥

ਭਾਈ ਗੁਰਦਾਸ ਨੇ ਹਿੰਦੂ ਮਿਥਿਹਾਸ ਵਿਚ ਦਿੱਤੇ ਹੋਏ ਧਰਮ ਲਈ ਧੌਲ ਜਾਂ ਬਲਦ ਦੇ ਦ੍ਰਿਸ਼ਟਾਂਤ ਰਾਹੀਂ ਉਸ ਵੇਲੇ ਧਰਮ ਦੀ ਗਿਰਾਵਟ ਦੀ ਜੋ ਗੱਲ ਕੀਤੀ ਹੈ, ਉਸ ਤੋਂ ਜਿਹੜਾ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ, ਉਹ ਇਹ ਹੈ ਕਿ ਧਰਮ ਵਿਚ ਗਿਰਾਵਟ ਉਦੋਂ ਆਉਂਦੀ ਹੈ ਜਦੋਂ ਉਸ ਵਿਚੋਂ ਦਇਆ ਦਾ ਅੰਸ਼ ਖਤਮ ਹੋ ਜਾਂਦਾ ਹੈ। ਦਇਆ ਧਰਮ ਦਾ ਬਹੁਤ ਹੀ ਮਹੱਤਵਪੂਰਨ ਹਿੱਸਾ ਹੈ, ਧਰਮ ਵਿਚੋਂ ਜਦੋਂ ਦਇਆ ਮਨਫੀ ਹੋ ਜਾਂਦੀ ਹੈ ਤਾਂ ਧਰਮ ਦੇ ਕਾਰਨ ਆਪਸੀ ਝਗੜੇ ਵਧ ਜਾਂਦੇ ਹਨ ਜਾਂ ਦੂਸਰੇ ਧਰਮ ਨੂੰ ਮੰਨਣ ਵਾਲੇ ਲੋਕਾਂ ਉਤੇ, ਗਰੀਬਾਂ ਮਜ਼ਲੂਮਾਂ ਉਤੇ ਜ਼ੁਲਮ ਦਾ ਕਾਰਨ ਬਣ ਜਾਂਦਾ ਹੈ। ਵਰਤਮਾਨ ਜੁਗ ਵਿਚ ਇਸ ਤੱਥ ਨੂੰ ਸਮਝਣਾ ਕੋਈ ਔਖਾ ਨਹੀਂ ਹੈ, ਇਸ ਤੱਥ ਨਾਲ ਅੱਜ ਕੱਲ ਆਮ ਲੋਕਾਂ ਨੂੰ ਅਕਸਰ ਹੀ ਦੋ-ਚਾਰ ਹੋਣਾ ਪੈ ਰਿਹਾ ਹੈ।

ਇਸੇ ਲਈ ਗੁਰੂ ਨਾਨਕ ਸਾਹਿਬ ਨੇ ਦਇਆ ਨੂੰ ਧਰਮ ਦਾ ਬਹੁਤ ਹੀ ਮਹਤਵਪੂਰਨ ਅਤੇ ਜ਼ਰੂਰੀ ਗੁਣ ਦੱਸਿਆ ਹੈ। ਜਪੁਜੀ ਸਾਹਿਬ ਵਿਚ ਉਪਰ ਦੱਸੇ ਅਲੰਕਾਰ ਦੀ ਵਰਤੋਂ ਕਰਦਿਆਂ ਹੀ ਗੁਰੂ ਨਾਨਕ ਸਾਹਿਬ ਨੇ ਸਪੱਸ਼ਟ ਕੀਤਾ ਹੈ ਕਿ ਧਰਮ ਹੀ ਧੌਲ ਹੈ ਜਿਸ ਨੇ ਇਸ ਧਰਤੀ ਨੂੰ ਨਿਯਮਿਤ ਕੀਤਾ ਹੋਇਆ ਹੈ, ਜਿਸ ਦੇ ਆਸਰੇ ਇਹ ਧਰਤੀ ਕਾਇਮ ਹੈ। ਦਇਆ ਨੂੰ ਧਰਮ ਦਾ ਜ਼ਰੂਰੀ ਗੁਣ ਦੱਸਦਿਆਂ ਉਹ ਅੱਗੇ ਆਖਦੇ ਹਨ ਕਿ ਧਰਮ ਦਇਆ ਦਾ ਪੁੱਤਰ ਹੈ, ਦਇਆ ਦੇ ਇਸ ਪੁੱਤਰ ਧਰਮ ਵਿਚੋਂ ਹੀ ਸੰਤੋਖ ਦਾ ਜਨਮ ਹੁੰਦਾ ਹੈ।

ਸਿੱਖ ਧਰਮ ਚਿੰਤਨ ਅਨੁਸਾਰ ਮਨੁੱਖ ਦੇ ਸਦਾਚਾਰੀ ਬਣਨ ਵਿਚ ਸਹਾਇਤਾ ਕਰਨ ਵਾਲਾ ਦੂਸਰਾ ਗੁਣ ਸੰਤੋਖ ਹੈ, ਜਿਸ ਨੂੰ ਬੇਹੱਦ ਮਹੱਤਵਪੂਰਨ ਸਮਝਿਆ ਗਿਆ ਹੈ। ਗੁਰੂ ਪੰਥ ਨੂੰ ਵੀ ਇਨ੍ਹਾਂ ਦੋ ਗੁਣਾਂ-ਦਇਆ ਅਤੇ ਸੰਤੋਖ ਨੂੰ ਆਪਣੀ ਰਹਿਤ ਦਾ ਲਾਜ਼ਮੀ ਗੁਣ ਬਣਾਉਣ ਦਾ ਉਪਦੇਸ਼ ਦਿੰਦੇ ਹਨ। ਦਇਆ ਦਾ ਧਰਮ ਵਿਚ ਦੋ ਤਰ੍ਹਾਂ ਦਾ ਰੋਲ ਹੈ ਜੋ ਉਹ ਅਦਾ ਕਰਦੀ ਹੈ; ਪਹਿਲਾ ਇਹ ਕਿ ਧਰਮ ਦਾ ਇਹ ਨਿਯਮ ਦੁਨੀਆਂ ਨੂੰ ਨਿਯਮਿਤ ਕਰਨ ਲਈ ਅਕਾਲ ਪੁਰਖ ਨੇ ਮਿਹਰ ਕਰਕੇ ਬ੍ਰਹਿਮੰਡ ਨੂੰ ਕਾਇਮ ਰੱਖਣ ਲਈ ਪਾਇਆ ਹੈ ਅਤੇ ਦੂਸਰਾ ਇਹ ਕਿ ਦਇਆ ਹੀ ਧਰਮ ਦੀ ਸ਼ਕਤੀ ਹੈ ਜਿਸ ਰਾਹੀਂ ਉਹ ਕਾਇਮ ਰਹਿੰਦਾ ਹੈ ਜਦੋਂ ਧਰਮ ਵਿਚੋਂ ਦਇਆ ਮਨਫੀ ਹੋ ਜਾਂਦੀ ਹੈ ਤਾਂ ਦੁਨੀਆਂ 'ਤੇ ਪਾਪ ਵਧ ਜਾਂਦਾ ਹੈ:

ਧੌਲੁ ਧਰਮੁ ਦਇਆ ਕਾ ਪੂਤੁ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥
(ਪੰਨਾ ੩)

## ਸ਼ਬਦ ਦੀ ਕਮਾਈ

ਗੁਰਬਾਣੀ ਨੂੰ ਸੁਣਨਾ ਪੜ੍ਹਨਾ,
ਸਿੱਖ ਕੇ ਅੱਗੇ ਪੜ੍ਹਾਉਣਾ।
ਹਰ ਸ਼ਬਦ ਦੇ ਅਰਥਾਂ ਦੇ ਨਾਲ,
ਭਾਵ ਅਰਥ ਸਮਝਾਉਣਾ।
ਗੁਰ ਸਿੱਖਿਆ ਨੂੰ ਸਮਝ ਸਮਝ ਕੇ,
ਜੀਵਨ ਵਿਚ ਅਪਨਾਉਣਾ।
ਬਾਣੀ ਦੇ ਉਪਦੇਸ਼ਾਂ ਉਪਰੋਂ,
ਖੁਦ ਨੂੰ ਘੋਲ ਘੁਮਾਉਣਾ।
ਵਾਂਗ ਮੰਤਰਾਂ ਮੁੜ ਮੁੜ ਇੱਕੋ,
ਤੋਤਾ ਰਟਣੀ ਨਾਲੋਂ,
ਗੁਰਮਤਿ ਵਿਚ ਤਾਂ ਹੁੰਦਾ ਏ ਇੰਜ,
ਗੁਰ ਕਾ ਸ਼ਬਦ ਕਮਾਉਣਾ।

*-ਗੁਰਮੀਤ ਸਿੰਘ ਬਰਸਾਲ*
*ਕੈਲੀਫੋਰਨੀਆ।*

## ਗੁਰਬਾਣੀ ਗਿਆਨ

# ਮਨ ਰੇ ਗਹਿਓ ਨ ਗੁਰ ਉਪਦੇਸੁ

ਸੋਰਠ ਮਹੱਲਾ ੯
ਮਨ ਰੇ ਗਹਿਓ ਨ ਗੁਰ ਉਪਦੇਸੁ॥
ਕਹਾ ਭਇਓ ਜਉ ਮੂਡੁ ਮੁਡਾਇਓ
ਭਗਵਉ ਕੀਨੋ ਭੇਸੁ॥੧॥ ਰਹਾਉ॥
ਸਾਚ ਛਾਡਿ ਕੈ ਝੂਠਹ ਲਾਗਿਓ
ਜਨਮੁ ਅਕਾਰਥੁ ਖੋਇਓ॥
ਕਰਿ ਪਰਪੰਚ ਉਦਰ ਨਿਜ ਪੋਖਿਓ
ਪਸੁ ਕੀ ਨਿਆਈ ਸੋਇਓ॥੧॥
ਰਾਮ ਭਜਨ ਕੀ ਗਤਿ ਨਹੀ ਜਾਨੀ
ਮਾਇਆ ਹਾਥਿ ਬਿਕਾਨਾ॥
ਉਰਝਿ ਰਹਿਓ ਬਿਖਿਅਨ ਸੰਗਿ ਬਉਰਾ
ਨਾਮੁ ਰਤਨੁ ਬਿਸਰਾਨਾ॥੨॥
ਰਹਿਓ ਅਚੇਤੁ ਨ ਚੇਤਿਓ ਗੋਬਿੰਦ
ਬਿਰਥਾ ਅਉਧ ਸਿਰਾਨੀ॥
ਕਹੁ ਨਾਨਕ ਹਰਿ ਬਿਰਦੁ ਪਛਾਨਉ
ਭੂਲੇ ਸਦਾ ਪਰਾਨੀ॥੩॥

ਇਸ ਸ਼ਬਦ ਵਿਚ ਗੁਰਦੇਵ ਪਿਤਾ ਜੀ ਭੇਖ ਅਤੇ ਦਿਖਾਵੇ ਦਾ ਖੰਡਨ ਕਰਦੇ ਹੋਏ ਆਖਦੇ ਹਨ ਕਿ ਹੇ ਮਨ! ਤੂੰ ਆਪਣੇ ਗੁਰੂ ਦੀ ਸਿੱਖਿਆ ਨੂੰ ਸੁਣ ਕੇ ਤਾਂ ਕਦੀ ਮੰਨਿਆ ਹੀ ਨਹੀਂ ਅਤੇ ਗੁਰੂ ਦੇ ਉਪਦੇਸ਼ ਨੂੰ ਛੱਡ ਕੇ ਮੂੰਡ ਮੁਡਾਇਉ, ਭਾਵ ਸਿਰ ਭੀ ਮੁਨਾ ਲਿਆ ਤੇ ਭਗਵੇ ਰੰਗ ਦੇ ਚੋਲੇ ਵੀ ਪਾ ਲਏ ਪਰ ਕੀ ਬਣਿਆ? ਕੁਝ ਭੀ ਨਹੀਂ। ਇਹ ਸਾਰੇ ਦਿਖਾਵੇ ਅਤੇ ਪਾਖੰਡ ਛੱਡ ਕੇ ਗੁਰੂ ਦੇ ਉਪਦੇਸ਼ ਉਤੇ ਤੁਰ।

ਸਾਚ ਛਾਡਿ ਕੈ ਝੂਠਹ ਲਾਗਿਓ
ਜਨਮੁ ਅਕਾਰਥੁ ਖੋਇਓ॥
ਕਰਿ ਪਰਪੰਚ ਉਦਰ ਨਿਜ ਪੋਖਿਓ
ਪਸੁ ਕੀ ਨਿਆਈ ਸੋਇਓ॥੧॥

ਹੇ ਭਾਈ, ਤੂੰ ਸਿਰ ਵੀ ਮੁੰਡਵਾ ਲਿਆ ਅਤੇ ਭਗਵੇ ਰੰਗ ਦਾ ਚੋਲਾ ਪਾ ਕੇ ਦਿਖਾਵਾ ਵੀ ਕਰ ਲਿਆ, ਉਸ ਸਦਾ ਹੀ ਅਟੱਲ ਰਹਿਣ ਵਾਲੇ ਪ੍ਰਭੂ ਦਾ ਨਾਮ ਸਿਮਰਨ ਕੀਤਾ ਹੀ ਨਹੀਂ। ਹੇ ਜੀਵ, ਤੂੰ ਇਸ ਖ਼ਤਮ ਹੋ ਜਾਣ ਵਾਲੇ ਜਗਤ ਦੇ ਪਦਾਰਥਾਂ ਵਿਚ ਹੀ ਫਸਿਆ ਰਿਹਾ। ਪਰਪੰਚ ਭਾਵ ਦਿਖਾਵਾ, ਪਾਖੰਡ ਕਰਕੇ ਤੇ ਝੂਠ ਬੋਲ-ਬੋਲ ਕੇ ਆਪਣਾ ਢਿੱਡ ਭਰਦਾ ਰਿਹਾ ਅਤੇ ਪਸ਼ੂ ਵਾਂਗ ਸੁੱਤਾ ਰਹਿ ਕੇ ਆਪਣਾ ਜਨਮ ਐਵੇਂ ਹੀ ਗਵਾ ਲਿਆ।

ਰਾਮ ਭਜਨ ਕੀ ਗਤਿ ਨਹੀ ਜਾਨੀ
ਮਾਇਆ ਹਾਥਿ ਬਿਕਾਨਾ॥
ਉਰਝਿ ਰਹਿਓ ਬਿਖਿਅਨ ਸੰਗਿ ਬਉਰਾ
ਨਾਮੁ ਰਤਨੁ ਬਿਸਰਾਨਾ॥੨॥

ਹੇ ਭਾਈ, ਇਹ ਮੂਰਖ ਜੀਵ ਉਸ ਪਰਮਾਤਮਾ ਪ੍ਰਭੂ ਦੇ ਨਾਮ ਸਿਮਰਨ ਵਾਲੇ ਰਸਤੇ ਨੂੰ ਤਾਂ ਤੁਰਦਾ ਹੀ ਨਹੀਂ, ਤੇ ਮਾਇਆ ਦੇ ਲੋਭ-ਲਾਲਚਾਂ ਵਿਚ ਫਸ ਕੇ ਮਾਇਆ ਦੇ ਹੱਥਾਂ ਵਿਚ ਹੀ ਵਿਕਿਆ ਰਹਿੰਦਾ ਹੈ। ਗੁਰੂ ਜੀ ਫੁਰਮਾਉਂਦੇ ਹਨ, ਇਹ ਝੱਲਾ ਜੀਵ ਇਸੇ ਜਗਤ ਦੇ ਮਾਇਆ ਰੂਪੀ ਪਦਾਰਥਾਂ ਵਿਚ ਉਲਝ ਕੇ ਐਸਾ ਮਗਨ ਹੋਇਆ ਹੈ ਕਿ ਇਸ ਨੂੰ ਉਸ ਵਾਹਿਗੁਰੂ ਦਾ ਨਾਮ ਤਾਂ ਵਿਸਰ ਹੀ ਗਿਆ ਹੈ; ਜੀਵ ਭੁੱਲ ਹੀ ਗਿਆ ਕਿ ਮੈਂ ਇਸ ਸੰਸਾਰ ਵਿਚ ਕਿਸ ਕੰਮ ਲਈ ਆਇਆ ਹੋਇਆ ਹਾਂ। ਸੋ, ਹੇ ਭਾਈ, ਮਾਇਆ ਦੇ ਇਨ੍ਹਾਂ ਜੰਜਾਲਾਂ ਵਿਚ ਨਿਕਲ ਕੇ ਨਾਮ ਸਿਮਰਨ ਕਰਨਾ ਚਾਹੀਦਾ ਹੈ।


ਰਹਿਓ ਅਚੇਤੁ ਨ ਚੇਤਿਓ ਗੋਬਿੰਦ
ਬਿਰਥਾ ਅਉਧ ਸਿਰਾਨੀ॥
ਕਹੁ ਨਾਨਕ ਹਰਿ ਬਿਰਦੁ ਪਛਾਨਉ
ਭੂਲੇ ਸਦਾ ਪਰਾਨੀ॥੩॥

ਹੁਣ ਗੁਰਦੇਵ ਪਿਤਾ ਜੀ ਸ਼ਬਦ ਦੇ ਅਖੀਰ 'ਤੇ ਆਖਦੇ ਹਨ ਕਿ ਇਹ ਜੀਵ ਤਾਂ ਮੋਹ-ਮਾਇਆ ਵਿਚ ਇਸ ਤਰ੍ਹਾਂ ਫਸਿਆ ਹੈ ਕਿ ਇਸ ਨੇ ਆਪਣੇ ਮਾਲਕ, ਉਸ ਪ੍ਰਭੂ ਦਾ ਨਾਮ ਵਿਸਾਰ ਕੇ ਆਪਣੀ ਸਾਰੀ ਉਮਰ ਬੇਅਰਥ ਹੀ ਲੰਘਾ ਦਿੱਤੀ, ਉਸ ਮਾਲਕ, ਉਸ ਪ੍ਰਭੂ ਪਰਮਾਤਮਾ ਨੂੰ ਕਦੀ ਯਾਦ ਹੀ ਨਹੀਂ ਕੀਤਾ। ਹੁਣ ਗੁਰਦੇਵ ਜੀ ਅਰਦਾਸ ਕਰਦੇ ਹੋਏ ਆਖਦੇ ਹਨ ਕਿ ਹੇ ਮੇਰੇ ਪ੍ਰਭੂ ਜੀਉ! ਇਸ ਨਾਨਕ ਦੀ ਬੇਨਤੀ ਸੁਣੋ, ਪ੍ਰਭੂ ਜੀ ਤੇਰਾ ਜੋ ਸ਼ੁਰੂ ਤੋਂ ਹੀ ਸੁਭਾਉ ਹੈ ਆਪਣੇ ਭਗਤਾਂ ਨੂੰ ਪਿਆਰ ਕਰਨ ਦਾ, ਉਸ ਸਦਕਾ ਸਾਡੀ ਭੀ ਪੱਤ ਰੱਖੋ, ਕਿਉਂਕਿ ਜਗਤ ਦੇ ਜੀਵ ਤਾਂ ਸਦਾ ਹੀ ਭੁੱਲਣਹਾਰ ਹਨ।

ਗੁਰੂ ਪਿਆਰਿਓ, ਆਓ ਸ਼ਬਦ ਗੁਰੂ ਨਾਲ ਜੁੜੀਏ।

*-ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਬੱਬਰ ਰਤਨ ਸਿੰਘ ਰੱਕੜਾਂ ਬੇਟ



**ਬੱਬਰ ਰਤਨ ਸਿੰਘ ਨੇ ਲਾਹੌਰ ਜੇਲ੍ਹ ਅੰਦਰ ਅਧਿਕਾਰੀਆਂ ਨੂੰ ਵਖਤ ਪਾ ਦਿਤਾ ਤਾਂ ਉਸ ਨੂੰ ਕਾਲੇ ਪਾਣੀ ਭੇਜਣ ਲਈ ਕਲਕੱਤੇ (ਹੁਣ ਕੋਲਕਾਤਾ) ਦੀ ਗੱਡੀ ਚੜ੍ਹਾ ਦਿਤਾ। ਜਗਾਧਰੀ ਰੇਲਵੇ ਸਟੇਸ਼ਨ ਉਤੇ ਸਿਗਨਲ ਨਾ ਮਿਲਣ ਕਰ ਕੇ ਗੱਡੀ ਰੁਕ ਗਈ। ਗਾਰਦ ਨੂੰ ਸੁੱਤੀ ਦੇਖ ਕੇ ਉਹ ਗੱਡੀ ਤੋਂ ਉਤਰ ਗਿਆ, ਪਰ ਹਥਕੜੀ ਅਤੇ ਬੇੜੀ ਸਮੇਤ ਦੌੜਨਾ ਮੁਸ਼ਕਲ ਸੀ ਅਤੇ ਗਾਰਦ ਵਾਲਿਆਂ ਫੜ ਲਿਆ। ਅੰਡੇਮਾਨ ਦੀ ਜੇਲ੍ਹ ਵਿਚ ਪਹਿਲਾਂ ਹੀ ਕਈ ਆਜ਼ਾਦੀ ਪਰਵਾਨੇ ਸਨ। ਬੱਬਰ ਦੇ ਪਹੁੰਚਣ ਨਾਲ ਅੰਗਰੇਜ਼ ਸਰਕਾਰ ਵਿਰੁੱਧ ਕੈਦੀਆਂ ਵਿਚ ਮੁੜ ਜੋਸ਼ ਆ ਗਿਆ।**

ਪਿੰਡ ਰੱਕੜਾਂ ਬੇਟ ਬਲਾਚੌਰ ਤੋਂ ਤਿੰਨ ਕੁ ਮੀਲ ਦੱਖਣ-ਪੂਰਬ ਵੱਲ ਦਰਿਆ ਸਤਲੁਜ ਕੰਢੇ ਸਥਿਤ ਹੈ। ਰੱਕੜ ਗੋਤ ਦੇ ਜੱਟਾਂ ਦੀ ਮਾਲਕੀ ਵਾਲਾ ਇਹ ਪਿੰਡ ਰੋਪੜ ਦੇ ਟੱਪਰੀਆਂ ਪਿੰਡ ਦੇ ਲੋਕਾਂ ਨੇ ਤਕਰੀਬਨ 250 ਕੁ ਸਾਲ ਪਹਿਲਾਂ ਵਸਾਇਆ ਸੀ। ਬੱਬਰ ਰਤਨ ਸਿੰਘ ਦੇ ਪਿਤਾ ਨੰਬਰਦਾਰ ਜਵਾਹਰ ਸਿੰਘ ਇਲਾਕੇ ਦੀ ਸਿਰ-ਕੱਢ ਹਸਤੀ ਸਨ। ਉਨ੍ਹਾਂ ਨੇ ਆਪਣੇ ਪੁੱਤਰ ਨੂੰ ਪੜ੍ਹਾਈ ਲਈ ਰਾਹੋਂ ਦੇ ਗੌਰਮਿੰਟ ਹਾਈ ਸਕੂਲ ਦਾਖਲ ਕਰਵਾਇਆ। ਰਾਹੋਂ ਦਾ ਇਹ ਹਾਈ ਸਕੂਲ ਸਾਂਝੇ ਪੰਜਾਬ ਦਾ ਪਹਿਲਾ ਗੌਰਮਿੰਟ ਹਾਈ ਸਕੂਲ ਸੀ। ਸਕੂਲ ਦੀ ਲੌਗ-ਬੁੱਕ ਵਿਚ ਦਰਜ ਹੈ ਕਿ

**ਵਾਸਦੇਵ ਸਿੰਘ ਪਰਹਾਰ**
**ਫੋਨ: 206-434-1155**

ਜਲੰਧਰ ਡਿਵੀਜ਼ਨ ਦੇ ਸਕੂਲਾਂ ਦਾ ਇੰਸਪੈਕਟਰ ਮਿਸਟਰ ਪਰਕਿਨਸਨ 1857 ਵਿਚ ਜਦੋਂ ਸਕੂਲ ਦਾ ਮੁਆਇਨਾ ਕਰ ਰਿਹਾ ਸੀ ਤਾਂ ਉਸ ਨੂੰ ਖ਼ਬਰ ਮਿਲੀ ਕਿ ਦਿੱਲੀ ਵਿਚ ਉਸ ਦੀ ਪਤਨੀ ਅਤੇ ਬੱਚਿਆਂ ਨੂੰ ਗਦਰੀਆਂ ਨੇ ਮਾਰ ਦਿੱਤਾ ਹੈ।

ਬੱਬਰ ਰਤਨ ਸਿੰਘ ਨੇ 1906 ਵਿਚ ਰਾਹੋਂ ਸਕੂਲ ਤੋਂ ਮੈਟ੍ਰਿਕ ਪਾਸ ਕੀਤੀ ਅਤੇ ਫੌਜ ਵਿਚ ਭਰਤੀ ਹੋ ਗਿਆ। ਉਸ ਨੇ ਦੇਖਿਆ ਕਿ ਅੰਗਰੇਜ਼ ਅਫਸਰ, ਜਵਾਨਾਂ ਨਾਲ ਗੁਲਾਮਾਂ ਵਾਲਾ ਵਰਤਾਓ ਕਰਦੇ ਹਨ ਤਾਂ ਉਸ ਦੇ ਦਿਲ ਵਿਚ ਅੰਗਰੇਜ਼ ਸਰਕਾਰ ਵਿਰੁੱਧ ਨਫਰਤ ਪੈਦਾ ਹੋ ਗਈ। ਉਸ ਨੇ ਅਸਲੇਖਾਨੇ ਵਿਚੋਂ ਇਕ ਪਸਤੌਲ, ਕੁਝ ਗਰਨੇਡ ਅਤੇ 303 ਦੀ ਪੱਕੀ ਰਾਈਫਲ ਚੋਰੀ ਕਰ ਕੇ ਆਪਣੇ ਘਰ ਟੋਆ ਪੁੱਟ ਕੇ ਰੱਖ ਲਈ। ਛੇਤੀ ਹੀ 1919 ਵਿਚ ਉਸ ਨੇ ਫੌਜ ਤੋਂ ਡਿਸਚਾਰਜ ਲੈ ਲਿਆ। ਕਿਸੇ ਦੋਸਤ ਦੀ ਮੁਖ਼ਬਰੀ 'ਤੇ ਉਸ ਦੇ ਘਰੋਂ ਪੁਲਿਸ ਨੇ ਹਥਿਆਰ ਬਰਾਮਦ ਕਰ ਲਏ ਜਿਸ ਕਾਰਨ ਉਸ ਨੂੰ ਤਿੰਨ ਸਾਲ ਕੈਦ ਹੋਈ। ਕੈਦ ਪੂਰੀ ਹੋਣ 'ਤੇ ਉਹ ਆਪਣੇ ਪਿੰਡ ਖੇਤੀ ਕਰਨ ਲੱਗਾ। ਪਹਿਲਾਂ ਪਿੰਡ ਦੇ ਅਕਾਲੀ ਜਥੇ ਦਾ ਜਥੇਦਾਰ ਅਤੇ ਫਿਰ ਤਹਿਸੀਲ ਗੜ੍ਹਸ਼ੰਕਰ ਦੇ ਅਕਾਲੀ ਜਥੇ ਦਾ ਜਥੇਦਾਰ ਬਣਿਆ। ਇਸ ਦੌਰਾਨ ਉਹ ਪੂਰਾ ਸਮਾਂ ਅੰਗਰੇਜ਼ ਸਰਕਾਰ ਦੇ ਜ਼ੁਲਮਾਂ ਦਾ ਹਥਿਆਰਬੰਦ ਸੰਘਰਸ਼ ਨਾਲ ਟਾਕਰਾ ਕਰਨ ਦਾ ਪ੍ਰਚਾਰ ਕਰਦਾ ਰਿਹਾ। 1930 ਵਿਚ ਪਿੰਡਾਂ ਅਤੇ ਥਾਣਾ ਰਾਹੋਂ, ਬਲਾਚੌਰ, ਗੜ੍ਹਸ਼ੰਕਰ ਅਤੇ ਮਾਹਲਪੁਰ ਦੀਆਂ ਕੰਧਾਂ 'ਤੇ ਇਸ਼ਤਿਹਾਰ ਲਾ ਦਿਤੇ ਕਿ ਚਾਰੇ ਥਾਣੇ ਬੰਬਾਂ ਨਾਲ ਉਡਾ ਦਿਤੇ ਜਾਣਗੇ। ਸਰਕਾਰ ਨੇ ਇਨ੍ਹਾਂ ਇਸ਼ਤਿਹਾਰਾਂ ਦਾ ਗੰਭੀਰ ਨੋਟਿਸ ਲੈਂਦਿਆਂ ਬੱਬਰ ਦੇ ਵਾਰੰਟ ਜਾਰੀ ਕਰ ਦਿਤੇ। ਉਸ ਵਿਰੁੱਧ ਤਿੰਨ ਜੁਰਮਾਂ ਦੀ ਫਰਦ ਬਣੀ- ਨਾਜਾਇਜ਼ ਹਥਿਆਰ ਰੱਖਣਾ, ਪੁਲਿਸ ਨੂੰ ਧਮਕੀਆਂ ਦੇਣਾ ਅਤੇ ਸਰਕਾਰ ਵਿਰੁੱਧ ਬਗਾਵਤ ਕਰਨਾ। ਬੱਬਰ ਸ਼ਿਵਾਲਕ ਦੀਆਂ ਪਹਾੜੀਆਂ ਵੱਲ ਨਿਕਲ ਗਿਆ, ਪਰ ਮੇਲਾ ਸਿੰਘ ਨੇ ਉਸ ਨੂੰ ਆਨੰਦਪੁਰ ਸਾਹਿਬ ਤੋਂ ਗ੍ਰਿਫਤਾਰ ਕਰਵਾ ਦਿੱਤਾ। ਇਸ ਕੇਸ ਵਿਚ ਉਸ ਨੂੰ 11 ਸਾਲ ਕੈਦ ਹੋਈ।

ਬੱਬਰ ਰਤਨ ਸਿੰਘ ਨੇ ਲਾਹੌਰ ਜੇਲ੍ਹ ਅੰਦਰ ਅਧਿਕਾਰੀਆਂ ਨੂੰ ਵਖਤ ਪਾ ਦਿਤਾ ਤਾਂ ਉਸ ਨੂੰ ਕਾਲੇ ਪਾਣੀ ਭੇਜਣ ਲਈ ਕਲਕੱਤੇ (ਹੁਣ ਕੋਲਕਾਤਾ) ਦੀ ਗੱਡੀ ਚੜ੍ਹਾ ਦਿਤਾ। ਜਗਾਧਰੀ ਰੇਲਵੇ ਸਟੇਸ਼ਨ ਉਤੇ ਸਿਗਨਲ ਨਾ ਮਿਲਣ ਕਰ ਕੇ ਗੱਡੀ ਰੁਕ ਗਈ। ਗਾਰਦ ਨੂੰ ਸੁੱਤੀ ਦੇਖ ਕੇ ਉਹ ਗੱਡੀ ਤੋਂ ਉਤਰ ਗਿਆ, ਪਰ ਹਥਕੜੀ ਅਤੇ ਬੇੜੀ ਸਮੇਤ ਦੌੜਨਾ ਮੁਸ਼ਕਲ ਸੀ ਅਤੇ ਗਾਰਦ ਵਾਲਿਆਂ ਫੜ ਲਿਆ। ਅੰਡੇਮਾਨ ਦੀ ਜੇਲ੍ਹ ਵਿਚ ਪਹਿਲਾਂ ਹੀ ਕਈ ਆਜ਼ਾਦੀ ਪਰਵਾਨੇ ਸਨ। ਬੱਬਰ ਦੇ ਪਹੁੰਚਣ ਨਾਲ ਅੰਗਰੇਜ਼ ਸਰਕਾਰ ਵਿਰੁੱਧ ਕੈਦੀਆਂ ਵਿਚ ਮੁੜ ਜੋਸ਼ ਆ ਗਿਆ। ਨਿਤ ਹੜਤਾਲਾਂ ਹੋਣ ਲੱਗੀਆਂ, ਤਾਂ ਜੇਲ੍ਹ ਵਾਲਿਆਂ ਬੱਬਰ ਨੂੰ ਪੁਆੜੇ ਦੀ ਜੜ੍ਹ ਸਮਝ ਕੇ ਵਾਪਸ ਲਾਹੌਰ ਜੇਲ੍ਹ ਲਈ ਜਹਾਜ਼ ਚੜ੍ਹਾ ਦਿੱਤਾ। ਕਲਕੱਤੇ ਪਹੁੰਚ ਕੇ ਇਕ ਕੈਦਣ ਦੀ ਮਦਦ ਨਾਲ ਬੱਬਰ ਨੇ ਦਾਤਣ ਦੇ ਬੰਡਲ ਵਿਚ ਲੋਹਾ ਕੱਟਣ ਵਾਲੇ ਦੋ ਬਲੇਡ ਅਤੇ ਛੇ ਬੋਤਲਾਂ ਸ਼ਰਾਬ ਮੰਗਵਾ ਲਈ। ਪਹਿਲੀ ਰਾਤ ਗਾਰਦ ਵਾਲੇ ਸ਼ਰਾਬ ਪੀ ਕੇ ਸੌਂ ਗਏ। ਦੂਸਰੀ ਰਾਤ ਵੀ ਗਾਰਦ ਵਾਲਿਆਂ ਨੂੰ ਹੋਰ ਸ਼ਰਾਬ ਦੇ ਦਿੱਤੀ ਅਤੇ ਉਹ ਬੇਫਿਕਰ ਹੋ ਗਏ ਕਿ ਕੱਲ੍ਹ ਨਹੀਂ ਭੱਜਿਆ, ਅੱਜ ਵੀ ਨਹੀਂ ਭੱਜਣ ਲੱਗਾ। ਗਾਰਦ ਨੂੰ ਘੂਕ ਸੁੱਤੀ ਪਈ ਦੇਖ ਬੱਬਰ ਨੇ ਬਲੇਡ ਨਾਲ ਆਪਣੀ ਹਥਕੜੀ ਅਤੇ ਬੇੜੀ ਕੱਟ ਲਈ। ਗੱਡੀ ਜਦੋਂ ਨਰਵਾਣਾ ਰੇਲਵੇ ਸਟੇਸ਼ਨ ਤੋਂ ਬਾਹਰ ਸਿਗਨਲ ਨਾ ਹੋਣ ਕਰ ਕੇ ਰੁਕੀ ਤਾਂ ਬੱਬਰ ਭੱਜ ਗਿਆ। ਜਾਣ ਲੱਗਾ ਪੁਲਿਸ ਦੀਆਂ ਦੋ ਪੱਕੀਆਂ ਰਾਈਫਲਾਂ ਅਤੇ ਗੋਲੀਆਂ ਲੈ ਗਿਆ। ਜੰਗਲ ਬੇਲਿਆਂ ਵਿਚ ਰਾਤਾਂ ਨੂੰ ਸਫਰ ਕਰਦਾ ਉਹ ਲੱਖ ਮੁਸੀਬਤਾਂ ਝੱਲ ਕੇ ਚੜ੍ਹਦੀ ਕਲਾ ਵਿਚ ਰਿਹਾ ਅਤੇ ਮਾਛੀਵਾੜਾ ਹੁੰਦਾ ਹੋਇਆ ਆਪਣੇ ਪਿੰਡ ਰੱਕੜਾਂ ਬੇਟ ਪਹੁੰਚ ਗਿਆ। ਪਿੰਡ ਰਹਿਣਾ ਖਤਰੇ ਤੋਂ ਖਾਲੀ ਨਹੀਂ ਸੀ। ਇਸ ਲਈ ਉਹ ਆਪਣੇ ਦੋਸਤਾਂ ਕੋਲ ਨਿੱਤ ਬਿਨਾ ਕਿਸੇ ਨੂੰ ਦੱਸੇ ਅਗਲੇ ਟਿਕਾਣੇ ਚਲਾ ਜਾਂਦਾ। 1932 ਵਿਚ ਉਸ ਨੇ ਪਿੰਡ ਰੁੜਕੀ ਸੈਣੀਆਂ ਵਿਚ ਗੇਂਦਾ ਸਿੰਘ ਅਤੇ ਉਸ ਦੇ ਭਰਾ ਨੰਬਰਦਾਰ ਈਸ਼ਰ ਸਿੰਘ ਪਾਸ ਰਹਿਣਾ ਸ਼ੁਰੂ ਕੀਤਾ। ਇਹ ਪਿੰਡ ਸਾਰਾ ਹੀ ਸੈਣੀ ਬਰਾਦਰੀ ਦਾ ਹੈ। ਸਾਰਾ ਹੀ ਪਿੰਡ ਬੱਬਰਾਂ ਦਾ ਹਮਾਇਤੀ ਸੀ। ਗੇਂਦਾ ਸਿੰਘ ਦਾ ਘਰ ਉਸ ਲਈ ਕਿਲ੍ਹੇ ਵਾਂਗ ਸੀ। ਇਸ ਦੌਰਾਨ ਬੱਬਰ ਨੇ ਪੁਰਾਣੇ ਬੱਬਰਾਂ ਦੀ ਮੀਟਿੰਗ ਲਛਮਣ ਸਿੰਘ ਜਾਗੀਰਦਾਰ ਦੇ ਘਰ ਪਿੰਡ ਸਿੰਬਲੀ ਵਿਖੇ ਬੁਲਾਈ ਜਿਸ ਵਿਚ ਦਸੌਂਧਾ ਸਿੰਘ ਪਿੰਡ ਢਾਡਾ, ਫਤਿਹ ਸਿੰਘ ਪਿੰਡ ਚਾਹਲਪੁਰ, ਗੇਂਦਾ ਸਿੰਘ ਤੇ ਤਾਰਾ ਸਿੰਘ ਪਿੰਡ ਸਿੰਬਲੀ, ਪਿਆਰਾ ਸਿੰਘ ਲੰਗੇਰੀ ਗਦਰੀ ਲੀਡਰ ਤੇ ਐਮ.ਐਲ.ਏ., ਠੋਲਾ ਸਿੰਘ ਪਿੰਡ ਬਾਘਾ, ਮਾਸਟਰ ਕਾਬਲ ਸਿੰਘ ਗੋਬਿੰਦਪੁਰ, ਅਰਜਨ ਸਿੰਘ ਸੱਚ ਖੜੌਦੀ, ਦਲੀਪ ਸਿੰਘ ਸਾਂਧਰਾ, ਰੁੜਕੀ ਖਾਸ ਦੇ ਗੇਂਦਾ ਸਿੰਘ ਤੇ ਈਸ਼ਰ ਸਿੰਘ, ਸ਼ਿਵਰਾਮ ਸਿੰਘ ਫੂਲੋਂ, ਹਰਜਾਪ ਸਿੰਘ ਬੈਂਸ ਐਮ.ਐਲ.ਏ. ਮਾਹਲਪੁਰ, ਹਜ਼ਾਰਾ ਸਿੰਘ ਰੁੜਕੀ ਖਾਸ, ਮੂਲਾ ਸਿੰਘ ਬਾਹੋਵਾਲ, ਮੁਨਸ਼ੀ ਰਾਮ ਚੱਕ ਹਾਜੀਪੁਰ, ਬਾਬਾ ਗੁਰਦਿੱਤ ਸਿੰਘ ਗੜ੍ਹਸ਼ੰਕਰ ਹਾਜ਼ਰ ਹੋਏ। ਇਸ ਮੀਟਿੰਗ ਵਿਚ ਦੇਸ਼ ਭਗਤਾਂ ਨੇ ਬੱਬਰ ਦੀ ਭਾਵਨਾ ਦੀ ਪੂਰੀ ਕਦਰ ਕਰਦਿਆਂ ਉਸ ਨੂੰ ਅਜੇ ਕੁਝ ਚਿਰ ਗੁਪਤ ਰਹਿ ਕੇ, ਦੇਸ਼ ਧ੍ਰੋਹੀਆਂ ਦੇ ਸੁਧਾਰ ਲਈ ਸਮੇਂ ਦੀ ਉਡੀਕ ਕਰਨ ਦੀ ਸਲਾਹ ਦਿੱਤੀ। ਝੋਲੀਚੁੱਕ ਇਨਾਮ ਦੇ ਲਾਲਚ ਵਿਚ ਗਦਾਰੀ ਕਰਨ ਲਈ ਕਮਰ ਕੱਸੀ ਫਿਰਦੇ ਹਨ। ਹਰਜਾਪ ਸਿੰਘ ਮਾਹਲਪੁਰ ਨੇ ਬੱਬਰ ਨੂੰ ਰਿਵਾਲਵਰ ਅਤੇ 50 ਗੋਲੀਆਂ ਦਿਤੀਆਂ। ਪਿਆਰਾ ਸਿੰਘ ਲੰਗੇਰੀ ਨੇ ਮਾਇਕ ਸਹਾਇਤਾ ਦਿੱਤੀ। ਗੇਂਦਾ ਸਿੰਘ ਨੇ ਪੱਕੀ ਰਾਈਫਲ, ਗੋਲੀਆਂ ਅਤੇ ਗਰਨੇਡ ਦਿੱਤੇ।


ਪਿੰਡ ਰੁੜਕੀ ਖਾਸ ਦੇ ਸਾਰੇ ਹੀ ਲੋਕ ਆਜ਼ਾਦੀ ਪਰਵਾਨਿਆਂ ਲਈ ਹਰ ਕੁਰਬਾਨੀ ਕਰਨ ਨੂੰ ਤਿਆਰ ਸਨ। ਮੀਹਾਂ ਸਿੰਘ ਕੰਗ ਪਿੰਡ ਗੜ੍ਹੀ ਕਾਨੂੰਗੋਆਂ, ਬੱਬਰ ਦਾ ਦੂਰੋਂ ਰਿਸ਼ਤੇਦਾਰ ਅਤੇ ਮਿੱਤਰ ਸੀ। ਉਹ ਬੱਬਰ ਪਾਸ ਪਿੰਡ ਰੁੜਕੀ ਆਉਂਦਾ ਰਹਿੰਦਾ ਸੀ, ਪਰ ਉਹ ਇਨਾਮ ਦੇ ਲਾਲਚ ਵਿਚ ਆ ਗਿਆ। ਸਰਕਾਰ ਨੇ ਬੱਬਰ ਨੂੰ ਫੜਾਉਣ ਵਾਲਿਆਂ ਨੂੰ ਪੰਜ ਮੁਰੱਬੇ ਜ਼ਮੀਨ ਅਤੇ ਚਾਰ ਹਜ਼ਾਰ ਰੁਪਏ ਦੇਣ ਦੇ ਇਸ਼ਤਿਹਾਰ ਛਪਾ ਦਿਤੇ ਸਨ। ਮੀਹਾਂ ਸਿੰਘ ਕੰਗ ਖੁਦ ਪੁਲਿਸ ਅਧਿਕਾਰੀਆਂ ਪਾਸ ਜਾਣੋਂ ਡਰਦਾ ਸੀ। ਇਸ ਲਈ ਉਸ ਨੇ ਮਹਿਤਪੁਰ ਦੇ ਜ਼ੈਲਦਾਰ ਸਿਕੰਦਰ ਖਾਂ ਨੂੰ ਆਪਣੇ ਨਾਲ ਮਿਲਾ ਲਿਆ। ਦੋਵੇਂ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਮਿਸਟਰ ਬਖਲੇ ਨੂੰ ਮਿਲੇ ਤੇ ਗੇਂਦਾ ਸਿੰਘ ਦੇ ਘਰ ਦਾ ਨਕਸ਼ਾ ਵੀ ਬਣਾ ਕੇ ਦੇ ਦਿਤਾ। ਡਿਪਟੀ ਕਮਿਸ਼ਨਰ ਨੇ ਜਲੰਧਰ ਦੇ ਡਿਪਟੀ ਕਮਿਸ਼ਨਰ ਨੂੰ ਖ਼ਬਰ ਕਰ ਕੇ ਉਸ ਜ਼ਿਲ੍ਹੇ ਦੀ ਪੁਲਿਸ ਫੋਰਸ ਵੀ ਮੰਗਵਾ ਲਈ ਜਿਸ ਦੇ 200 ਜਵਾਨ ਰੇਲ ਗੱਡੀ ਰਾਹੀਂ ਬਲਾਚੌਰ ਰੇਲਵੇ ਸਟੇਸ਼ਨ 'ਤੇ ਪਹੁੰਚ ਗਏ। ਹੁਸ਼ਿਆਰਪੁਰ ਦੇ ਥਾਣਿਆਂ ਅਤੇ ਪੁਲਿਸ ਲਾਈਨ ਹੁਸ਼ਿਆਰਪੁਰ ਤੋਂ ਪੁਲਿਸ ਦੇ ਜਵਾਨ ਪਿੰਡ ਨੂੰ ਘੇਰਾ ਘੱਤਣ ਲਈ ਭੇਜੇ ਗਏ। ਘੋੜ-ਸਵਾਰ ਅਤੇ ਪੈਦਲ ਜਵਾਨਾਂ ਨੇ 15 ਜੁਲਾਈ 1932 ਨੂੰ ਦੁਪਹਿਰੇ ਇਕ ਵਜੇ ਪਿੰਡ ਨੂੰ ਘੇਰਾ ਪਾ ਲਿਆ। ਚੱਪੇ-ਚੱਪੇ 'ਤੇ ਪੁਲਿਸ ਦਾ ਜਵਾਨ ਖੜ੍ਹਾ ਸੀ ਤਾਂ ਕਿ ਕੋਈ ਪਿੰਡੋਂ ਬਾਹਰ ਨਾ ਜਾ ਸਕੇ।

ਪੁਲਿਸ ਵਾਲੇ ਘਰ-ਘਰ ਦੀ ਤਲਾਸ਼ੀ ਲੈ ਕੇ ਲੋਕਾਂ ਤੋਂ ਬੱਬਰ ਬਾਰੇ ਪੁੱਛਦੇ ਰਹੇ। ਪਿੰਡ ਦੇ ਸਭ ਬੰਦਿਆਂ, ਜਨਾਨੀਆਂ ਅਤੇ ਬੱਚਿਆਂ ਨੂੰ ਪਿੰਡੋਂ ਬਾਹਰ ਇਕ ਥਾਂ ਇਕੱਠੇ ਬਿਠਾ ਲਿਆ। ਪਿੰਡ ਦੇ ਘਰਾਂ ਦੀਆਂ ਛੱਤਾਂ ਉਤੇ ਵੀ ਪੁਲਿਸ ਵਾਲੇ ਰਾਈਫਲਾਂ ਤਾਣੀ ਬੈਠੇ ਸਨ। ਗੇਂਦਾ ਸਿੰਘ ਦੇ ਘਰ ਬੱਬਰ ਵੀ ਮੁਕਾਬਲੇ ਲਈ ਤਿਆਰ ਬੈਠਾ ਸੀ। ਉਸ ਨੂੰ ਹਥਿਆਰ ਸੁੱਟ ਕੇ ਬਾਹਰ ਆਉਣ ਲਈ ਕਿਹਾ ਗਿਆ, ਪਰ ਉਸ ਨੇ ਬੜੀ ਬਹਾਦਰੀ ਨਾਲ ਉਤਰ ਦਿੱਤਾ ਕਿ ਉਹ ਮੁਕਾਬਲਾ ਕਰ ਕੇ ਸ਼ਹੀਦ ਹੋਣਾ ਠੀਕ ਸਮਝਦਾ ਹੈ। ਪੁਲਿਸ ਨੇ ਗੇਂਦਾ ਸਿੰਘ ਦੇ ਘਰ ਦੀ ਛੱਤ ਪਾੜ ਕੇ ਜਦੋਂ ਕੁਝ ਇੱਟਾਂ ਪੁੱਟੀਆਂ ਤਾਂ ਬੱਬਰ ਨੇ ਹੇਠੋਂ ਗੋਲੀਆਂ ਮਾਰ ਕੇ ਦੋ ਸਿਪਾਹੀ ਮਾਰ ਦਿਤੇ। ਫਿਰ ਪੁਲਿਸ ਨੇ ਉਸ ਮਕਾਨ ਨੂੰ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਦਿੱਤੀ। ਬੱਬਰ ਉਸ ਘਰ ਦੀ ਕੰਧ ਵਿਚ ਮਘੋਰਾ ਕਰ ਕੇ ਅਗਲੇ ਘਰ ਪਹੁੰਚ ਗਿਆ। ਉਸ ਘਰ ਨੂੰ ਵੀ ਪੁਲਿਸ ਨੇ ਅੱਗ ਲਾ ਦਿੱਤੀ। ਬੱਬਰ ਅੱਗੇ ਤੋਂ ਅੱਗੇ ਕਈ ਘਰਾਂ ਦੀਆਂ ਕੰਧਾਂ ਪਾੜ ਕੇ ਨਿਕਲਦਾ ਰਿਹਾ। ਉਸ ਤੋਂ ਅੱਗੇ ਮੈਦਾਨ ਸੀ। ਪੁਲਿਸ ਮੁਖਬਰ ਹਜ਼ਾਰਾ ਸਿੰਘ ਉਧਰ ਖੜ੍ਹਾ ਸੀ ਜਿਸ ਨੂੰ ਬੱਬਰ ਨੇ ਗੋਲੀ ਨਾਲ ਮਾਰ ਮੁਕਾਇਆ। ਆਖਰ ਪੁਲਿਸ ਦੀਆਂ ਕਈ ਗੋਲੀਆਂ ਲੱਗਣ ਨਾਲ ਬੱਬਰ ਡਿੱਗ ਪਿਆ। ਬੱਬਰ ਦੇ ਮਰੇ ਹੋਏ ਦੇ ਨੇੜੇ ਜਾਣ ਦਾ ਕੋਈ ਹੌਸਲਾ ਨਾ ਕਰੇ ਅਤੇ ਡਿੱਗੇ ਪਏ 'ਤੇ ਹੋਰ ਕਈ ਗੋਲੀਆਂ ਮਾਰ ਕੇ ਤਸੱਲੀ ਕੀਤੀ ਗਈ। ਹੁਸ਼ਿਆਰਪੁਰ ਤੋਂ ਹੀ ਪੁਲਿਸ ਵਾਲੇ ਇਥੇ ਪੁਰਾਣੇ ਬੱਬਰ ਮਿਲਖਾ ਸਿੰਘ ਨਿੱਜਰ ਪੰਡੋਰੀ ਨਿੱਜਰਾਂ ਵਾਲੇ ਦੀ ਲਾਰੀ ਲੈ ਕੇ ਗਏ ਸੀ। ਉਸ ਲਾਰੀ ਵਿਚ ਦੋ ਪੁਲਿਸ ਵਾਲਿਆਂ, ਮੁਖ਼ਬਰ ਅਤੇ ਬੱਬਰ ਦੀਆਂ ਲਾਸ਼ਾਂ ਪੋਸਟਮਾਰਟਮ ਲਈ ਸਿਵਲ ਹਸਪਤਾਲ ਪਹੁੰਚਾਈਆਂ ਗਈਆਂ। ਦੂਸਰੇ ਦਿਨ ਫਿਰ ਹੁਸ਼ਿਆਰਪੁਰ ਪੁਲਿਸ ਨੇ ਮਿਲਖਾ ਸਿੰਘ ਨਿੱਜਰ ਨੂੰ ਲਾਰੀ ਹਸਪਤਾਲ ਦੇ ਮੁਰਦਾ ਘਰ ਲਿਆਉਣ ਲਈ ਕਿਹਾ। ਸਿਆਸੀ ਪਾਰਟੀਆਂ ਬੱਬਰ ਦੀ ਲਾਸ਼ ਲੈ ਕੇ ਬਾਕਾਇਦਾ ਜਲੂਸ ਦੀ ਸ਼ਕਲ ਵਿਚ ਸ਼ਹਿਰ ਵਿਚ ਘੁਮਾ ਕੇ ਸਸਕਾਰ ਕਰਨਾ ਚਾਹੁੰਦੀਆਂ ਸਨ। ਗਦਰੀ ਬਾਬਾ ਹਰਜਾਪ ਸਿੰਘ ਮਾਹਲਪੁਰ, ਦਸੌਂਧਾ ਸਿੰਘ ਢਾਡਾ ਅਤੇ ਐਡਵੋਕੇਟ ਦੁਰਗਾ ਦਾਸ ਨੇ ਪੁਲਿਸ ਤੱਕ ਇਸ ਬਾਰੇ ਪਹੁੰਚ ਵੀ ਕੀਤੀ, ਪਰ ਅਸਫਲ ਰਹੇ। ਲਾਸ਼ ਘਰ ਜਾ ਕੇ ਬੱਬਰ ਮਿਲਖਾ ਸਿੰਘ ਜੋ ਹਾਈ ਕੋਰਟ ਵੱਲੋਂ ਬਰੀ ਹੋ ਕੇ ਆਪਣੀ ਲਾਰੀ ਚਲਾਉਂਦਾ ਸੀ, ਨੇ ਦੇਖਿਆ ਕਿ ਸਿਪਾਹੀਆਂ ਦੀਆਂ ਲਾਸ਼ਾਂ ਤਾਂ ਸਫੇਦ ਕੱਪੜੇ ਵਿਚ ਲਪੇਟੀਆਂ ਪਈਆਂ ਸਨ, ਪਰ ਬੱਬਰ ਰਤਨ ਸਿੰਘ ਦੀ ਲਾਸ਼ ਚੀਰ-ਫਾੜ ਕੀਤੀ ਨੰਗ-ਧੜੰਗ ਪਈ ਸੀ। ਬੱਬਰ ਮਿਲਖਾ ਸਿੰਘ ਅਤੇ ਉਸ ਦੇ ਸਾਥੀਆਂ ਨੇ ਆਪਣੇ ਤੇੜ ਦੀਆਂ ਚਾਦਰਾਂ ਲਾਹ ਕੇ ਇਕ ਹੇਠਾਂ ਅਤੇ ਇਕ ਉਪਰ ਪਾ ਕੇ ਲਾਸ਼ ਲਾਰੀ ਵਿਚ ਦੋ ਭੰਗੀਆਂ ਦੀ ਮਦਦ ਨਾਲ ਰੱਖੀ। ਪੁਲਿਸ ਵਾਲੇ ਲਾਰੀ ਗੜ੍ਹਸ਼ੰਕਰ ਵਾਲੀ ਸੜਕ 'ਤੇ ਬੀ.ਏ.ਵੀ. ਕਾਲਜ ਤੋਂ ਅੱਗੇ ਉਜਾੜ ਥਾਂ ਲੈ ਗਏ ਜਿਥੇ ਕਾਫੀ ਬਾਲਣ ਪਹਿਲਾਂ ਹੀ ਰੱਖਿਆ ਹੋਇਆ ਸੀ। ਬੱਬਰ ਮਿਲਖਾ ਸਿੰਘ ਨੇ ਚਿਤਾ ਨੂੰ ਅੱਗ ਲਾਈ ਅਤੇ ਉਨ੍ਹਾਂ ਦੋਵਾਂ ਨੇ ਆਪਣੀਆਂ ਪੱਗਾਂ ਅਤੇ ਕਮੀਜ਼ਾਂ ਵੀ ਲਾਹ ਕੇ ਚਿਤਾ ਤੇ ਸੁੱਟ ਦਿੱਤੀਆਂ ਜੋ ਬੱਬਰ ਦੇ ਖ਼ੂਨ ਨਾਲ ਭਿੱਜ ਗਈਆਂ ਸਨ। ਚੌਥੇ ਦਿਨ ਜਾ ਕੇ ਬੱਬਰ ਮਿਲਖਾ ਸਿੰਘ ਹੋਰੀਂ ਬੱਬਰ ਦੀ ਸਾਰੀ ਰਾਖ ਨਾਲ ਵਗਦੇ ਚੋਅ ਵਿਚ ਵਹਾਅ ਆਏ।

ਰੁੜਕੀ ਖਾਸ ਦੇ ਸਾਰੇ ਪਿੰਡ ਨੂੰ ਹੀ ਸਰਕਾਰ ਬੱਬਰਾਂ ਦੇ ਸਾਥੀ ਸਮਝਦੀ ਸੀ। ਪਿੰਡ ਵਿਚ ਕਈ ਸਾਲ ਪੁਲਿਸ ਦੀ ਚੌਕੀ ਦਾ ਖਰਚਾ ਪਿੰਡ ਸਿਰ ਪਾਇਆ ਗਿਆ। ਪਿੰਡ ਦੇ ਪੈਨਸ਼ਨਰਾਂ ਦੀਆਂ ਪੈਨਸ਼ਨਾਂ ਪੰਜ ਸਾਲ ਤੱਕ ਬੰਦ ਰਹੀਆਂ, ਪਿੰਡ ਵਾਸੀਆਂ ਨੂੰ ਸਰਕਾਰੀ ਨੌਕਰੀਆਂ ਵਿਚ ਲੈਣਾ ਬੰਦ ਰਿਹਾ। ਸ਼ਾਬਾਸ਼ ਹੈ ਇਸ ਪਿੰਡ ਦੇ ਵਸਨੀਕਾਂ ਦਾ ਜਿਨ੍ਹਾਂ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਕੁਰਬਾਨੀ ਦੀ ਮਿਸਾਲ ਕਾਇਮ ਕੀਤੀ। -0-

# ਕੁਰੂਕਸ਼ੇਤਰ ਦੀ ਪਵਿਤਰ ਧਰਤੀ

ਪਿਛਲੇ ਸਾਲ ਵਾਂਗ ਐਤਕੀਂ ਵੀ ਦੋਸਤਾਂ-ਮਿਤਰਾਂ ਨੇ ਟੂਰ 'ਤੇ ਜਾਣ ਦਾ ਮਨ ਬਣਾ ਲਿਆ। ਅਖਬਾਰ ਵਿਚ ਕੰਮ ਕਰਦਿਆਂ ਸਾਡੇ ਲਈ ਇਕੱਠੇ ਸਫਰ 'ਤੇ ਜਾਣ ਦਾ ਇਕੋ-ਇਕ ਮੌਕਾ ਹੁੰਦਾ ਹੈ ਜਿਸ ਦਿਨ ਸਾਡੀ ਸਾਰਿਆਂ ਦੀ ਦਫਤਰ ਵਿਚ ਛੁੱਟੀ ਇਕੋ ਦਿਨ ਹੁੰਦੀ ਹੈ। ਅਜਿਹੇ ਮੌਕੇ ਤਾਂ ਸਾਲ ਭਰ 'ਚ ਤਿੰਨ-ਚਾਰ ਆਉਂਦੇ ਹਨ, ਪਰ ਅਸੀਂ 26 ਜਨਵਰੀ ਦਾ ਦਿਨ ਟੂਰ ਲਈ ਚੁਣ ਲਿਆ। ਇਸ ਵਾਰ ਸੰਸਾਰ ਦੇ ਮਹਾਂ ਯੁੱਧਾਂ ਵਿਚੋਂ ਇਕ, ਮਹਾਂਭਾਰਤ ਵਾਲੀ ਧਰਤੀ ਕੁਰੂਕਸ਼ੇਤਰ ਲਈ ਚਾਲੇ ਪਾ ਦਿਤੇ।



**ਸੋਹਣ ਸਿੰਘ ਸੋਨੀ**
**ਫੋਨ: +91-99156-28853**

ਕੌਰਵਾਂ ਤੇ ਪਾਂਡਵਾਂ ਵਿਚਾਲੇ ਹੋਏ ਅਲੌਕਿਕ ਯੁੱਧ ਦੀ ਗਾਥਾ ਬਿਆਨ ਕਰਦਾ ਇਤਿਹਾਸਕ ਸਥਾਨ ਕੁਰੂਕਸ਼ੇਤਰ ਦੁਨੀਆ ਵਿਚ ਆਪਣਾ ਵਿਸ਼ੇਸ਼ ਤੇ ਅਹਿਮ ਸਥਾਨ ਰੱਖਦਾ ਹੈ। ਭਗਵਾਨ ਕ੍ਰਿਸ਼ਨ ਦਾ ਗੀਤਾ ਉਪਦੇਸ਼, ਦਰੋਪਦੀ ਦੀ ਲਾਜ ਰੱਖਣਾ, ਭੀਸ਼ਮ ਪਿਤਾਮਾ ਦਾ ਤੀਰਾਂ ਨਾਲ ਵਿੰਨ੍ਹ ਹੋਣਾ, ਸਮੇਤ ਅਨੇਕਾਂ ਹੀ ਅਦਭੁੱਤ ਗਾਥਾਵਾਂ ਦਾ ਸਮੁੰਦਰ ਸਮੋਈ ਬੈਠੀ ਹੈ ਕੁਰੂਕਸ਼ੇਤਰ ਦੀ ਧਰਤੀ।

ਮੈਂ ਆਪਣੇ ਸ਼ਹਿਰ ਪਟਿਆਲੇ ਤੋਂ ਅੰਬਾਲਾ ਛਾਉਣੀ ਚੱਲ ਪਿਆ। ਅੱਧਾ-ਪੌਣਾ ਘੰਟਾ ਲੇਟ ਹੋਣ ਕਰ ਕੇ ਦੋਸਤਾਂ ਦੀ ਨਾਰਾਜ਼ਗੀ ਦਾ ਸਾਹਮਣਾ ਵੀ ਕਰਨਾ ਪਿਆ, ਪਰ ਜਜ਼ਬਾਤ ਨੇ ਸਾਡਾ ਉਤਸ਼ਾਹ ਮੱਠਾ ਨਹੀਂ ਪੈਣ ਦਿਤਾ। ਮੇਰੇ ਨਾਲ ਸਾਡਾ ਪੁਰਾਣਾ ਮਿੱਤਰ ਬਲਵਿੰਦਰ ਬੰਟੀ, ਕਾਮਰੇਡ ਰਜਿੰਦਰ ਢੋਟ, ਜਸਵੀਰ ਸਿੰਘ ਤੇ ਸੁਰਿੰਦਰਪਾਲ ਸਿੰਘ ਗੱਡੀ ਲੈ ਕੇ ਕੁਰੂਕਸ਼ੇਤਰ ਵੱਲ ਤੁਰ ਪਏ। ਘੰਟੇ ਦਾ ਸਫਰ ਤੈਅ ਕਰਨ ਉਪਰੰਤ ਅਸੀਂ ਆਪਣੀ ਮੰਜ਼ਿਲ 'ਤੇ ਪੁੱਜ ਗਏ। ਪ੍ਰਵੇਸ਼ ਦੁਆਰ 'ਚ ਬਣੇ ਗੇਟ ਉਤੇ ਮਹਾਂਭਾਰਤ ਦੇ ਯੁੱਧ ਦੌਰਾਨ ਅਰਜੁਨ ਦੇ ਸਾਰਥੀ ਬਣੇ ਭਗਵਾਨ ਕ੍ਰਿਸ਼ਨ ਦਾ ਰੱਥ ਇਸ ਧਰਤੀ ਦੇ ਭੂਤਕਾਲ ਦੀ ਵਿਆਖਿਆ ਕਰਦਾ ਹੈ।

ਸਭ ਤੋਂ ਪਹਿਲਾਂ ਅਸੀਂ ਕੁਰੂਕਸ਼ੇਤਰ ਦਾ ਇਤਿਹਾਸ ਬਿਆਨ ਕਰਦਾ ਸ੍ਰੀ ਕ੍ਰਿਸ਼ਨ ਮਿਊਜ਼ੀਅਮ ਦੇਖਿਆ ਜਿਸ ਵਿਚ ਮਹਾਂਭਾਰਤ ਦੇ ਯੁੱਧ ਨੂੰ ਦਰਸਾਉਂਦੀਆਂ ਆਕ੍ਰਿਤੀਆਂ, ਹੜੱਪਾ ਤੇ ਮੋਹਿੰਜੋਦੜੋ ਸਭਿਅਤਾ ਨਾਲ ਸਬੰਧਤ ਪੁਰਾਤਨ ਵਸਤਾਂ ਤੇ ਮੂਰਤੀਆਂ, ਉਸ ਸਮੇਂ ਦੇ ਰਹਿਣ-ਸਹਿਣ, ਪਹਿਰਾਵੇ ਦਾ ਵਿਸਥਾਰ ਪੂਰਵਕ ਵਰਣਨ ਕਰਦੀਆਂ ਹਨ। ਮਿਊਜ਼ੀਅਮ ਵਿਚ ਕ੍ਰਿਸ਼ਨ ਲੀਲਾ, ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਤੇ ਮੂਰਤੀਆਂ ਅਤੇ ਸੰਸਕ੍ਰਿਤ, ਉਰਦੂ ਤੇ ਪੰਜਾਬੀ ਪੁਰਾਤਨ ਗ੍ਰੰਥ ਭਾਰਤੀ ਇਤਿਹਾਸ ਦੀ ਸ਼ਾਹਦੀ ਭਰਦੇ ਹਨ। ਅਭਿਮੰਨਿਊ ਚੱਕਰਵਿਊ ਤੇ ਭੀਸ਼ਮ ਪਿਤਾਮਾ ਨੂੰ ਤੀਰਾਂ ਨਾਲ ਵਿੰਨ੍ਹਣ ਦਾ ਦ੍ਰਿਸ਼ ਸੁਚੱਜੇ ਢੰਗ ਨਾਲ ਚਿਤਰਿਆ ਗਿਆ ਹੈ ਜੋ ਹਕੀਕਤ ਦਾ ਭੁਲੇਖਾ ਪਾਉਂਦਾ ਹੈ। ਕ੍ਰਿਸ਼ਨ ਦੁਆਰਾ ਦਿਤੇ ਗਏ ਗੀਤਾ ਸਾਰ ਦੀ ਝਾਕੀ ਵੀ ਇਸ ਮਿਊਜ਼ੀਅਮ 'ਚ ਪੇਸ਼ ਕੀਤੀ ਗਈ ਹੈ। ਇਥੇ ਉੜੀਸਾ, ਗੁਜਰਾਤ, ਰਾਜਸਥਾਨ, ਪੱਛਮੀ ਬੰਗਾਲ, ਦਵਾਰਕਾ, ਲਹਿੰਦੇ ਪੰਜਾਬ ਅਤੇ ਭਾਰਤ ਦੇ ਕਈ ਪ੍ਰਾਂਤਾਂ ਤੋਂ ਇਤਿਹਾਸ ਨਾਲ ਜੁੜੀਆਂ ਵਸਤੂਆਂ ਖਿੱਚ ਦਾ ਕੇਂਦਰ ਬਣੀਆਂ ਹੋਈਆਂ ਹਨ। ਕੁਰੂਕਸ਼ੇਤਰ ਪੈਨੋਰਮਾ ਅਤੇ ਵਿਗਿਆਨ ਕੇਂਦਰ ਵਿਚ ਇਥੋਂ ਦੇ ਇਤਿਹਾਸ ਮਹਾਂਭਾਰਤ ਨਾਲ ਸਬੰਧਤ 18 ਤੋਂ 20 ਮਿੰਟ ਦੀ ਫ਼ਿਲਮ ਦਿਖਾਈ ਜਾਂਦੀ ਹੈ।



ਕੁਰੂਕਸ਼ੇਤਰ ਵਿਚ ਵਿਸ਼ਾਲ ਬ੍ਰਹਮ ਸਰੋਵਰ 'ਤੇ ਲੇਖਕ ਤੇ ਉਸ ਦੇ ਸਾਥੀ।

ਇਸ ਤੋਂ ਬਾਅਦ ਅਸੀਂ ਬ੍ਰਹਮ ਸਰੋਵਰ ਦੇ ਸਾਹਮਣੇ ਖਾਣਾ ਖਾਣ ਤੋਂ ਬਾਅਦ ਬ੍ਰਹਮ ਸਰੋਵਰ ਦੀ ਪਰਿਕਰਮਾ ਵੱਲ ਹੋ ਤੁਰੇ। ਬ੍ਰਹਮ ਸਰੋਵਰ ਨੂੰ ਕੁਰੂਕਸ਼ੇਤਰ ਸਰੋਵਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਸਰੋਵਰ ਦਾ ਨਿਰਮਾਣ ਮਹਾਂਭਾਰਤ ਦੇ ਯੁੱਧ ਤੋਂ ਪਹਿਲਾਂ ਹੋਇਆ ਦੱਸਿਆ ਜਾਂਦਾ ਹੈ। ਸਰੋਵਰ 1422 ਗਜ਼ ਲੰਬਾ ਅਤੇ 700 ਗਜ਼ ਚੌੜਾ ਹੈ। ਸੂਰਜ ਗ੍ਰਹਿਣ ਮੌਕੇ ਇਥੇ 3 ਲੱਖ ਯਾਤਰੀ ਇਕੋ ਸਮੇਂ ਇਸ਼ਨਾਨ ਕਰ ਸਕਦੇ ਹਨ। ਤਲਾਬ ਵਿਚਕਾਰ ਟਾਪੂਆਂ 'ਤੇ ਮੰਦਰ ਅਤੇ ਪੌਰਾਣਿਕ ਤੇ ਇਤਿਹਾਸਕ ਮਹੱਤਵ ਵਾਲੇ ਸਥਾਨ ਹਨ।


ਇਥੇ ਸਥਿਤ ਸਨਿਹਿਤ ਸਰੋਵਰ ਕੁਰੂਕਸ਼ੇਤਰ ਸਰੋਵਰ ਦੀ ਤੁਲਨਾ ਵਿਚ ਬਹੁਤ ਛੋਟਾ ਹੈ। ਇਸ ਦੀ ਲੰਬਾਈ 500 ਗਜ਼ ਅਤੇ ਚੌੜਾਈ 150 ਗਜ਼ ਹੈ। ਮੱਸਿਆ ਨੂੰ ਸਾਰੇ ਤੀਰਥ ਇਥੇ ਇਕੱਠੇ ਹੁੰਦੇ ਹਨ, ਇਸ ਲਈ ਇਸ ਨੂੰ ਸਨਿਹਿਤ ਸਰੋਵਰ ਕਿਹਾ ਜਾਂਦਾ ਹੈ। ਸੂਰਜ ਗ੍ਰਹਿਣ ਮੌਕੇ ਇਥੇ ਇਸ਼ਨਾਨ ਕਰਨ ਵਾਲੇ ਨੂੰ 1000 ਅਸ਼ਵਮੇਧ ਯੱਗਾਂ ਦਾ ਫਲ ਪ੍ਰਾਪਤ ਹੁੰਦਾ ਹੈ।

ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਕੁਰੂਕਸ਼ੇਤਰ, ਬ੍ਰਹਮ ਸਰੋਵਰ, ਕੁਰੂਕਸ਼ੇਤਰ ਯੂਨੀਵਰਸਿਟੀ, ਕਲਪਨਾ ਚਾਵਲਾ ਸਮਾਰਕ ਤਾਰਾਮੰਡਲ, ਜੋਤੀਸਰ, ਬਾਣ ਗੰਗਾ ਤੋਂ ਇਲਾਵਾ ਹੋਰ ਵੀ ਕਈ ਦੇਖਣਯੋਗ ਸਥਾਨ ਹਨ। ਇਥੇ ਘੁੰਮਦਿਆਂ ਸਾਡੀ ਇਤਿਹਾਸ ਨੂੰ ਫਰੋਲਣ ਦੀ ਚਿਣਗ ਹੋਰ ਮਘਦੀ ਗਈ ਤੇ ਸਾਡੇ ਮਨ ਅੰਦਰ ਕਈ ਤਰ੍ਹਾਂ ਦੀਆਂ ਇੱਛਾਵਾਂ ਜਾਗਦੀਆਂ ਰਹੀਆਂ, ਪਰ ਸਮਾਂ ਇਜਾਜ਼ਤ ਨਹੀਂ ਸੀ ਦੇ ਰਿਹਾ ਅਤੇ ਅਸੀਂ ਵਾਪਸ ਚਾਲੇ ਪਾ ਦਿਤੇ। -0-

**ਜੰਗਲਨਾਮਾ-9**

**ਬਸਤਰ ਦੇ ਜੰਗਲਾਂ ਵਿਚ**

**ਸਤਨਾਮ**



**ਤੁਸੀਂ ਪੜ੍ਹ ਚੁੱਕੇ ਹੋ...**

*ਗਾਈਡ ਦੀ ਮਦਦ ਨਾਲ ਲੇਖਕ ਤੇ ਉਸ ਦੇ ਸਾਥੀ ਜੰਗਲ ਵੱਲ ਵਧਣਾ ਅਰੰਭ ਕਰਦੇ ਹਨ। ਸਫਰ ਰਾਤ ਦਾ ਹੈ, ਗੁਆਚਣ ਦਾ ਖਦਸ਼ਾ ਵੀ ਹੈ, ਪਰ ਉਹ ਸਾਰੀ ਰਾਤ ਪੈਰਾਂ ਥਾਣੀਂ ਲੰਘਾ ਕੇ ਪਹਿਲੇ ਪੜਾਅ 'ਤੇ ਅੱਪੜ ਜਾਂਦੇ ਹਨ। ਐਤਕੀਂ ਕੈਂਪ ਦੇ ਅੰਦਰ ਦਾ ਬਿਰਤਾਂਤ ਖਿੱਚਣ ਦੌਰਾਨ, ਗੁਰੀਲਾ ਜੀਵਨ ਬਾਰੇ ਭਰਪੂਰ ਚਰਚਾ ਕੀਤੀ ਗਈ ਹੈ...*

# ਜੰਗਲ ਵਿਚ ਪੜ੍ਹਾਈ

*'ਜੰਗਲਨਾਮਾ' ਉਨ੍ਹਾਂ ਜੰਗਲਾਂ ਦਾ ਬਿਰਤਾਂਤ ਦੱਸਦਾ ਹੈ ਜਿਥੇ ਮਾਓਵਾਦੀ ਆਪਣਾ ਸਿੱਕਾ ਚਲਾ ਰਹੇ ਹਨ। ਸਤਨਾਮ (ਅਸਲ ਨਾਂ ਗੁਰਮੀਤ) ਨੇ ਇਸ ਯਾਤਰਾ ਰਾਹੀਂ ਉਨ੍ਹਾਂ ਲੋਕਾਂ, ਉਨ੍ਹਾਂ ਦੇ ਫਿਕਰਾਂ ਅਤੇ ਉਨ੍ਹਾਂ ਦੇ ਜੁਝਾਰੂ ਜੀਵਨ ਬਾਰੇ ਲੰਮੀ ਬਾਤ ਸੁਣਾਈ ਹੈ। ਇਹ ਬਾਤ ਇਸ ਕਰ ਕੇ ਵਧੇਰੇ ਦਿਲਚਸਪ ਹੋ ਨਿਬੜੀ ਹੈ ਕਿਉਂਕਿ ਪਾਠਕ ਨੂੰ ਇਸ ਵਿਚੋਂ ਵਾਰ-ਵਾਰ ਆਪਣੇ ਹੀ ਜੀਵਨ ਦੇ ਝਲਕਾਰੇ ਦਿਸਦੇ ਹਨ। ਇਹ ਬਾਤ ਸੁਣਾਉਂਦਿਆਂ ਸਤਨਾਮ ਦੀ ਬਿਰਤਾਂਤ-ਜੁਗਤ ਕਮਾਲ ਦੀ ਹੈ। ਇਸ ਬਿਰਤਾਂਤ ਵਿਚੋਂ ਮਾਓਵਾਦੀਆਂ ਦੇ ਘੋਲ ਦੀ ਝਲਕ ਤਾਂ ਮਿਲਦੀ ਹੀ ਹੈ, ਸਾਹਿਤਕ ਪੱਖ ਤੋਂ ਬਹੁਤ ਥਾਂਈਂ ਰੂਸੀ ਕਲਾਸਿਕ ਰਚਨਾਵਾਂ ਦੇ ਝਉਲੇ ਵੀ ਪੈਂਦੇ ਹਨ। ਪੰਜਾਬੀ ਵਿਚ ਅਜਿਹੀ ਅਨੂਠੀ ਰਚਨਾ ਘੱਟ ਹੀ ਨਜ਼ਰੀਂ ਪੈਂਦੀ ਹੈ। -ਸੰਪਾਦਕ*

"ਕੀ ਹਾਲ ਹੈ, ਡਾਕਟਰ ਪਵਨ?" ਰਾਤ ਦੇ ਖਾਣੇ ਵੇਲੇ ਅਸੀਂ ਇਕੱਠੇ ਹੁੰਦੇ ਹਾਂ।

"ਚੰਗਾ ਹੈ, ਬਹੁਤ ਵਧੀਆ!" ਪਵਨ ਨੈਣ-ਨਕਸ਼ ਤੋਂ ਬੰਗਾਲੀ ਲੱਗਦਾ ਹੈ, ਰੰਗ ਤੋਂ ਮਦਰਾਸੀ, ਹਿੰਦੀ ਵਧੀਆ ਬੋਲਦਾ ਹੈ ਅਤੇ ਲਿਖਦਾ ਕਈ ਭਾਸ਼ਾਵਾਂ ਵਿਚ ਹੈ। ਸੂਬਾ ਪੁੱਛਣ ਦੀ ਮੈਨੂੰ ਜ਼ਰੂਰਤ ਮਹਿਸੂਸ ਨਹੀਂ ਹੁੰਦੀ।

ਪਵਨ ਦਾ ਨਾਂ ਉਸ ਦੀ ਸਰੀਰਕ ਬਣਤਰ ਦੇ ਬਿਲਕੁਲ ਉਲਟ ਹੈ। ਪਵਨ ਨਾਮ ਤੋਂ ਤਾਂ ਇੰਜ ਲੱਗਦਾ ਹੈ ਕਿ ਹੌਲਾ-ਫੁੱਲ ਹੋਵੇਗਾ, ਫੂਕ ਮਾਰਿਆਂ ਉਡ ਜਾਵੇਗਾ, ਪਰ ਉਹ ਚੋਖੀ ਡੀਲ-ਡੌਲ ਵਾਲਾ ਨਿੱਗਰ ਆਦਮੀ ਹੈ ਅਤੇ ਠੋਸ ਕਦਮ ਤੁਰਦਾ ਹੈ। ਅੱਖਾਂ 'ਤੇ ਚਸ਼ਮਾ ਪਹਿਨੇ, ਹੱਥ 'ਚ ਦਵਾਈਆਂ ਵਾਲਾ ਬੈਗ ਉਠਾਏ ਅਤੇ ਸੰਜੀਦਾ ਚਿਹਰਾ ਲਈ ਉਹ ਕਦੇ ਕਦੇ ਤੁਹਾਨੂੰ ਘੁੰਮਦਾ ਹੋਇਆ ਮਿਲ ਪੈਂਦਾ ਹੈ। ਆਪਣੇ ਬੈਗ ਤੋਂ ਉਹ ਕਦੇ ਵੀ ਅਲੱਗ ਨਹੀਂ ਹੁੰਦਾ। ਕੀ ਪਤਾ ਕਦੋਂ ਕੋਈ ਮਰੀਜ਼ ਮਿਲ ਪਵੇ ਅਤੇ ਢਿੱਡ-ਪੀੜ ਦੀ ਸ਼ਿਕਾਇਤ ਕਰ ਦੇਵੇ, ਜਾਂ ਲਹੂ ਵਿਚ ਲੋਹੇ ਦੀ ਘਾਟ ਵਾਲਾ ਕੋਈ ਟੱਕਰ ਪਵੇ ਤੇ ਫੌਲਾਦ ਦੀਆਂ ਗੋਲੀਆਂ ਦੀ ਮੰਗ ਕਰ ਲਵੇ, ਜਾਂ ਫਿਰ ਮਲੇਰੀਏ ਦੇ ਕਿਸੇ ਨਵੇਂ ਬਣੇ ਸ਼ਿਕਾਰ ਨੂੰ ਕੁਨੀਨ ਦੀਆਂ ਗੋਲੀਆਂ ਹੀ ਦੇਣੀਆਂ ਪੈ ਜਾਣ। ਪਿਛਲੀਆਂ ਦੋਵੇਂ ਬਿਮਾਰੀਆਂ ਗੁਰੀਲਿਆਂ ਨੂੰ ਆਮ ਰਹਿੰਦੀਆਂ ਹਨ। ਮਲੇਰੀਆ ਜੰਗਲ ਵਿਚ ਪਹਿਲੇ ਸਥਾਨ ਉਤੇ ਰਹਿਣ ਵਾਲੀ ਬਿਮਾਰੀ ਹੈ। ਲੋਕਾਂ ਲਈ ਵੀ, ਗੁਰੀਲਿਆਂ ਲਈ ਵੀ। ਆਇਰਨ (ਲੋਹਾ) ਤਾਂ ਖ਼ੈਰ ਹਰ ਗੁਰੀਲਾ ਕੁੜੀ ਦੀ ਜ਼ਰੂਰਤ ਹੈ ਅਤੇ ਪਵਨ ਇਸ ਦਾ ਢੇਰ ਸਾਰਾ ਜ਼ਖ਼ੀਰਾ ਆਪਣੇ ਕੋਲ ਰੱਖਦਾ ਹੈ। ਪਵਨ ਨੇ ਫ਼ੌਜੀ ਵਰਦੀ ਜ਼ਰੂਰ ਪਹਿਨ ਰੱਖੀ ਹੈ, ਪਰ ਉਹ ਬੰਦੂਕ ਨਹੀਂ ਚੁੱਕਦਾ। ਉਹ ਗੁਰੀਲਿਆਂ ਨਾਲ ਹਮੇਸ਼ਾ ਨਹੀਂ ਰਹਿੰਦਾ। ਸਾਲ ਵਿਚ ਦੋ ਵਾਰ ਉਹ ਜੰਗਲ ਦਾ ਰੁਖ ਕਰਦਾ ਹੈ ਅਤੇ ਇਕ ਜਾਂ ਦੋ ਮਹੀਨੇ ਲਗਾ ਕੇ ਵਾਪਸ ਚਲਾ ਜਾਂਦਾ ਹੈ।

ਪਵਨ ਕਬਾਇਲੀਆਂ ਨੂੰ ਸਿਹਤ ਸੇਵਾ ਦੀ ਮੁੱਢਲੀ ਟਰੇਨਿੰਗ ਦੇਣ ਆਉਂਦਾ ਹੈ। ਚੀਨ ਦੇ ਇਨਕਲਾਬ ਦੌਰਾਨ ਨੰਗੇ ਪੈਰਾਂ ਵਾਲੇ ਡਾਕਟਰ ਬਹੁਤ ਮਸ਼ਹੂਰ ਹੋਏ ਸਨ। ਉਨ੍ਹਾਂ ਦੇ ਪੈਰ ਨੰਗੇ ਸਨ ਕਿ ਨਹੀਂ, ਇਹ ਤਾਂ ਮੈਂ ਨਹੀਂ ਜਾਣਦਾ, ਪਰ ਪਵਨ ਜਿਨ੍ਹਾਂ ਕਬਾਇਲੀਆਂ ਨੂੰ ਸਿੱਖਿਅਤ ਕਰਦਾ ਹੈ, ਉਨ੍ਹਾਂ ਦੇ ਪੈਰ ਨੰਗੇ ਹੀ ਹੁੰਦੇ ਹਨ। ਸਿਰਫ਼ ਗੁਰੀਲੇ ਕਬਾਇਲੀ ਡਾਕਟਰ ਹੀ ਜੁੱਤੀ ਪਹਿਨਦੇ ਹਨ, ਦਵਾ ਸੰਘ ਵਿਚ ਕੰਮ ਕਰਨ ਵਾਲੇ ਕਬਾਇਲੀ ਨੰਗੇ ਪੈਰੀਂ ਹੀ ਹੁੰਦੇ ਹਨ। ਗੁਰੀਲਿਆਂ ਨਾਲ ਪਵਨ ਦੀ ਪੁਰਾਣੀ ਜਾਣ-ਪਛਾਣ ਹੈ। ਖੇਮੇ ਵਿਚ ਉਸ ਦੀ ਜ਼ਿੰਮੇਦਾਰੀ ਸਵੇਰੇ ਦਵਾਈਆਂ ਦੀ ਕਲਾਸ ਲੈਣਾ ਅਤੇ ਰਾਤ ਨੂੰ ਪੜ੍ਹਾਈ ਕਰਾਉਣਾ ਹੈ। ਗੁਰੀਲੇ ਮੁੰਡੇ ਕੁੜੀਆਂ ਉਸ ਤੋਂ ਪੜ੍ਹਨਾ-ਲਿਖਣਾ ਸਿੱਖਦੇ, ਦਵਾਈਆਂ ਬਾਰੇ ਜਾਣਕਾਰੀ ਹਾਸਲ ਕਰਦੇ ਤੇ ਉਨ੍ਹਾਂ ਦੇ ਨਾਮ ਨੋਟ ਕਰਦੇ ਹਨ। ਬਿਮਾਰੀਆਂ ਦੀਆਂ ਅਲਾਮਤਾਂ ਤੇ ਇਲਾਜ ਬਾਰੇ ਉਨ੍ਹਾਂ ਨੂੰ ਉਹ ਮੁੱਢਲੀ ਜਾਣ-ਪਛਾਣ ਕਰਾਉਂਦਾ ਹੈ, ਕਾਪੀਆਂ ਵਿਚ ਅੰਕਤ ਕਰਾਉਂਦਾ ਹੈ ਤੇ ਫਿਰ ਯਾਦ ਕਰਵਾ ਕੇ ਇਮਤਿਹਾਨ ਲੈਂਦਾ ਹੈ।

"ਅੱਜ ਰਾਤ ਵੀ ਕਲਾਸ ਲਵੋਗੇ?" ਮੈਂ ਉਹਨੂੰ ਪੁੱਛਦਾ ਹਾਂ।

"ਬਿਲਕੁਲ। ਬਾਕਾਇਦਾ।" ਉਹ ਕਲਾਸ ਤੋਂ ਕਦੇ ਨਹੀਂ ਖੁੰਝਦਾ।

"ਕਦੋਂ ਤੋਂ ਇਹ ਇਹ ਕੰਮ ਕਰ ਰਹੇ ਹੋ? ਮੇਰਾ ਮਤਲਬ, ਗੁਰੀਲਿਆਂ ਵਿਚ ਰਹਿਣ ਦਾ?"

"ਕਈ ਸਾਲਾਂ ਤੋਂ।"

ਉਹ ਕਹਿੰਦਾ ਹੈ ਕਿ ਮਲੇਰੀਏ ਜਿਹੀ ਆਮ ਅਤੇ ਇਲਾਜ ਯੋਗ ਬਿਮਾਰੀ ਤੋਂ ਮਰਦੇ ਲੋਕ ਉਸ ਤੋਂ ਦੇਖੇ ਨਹੀਂ ਜਾਂਦੇ। ਜੰਗਲ ਵਿਚ ਮਲੇਰੀਆ ਐਨਾ ਜ਼ਿਆਦਾ ਹੈ ਕਿ ਕੁੱਲ ਬਿਮਾਰੀਆਂ ਤੋਂ ਹੋਣ ਵਾਲੀਆਂ ਮੌਤਾਂ ਤੋਂ ਵੱਧ ਮੌਤਾਂ ਇਸੇ ਕਾਰਨ ਹੁੰਦੀਆਂ ਹਨ। ਦੂਰ ਦੂਰ ਤਕ ਕੋਈ ਵੀ ਡਾਕਟਰ ਨਹੀਂ ਹੈ। ਜੇ ਕੋਈ ਬਿਮਾਰ ਹੋ ਗਿਆ ਤਾਂ ਰੱਬ ਆਸਰੇ, ਪਰ ਰੱਬ ਕਿਸੇ ਦੀ ਮਦਦ ਨਹੀਂ ਕਰਦਾ ਅਤੇ ਮਰੀਜ਼ ਦਮ ਤੋੜ ਜਾਂਦਾ ਹੈ।

"ਕਬਾਇਲੀ ਪਾਪ ਨਹੀਂ ਕਰਦੇ, ਚੋਰੀ ਨਹੀਂ ਕਰਦੇ, ਠੱਗੀ ਨਹੀਂ ਮਾਰਦੇ, ਕਿਸੇ ਦਾ ਬੁਰਾ ਨਹੀਂ ਕਰਦੇ, ਫਿਰ ਵੀ ਉਨ੍ਹਾਂ ਨੂੰ ਸਜ਼ਾ ਮਿਲਦੀ ਰਹਿੰਦੀ ਹੈ। ਜਿਥੇ ਪਾਪ ਹੈ, ਬੁਰਾਈ ਹੈ, ਉਥੇ ਸਜ਼ਾ ਨਹੀਂ। ਜਿਥੇ ਸਜ਼ਾ ਹੈ, ਉਥੇ ਇਹ ਚੀਜ਼ਾਂ ਨਹੀਂ ਹਨ। ਇਹ ਦੁਨੀਆਂ ਦਾ ਅਸਲੀ ਰੰਗ ਹੈ।" ਉਹ ਕਹਿੰਦਾ ਹੈ।

ਪਵਨ ਲੁੱਟ-ਖਸੁੱਟ ਨੂੰ ਪਾਪ ਕਹਿੰਦਾ ਹੈ, ਮਨੁੱਖ ਵੱਲੋਂ ਮਨੁੱਖ ਵਿਰੁੱਧ ਕੀਤਾ ਜਾਂਦਾ ਜੁਰਮ ਮੰਨਦਾ ਹੈ।

"ਜੰਗਲ ਵਿਚ ਆ ਕੇ ਮੈਨੂੰ ਤਸੱਲੀ ਮਿਲਦੀ ਹੈ। ਮੈਂ ਕਈ ਮਹੀਨੇ ਪੈਸੇ ਜੋੜਦਾ ਹਾਂ ਤੇ ਫਿਰ ਦਵਾਈਆਂ ਲੈ ਕੇ ਇਥੇ ਆ ਜਾਂਦਾ ਹਾਂ। ਇਥੇ ਮੇਰੇ ਅੰਦਰ ਦੀ ਅੱਗ ਸ਼ਾਂਤ ਹੁੰਦੀ ਹੈ। ਮੈਨੂੰ ਮਹਿਸੂਸ ਹੁੰਦਾ ਹੈ ਕਿ ਮੈਨੂੰ ਬੁਰਾਈ ਵਿਰੁੱਧ ਲੜਨ ਦਾ ਰਸਤਾ ਮਿਲ ਗਿਆ ਹੈ। ਬੁਰਾਈ ਵਿਰੁੱਧ ਲੜਨ ਵਾਲਿਆਂ ਨੂੰ ਤੰਦਰੁਸਤੀ ਦੇ ਕੇ ਮੈਨੂੰ ਖੁਸ਼ੀ ਮਿਲਦੀ ਹੈ।"

ਪਵਨ ਨੇ ਜਿਸ ਦਿਨ ਹਿਪੋਕਰੇਟਸ ਦੀ ਸਹੁੰ ਚੁੱਕੀ ਸੀ, ਉਸੇ ਦਿਨ ਉਸ ਨੇ ਆਪਣੇ ਜੀਵਨ ਦਾ ਮਿਸ਼ਨ ਤੈਅ ਕਰ ਲਿਆ ਸੀ। ਡਾਕਟਰ ਇਹ ਸਹੁੰ ਰਸਮ ਵਜੋਂ ਚੁੱਕਦੇ ਹਨ, ਤੇ ਫਿਰ ਭੁੱਲ ਜਾਂਦੇ ਹਨ। ਕੋਈ ਇਕ ਸਾਲ ਵਿਚ, ਕੋਈ ਪੰਜ ਸਾਲ ਵਿਚ ਤੇ ਕੋਈ ਦਸ ਸਾਲ ਵਿਚ। ਬਹੁਤ ਸਾਰੇ ਅਜਿਹੇ ਹੁੰਦੇ ਹਨ ਜਿਹੜੇ ਸਹੁੰ ਉਪਰ ਹੀ ਹੱਸ ਪੈਂਦੇ ਹਨ। ਕਰੀਅਰ ਤੇ ਸਹੁੰ ਨਾਲ ਨਾਲ ਨਹੀਂ ਚੱਲਦੇ, ਉਹ ਕਰੀਅਰ ਖਾਤਰ ਆਏ ਹੁੰਦੇ ਹਨ, ਤੇ ਪੈਸਿਆਂ ਦਾ ਅੰਬਾਰ ਇਕੱਠਾ ਕਰਨ ਦੀ ਇੱਛਾ ਪਾਲ ਰਹੇ ਹੁੰਦੇ ਹਨ। ਬਿਮਾਰੀ ਉਨ੍ਹਾਂ ਵਾਸਤੇ ਸੋਨੇ ਦੇ ਪਲੰਘ ਲੈ ਕੇ ਬਹੁੜਦੀ ਹੈ ਅਤੇ ਜਦ ਢੇਰਾਂ ਦੇ ਢੇਰ ਮਰੀਜ਼ ਆਉਂਦੇ ਹਨ ਤਾਂ ਉਹ ਕਹਿੰਦੇ ਹਨ: 'ਐਦਕਾਂ ਸੀਜ਼ਨ ਚੰਗਾ ਲੱਗੈ।'

ਪੁਰਾਣੀ ਕਹਾਵਤ ਹੈ: ਡਾਕਟਰ ਦਾ ਸਥਾਨ ਰੱਬ ਤੋਂ ਦੂਸਰੇ ਦਰਜੇ ਉਤੇ ਹੈ। ਕਦੇ ਰਿਹਾ ਹੋਵੇਗਾ ਇਹ ਅਹਿਸਾਸ, ਪਰ ਬਸਤਰ ਦੇ ਕਬਾਇਲੀਆਂ ਵਾਸਤੇ, ਜਿਵੇਂ ਇਹ ਹਰ ਥਾਂ ਦੇ ਹੀ ਗਰੀਬ ਇਨਸਾਨ ਵਾਸਤੇ ਸੱਚ ਹੈ, ਨਾ ਕੋਈ ਰੱਬ ਹੈ ਅਤੇ ਨਾ ਹੀ ਡਾਕਟਰ। ਰੱਬ ਹੈ ਨਹੀਂ, ਤੇ ਡਾਕਟਰ ਵਪਾਰੀ ਹੈ। ਪੈਸਾ ਹੈ ਤਾਂ ਇਲਾਜ ਹੈ, ਨਹੀਂ ਹੈ ਤਾਂ ਮੌਤ। ਪੈਸੇ ਖਾਤਰ ਉਹ ਦਵਾ ਕੰਪਨੀਆਂ ਦਾ ਝਰਲ-ਮਰਲ ਮਾਲ ਵੀ ਵੇਚ ਸਕਦਾ ਹੈ, ਪਰ ਪਵਨ ਦਵਾਈਆਂ ਇਕੱਠੀਆਂ ਕਰਦਾ ਹੈ ਅਤੇ ਮਰੀਜ਼ ਕੋਲ ਖ਼ੁਦ ਚੱਲ ਕੇ ਪਹੁੰਚਦਾ ਹੈ।

ਐਤੂ ਤੇ ਪਵਨ ਦੋਵੇਂ ਹੀ ਇਕੋ ਤਰ੍ਹਾਂ ਦੀ ਮਿੱਟੀ ਦੇ ਇਨਸਾਨ ਹਨ। ਉਹ ਇਥੇ ਹਨ ਕਿਉਂਕਿ ਉਹ ਤਲਾਸ਼ ਵਿਚ ਹਨ, ਆਸ਼ੇ ਨੂੰ ਪੂਰਾ ਹੋਇਆ ਦੇਖਣਾ ਚਾਹੁੰਦੇ ਹਨ, ਨਵੀਂ ਦੁਨੀਆਂ ਸਿਰਜਣਾ ਚਾਹੁੰਦੇ ਹਨ।

ਤਦੇ ਪਵਨ ਦੇ ਵਿਦਿਆਰਥੀ ਆ ਗਏ। ਮੋਢਿਆਂ ਉਪਰ ਬੰਦੂਕਾਂ, ਹੱਥਾਂ 'ਚ ਕਾਪੀਆਂ, ਜੇਬਾਂ ਵਿਚ ਕਲਮਾਂ। ਉਹ ਰਸੋਈ ਘਰ ਦੇ ਨਾਲ ਵਾਲੇ ਤੰਬੂ ਵਿਚ ਚਲੇ ਗਏ। ਛੇ ਕੁੜੀਆਂ, ਪੰਜ ਮੁੰਡੇ।

"ਦੋ ਜਮ੍ਹਾਂ ਦੋ! ਤਿੰਨ ਜਮ੍ਹਾਂ ਚਾਰ! ਇੱਕੀ ਜਮ੍ਹਾਂ ਛੱਤੀ!" ਸਵਾਲ ਹਾਸਲ ਵਾਲੇ ਨਹੀਂ ਹਨ, ਅਜੇ ਇਹ ਸਿੱਧੇ ਤੇ ਸਰਲ ਹਨ। ਗੋਂਡ ਨੌਜਵਾਨਾਂ ਨੂੰ ਸੰਖਿਆਵਾਂ ਦੀ ਦੁਨੀਆਂ ਅਜੀਬ ਅਤੇ ਦਿਲਚਸਪ ਮਹਿਸੂਸ ਹੁੰਦੀ ਹੈ। ਬਚਪਨ ਵਿਚ ਉਹ ਮਹੂਏ ਦੇ ਫੁੱਲਾਂ ਦੀਆਂ ਟੋਕਰੀਆਂ ਭਰ ਭਰ ਲਿਆਉਂਦੇ ਰਹੇ ਹਨ, ਜਾਂ ਕੀੜਿਆਂ ਦੇ ਭੌਣ ਤੋਂ ਕੀੜੇ ਇਕੱਠੇ ਕਰਦੇ ਰਹੇ ਹਨ। ਉਨ੍ਹਾਂ ਨੂੰ ਫੁੱਲਾਂ ਨੂੰ ਗਿਣ ਕੇ ਟੋਕਰੀ ਵਿਚ ਪਾਉਣ ਦੀ ਜਾਂ ਕੀੜੇ ਗਿਣਨ ਦੀ ਕਦੇ ਜ਼ਰੂਰਤ ਨਹੀਂ ਪਈ। ਜਦ ਉਹ ਆਪਣੀ ਮਾਂ ਨਾਲ ਟੋਕਰੀ ਚੁੱਕ ਕੇ ਹਾਟ ਬਾਜ਼ਾਰ ਜਾਂਦੇ ਸਨ ਤਾਂ ਦੁਕਾਨਦਾਰ ਇਕ ਟੋਕਰੀ ਦੇ ਕਿੰਨੇ ਪੈਸੇ ਦਿੰਦਾ ਸੀ, ਜਾਂ ਉਸ ਦੇ ਬਦਲੇ ਕਿੰਨੇ ਪੈਸੇ ਦੀ ਚੀਜ਼ ਦਿੰਦਾ ਸੀ, ਉਨ੍ਹਾਂ ਨੂੰ ਪਤਾ ਨਹੀਂ ਸੀ ਹੁੰਦਾ। ਉਨ੍ਹਾਂ ਨੂੰ ਸਿਰਫ਼ ਐਨਾ ਪਤਾ ਸੀ ਕਿ ਇਕ ਟੋਕਰੀ ਦਾ ਮੁੱਠੀ ਭਰ ਲੂਣ ਜਾਂ ਦੋ ਚੁਟਕੀ ਤੰਬਾਕੂ ਮਿਲਦਾ ਸੀ। ਜਿੰਨਾ ਹਟਵਾਣੀਏ ਨੇ ਦੇ ਦਿਤਾ, ਲੈ ਲਿਆ। ਉਹ ਇਸ ਲੈਣ-ਦੇਣ ਉਤੇ ਉਸੇ ਦੀ ਸਾਲਸੀ ਨੂੰ ਅੰਤਿਮ ਮੰਨਦੇ ਸਨ। ਉਨ੍ਹਾਂ ਲਈ ਇਹ ਸਿਰਫ਼ ਚੀਜ਼ਾਂ ਦਾ ਤਬਾਦਲਾ ਸੀ। ਇਕ ਦਿੱਤੀ, ਦੂਸਰੀ ਲੈ ਲਈ। ਸਿੱਧਾ ਹਿਸਾਬ! ਜਦ ਹਟਵਾਣੀਏ ਕੋਲ ਤਬਾਦਲੇ ਵਾਸਤੇ ਕੋਈ ਵਸਤ ਨਾ ਹੁੰਦੀ ਤਾਂ ਉਹ ਜਿੰਨੇ ਵੀ ਪੈਸੇ ਦਿੰਦਾ, ਲੈ ਲੈਂਦੇ। ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਹੁੰਦਾ ਕਿ ਪੰਜ ਕਿੰਨੇ ਹੁੰਦੇ ਹਨ ਤੇ ਦਸ ਕਿੰਨੇ। ਉਹ ਪੁੱਛਦੇ ਕਿ ਇਸ ਦਾ ਕਿੰਨਾ ਕੁ ਲੂਣ ਮਿਲੇਗਾ ਜਾਂ ਕਿੰਨੀ ਕੁ ਹਲਦੀ ਮਿਲੇਗੀ।

ਦੋ ਜਮ੍ਹਾਂ ਦੋ! ਇੱਕੀ ਜਮ੍ਹਾਂ ਛੱਤੀ! ਹੁਣ ਉਨ੍ਹਾਂ ਨੂੰ ਕੁਝ ਸਮਝ ਆ ਰਹੀ ਹੈ ਕਿ ਸੰਖਿਆਵਾਂ ਦੀ ਦੁਨੀਆਂ, ਅਲੱਗ ਹੀ ਦੁਨੀਆਂ ਹੈ; ਕਿ ਉਨ੍ਹਾਂ ਦੇ ਇਕ ਇਕ ਰੁੱਖ ਦਾ ਮੁੱਲ ਦਹਿ-ਹਜ਼ਾਰਾਂ ਰੁਪਏ ਹੈ, ਨਾ ਕਿ ਉਹ ਸੱਤ ਰੁਪਏ ਜਿਹੜੇ ਉਨ੍ਹਾਂ ਦੇ ਬਾਪੂ ਨੂੰ ਇਕ ਦਰੱਖ਼ਤ ਵੱਢਣ ਦੇ ਮਿਲਦੇ ਸਨ। ਐਨਾ ਪੈਸਾ! ਤੇ ਉਹ ਹੈਰਾਨ ਹੁੰਦੇ ਹਨ ਕਿ ਉਨ੍ਹਾਂ ਦਾ ਜੰਗਲ ਕਿਵੇਂ ਦੌਲਤ ਨਾਲ ਮਾਲਾ-ਮਾਲ ਹੈ। ਉਹ ਬੇਸ਼ੱਕ ਅਜੇ ਇਹ ਨਹੀਂ ਜਾਣਦੇ ਕਿ ਇਕ ਹਜ਼ਾਰ ਕਿੰਨੇ ਕੁ ਹੁੰਦੇ ਹਨ, ਪਰ ਦਿਨ ਵੇਲੇ ਉਹ ਸੌ ਤੱਕ ਦਰੱਖ਼ਤ ਗਿਣਨ ਦੀ ਕੋਸ਼ਿਸ਼ ਕਰਦੇ ਹਨ। ਬਹੁਤੇ ਭੁੱਲ ਜਾਂਦੇ ਹਨ, ਪਰ ਉਨ੍ਹਾਂ ਵਿਚੋਂ ਕੋਈ ਨਾ ਕੋਈ ਸੌ ਦਰੱਖ਼ਤ ਗਿਣਨ ਵਿਚ ਕਾਮਯਾਬ ਹੋ ਜਾਂਦਾ ਹੈ। ਇਸ ਰਕਬੇ ਨੂੰ ਖਾਲੀ ਕਰਨ ਦੇ ਕਬਾਇਲੀਆਂ ਨੂੰ ਕਿੰਨੇ ਪੈਸੇ ਮਿਲਦੇ ਹੋਣਗੇ ਅਤੇ ਠੇਕੇਦਾਰ ਕਿੰਨਾ ਹੜੱਪ ਜਾਂਦੇ ਹੋਣਗੇ, ਇਸ ਗਿਣਤੀ ਦੀ ਉਨ੍ਹਾਂ ਨੂੰ ਕੋਈ ਥਾਹ ਨਹੀਂ ਪੈਂਦੀ ਤੇ ਉਨ੍ਹਾਂ ਦਾ ਸਿਰ ਚਕਰਾਅ ਜਾਂਦਾ ਹੈ। ਕੋਈ ਜਣਾ ਆਪਣੇ ਸਿਰ ਨੂੰ ਜ਼ੋਰਦਾਰ ਝਟਕਾ ਦਿੰਦਾ ਹੈ ਤਾਂ ਕਿ ਇਸ ਥਾਹ ਤੱਕ ਪਹੁੰਚ ਸਕੇ।

ਨੌਂ ਦਾ ਹਿੰਦਸਾ ਪਾਉਣ ਲੱਗੇ ਉਹ ਛੇ ਬਣਾ ਦਿੰਦੇ ਹਨ ਜਾਂ ਚਾਰ, ਜਾਂ ਉਂਜ ਹੀ ਇੱਲ-ਬਤੌਰੀ ਜਿਹੀ ਬਣਾ ਦਿੰਦੇ ਹਨ ਜਿਸ ਦਾ ਨਾ ਮੂੰਹ ਹੁੰਦਾ ਹੈ ਨਾ ਸਿਰ; ਪਰ ਉਹ ਗੀਤਾਂ ਦੀ ਲੈਅ ਅਤੇ ਪੈਰਾਂ ਦੀ ਤਾਲ ਖ਼ੂਬ ਜਾਣਦੇ ਹਨ, ਤੇ ਜਲਦੀ ਹੀ ਖ਼ੂਬਸੂਰਤ ਹਿੰਦਸੇ ਪਾਉਣਾ ਸਿੱਖ ਜਾਂਦੇ ਹਨ, ਉਹੋ ਜਿਹੇ ਜਿਹੋ ਜਿਹੇ ਕਾਇਦੇ ਉਪਰ ਪਏ ਹੋਏ ਵੇਖਦੇ ਹਨ।

ਪਵਨ ਉਨ੍ਹਾਂ ਨੂੰ ਪੜ੍ਹਾਉਂਦਾ ਹੈ ਅਤੇ ਮੁਸਕਰਾਉਂਦਾ ਹੈ। ਉਹ ਪੜ੍ਹਦੇ ਹਨ ਤੇ ਖਿੜ ਖਿੜ ਹੱਸਦੇ ਹਨ। ਇਕ ਘੰਟਾ ਪੜ੍ਹਨ ਤੋਂ ਬਾਅਦ ਉਹ ਇਕ ਦੋ ਗੀਤ ਗਾਉਂਦੇ ਹਨ ਅਤੇ ਤਰੋ-ਤਾਜ਼ਾ ਹੋ ਕੇ ਫਿਰ ਪੜ੍ਹਨ ਵਿਚ ਜੁਟ ਜਾਂਦੇ ਹਨ।



ਜੰਗਲ ਵਿਚ ਲਾਏ ਸਟੱਡੀ ਸਰਕਲ ਦੀ ਝਲਕ।

*ਇਹ ਗੁਰੀਲਿਆਂ ਦਾ ਸਕੂਲ ਹੈ। ਵੱਡੇ ਵੱਡੇ ਮੁੰਡੇ ਕੁੜੀਆਂ ਦਾ। ਦੂਸਰੀ ਜਮਾਤ ਦੇ ਮਿਆਰ ਦੀ ਕਿਤਾਬ ਵਿਚੋਂ ਇਕ ਜਣਾ ਕਹਾਣੀ ਪੜ੍ਹਦਾ ਹੈ। ਬਾਕੀ ਦੇ ਸਾਰੇ ਉਸ ਨੂੰ ਗਹੁ ਨਾਲ ਸੁਣਦੇ ਹਨ। ਉਹ ਹੈਰਾਨ ਹੁੰਦੇ ਹਨ ਕਿ ਊੜੇ, ਐੜੇ, ਸੱਸੇ ਦੇ ਅੱਖਰ ਕਿਵੇਂ ਕਹਾਣੀਆਂ ਸਮੇਟ ਲੈਂਦੇ ਹਨ। ਤੁਸੀਂ ਜਦੋਂ ਚਾਹੋ, ਕਿਤਾਬ ਖੋਲ੍ਹ ਲਵੋ ਤੇ ਕਹਾਣੀ ਤੁਹਾਡੇ ਸਾਹਮਣੇ ਆ ਜਾਂਦੀ ਹੈ। ਬਾਂਦਰ ਤੇ ਬਿੱਲੀਆਂ ਦੀ ਕਹਾਣੀ ਉਨ੍ਹਾਂ ਨੂੰ ਬਹੁਤ ਪਸੰਦ ਹੈ। ਉਹ ਕਹਿੰਦੇ ਹਨ ਕਿ ਹਾਟ ਬਾਜ਼ਾਰ ਵਿਚ ਇਸੇ ਤਰ੍ਹਾਂ ਹੁੰਦਾ ਹੈ। ਦੁਕਾਨਦਾਰ ਇਕ ਤੋਂ ਚੀਜ਼ ਲੈਂਦਾ ਹੈ ਅਤੇ ਦੂਸਰੇ ਨੂੰ ਦੇ ਦਿੰਦਾ ਹੈ, ਪਰ ਅਜਿਹਾ ਕਰਦਿਆਂ ਉਹ ਇਕ ਢੇਰੀ ਆਪਣੇ ਕੋਲ ਰੱਖ ਲੈਂਦਾ ਹੈ।*

ਇਹ ਗੁਰੀਲਿਆਂ ਦਾ ਸਕੂਲ ਹੈ। ਵੱਡੇ ਵੱਡੇ ਮੁੰਡੇ ਕੁੜੀਆਂ ਦਾ। ਦੂਸਰੀ ਜਮਾਤ ਦੇ ਮਿਆਰ ਦੀ ਕਿਤਾਬ ਵਿਚੋਂ ਇਕ ਜਣਾ ਕਹਾਣੀ ਪੜ੍ਹਦਾ ਹੈ। ਬਾਕੀ ਦੇ ਸਾਰੇ ਉਸ ਨੂੰ ਗਹੁ ਨਾਲ ਸੁਣਦੇ ਹਨ। ਉਹ ਹੈਰਾਨ ਹੁੰਦੇ ਹਨ ਕਿ ਊੜੇ, ਐੜੇ, ਸੱਸੇ ਦੇ ਅੱਖਰ ਕਿਵੇਂ ਕਹਾਣੀਆਂ ਸਮੇਟ ਲੈਂਦੇ ਹਨ। ਤੁਸੀਂ ਜਦੋਂ ਚਾਹੋ, ਕਿਤਾਬ ਖੋਲ੍ਹ ਲਵੋ ਤੇ ਕਹਾਣੀ ਤੁਹਾਡੇ ਸਾਹਮਣੇ ਆ ਜਾਂਦੀ ਹੈ। ਬਾਂਦਰ ਤੇ ਬਿੱਲੀਆਂ ਦੀ ਕਹਾਣੀ ਉਨ੍ਹਾਂ ਨੂੰ ਬਹੁਤ ਪਸੰਦ ਹੈ। ਉਹ ਕਹਿੰਦੇ ਹਨ ਕਿ ਹਾਟ ਬਾਜ਼ਾਰ ਵਿਚ ਵੀ ਇਸੇ ਤਰ੍ਹਾਂ ਹੁੰਦਾ ਹੈ। ਦੁਕਾਨਦਾਰ ਇਕ ਤੋਂ ਚੀਜ਼ ਲੈਂਦਾ ਹੈ ਅਤੇ ਦੂਸਰੇ ਨੂੰ ਦੇ ਦਿੰਦਾ ਹੈ, ਪਰ ਅਜਿਹਾ ਕਰਦਿਆਂ ਉਹ ਇਕ ਢੇਰੀ ਆਪਣੇ ਕੋਲ ਰੱਖ ਲੈਂਦਾ ਹੈ। ਇਹ ਗੈਬੀ ਢੇਰੀ ਹੈ ਜਿਸ ਦੀ ਕਬਾਇਲੀਆਂ ਨੂੰ ਸਮਝ ਨਹੀਂ ਪੈਂਦੀ ਕਿ ਇਹ ਦੁਕਾਨਦਾਰ ਕੋਲ ਕਿਥੋਂ ਆ ਗਈ। ਬੱਸ ਆ ਗਈ ਅਤੇ ਉਹ ਮੰਨ ਲੈਂਦੇ ਹਨ ਕਿ ਉਹ ਦੁਕਾਨਦਾਰ ਤੋਂ ਬਿਨਾਂ ਚੀਜ਼ਾਂ ਦਾ ਲੈਣ ਦੇਣ ਨਹੀਂ ਕਰ ਸਕਦੇ। ਪਵਨ ਉਨ੍ਹਾਂ ਨੂੰ ਇਸ ਦੀ ਘੁੰਡੀ ਖੋਲ੍ਹ ਕੇ ਦੱਸਦਾ ਹੈ। ਉਹ ਦੱਸਦਾ ਹੈ ਕਿ ਅਸੀਂ ਆਪਣੇ ਇਲਾਕਿਆਂ ਵਿਚ ਚੀਜ਼ਾਂ ਦਾ ਲੈਣ ਦੇਣ ਕਿਵੇਂ ਕਰਾਂਗੇ। ਮੱਛੀ ਪਾਲਕ ਪਿੰਡ ਦੂਸਰਿਆਂ ਨੂੰ ਮੱਛੀ ਕਿਵੇਂ ਦੇਣਗੇ, ਇਵਜ਼ ਵਿਚ ਧਾਨ ਕਿਵੇਂ ਲੈਣਗੇ। ਉਹ ਇਸ ਦਾ ਅੰਦਾਜ਼ਾ ਕਰਦੇ ਹਨ ਅਤੇ ਖ਼ੁਸ਼ ਹੁੰਦੇ ਹਨ, ਕਿਉਂਕਿ ਇਸ ਵਿਚ ਬਾਣੀਏ ਦੀ ਢੇਰੀ ਨਹੀਂ ਹੈ, ਵਿਚੋਲਾ ਗਾਇਬ ਹੈ।

ਪਵਨ ਚਲਾ ਜਾਵੇਗਾ ਤਾਂ ਉਸ ਦੀ ਜ਼ਿੰਮੇਵਾਰੀ ਕੋਈ ਹੋਰ ਸਾਂਭ ਲਵੇਗਾ ਜਾਂ ਇਹ ਜ਼ਿੰਮੇਦਾਰੀ ਕਈ ਜਣਿਆਂ ਵਿਚ ਵੰਡ ਦਿੱਤੀ ਜਾਵੇਗੀ। ਕੌਣ ਕਿਸ ਨੂੰ ਪੜ੍ਹਾ ਸਕਦਾ ਹੈ, ਇਹ ਤੈਅ ਹੋ ਜਾਵੇਗਾ। ਪੜ੍ਹਾਉਣ ਵਾਲੇ ਤੇ ਪੜ੍ਹਨ ਵਾਲੇ ਲਗਾਤਾਰ ਬਦਲਦੇ ਰਹਿਣਗੇ, ਪਰ ਗੁਰੀਲਾ ਸਕੂਲ ਰੋਜ਼ ਚੱਲੇਗਾ। ਕੈਂਪ ਵਿਚ ਰਾਤ ਦੇ ਵਕਤ, ਅਤੇ ਮੈਦਾਨ ਵਿਚ ਉਦੋਂ ਜਦੋਂ ਸਮਾਂ ਮਿਲੇ।

ਨਿਰਸੰਦੇਹ, ਸਕੂਲ ਰੋਜ਼ ਦੇ ਕੰਮ ਦਾ ਹਿੱਸਾ ਹੈ, ਉਸੇ ਤਰ੍ਹਾਂ ਜਿਵੇਂ ਬੰਦੂਕ ਸਾਫ਼ ਕਰਨਾ, ਕਾਰਤੂਸ ਸੰਭਾਲਣਾ ਅਤੇ ਕਸਰਤ ਕਰਨਾ।

---

ਸ਼ਾਮ ਤੋਂ ਹੀ ਬੱਦਲਾਂ ਦੇ ਟੁਕੜੇ ਹਵਾ ਵਿਚ ਤੈਰ ਰਹੇ ਸਨ। ਜਦ ਸਕੂਲ ਖ਼ਤਮ ਹੋਇਆ, ਤਦ ਤਕ ਚਾਰੇ ਪਾਸੇ ਬੱਦਲ ਛਾ ਚੁੱਕੇ ਸਨ। ਬੇ-ਮੌਸਮੀ ਬੱਦਲ ਸੀ ਤੇ ਇਸ ਨੇ ਸਾਰਾ ਕੁਝ ਉਲਟ-ਪੁਲਟ ਕਰ ਦੇਣਾ ਸੀ। ਪਹਿਲੇ ਹੀ ਝਟਕੇ ਨਾਲ ਠੰਢ ਨੇ ਵਧ ਜਾਣਾ ਸੀ। ਇਸ ਦਾ ਸਿੱਧਾ ਮਤਲਬ ਸੀ ਕਿ ਕੰਬਲ ਹਰ ਕਿਸੇ ਵਾਸਤੇ ਜ਼ਰੂਰੀ ਹੋ ਜਾਵੇਗਾ ਅਤੇ ਨਾਲ ਹੀ ਗਰਮ ਕੋਟੀਆਂ ਤੇ ਮੰਕੀ ਕੈਪ ਵੀ, ਪਰ ਇਨ੍ਹਾਂ ਨੂੰ ਖੇਮੇ ਵਿਚ ਪਹੁੰਚਦਿਆਂ ਅਜੇ ਦੋ ਦਿਨ ਹੋਰ ਲੱਗਣੇ ਸਨ।

"ਅਸੀਂ ਇਹ ਅੰਦਾਜ਼ਾ ਨਹੀਂ ਕਰ ਪਾਏ ਕਿ ਮੀਂਹ ਵੀ ਆ ਸਕਦਾ ਹੈ", ਜਦ ਮੈਂ ਆਪਣੇ ਤੰਬੂ ਅੰਦਰ ਦਾਖਲ ਹੋਇਆ ਤਾਂ ਕੋਸਾ ਬੋਲਿਆ, "ਸਾਨੂੰ ਲੱਕੜਾਂ ਬਾਲ ਕੇ ਸਾਰਨਾ ਪਵੇਗਾ।"

"ਪਰ ਲੱਕੜਾਂ ਤਾਂ ਸਭ ਭਿੱਜ ਜਾਣਗੀਆਂ।" ਮੈਂ ਕੋਸਾ ਵੱਲ ਵੇਖਦੇ ਹੋਏ ਕਿਹਾ।

"ਉਹ ਤਾਂ ਅਸੀਂ ਸ਼ਾਮ ਨੂੰ ਬੱਦਲ ਵੇਖ ਕੇ ਹੀ ਇਕੱਠੀਆਂ ਕਰ ਲਈਆਂ ਸਨ। ਮੈਂ ਗਰਮ ਕੱਪੜਿਆਂ ਬਾਰੇ ਕਹਿ ਰਿਹਾ ਹਾਂ।"

ਤੰਬੂ ਦੇ ਅੰਦਰ ਹੀ ਲੱਕੜਾਂ ਦਾ ਢੇਰ ਲੱਗਾ ਪਿਆ ਸੀ। ਇਹ ਹਰ ਤੰਬੂ ਵਿਚ ਹੀ ਇਕੱਠੀਆਂ ਕਰ ਲਈਆਂ ਗਈਆਂ ਸਨ, ਪਰ ਪਹਿਰੇਦਾਰ ਸਾਥੀਆਂ ਦਾ ਕੀ ਬਣੇਗਾ? ਉਹ ਬਿਨਾਂ ਅੱਗ ਬਾਲੇ ਹੀ ਡਿਊਟੀ ਦੇਣਗੇ। ਆਪਣੀਆਂ ਝਿੱਲੀਆਂ ਦੀਆਂ ਬੁੱਕਲਾਂ ਮਾਰ ਲੈਣਗੇ। ਅੱਜ ਕਿਸੇ ਦੀ ਡਿਊਟੀ ਵੀ ਡੇਢ ਘੰਟੇ ਤੋਂ ਵੱਧ ਨਹੀਂ ਲੱਗੇਗੀ। ਜਦ ਤਕ ਠੰਢ ਲੱਗਣ ਲੱਗੀ ਉਹ ਵਾਪਸ ਮੁੜ ਆਵੇਗਾ ਅਤੇ ਅੱਗ ਸੇਕ ਲਵੇਗਾ।

"ਬਰਸਾਤ ਦਾ ਮੌਸਮ ਔਖਾ ਗੁਜ਼ਰਦਾ ਹੋਵੇਗਾ?"

"ਕਾਫ਼ੀ ਔਖਾ। ਰਸਤੇ ਖ਼ਰਾਬ ਹੋ ਜਾਂਦੇ ਹਨ। ਦਰੱਖ਼ਤਾਂ ਨਾਲ ਢੋਆਂ ਲਾ ਕੇ ਵਕਤ ਕੱਟਣਾ ਪੈਂਦਾ ਹੈ। ਗੋਲੀ-ਸਿੱਕਾ ਗਿੱਲਾ ਹੋਣ ਦਾ ਡਰ ਰਹਿੰਦੈ। ਆਦਮੀ ਬਿਮਾਰ ਹੋ ਜਾਵੇ ਤਾਂ ਦਵਾ ਮਿਲ ਜਾਵੇਗੀ, ਪਰ ਜੇ ਕਾਰਤੂਸ ਖ਼ਰਾਬ ਹੋ ਜਾਣ ਤਾਂ ਮੁਸ਼ਕਲ ਆਣ ਪੈਂਦੀ ਹੈ।"

"ਤੇ ਖਾਣਾ?"

"ਖਾਣੇ ਦਾ ਕੀ ਹੈ। ਇਸ ਦਾ ਪ੍ਰਬੰਧ ਕਿਤੇ ਨਾ ਕਿਤਿਓਂ ਹੋ ਹੀ ਜਾਂਦੈ। ਦਿੱਕਤ ਉਦੋਂ ਆਉਂਦੀ ਹੈ ਜਦ ਕੋਈ ਪਿੰਡ ਨੇੜੇ ਨਹੀਂ ਹੁੰਦਾ। ਉਦੋਂ ਸੁੱਕੀ ਲੱਕੜ ਨਹੀਂ ਮਿਲਦੀ। ਫਿਰ ਕੱਚੇ ਚੌਲ ਹੀ ਸਮਾਂ ਕਟਾਉਂਦੇ ਨੇ।"

ਸਾਡੇ ਗੱਲਾਂ ਕਰਦੇ ਹੀ ਜ਼ੋਰਦਾਰ ਮੀਂਹ ਲੱਥ ਪਿਆ। ਪਾਣੀ ਦੇ ਨਿਕਾਸ ਲਈ ਤੰਬੂ ਦੇ ਦੁਆਲੇ ਛੋਟੀਆਂ ਛੋਟੀਆਂ ਨਾਲੀਆਂ ਖੋਦ ਲਈਆਂ ਗਈਆਂ। ਫਿਰ ਵੀ ਕਿਤੇ ਨਾ ਕਿਤਿਓਂ ਪਾਣੀ ਅੰਦਰ ਦਾਖਲ ਹੋ ਹੀ ਜਾਂਦਾ। ਦੋ ਝਿੱਲੀਆਂ ਵਿਛਾ ਕੇ ਸਾਰਾ ਸਾਮਾਨ ਉਨ੍ਹਾਂ ਉਪਰ ਟਿਕਾ ਦਿਤਾ ਗਿਆ। ਜ਼ੋਰਦਾਰ ਮੀਂਹ ਦੇ ਬਾਵਜੂਦ ਖੇਮੇ ਦੇ ਅੰਦਰ ਦੀ ਗਸ਼ਤ ਜਾਰੀ ਰਹੀ।

ਦਿਖਾਈ ਦਿੰਦਾ ਸੀ ਕਿ ਜੇ ਸਾਰੀ ਰਾਤ ਬਾਰਿਸ਼ ਜਾਰੀ ਰਹੀ ਤਾਂ ਸੌਣਾ ਨਸੀਬ ਨਹੀਂ ਹੋਵੇਗਾ। ਅਸੀਂ ਸਾਰੇ ਝਿੱਲੀਆਂ 'ਤੇ ਬੈਠੇ ਰਹੇ। ਦੋ ਕੁ ਘੰਟੇ ਤਾਂ ਖ਼ੂਬ ਗੱਲਾਂ ਚੱਲਦੀਆਂ ਰਹੀਆਂ, ਪਰ ਬਾਅਦ 'ਚ ਕੋਈ ਬੈਠਾ ਹੀ ਠੌਂਕਾ ਲਗਾਉਣ ਲੱਗ ਪਿਆ, ਕੋਈ ਉਠ ਕੇ ਖੜ੍ਹਾ ਹੋ ਗਿਆ ਤੇ ਬਾਰਿਸ਼ ਦੇ ਥੰਮ੍ਹਣ ਦੀ ਉਡੀਕ ਕਰਨ ਲੱਗਾ। ਫਿਰ ਕਿਸੇ ਸੁਣਾਉਣ ਦੀ ਵਾਰੀ ਆ ਗਈ। ਕਿਸੇ ਨੇ ਰਿੱਛ ਨਾਲ ਹੋਏ ਮੁਕਾਬਲੇ ਨੂੰ ਬਿਆਨ ਕੀਤਾ ਤੇ

(ਬਾਕੀ ਅਗਲੇ ਸਫੇ 'ਤੇ)

# ਐ ਖ਼ੁਦਾ! ਮੇਰੇ ਰੰਗਲੇ ਪੰਜਾਬ ਤੇ ਮਿਹਰ ਕਰ

ਪੰਜਾਬ ਦਾ ਸੰਤਾਪ

ਪੁਰਾਣੇ ਸਮਿਆਂ ਵਿਚ ਜਦ ਕਦੇ ਰਾਤ ਨੂੰ ਕੁੱਤੇ ਰੋਂਦੇ ਸਨ ਜਾਂ ਸ਼ਾਮਾਂ ਵੇਲੇ ਅਸਮਾਨ ਵਿਚ ਲਾਲੀ ਛਾ ਜਾਂਦੀ ਸੀ ਤਾਂ ਲੋਕਾਂ ਵਿਚ ਚਰਚਾ ਛਿੜ ਜਾਂਦੀ ਸੀ ਕਿ ਕੋਈ ਅਣਹੋਣੀ ਵਾਰਪਨ ਵਾਲੀ ਹੈ। ਅਜੋਕੇ ਸਮੇਂ ਵਿਚ ਬਿਲਕੁਲ ਉਲਟ ਵਾਪਰ ਰਿਹਾ ਹੈ-ਨਾ ਰਾਤ ਨੂੰ ਕੁੱਤੇ ਰੋਂਦੇ ਹਨ ਅਤੇ ਨਾ ਹੀ ਅਸਮਾਨ 'ਤੇ ਲਾਲੀ ਛਾਂਉਦੀ ਹੈ, ਫਿਰ ਵੀ ਅਨੇਕਾਂ ਅਣਹੋਣੀਆਂ ਹਰ ਰੋਜ ਵਾਪਰ ਰਹੀਆਂ

ਅਮਰਜੀਤ ਬੱਬਰੀ ਮੋਗਾ
ਫੋਨ:91-94630-83363

ਹਨ। ਦਿਨ ਦਿਹਾੜੇ ਕਤਲ ਹੋ ਰਹੇ ਹਨ, ਕਿਸਾਨ ਖ਼ੁਦਕਸ਼ੀਆਂ ਕਰ ਰਹੇ ਹਨ, ਨੌਜਵਾਨ ਨਸ਼ਿਆਂ ਦੀ ਬਹੁਤਾਤ ਨਾਲ ਜਾਂ ਨਸ਼ਿਆਂ ਦੀ ਤੋਟ ਕਾਰਨ ਮਰ ਰਹੇ ਹਨ। ਇਸ ਬਾਰੇ ਸਰਕਾਰ ਭਾਵੇਂ ਚਿੰਤਿਤ ਨਾ ਹੋਵੇ, ਸਮਾਜ ਚਿੰਤਿਤ ਹੈ ਪਰ ਬੇਵਸ ਹੋਣ ਕਾਰਨ ਕਰ ਕੁਝ ਨਹੀ ਸਕਦਾ। ਨਸ਼ਿਆਂ ਦੇ ਕਾਰੋਬਾਰ ਵਿਚ ਬਹੁਤੇ ਸਿਆਸਤਦਾਨ ਹੋਣ ਕਾਰਨ ਪੁਲਿਸ ਵੀ ਉਨ੍ਹਾਂ ਦਾ ਸਾਥ ਦੇ ਰਹੀ ਹੈ। ਕੈਮੀਕਲ ਨਸ਼ਿਆਂ ਖਾਸ ਤੌਰ 'ਤੇ ਚਿੱਟੇ ਨਾਲ ਹੋ ਰਹੀਆਂ ਮੌਤਾਂ ਦਾ ਸਰਕਾਰ ਗੰਭੀਰਤਾ ਨਾਲ ਨੋਟਿਸ ਹੀ ਨਹੀਂ ਲੈ ਰਹੀ। ਪੰਜਾਬ ਦਾ ਕੋਈ ਵੀ ਪਿੰਡ ਅਜਿਹਾ ਨਹੀ, ਜਿਥੇ ਨੌਜਵਾਨ ਸਮੈਕ ਅਤੇ ਚਿੱਟੇ ਵਰਗੇ ਨਸ਼ੇ ਤੋਂ ਬਚੇ ਹੋਣ। ਦੁੱਖੀ ਮਾਪੇ ਆਪਣੀ ਕਿਸਮਤ ਨੂੰ ਤਾਂ ਰੋ ਹੀ ਰਹੇ ਹਨ ਨਾਲ ਹੀ ਨਸ਼ਿਆਂ ਦੇ ਤਸਕਰਾਂ ਨੂੰ ਵੀ ਪਾਣੀ ਪੀ ਪੀ ਕੋਸ ਰਹੇ ਹਨ ਕਿ ਸਰਕਾਰ ਪੁਲਿਸ ਦੀ ਮਦਦ ਨਾਲ ਨਸ਼ਿਆਂ ਦਾ ਸੇਵਨ ਕਰਨ ਵਾਲਿਆਂ ਨੂੰ ਤਾਂ ਜੇਲਾਂ ਵਿਚ ਡੱਕ ਰਹੀ ਹੈ ਜਾਂ ਨਸ਼ਾ ਛੁਡਾਊ ਕੇਂਦਰਾਂ ਵਿਚ ਭੇਜ ਰਹੀ ਹੈ ਪਰ ਜੋ ਨਸ਼ਿਆਂ ਦਾ ਕਾਰੋਬਾਰ ਕਰਦੇ ਵੱਡੇ ਮਗਰਮੱਛਾਂ ਨੂੰ ਪਨਾਹ ਦੇ ਰਹੀ ਹੈ।

ਕੁਝ ਦਿਨ ਪਹਿਲਾਂ ਵਟਸ-ਅੱਪ 'ਤੇ ਮੇਰੇ ਹੀ ਸ਼ਹਿਰ ਦੀ ਇਕ ਬਦਨਸੀਬ ਔਰਤ ਦੀ ਵਾਇਰਲ ਹੋਈ ਵੀਡੀਓ ਪ੍ਰਾਪਤ ਹੋਈ, ਜਿਸ ਵਿਚ ਉਹ ਰੋ ਰੋ ਕੇ ਦੱਸ ਰਹੀ ਹੈ ਕਿ ਉਸ ਦਾ ਸੱਤ ਫੁੱਟ ਲੰਮਾ-ਲੰਝਾ 24 ਸਾਲਾ ਨੌਜਵਾਨ ਪੁੱਤਰ ਚਿੱਟੇ ਨੇ ਨਿਗਲ ਲਿਆ ਅਤੇ ਉਹ ਚਿੱਟੇ ਦੇ ਮੁੱਖ ਸਰਗਨੇ ਸੱਤਾਧਾਰੀ ਪਾਰਟੀ ਦੇ ਉਸ ਮੰਤਰੀ, ਉਸ ਦੀ ਭੈਣ ਅਤੇ ਉਪ ਮੁੱਖੀ ਨੂੰ ਉਨ੍ਹਾਂ ਦੇ ਨਾਮ ਲੈ ਲੈ ਕੇ ਬਦਦੁਆਵਾਂ ਦੇ ਰਹੀ ਹੈ। ਆਪਣਾ ਨਾਮ ਅਤੇ ਸ਼ਹਿਰ ਦੱਸ ਕੇ ਇਹ ਵੀ ਐਲਾਨ ਕਰ ਰਹੀ ਸੀ ਕਿ ਜੇ ਇਹ ਬਿਨਾ ਸੁਰੱਖਿਆ ਤੋਂ ਇਥੇ ਆਏ ਤਾਂ ਉਹ ਇਨ੍ਹਾਂ ਨੂੰ ਸਬਕ ਸਿਖਾਵੇਗੀ ਅਤੇ ਦੱਸੇਗੀ ਕਿ ਪੁੱਤਰਾਂ ਦੇ ਜਾਣ ਦਾ ਦੁੱਖ ਕੀ ਹੁੰਦਾ ਹੈ। ਉਹ ਬਦਦੁਆਵਾਂ ਦਿੰਦੀ ਇਹ ਵੀ ਕਹਿ ਰਹੀ ਸੀ ਕਿ ਉਹ ਇਕੱਲੀ ਨਹੀ ਉਸ ਵਰਗੀਆਂ ਹੋਰ ਵੀ ਹਜਾਰਾਂ ਔਰਤਾਂ ਹਨ ਜੋ ਉਨ੍ਹਾਂ ਨੂੰ ਹਰ ਰੋਜ ਸਵੇਰੇ ਉਠਦੇ ਸਾਰ ਬਦਦੁਆਵਾਂ ਦੇਣੀਆਂ ਸ਼ੁਰੂ ਕਰ ਦਿੰਦੀਆਂ ਹਨ। ਔਰਤ ਦੀ ਵੀਡੀਓ ਵਿਚ ਹਾਲਤ ਪਾਗਲਾਂ ਵਰਗੀ ਜਾਪ ਰਹੀ ਸੀ-ਜਵਾਨ ਫੁੱਲ ਦੇ ਸਦਮੇ ਨੂੰ ਸਹਾਰਨਾ ਕੋਈ ਸੌਖਾ ਨਹੀਂ। ਉਸ ਦੀਆਂ ਆਂਦਰਾਂ ਤੜਪ ਰਹੀਆਂ ਹਨ ਤੇ ਉਹ ਚਿੱਟੇ ਦੇ ਤਸਕਰਾਂ ਨੂੰ ਆਪਣੇ ਹੱਥੀਂ ਮਾਰਨਾ ਚਾਹੁੰਦੀ ਹੈ। ਕੈਸੀ ਵਿਡੰਬਨਾਂ ਹੈ ਕਿ ਪਰਜਾ ਦੇ ਰਾਖੇ ਹੀ ਪਰਜਾ ਦਾ ਖ਼ੂਨ ਪੀ ਰਹੇ ਹਨ! ਸਿਆਸੀ ਲੋਕ ਇਹ ਜਾਣਦੇ ਹੋਏ ਵੀ ਬੜੀ ਬੇਸ਼ਰਮੀ ਨਾਲ ਆਪਣੇ ਆਪ ਨੂੰ ਪਾਕ ਦਾਮਨ ਹੋਣ ਦਾ ਦਾਅਵਾ ਕਰ ਰਹੇ ਹਨ। ਦੂਜੇ ਪਾਸੇ ਪੁਲਿਸ, ਅਫਸਰਸ਼ਾਹੀ ਅਤੇ ਸੱਤਾਧਾਰੀ ਪਾਰਟੀ ਦਾਅਵੇ ਕਰ ਰਹੀ ਹੈ ਕਿ ਨਸ਼ਿਆਂ ਬਾਰੇ ਕੂੜ ਪ੍ਰਚਾਰ ਪੰਜਾਬ ਨੂੰ ਬਦਨਾਮ ਕਰਨ ਲਈ ਅਤੇ 2017 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜਰ ਵਿਰੋਧੀ ਪਾਰਟੀਆਂ ਕਰ ਰਹੀਆਂ ਹਨ। ਵੈਸੇ ਸੱਚਾਈ ਬਾਰੇ ਜਨਤਾ ਸਭ ਜਾਣਦੀ ਹੈ।

ਦੁੱਖੀ ਔਰਤ ਦੀ ਵੀਡੀਓ ਦੇਖ ਕੇ ਮਨ ਬਹੁਤ ਉਦਾਸ ਹੋਇਆ। ਆਪਣੀ ਉਦਾਸੀ ਦੇ ਆਲਮ 'ਚੋਂ ਬਾਹਰ ਨਿਕਲਣ ਲਈ ਸ਼ਹਿਰ ਦੀ ਨੁੱਕਰ ਵਿਚ ਬਣੇ ਪਾਰਕ ਵਿਚ ਚਲਾ ਗਿਆ। ਇਧਰ-ਉਧਰ ਦੋ ਚਾਰ ਮਿੰਟ ਘੁੰਮਣ ਪਿਛੋਂ ਇਕ ਬੈਂਚ 'ਤੇ ਬੈਠ ਗਿਆ। ਕੀ ਦੇਖਦਾ ਹਾਂ ਕਿ ਉਸ ਬੈਂਚ ਤੇ ਪਹਿਲਾਂ ਹੀ ਬੈਠੇ ਦੋ ਬਜੁਰਗ ਰੋ ਰਹੇ ਸਨ। ਪਤਾ



ਨਹੀਂ ਕਿਹੜਾ ਦੁੱਖ ਉਨ੍ਹਾਂ ਨੂੰ ਸਤਾ ਰਿਹਾ ਸੀ। ਥੋੜਾ ਹੌਸਲਾ ਕਰਕੇ ਉਨ੍ਹਾਂ ਦਾ ਦੁੱਖ ਘਟਾਉਣ ਦੇ ਮਨਸ਼ੇ ਨਾਲ ਮੈਂ ਪੁੱਛਿਆ, ਬਜੁਰਗੋ ਕੀ ਗੱਲ ਹੋਈ, ਕਿਉਂ ਰੋ ਰਹੇ ਹੋ? ਤੁਹਾਡੇ ਤੋਂ ਤਾਂ ਸਰਿਆਂ ਨੇ ਹੌਸਲਾ ਲੈਣਾ ਹੈ, ਜੇ ਤੁਸੀਂ ਹੀ ਢੇਰੀ ਢਾਹ ਬੈਠੇ ਫਿਰ ਬੱਚਿਆਂ ਨੂੰ ਹੌਸਲਾ ਕੌਣ ਦੇਊ? ਪਹਿਲਾਂ ਤਾਂ ਬਜੁਰਗ ਮੇਰੇ ਸੁਆਲ ਦਾ ਉਤਰ ਦੇਣ ਲਈ ਤਿਆਰ ਨਾ ਹੋਏ, ਪਰ ਮੇਰੇ ਮੁੜ-ਮੁੜ ਪੁਛੱਣ 'ਤੇ ਇਕ ਬਜੁਰਗ ਨੇ ਲੰਮਾ ਹਉਕਾ ਲੈਂਦਿਆਂ ਕਬੰਦੀ ਆਵਾਜ ਵਿਚ ਕਹਿਣ ਲੱਗਾ, ਬਰਖੁਰਦਾਰਾ ਮੈ ਤਾਂ ਇਸ ਕਰਕੇ ਰੋ ਰਿਹਾ ਹਾਂ ਕਿ ਮੇਰਾ ਨੌਜਵਾਨ ਪੁਤੱਰ ਇਸ ਦੁਨੀਆਂ ਵਿਚ ਨਹੀਂ ਰਿਹਾ। ਕਮਲੇ ਨੇ ਪਤਾ ਨਹੀਂ ਲਗਣ ਦਿੱਤਾ ਕਦੋਂ ਮਾੜੀ ਸੰਗਤ ਦਾ ਸ਼ਿਕਾਰ ਹੋ ਗਿਆ। ਬਸ ਨਸ਼ੇ ਵਿਚ ਗਲਤਾਨ ਰਹਿਣ ਲੱਗਾ, ਪਤਾ ਹੀ ਉਦੋਂ ਲੱਗਾ ਜਦੋਂ ਪਾਣੀ ਸਿਰ ਤੋਂ ਦੀ ਲੰਘ ਗਿਆ। ਮੈਂ ਦੁਕਾਨਦਾਰੀ ਵਿਚ ਰੁਝਿਆ ਰਿਹਾ ਤੇ ਉਹ ਨਸ਼ਿਆਂ ਵਿਚ। ਇਲਾਜ ਦੀ ਕੋਸ਼ਿਸ਼ ਕੀਤੀ ਪਰ ਪੱਲੇ ਰੋਣ ਤੋਂ ਬਿਨਾਂ ਕੁਝ ਨਹੀ ਪਿਆ। ਬੱਸ ਹੁਣ ਬੈਠੇ ਝੂਰ ਰਹੇ ਹਾਂ ਗੋਡਿਆਂ ਵਿਚ ਸਿਰ ਦੇ ਕੇ। ਘਰ ਵੱਢ ਵੱਢ ਖਾਂਦੈ। ਬਸ ਮਨ ਹੌਲਾ ਕਰਨ ਲਈ ਇੱਥੇ ਆ ਜਾਈਦੈ। ਆਪਣੀ ਦਾਸਤਾਨੇ ਗਮ ਉਸ ਨੇ ਡੁਸਕਦਿਆਂ ਸੁਣਾਈ। ਜਦ ਉਹ ਸਹਿਜ ਹੋਇਆ ਤਾਂ ਕਹਿਣ ਲੱਗਾ, ਇਹ ਭਾਈ ਸਾਹਿਬ ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋਏ ਹਨ, ਇਹ ਇਸ ਲਈ ਰੋ ਰਹੇ ਹਨ ਕਿ ਮੇਰਾ ਪੁੱਤਰ ਮਰਦਾ ਕਿਉ ਨਹੀਂ। ਇਨ੍ਹਾਂ ਦਾ ਪੁਤੱਰ ਵੀ ਚਿੱਟੇ ਦਾ ਪੱਟਿਆ ਹੋਇਐ। ਇਨ੍ਹਾਂ ਦੇ ਦੱਸਣ ਮੁਤਾਬਕ ਉਹ ਸਵੇਰੇ ਅੱਠ ਵਜੇ ਤੱਕ ਤਿੰਨ-ਚਾਰ ਸੌ ਦਾ ਨਸ਼ਾ ਛੱਕ ਜਾਂਦੈ। ਸਾਰੀ ਪੈਨਸ਼ਨ ਉਹਦੇ ਹੀ ਢਿੱਡ ਵਿਚ ਜਾਂਦੀ ਹੈ। ਕਈ ਵਾਰ ਤਾ ਰਾਸ਼ਨ ਜੋਗੇ ਪੈਸੇ ਵੀ ਨਹੀ ਬਚਦੇ। ਉਹ ਬਜੁਰਗ ਵਿਚੋਂ ਬੋਲਿਆ, ਕੀ ਕਰੀਏ ਕੱਲਾ-ਕੈਰਾ ਹੋਣ ਕਾਰਨ ਸਭ ਕੁਝ ਕਰਨਾ ਪੈਂਦਾ, ਪੈਸੇ ਨਾ ਦਿਉ ਤਾਂ ਸਮਾਨ ਵੇਚਣ ਤੱਕ ਜਾਂਦੈ, ਇੱਜਤ ਬਚਾਉਣ ਲਈ ਪੈਸੇ ਦੇਣੇ ਪੈਂਦੇ ਨੇ। ਡਾਕਟਰ ਕੋਲ ਲਿਜਾਣ ਦੀ ਗੱਲ ਕਰੀਏ ਤਾਂ ਸਣੇ ਸਾਡੇ ਡਾਕਟਰ ਨੂੰ ਗੰਦੀਆ ਗਾਲ੍ਹਾਂ ਕੱਢਦੈ। ਕਈ ਵਾਰ ਤਾਂ ਮਰਨ-ਮਾਰਨ ਦੀਆਂ ਧਮਕੀਆਂ ਵੀ ਦੇ ਦਿੰਦੈ। ਕਈ ਵਾਰ ਇਲਾਜ ਕਰਵਾਉਣ ਲਈ ਕਿਹੈ, ਮੰਨਦਾ ਹੀ ਨਹੀਂ। ਨਸ਼ਾ ਛਡਾਓ ਕੇਂਦਰ ਵੀ ਕਈ ਫਾਰਮੈਲਟੀਆਂ ਕਰਵਾਉਂਦੇ ਨੇ, ਇਕ ਪ੍ਰਾਈਵੇਟ ਕੇਂਦਰ ਨੇ 80-90 ਹਜਾਰ ਰੁਪਏ ਦਾ ਖਰਚਾ ਗਿਣਵਾ ਦਿੱਤਾ, ਖਾਏ ਖਸਮਾਂ ਨੂੰ ਪੈਸਾ ਵੀ ਦੇਣ ਦਾ ਮਨ ਬਣਾ ਲਿਆ, ਪਰ ਗੱਲ ਕਿਸੇ ਸਿਰੇ ਨਾ ਲਗੀ। ਇਕ ਕੇਂਦਰ ਵਾਲੇ ਕਹਿਣ ਲਗੇ, ਅਸੀਂ ਪੁਲਿਸ ਲੈ ਕੇ ਸਵੇਰੇ-ਸਵੇਰੇ ਆਵਾਂਗੇ ਤੇ ਜਬਰਦਸਤੀ ਚੁੱਕ ਕੇ ਲੈ ਜਾਵਾਂਗੇ। ਇਸ ਨੇ ਗੱਲੀਂ-ਬਾਤੀਂ ਕੇਂਦਰ ਨਹੀਂ ਜਾਣਾ। ਹੁਣ ਤੂੰ ਦੱਸ ਬਰਖ਼ੁਰਦਾਰ ਕਿਹੜੇ ਖੂਹ ਵਿਚ ਡੁੱਬ ਕੇ ਮਰੀਏ। ਸਾਡਾ ਤਾਂ ਜਿਊਣਾ ਦੁੱਭਰ ਹੋਇਆ ਪਿਐ। ਦੋਵੇਂ ਜੀਅ ਇਹੀ ਅਰਦਾਸ ਕਰਦੇ ਆਂ ਬਈ ਜਾਂ ਰੱਬ ਸਾਨੂੰ ਚੁੱਕ ਲਵੇ ਜਾਂ ਫਿਰ ਉਸ ਤੋਂ ਸਾਡਾ ਖਹਿੜਾ ਛੁੱਟ ਜਾਵੇ। ਬਜੁਰਗਾਂ ਦੀ ਵੇਦਨਾਂ ਸੁਣ ਕੇ ਦਿਲ ਕੰਬ ਗਿਆ। ਇਕ ਇਸ ਲਈ ਰੋ ਰਿਹੈ ਕਿ ਉਸ ਦਾ ਪੁੱਤਰ ਰੱਬ ਨੂੰ ਪਿਆਰਾ ਹੋ ਗਿਐ, ਦੂਜਾ ਇਸ ਲਈ ਰੋ ਰਿਹੈ ਕਿ ਉਸ ਦਾ ਇਸ ਜਹਾਨ ਤੋ ਜਾਂਦਾ ਕਿਉਂ ਨਹੀਂ। ਕੈਸੀ ਅਜੀਬ ਸਥਿਤੀ ਹੈ ਮਾਪਿਆਂ ਦੀ? ਅਜਿਹੀ ਹਾਲਤ ਵਿਚ ਸਰਕਾਰ ਕਿਵੇਂ ਕਹਿ ਰਹੀ ਹੈ ਕਿ ਸੂਬੇ 'ਚ ਨਸ਼ਾ ਸਿਰਫ ਦੋ ਫੀਸਦ ਹੈ। ਅੱਗ ਦੂਜੇ ਦੇ ਘਰ ਲੱਗੀ ਹੋਵੇ ਤਾਂ ਬਸੰਤਰ ਹੈ, ਪਤਾ ਤਾਂ ਉਦੋਂ ਲਗਦੈ ਜਦ ਆਪਣੇ ਘਰ ਲਗਦੀ ਐ। ਜਿਸ ਤਨ ਲਾਗੈ ਸੋਈ ਜਾਣੈ ਕੌਣ ਜਾਣੇ ਪੀੜ ਪਰਾਈ। ਅਜਿਹੀਆਂ ਦਰਦਨਾਕ ਕਹਾਣੀਆਂ ਸੁਣ ਕੇ ਤਾਂ ਸਿਰਫ ਇਹੀ ਕਿਹਾ ਜਾ ਸਕਦੈ, ਐ ਖ਼ੁਦਾ! ਮੇਰੇ ਰੰਗਲੇ ਪੰਜਾਬ 'ਤੇ ਮਿਹਰ ਕਰੀਂ। ਆਮੀਨ।

## ਪੰਜਾਬ ਲਈ

ਕਿਹੜੇ ਤੇਰੇ ਪੰਜ ਦਰਿਆ,
ਝੂਠਾ ਨਾ ਤੂੰ ਸ਼ੋਰ ਮਚਾ।
ਪੱਲੇ ਤੇਰੇ ਢਾਈ ਦਰਿਆ,
ਅੱਜ ਦਾ ਸੱਜਣਾ, ਸੱਚ ਹੰਢਾ।

ਨਸ਼ੇ ਦੀ ਗਠੜੀ ਸਿਰ 'ਤੇ ਚੁਕ ਕੇ,
ਸ਼ਰਮ ਹਯਾ ਨੂੰ ਕੂੜੇ ਸੁੱਟ ਕੇ,
ਦਾਰੂ ਦੇ ਲਈ ਹੱਕ ਗਵਾ ਕੇ,
ਬੂਹੇ ਲਿਆ ਚੰਡਾਲ ਬਿਠਾ।

ਨਿਰਮਲ ਪਾਣੀ ਜਿੰਦਗੀ ਹੁੰਦੇ,
ਨਾ ਨਸ਼ਿਆਂ ਨੂੰ ਕਹਿ ਦਰਿਆ,
ਕੋਈ ਨਹੀਂ ਤੇਰੇ ਛੇ ਦਰਿਆ,
ਅੰਮ੍ਰਿਤ ਵਿਚ ਨਾ ਜ਼ਹਿਰ ਮਿਲਾ।

ਘਰ-ਬਾਹਰ 'ਤੇ ਥੂ ਥੂ ਕਰਕੇ,
ਬੋਝੇ ਝੂਠੇ ਸੁਪਨੇ ਭਰ ਕੇ,
ਵੇਚ ਵੱਟ ਕੇ ਅੱਗਾ ਪਿੱਛਾ,
ਭੂਤਵਾੜਾ ਤੂੰ ਲਿਆ ਬਣਾ।
ਕੌਣ ਹੈ ਆਪਣਾ, ਕੌਣ ਪਰਾਇਆ,
ਤੈਨੂੰ ਕਿਉਂ ਨਜਰ ਨਹੀਂ ਆਇਆ,
ਵੇਚ ਨਾ ਖ਼ੁਦ ਨੂੰ, ਮੌਤ ਦੇ ਬਦਲੇ,
ਸ਼ੈਤਾਨ ਦਾ ਸੌਦਾ ਘਰ ਨਾ ਪਾ।

ਕਿਹੜਾ ਦੋਸ਼ੀ, ਕੋਈ ਨਹੀਂ ਲੱਭਣਾ,
ਅੱਜ ਆਪਣੇ ਨੂੰ ਵੇਚ ਨਾ ਮੰਡੀ,
ਨਦੀ ਨਾ ਬਣ ਜਾਏ ਨਾਲੀ ਗੰਦੀ,
ਪਹਿਰਾ ਡਾਢਾ ਖ਼ੁਦ ਹੀ ਲਾ।

-ਦਿਲਜੋਧ ਸਿੰਘ
diljodh@yahoo.com

## ਨਸ਼ਿਆਂ ਦੀ ਅੱਗ

ਇਹ ਨਾ ਸੋਚ ਕਿ ਹਾਲੇ
ਅੱਗ 'ਤੇਰੇ ਖੇਤ' ਨੂੰ ਲੱਗੀ ਨਹੀਂ,
ਵੀਰਿਆ! ਵੱਟ ਟੱਪਣ ਨੂੰ
ਵਕਤ ਨਹੀਂ ਲਗਦਾ ਹੁੰਦਾ।
ਸਿਰਫ ਹਵਾ ਦਾ 'ਵਰੋਲਾ' ਹੀ
ਕਾਫੀ ਹੁੰਦਾ ਹੈ।
ਦੋਸਤੋ! ਆਓ ਸਾਰੇ ਰਲ ਕੇ
ਪਾਣੀ ਪਾਈਏ ਮੱਚਦੀ 'ਤੇ
ਹੁਣੇ ਹੀ ਨੱਪੀਏ ਇਸ ਨੂੰ
ਨਹੀਂ ਤਾਂ ਬਾਅਦ ਵਿਚ,
ਸਵਾਹ ਫਰੋਲਣ ਦਾ
ਕੋਈ ਫਾਇਦਾ ਨਹੀਂ ਹੋਣਾ।

-ਜੱਸੀ ਗਿੱਲ
ਫੋਨ: 510-304-9292

## ਪਰਵਾਸੀ ਦੀ ਬੇਨਤੀ

ਡੰਡੇ ਮਾਰਦਾ ਗਾਰਡ ਮੰਤਰੀ ਦਾ
ਇਹਨੂੰ ਮਰਜੀ ਪੁਗਾਉਣ ਤੋਂ ਰੋਕ ਬਾਬਾ।
ਰੇਤਾ-ਬਜਰੀ ਮੁੱਲ ਵਧਾਈ ਜਾਂਦਾ
ਠੇਕੇਦਾਰੀ ਕਰਵਾਉਣ ਤੋਂ ਰੋਕ ਬਾਬਾ।
ਰੋਡਵੇਜ਼ ਦਾ ਘਾਟਾ ਨਾ ਹੋਏ ਪੂਰਾ
ਏ ਸੀ ਬੱਸਾਂ ਵਧਾਉਣ ਤੋਂ ਰੋਕ ਬਾਬਾ।

ਕਾਰਖਾਨੇ ਸ਼ਰਾਬ ਦੇ ਵਧੀ ਜਾਂਦੇ
ਗੰਨਾ ਮੁੱਲ ਘਟਾਉਣ ਤੋਂ ਰੋਕ ਬਾਬਾ।
ਰੋਟੀ ਬਿਨਾ ਭੁੱਖੇ ਗਰੀਬ ਮਰਦੇ
ਨੰਗੀ ਕਣਕ ਰਖਵਾਉਣ ਤੋਂ ਰੋਕ ਬਾਬਾ।
ਧਰਤੀ ਮਾਂ ਦਾ ਸਸਤਾ ਮੁੱਲ ਦੇ ਕੇ
ਵੱਡੇ ਹੋਟਲ ਬਣਾਉਣ ਤੋਂ ਰੋਕ ਬਾਬਾ
ਸਕੂਲਾਂ, ਕਾਲਜਾਂ ਵਾਲੀਆਂ ਸੜਕਾਂ ਤੋਂ
ਬੁਲਟ, ਜੀਪਾਂ ਭਜਾਉਣ ਤੋਂ ਰੋਕ ਬਾਬਾ।

ਮੋਟਰ ਸਾਈਕਲ, ਮੋਬਾਈਲ ਤੇ ਸੂਟ ਚਿੱਟੇ
ਅਵਾਰਾਗਰਦੀ ਕਰਾਉਣ ਤੋਂ ਰੋਕ ਬਾਬਾ।
ਛੋਲੇ ਦੇ ਕੇ ਕਾਕੇ ਹਨ ਪਾਸ ਹੁੰਦੇ
ਨਕਲੀ ਡਿਗਰੀ ਬਣਾਉਣ ਤੋਂ ਰੋਕ ਬਾਬਾ।
ਰਿਸ਼ਵਤ ਖਾ ਕੇ ਜੇ ਈ ਨਾ ਬਿਲ ਲੈਂਦਾ
ਕੁੰਡੀ ਬਿਜਲੀ ਫਸਾਉਣ ਤੋਂ ਰੋਕ ਬਾਬਾ।

ਧਰਨੇ ਲਾਉਂਦੇ ਮੁਲਾਜਮ ਕਿਸਾਨ ਜਿੱਥੇ
ਸਾਨੂੰ ਚਾੜ੍ਹ ਖਿੰਡਾਉਣ ਤੋਂ ਰੋਕ ਬਾਬਾ।
ਜਮੀਨ ਵਲੈਤੀਏ ਦੀ ਉਤੇ ਕਈਆਂ ਦੀ ਅੱਖ
ਉਸ 'ਤੇ ਕਬਜਾ ਕਰਾਉਣ ਤੋਂ ਰੋਕ ਬਾਬਾ।

-ਜੁਗਰਾਜ ਗਿੱਲ, ਸ਼ਾਰਲਟ
ਫੋਨ: 704-257-6693

# ਜੰਗਲ ਵਿਚ ਪੜ੍ਹਾਈ

(ਪਿਛਲੇ ਸਫੇ ਦੀ ਬਾਕੀ)

ਕਿਸੇ ਨੇ ਸੱਪ ਨਾਲ।

ਤਿੰਨ ਕੁ ਘੰਟਿਆਂ ਬਾਅਦ ਬਾਰਿਸ਼ ਮੱਧਮ ਹੋ ਗਈ ਤੇ ਬਾਅਦ ਵਿਚ ਹਲਕੀ ਹਲਕੀ ਕਿਣ ਮਿਣ ਵਿਚ ਵਟ ਗਈ। ਦੋ ਝਿੱਲੀਆਂ ਹੋਰ ਵਿਛਾ ਲਈਆਂ ਗਈਆਂ। ਕੋਈ ਅੱਧਾ ਲੇਟ ਗਿਆ, ਕੋਈ ਇਕੱਠਾ ਜਿਹਾ ਹੋ ਕੇ ਪੈ ਗਿਆ, ਕਿਸੇ ਨੇ ਕਿੱਟ ਨਾਲ ਢੋਅ ਲਾ ਕੇ ਸੌਣ ਦੀ ਕੋਸ਼ਿਸ਼ ਕੀਤੀ। ਸਵੇਰੇ ਜਦ ਮੈਂ ਉਠਿਆ ਤਾਂ ਤਕਰੀਬਨ ਸਾਰੀਆਂ ਝਿੱਲੀਆਂ ਵਿਛੀਆਂ ਪਈਆਂ ਸਨ। ਅੱਗ ਬਲ ਰਹੀ ਸੀ ਜਿਸ ਕੋਲ ਕੋਸਾ ਤੇ ਇਕ ਜਣਾ ਹੋਰ ਬੈਠੇ ਸਨ।

"ਕੋਸਾ, ਸੁੱਤਾ ਨਹੀਂ ਰਾਤ ਭਰ?"

"ਸੁੱਤਾ ਸਾਂ। ਹੁਣੇ ਜਾਗਿਆ ਹਾਂ। ਮੌਸਮ ਵਧੀਆ ਹੈ, ਘੁੰਮਣ ਚੱਲਦੇ ਹਾਂ।"

ਮੈਂ ਬੂਟ ਕੱਸੇ ਤੇ ਤਿਆਰ ਹੋ ਗਿਆ।

"ਥੋੜ੍ਹੇ ਸਮੇਂ ਦੀ ਨੀਂਦ ਬਹੁਤ ਗੂੜ੍ਹੀ ਆਉਂਦੀ ਹੈ।" ਚੱਲਣ ਵਕਤ ਕੋਸਾ ਨੇ ਕਿਹਾ।

ਮੈਂ ਗੂੜ੍ਹੀ ਨੀਂਦ ਸੁੱਤਾ ਰਿਹਾ ਸਾਂ, ਕਿਉਂਕਿ ਮੈਨੂੰ ਪਤਾ ਹੀ ਨਹੀਂ ਸੀ ਲੱਗਾ ਕਿ ਬਾਕੀ ਦੇ 'ਬਿਸਤਰੇ' ਕਦੋਂ ਵਿਛਾ ਦਿਤੇ ਗਏ ਸਨ। ਉਸ ਦਾ ਇਸ਼ਾਰਾ ਮੇਰੇ ਵੱਲ ਹੀ ਸੀ।

ਨਵੰਬਰ ਦਾ ਦੂਸਰਾ ਹਫਤਾ ਸ਼ੁਰੂ ਹੋ ਚੁੱਕਾ ਸੀ। ਰਾਤ ਦੇ ਮੀਂਹ ਨੇ ਠੰਢ ਵਧਾ ਦਿਤੀ ਸੀ। ਆਮ ਤੌਰ 'ਤੇ ਉਤਰੀ ਭਾਰਤ ਨਾਲੋਂ ਇਥੇ ਠੰਢ 4-5 ਦਰਜੇ ਘੱਟ ਹੁੰਦੀ ਹੈ। ਰਸਤੇ ਵਿਚ ਕਿਤੇ ਕਿਤੇ ਤਿਲਕਣ ਸੀ, ਪਰ ਸਾਰਾ ਹੀ ਪਾਣੀ ਹੇਠਾਂ ਵਹਿ ਚੁੱਕਾ ਹੋਇਆ ਸੀ। ਸਾਰਾ ਆਲਾ ਦੁਆਲਾ ਧੋਤਾ ਗਿਆ ਸੀ ਅਤੇ ਨਿਰਮਲ ਹੋਇਆ ਹੋਇਆ ਬਹੁਤ ਸਾਫ ਦਿਸਦਾ ਸੀ। ਜੰਗਲ ਦੀ ਹਰ ਸਵੇਰ ਹੀ ਨਿੱਖਰੀ ਹੋਈ ਹੁੰਦੀ ਹੈ, ਪਰ ਅੱਜ ਦੀ ਸਵੇਰ ਕੁਝ ਜ਼ਿਆਦਾ ਹੀ ਨਿੱਖਰੀ ਪਈ ਸੀ। ਪੰਛੀ ਭਾਵੇਂ ਕੋਈ ਵੀ ਦਿਖਾਈ ਨਹੀਂ ਸੀ ਦੇ ਰਿਹਾ, ਪਰ ਇੰਜ ਲਗਦਾ ਸੀ ਜਿਵੇਂ ਸਾਰਾ ਜੰਗਲ ਉਨ੍ਹਾਂ ਦੇ ਸੰਗੀਤ ਵਿਚ ਮਸਤ ਹੋਵੇ। ਖਾਮੋਸ਼ ਜੰਗਲ ਦਾ ਵੀ ਆਪਣਾ ਸੰਗੀਤ ਹੁੰਦਾ ਹੈ, ਪਰ ਅੱਜ ਤਾਂ ਜੰਗਲ ਖਾਮੋਸ਼ ਵੀ ਨਹੀਂ ਸੀ, ਮਸਤੀ 'ਚ ਝੂਮ ਤੇ ਗਾ ਰਿਹਾ ਸੀ। ਜੰਗਲ ਤੇ ਪਹਾੜਾਂ ਦੇ ਧੋਤੇ ਜਾਣ ਨੇ ਹੇਠਾਂ ਵਗਦੇ ਨਾਲੇ ਦੇ ਪਾਣੀ ਦਾ ਰੰਗ ਲਾਲ ਕਰ ਦਿਤਾ ਸੀ।

"ਕੋਸਾ! ਅੱਜ ਇਹੀ ਪਾਣੀ ਪੀਣਾ ਪਵੇਗਾ?" ਨਾਲੇ ਵੱਲ ਉਤਰਦੇ ਹੋਏ ਮੈਂ ਪੁੱਛਿਆ।

"ਸਾਰੇ ਕਬਾਇਲੀ ਨਦੀਆਂ ਦਾ ਪਾਣੀ ਹੀ ਪੀਂਦੇ ਹਨ। ਅਸੀਂ ਤਾਂ ਫਿਰ ਵੀ ਇਸ ਨੂੰ ਉਬਾਲ ਕੇ ਪੀਵਾਂਗੇ, ਉਹ ਅਣ-ਉਬਲਿਆ ਹੀ ਪੀਂਦੇ ਹਨ। ਉਂਜ ਪਾਣੀ ਤੋਂ ਹੋਣ ਵਾਲੀਆਂ ਆਮ ਬਿਮਾਰੀਆਂ ਬਹੁਤ ਘੱਟ ਹਨ। ਗੁਰੀਲੇ ਉਬਾਲਣ ਤੋਂ ਬਿਨਾਂ ਨਹੀਂ ਪੀਂਦੇ। ਆਪਣੇ ਡਾਕਟਰਾਂ ਨੇ ਅਜਿਹਾ ਕਰਨ ਦੀ ਮਨਾਹੀ ਕੀਤੀ ਹੈ ਤਾਂ ਕਿ ਵਾਧੂ ਦਾ ਕੋਈ ਝੰਜਟ ਗਲ ਨਾ ਪਵੇ। ਜੰਗਲ ਵਾਸੀਆਂ ਨੂੰ ਸਾਡੀਆਂ ਕੁਝ ਗੱਲਾਂ ਬਹੁਤ ਅਜੀਬ ਲਗਦੀਆਂ ਹਨ। ਉਬਲਿਆ ਪਾਣੀ, ਬੁਰਸ਼ ਨਾਲ ਦੰਦਾਂ ਦੀ ਸਫ਼ਾਈ, ਪੈਰਾਂ ਵਿਚ ਹਰ ਸਮੇਂ ਬੂਟਾਂ ਦਾ ਚੜ੍ਹੇ ਰਹਿਣਾ, ਕਿਤਾਬਾਂ ਪੜ੍ਹਨਾ, ਵਗੈਰਾ ਵਗੈਰਾ। ਇਹ ਸੱਭੇ ਚੀਜ਼ਾਂ ਉਨ੍ਹਾਂ ਦੀ ਜ਼ਿੰਦਗੀ ਦਾ ਹਿੱਸਾ ਨਹੀਂ ਹਨ।"

ਉਨ੍ਹਾਂ ਨੂੰ ਚਮਚ ਨਾਲ ਮੇਰਾ ਚੌਲ ਖਾਣਾ ਬਹੁਤ ਅਜੀਬ ਲਗਦਾ ਸੀ। ਚਮਚ ਉਨ੍ਹਾਂ ਵਾਸਤੇ ਅਲੋਕਾਰੀ ਚੀਜ਼ ਸੀ ਅਤੇ ਵਾਧੂ ਦੀ ਫ਼ਜ਼ੂਲ-ਖਰਚੀ ਵੀ। ਜਦ ਹੱਥ ਮੌਜੂਦ ਹਨ ਤਾਂ ਚਮਚ ਬੇ-ਥਵ੍ਹੀ ਚੀਜ਼ ਲੱਗਦੀ ਹੈ। ਦਰੱਖਤ ਜਦ ਪੱਤਿਆਂ ਨਾਲ ਲੱਦੇ ਪਏ ਹੋਣ ਤਾਂ ਥਾਲੀ ਵੀ ਵਾਧੂ ਦੀ ਚੀਜ਼ ਹੈ। ਪੱਤੇ ਤੋੜੋ, ਚੌਲ ਪਾਓ ਤੇ ਹੱਥ ਨਾਲ ਖਾ ਜਾਓ। ਜੇ ਉਨ੍ਹਾਂ ਕਦੇ ਸਾਡੇ ਨਾਲ ਚਾਹ ਵੀ ਪੀਤੀ ਤਾਂ ਪੱਤਾ ਤੋੜਿਆ, ਮਰੋੜ ਕੇ ਡੂਨਾ ਬਣਾਇਆ ਤੇ ਉਸ ਵਿਚੋਂ ਪੀ ਲਈ। ਵਰਤੋ ਤੇ ਸੁੱਟ ਦਿਓ। ਉਨ੍ਹਾਂ ਵਾਸਤੇ ਹਰ ਚੀਜ਼ ਡਿਸਪੋਜ਼ੇਬਲ ਹੈ। ਸ਼ਹਿਰਾਂ ਵਿਚ ਪੱਤਿਆਂ ਉਪਰ ਮਹਾਂ-ਭੋਜ ਸਟੇਟਸ ਸਿੰਬਲ ਹੈ, ਪਰ ਜੰਗਲ ਵਿਚਲੀ ਦਾਅਵਤ ਦਾ ਮਜ਼ਾ ਹੀ ਅਲੱਗ ਹੈ। ਆਪਣਾ ਆਪਣਾ ਪੱਤਲ ਉਠਾਓ ਤੇ ਕਿਸੇ ਪੱਥਰ ਉਤੇ ਬੈਠ ਜਾਓ ਜਾਂ ਚਟਾਨ ਨਾਲ ਢੋਅ ਲਾ ਲਓ, ਜਾਂ ਫਿਰ ਕਿਸੇ ਦਰੱਖਤ ਦਾ ਸਹਾਰਾ ਲੈ ਲਵੋ ਤੇ ਭਾਵੇਂ ਜ਼ਮੀਨ 'ਤੇ ਹੀ ਪੱਸਰ ਜਾਓ। ਇਥੇ ਹਰ ਚੀਜ਼ ਕੁਦਰਤੀ ਹੈ। ਸ਼ਹਿਰ ਦੇ ਕਿਸੇ ਮਹਾਂ-ਭੋਜ ਦੇ ਪੰਡਾਲ ਵਿਚ ਇਹ ਚੀਜ਼ਾਂ ਗੱਡ ਵੀ ਦਿਤੀਆਂ ਜਾਣ ਤਾਂ ਉਹ ਸਾਦਗੀ ਕਿਥੋਂ ਆਵੇਗੀ ਜਿਹੜੀ ਸਿਰਫ਼ ਕੁਦਰਤੀ ਵਾਤਾਵਰਣ ਦੀ ਹੀ ਖ਼ੂਬੀ ਹੈ।

ਮੀਂਹ ਨਾਲ ਧੁਲੀ ਵਿਸ਼ਾਲ ਚਟਾਨ ਕੋਲ ਪਹੁੰਚ ਕੇ ਅਸੀਂ ਥੋੜ੍ਹਾ ਆਰਾਮ ਕਰਨ ਬੈਠ ਗਏ। ਰਾਤ ਦੀ ਠੰਢ ਕਾਰਨ ਪੈਰ ਨੇ ਦਰਦ ਕਰਨਾ ਸ਼ੁਰੂ ਕਰ ਦਿਤਾ ਸੀ। ਮੈਂ ਤਸਮੇਂ ਖੋਲ੍ਹੇ ਤੇ ਪੈਰ ਘੁੱਟਣ ਲੱਗ ਪਿਆ। ਸਵੇਰੇ ਥੋੜ੍ਹਾ ਸੇਕ ਦੇ ਲਿਆ ਜਾਂਦਾ ਤਾਂ ਠੀਕ ਰਹਿੰਦਾ।

"ਸ਼ਹਿਰਾਂ ਦੇ ਲੋਕ ਸਾਡੀ ਮਦਦ ਕਰਨਗੇ?" ਕੋਸਾ ਨੇ ਅਚਾਨਕ ਸਵਾਲ ਕੀਤਾ।

"ਕਰਨਗੇ। ਉਹ ਜਿਹੜੇ ਸ਼ਹਿਰਾਂ ਵਿਚ ਨਰਕ ਹੰਢਾਉਂਦੇ ਨੇ ਤੇ ਜ਼ਿੰਦਗੀ ਤੋਂ ਤੰਗ ਆ ਚੁੱਕੇ ਨੇ।"

"ਪਰ ਕਦੋਂ?"

ਕੋਸਾ ਦੇ ਇਸ ਸਿੱਧੇ-ਸਾਦੇ ਸਵਾਲ ਦਾ ਸਿੱਧਾ ਜਵਾਬ ਮੇਰੇ ਕੋਲ ਕੋਈ ਨਹੀਂ ਸੀ। ਸ਼ਹਿਰਾਂ ਵਿਚ ਵੀ ਦੁਖੀ ਤੇ ਕਿਸਮਤ ਮਾਰੇ ਲੋਕਾਂ ਦੀ ਕੋਈ ਕਮੀ ਨਹੀਂ ਹੈ। ਜੰਗਲ ਹੋਵੇ ਜਾਂ ਸ਼ਹਿਰ, ਜਹਾਲਤ ਦੇ ਮਾਰੇ ਦੋਵੇਂ ਥਾਂ ਹੀ 'ਸਭਿਅਕ' ਸਮਾਜ ਦਾ ਹਿੱਸਾ ਨਹੀਂ ਹਨ। ਜੰਗਲ ਬਾਗ਼ੀ ਹੋਇਆ ਹੋਇਆ ਹੈ, ਪਰ ਸ਼ਹਿਰ ਕਦੋਂ ਤੇ ਕਿਵੇਂ ਬਾਗ਼ੀ ਹੋਵੇਗਾ, ਇਸ ਬਾਰੇ ਮੈਂ ਕੋਸਾ ਨੂੰ ਕੁਝ ਨਹੀਂ ਸੀ ਕਹਿ ਸਕਦਾ। ਇਸ ਬਾਰੇ ਮੈਂ ਉਸ ਕੋਲ ਅਸਮਰੱਥਤਾ ਪ੍ਰਗਟ ਕੀਤੀ, ਪਰ ਉਸ ਨੂੰ ਯਕੀਨ ਦਿਵਾਉਣਾ ਚਾਹਿਆ ਕਿ ਇਕ ਨਾ ਇਕ ਦਿਨ ਅਜਿਹਾ ਜ਼ਰੂਰ ਹੋਵੇਗਾ।

ਕੋਸਾ ਕਦੇ ਸ਼ਹਿਰ ਨਹੀਂ ਗਿਆ। ਰੇਲ ਗੱਡੀ ਬਾਰੇ ਉਸ ਨੇ ਸੁਣ ਰੱਖਿਆ ਹੈ ਪਰ ਦੇਖੀ ਨਹੀਂ। ਬੱਸ ਉਸ ਨੇ ਜੰਗਲ ਵਿਚੋਂ ਗੁਜ਼ਰਦੀ ਜਰਨੈਲੀ ਸੜਕ ਉਤੇ ਦੇਖੀ ਹੈ, ਪਰ ਕਦੇ ਚੜ੍ਹ ਕੇ ਨਹੀਂ ਦੇਖਿਆ। ਉਸ ਨੇ ਜੀਪ ਦੇਖੀ ਹੈ, ਸਿੱਧੀ ਵੀ, ਤੇ ਉਲਟੀ ਵੀ। ਉਹ ਹਮੇਸ਼ਾ ਪੈਦਲ ਹੀ ਤੁਰਿਆ ਹੈ ਅਤੇ ਇਨ੍ਹਾਂ ਤਰ੍ਹਾਂ ਤਰ੍ਹਾਂ ਦੀਆਂ ਗੱਡੀਆਂ ਵਿਚ ਚੜ੍ਹਨ ਵਾਲੇ ਮਨੁੱਖ ਉਸ ਨੂੰ ਕਿਸੇ ਦੂਸਰੀ ਹੀ ਧਰਤੀ ਦੇ ਲਗਦੇ ਹਨ। ਜਦ ਕਦੇ ਕੋਈ ਕਬਾਇਲੀ ਉਸ ਨੂੰ ਸ਼ਹਿਰੋਂ ਆ ਕੇ ਦੱਸਦਾ ਹੈ ਕਿ ਉਹ ਰੇਲ ਗੱਡੀ ਵਿਚ ਚੜ੍ਹ ਚੁੱਕਾ ਹੈ ਤਾਂ ਕੋਸਾ ਉਸ ਅਜੀਬ ਸ਼ੈਅ ਦਾ ਆਕਾਰ ਤੇ ਵਿਹਾਰ ਸੁਣ ਕੇ ਸੋਚੀਂ ਪੈ ਜਾਂਦਾ ਹੈ ਕਿ ਕਿਹੋ ਜਿਹੇ ਅਜੀਬ ਸੱਪ ਧਰਤੀ ਉਪਰ ਰੀਂਗਦੇ ਹਨ। ਕੋਸਾ ਦਾ ਪਿੰਡ ਰੇਲ ਲਾਈਨ ਤੋਂ ਸੌ ਕਿਲੋਮੀਟਰ ਤੱਕ ਦੀ ਦੂਰੀ ਉਤੇ ਹੈ। ਉਹ ਇਸ ਗੱਲ ਦੀ ਉਡੀਕ ਵਿਚ ਹੈ ਕਿ ਕਿਸੇ ਦਿਨ ਉਸ ਦਾ ਦਸਤਾ ਰੇਲ ਲਾਈਨ ਤੋਂ ਪਾਰ ਕਿਸੇ ਥਾਂ ਵੱਲ ਕੂਚ ਕਰੇਗਾ। ਲੋਹਾ ਉਸ ਵਾਸਤੇ ਦਾਤੀ, ਟਕੂਆ, ਚਾਕੂ ਅਤੇ ਬੰਦੂਕ ਦੀ ਨਾਲ ਤੋਂ ਵੱਧ ਹੋਰ ਕੁਝ ਨਹੀਂ ਹੈ। ਉਸ ਨੇ ਸੁਣ ਰੱਖਿਆ ਹੈ ਕਿ ਰੇਲ ਗੱਡੀ, ਬੱਸਾਂ, ਕਾਰਾਂ ਅਤੇ ਹੋਰ ਹਜ਼ਾਰਾਂ ਚੀਜ਼ਾਂ ਲੋਹੇ ਤੋਂ ਬਣਦੀਆਂ ਹਨ; ਪਰ ਕਿਵੇਂ? ਇਹ ਉਹ ਨਹੀਂ ਜਾਣਦਾ। ਉਸ ਨੇ ਇਹ ਵੀ ਸੁਣਿਆ ਹੋਇਆ ਹੈ ਕਿ ਬੈਲਾਡਿਲਾ ਦੀਆਂ ਮੀਲਾਂ 'ਚ ਫੈਲੀਆਂ ਖਦਾਨਾਂ ਲੋਹੇ ਦੇ ਪਹਾੜ ਉਗਲਦੀਆਂ ਹਨ। ਉਸ ਨੂੰ ਪਤਾ ਹੈ ਕਿ ਉਨ੍ਹਾਂ ਦੀ ਜ਼ਮੀਨ ਵਿਚ ਲੋਹਾ ਹੈ ਅਤੇ ਇਹ ਮਿੱਟੀ ਵਿਚ ਘੁਲਿਆ ਪਿਆ ਹੈ, ਪਰ ਉਸ ਨੂੰ ਹੈਰਾਨੀ ਹੁੰਦੀ ਹੈ ਕਿ ਇਹ ਦਾਤੀ ਦੇ ਫਾਲ ਵਰਗਾ ਕਿਉਂ ਨਹੀਂ ਹੈ।

(ਚਲਦਾ)

# ਕਾਵਿ-ਜਗਤ

## ਇਹ ਵੀ ਇਕ ਪੰਜਾਬ ਹੈ

ਨਾ ਸਿਰ ਤੇ ਤਾਜ਼ ਹਿਮਾਲਾ ਦਾ
ਨਾ ਪਾਣੀ ਪੰਜ ਦਰਿਆਵਾਂ ਦੇ।
ਨਾ ਜੰਗਲ, ਜੂਹਾਂ, ਨੈਆਂ, ਬੇਲੇ
ਨਾ ਖੇਤ ਚਰਾਂਦਾ, ਘਾਹਵਾਂ ਦੇ।
ਨਾ ਧੂੜਾਂ ਲੁੱਤੇ ਵਾਗੀ, ਮਾਹੀਏ
ਨਾ ਵੱਗ ਮੱਝੀਆਂ, ਗਾਂਵਾਂ ਦੇ।
ਨਾ ਜੋਗਾਂ ਗਲ ਗਾਨੀ, ਘੁੰਗਰੂ
ਹੁਣ ਛਣਕਦੇ ਵਿਚ ਰਾਹਵਾਂ ਦੇ।

ਨਾ ਢੋਲੇ, ਕਲੀਆਂ, ਸੱਦਾਂ ਨੇ
ਨਾ ਹੇਕਾਂ ਲੰਮੀਆਂ ਲੰਮੀਆਂ ਨੇ।
ਨਾ ਚੂਰੀ-ਭੱਤਾ ਢੋਂਦੀਆਂ ਹੁਣ
ਮੁਟਿਆਰਾਂ ਲੰਮ-ਸਲੰਮੀਆਂ ਨੇ।
ਨਾ ਇੱਜੜ ਨੇ ਨਾ ਆਜੜੀ ਨੇ
ਨਾ ਕਿਤੇ ਸੋਹਣੇ, ਕੂਲੇ ਲੇਲੇ ਨੇ।
ਨਾ ਘੁਸ-ਮੁਸੇ ਦੀਆਂ ਧੂੜਾਂ ਨੇ
ਨਾ ਰਾਗ ਹੀ ਸ਼ਾਮ ਦੇ ਵੇਲੇ ਦੇ।
ਨਾ ਤੜਕੇ ਕੰਨੀ ਪੈਂਦੀਆਂ ਹੁਣ
ਮਧਾਣੀ ਦੀਆਂ ਘੁੰਮਕਾਰਾਂ ਨੇ।
ਸੱਜ ਵਿਆਹੀਆਂ ਦੇ ਚੂੜੇ ਦੀਆਂ
ਨਾ ਛਣ ਛਣ ਛੰਣਕਾਰਾਂ ਨੇ।

ਨਾ ਕਿਤੇ ਕੋਈ ਸੱਥਾਂ ਦੇ ਵਿਚ
ਹੁਣ ਬਹਿ ਕੇ ਗੱਲਾਂ ਕਰਦਾ ਏ।
ਹਾਸੇ-ਠੱਠੇ, ਬਹਿਸ-ਮੁਬਾਹਸੇ
ਕਰਨ ਤੋਂ ਹਰ ਕੋਈ ਡਰਦਾ ਏ।
ਨਾ ਅਪਣੱਤ, ਨਾ ਸਾਂਝਾਂ ਏਥੇ
ਖੁਦਗਰਜ਼ੀ, ਤੰਗ-ਨਜ਼ਰੀ ਹੈ।
ਕੱਲ੍ਹ ਸੀ ਜੋ ਕੁਝ ਹੋਇਆ ਏਥੇ
ਉਹ ਯਾਦ ਅਜੇ ਵੀ ਸੱਜਰੀ ਹੈ।
ਕਿਸੇ ਦਾ ਵੀ ਕੁਝ ਨੀਂ ਗਿਆ
ਪੰਜਾਬੀਅਤ ਲੁੱਟੀ ਪੁੱਟੀ ਗਈ।
ਪਿੱਪਲਾਂ, ਬੋਹੜਾਂ ਹੇਠਾਂ ਜੰਮੀਂ
ਕਲਚਰ ਦੀ ਸੰਘੀ ਘੁੱਟੀ ਗਈ।
ਨਾ ਬੋਹੜ ਰਹੇ ਨਾ ਪਿੱਪਲ ਨੇ
ਨਾ ਹੀ ਹਾਸੇ, ਪੀਂਘ-ਪਲਾਂਘੇ ਨੇ।
ਨਾ ਵਾਗੀ ਮਾਹੀਏ ਠੰਡੀ ਛਾਂਵੇਂ
ਤਾਸ਼ ਦੀਆਂ ਬਾਜ਼ੀਆਂ ਲਾਂਦੇ ਨੇ।
ਨਾ ਬੋਹੜਾਂ ਪਿੱਪਲਾਂ ਥੱਲੇ ਗੱਭਰੂ
ਰਲ ਹੀਰਾਂ-ਮਿਰਜ਼ੇ ਗਾਉਂਦੇ ਨੇ।
ਨਾ ਛਪੜ ਰਹੇ, ਨਾ ਟੋਭੇ ਕਿਤੇ
ਨਾ ਸਾਂਝ ਦਿਲਾਂ ਦੀ ਲੱਭਦੀ ਏ।

ਨਾ ਹੁਣ ਸਾਂਝੀਆਂ ਸੱਥਾਂ ਵਿਚ
ਬਾਬਿਆਂ ਦੀ ਢਾਣੀ ਸਜਦੀ ਏ।
ਨਾ ਤ੍ਰਿੰਞਣ, ਨਾ ਗੀਤ ਮਾਹੀ ਦੇ
ਨਾ ਕਿੱਕਲੀ-ਕਿਲਕਾਰੀਆਂ ਨੇ।
ਨਾ ਕੰਜਕਾਂ, ਮੀਂਹ ਦੀ ਖਾਤਰ
ਗੁੱਡੀ ਫੂੱਕਣ ਜਾ ਰਹੀਆਂ ਨੇ।
ਨਾ ਤੀਆਂ, ਕਿਤੇ ਸੰਧਾਰੇ ਰਹੇ
ਨਾ ਗੱਡੀ ਜੋੜ ਲਿਆਵੇ ਕੋਈ।
ਨਾ ਖੂੰਡੇ, ਕੈਂਠੇ, ਸ਼ੰਮਲੇ ਵਾਲਾ
ਹੁਣ ਦੂਰੋਂ ਨਜ਼ਰੀਂ ਆਵੇ ਕੋਈ।
ਨਾ ਮੇਲੇ ਕਿਤੇ ਮੁਸਾਹਦੇ ਰਹੇ
ਨਾ ਤਕੀਏ, ਪੀਰ-ਫਕੀਰਾਂ ਦੇ।
ਨਾ ਕਲੀਆਂ ਸੱਦਾਂ-ਵੰਝਲੀ ਏ
ਨਾ ਰੋਸੇ ਰਾਂਝਿਆਂ-ਹੀਰਾਂ ਦੇ।

ਨਾ ਲੁੰਗੀਆਂ, ਧੂੰਹੇਂ ਚਾਦਰੇ ਨੇ
ਨਾ ਸ਼ੰਮਲੇ ਵਾਲੀਆਂ ਪੱਗਾਂ ਨੇ।
ਨਾ ਕਾਟੋ-ਕਿਰਲੇ-ਬੁਘਦੂ ਰਹੇ
ਨਾ ਤੂੰਬੇ, ਢੋਲ ਦੀਆਂ ਡੱਗਾਂ ਨੇ।
ਨਾ ਉਹ ਵਿਆਹ ਮੁਕਲਾਵੇ ਨੇ
ਨਾ ਸ਼ਗਨਾਂ ਦੀਆਂ ਰੋੜੀਆਂ ਨੇ।
ਨਾ ਗਿੱਧੇ-ਬੋਲੀਆਂ ਪਾਵੇ ਕੋਈ
ਨਾ ਸੁਹਾਗ ਨੇ, ਨਾ ਘੋੜੀਆਂ ਨੇ।
ਨਾ ਵਟਣੇ, ਗਾਨੇ, ਮਾਈਏਂ ਨੇ
ਨਾ ਕਲੀਰੇ, ਚੂੜਾ ਚੜ੍ਹਾਈ ਏ।
ਨਾ ਸ਼ਗਨਾਂ ਦੀਆਂ ਰਹੁ-ਰੀਤਾਂ
ਨਾ ਪਟੜੀ, ਖਾਰੇ ਲੁਹਾਈ ਏ।
ਨਾ ਚੂੜੇ, ਬੀੜੇ ਛੰਨਕਣ ਕਿਤੇ
ਨਾ ਸੱਕ ਤੇ ਮਹਿੰਦੀ ਸੁਰਮਾ ਏ।
ਨਾ ਪਰਾਂਦੇ ਪਿੱਪਲ ਪੱਤੀਆਂ ਨੇ

ਨਾ ਡੋਲੀ ਏ, ਨਾ ਕਹਾਰ ਕਿਤੇ
ਨਾ ਘੋੜੀ, ਸੁਰਮਾ ਪੁਆਈ ਏ।
ਨਾ ਘੜੋਲੀ, ਨਾ ਜੰਡੀ ਵੱਢਣੀ
ਨਾ ਜਠੇਰੇ ਦੀ ਮੂੰਹ ਜੁਠਾਈ ਏ।
ਖੱਟ-ਮਖੌਲ-ਛੰਦ, ਹਾਸੇ-ਠੱਠੇ
ਚਿਰਾਂ ਦੇ ਅਸਾਨੂੰ ਭੁੱਲ ਗਏ ਨੇ।
ਰੰਗਲੇ ਰਸਮੋ, ਰਿਵਾਜ਼, ਰੀਤਾਂ
ਵਿਖਾਵੇ ਦੇ ਵਿਚ ਰੁਲ ਗਏ ਨੇ।
ਨਾ ਗੰਢਾ-ਸੱਦੇ, ਮੇਲ-ਮੇਲਣਾਂ
ਨਾ ਛਣਕਾਰ ਸੁਣੇ ਪੰਜੇਬਾਂ ਦੀ।

ਨਾ ਹੀ ਮੜਕ ਨਾਲ ਟੁਰਨਾ ਏ।

ਭਾਈਚਾਰੇ ਤੇ ਰਿਸ਼ਤੇਦਾਰੀਆਂ
ਚੜ੍ਹੇ ਬਲੀ ਹਿੱਤ, ਫਰੇਬਾਂ ਦੀ।
ਵਖੋ ਵਖਰੇ ਭਾਈਚਾਰਿਆਂ 'ਚ
ਫਿਰਕੂਪੁਣੇ ਦੀਆਂ ਗੱਲਾਂ ਨੇ।
ਸਦੀਆਂ ਪੁਰਾਣੇ ਤੋੜੇ ਮੁਲਾਜ਼੍ਹੇ
ਨਫਰਤ-ਵੈਰ ਦੀਆਂ ਛੱਲਾਂ ਨੇ।
ਦੱਸ ਵੇ ਰੱਬਾ ਕੀਹਦੀ ਨਜ਼ਰ
ਪੰਜਾਬ ਮੇਰੇ ਨੂੰ ਖਾ ਗਈ ਏ।
ਹੱਸਦੇ, ਵੱਸਦੇ, ਨੱਚਦੇ ਉਤੇ
ਕਿਉਂ ਉਦਾਸੀ ਛਾ ਗਈ ਏ।

ਹੁੰਦਾ ਜੇ ਚਾਤ੍ਰਿਕ ਬੱਕੀਂ ਰੋਂਦਾ
ਹਾਲਤਾਂ ਵੇਖ ਪੰਜਆਬ ਦੀਆਂ।
ਦੁੱਧ-ਘਿਉ ਦੀ ਥਾਂ 'ਤੇ ਵੇਖ ਕੇ
ਨਹਿਰਾਂ ਡੱਰਗ, ਸ਼ਰਾਬ ਦੀਆਂ।
ਨਸ਼ਿਆਂ ਗੁੰਨ੍ਹੀ ਜਵਾਨੀ ਲਾਸ਼ਾਂ
ਕਬਰੋਂ, ਕੱਢੀਆਂ ਜਾਪਦੀਆਂ।
ਟਟੀਹਰੀ ਵਾਂਗਣ ਲੱਗਣ ਦੂਰੋਂ
ਲੱਤਾਂ, ਪੋਰੀਆਂ ਬਾਂਸ ਦੀਆਂ।
ਪੱਖੇ ਵਾਂਗ ਪਏ ਜਿਸਮ ਡੋਲਦੇ
ਪੁਤਲੀਆਂ ਜਿਵੇਂ ਰਾਸ ਦੀਆਂ।

ਸਿਰਾਂ ਤੋਂ ਰੋਡੇ, ਕੰਨੀਂ ਮੁੰਦਰਾਂ
ਬੋਤਲਾਂ, ਹੱਥੀਂ ਸ਼ਰਾਬ ਦੀਆਂ।
ਕੌਡੀ, ਕੁਸ਼ਤੀ, ਸੌਂਚੀ ਦੀ ਥਾਂ
ਗੱਲਾਂ ਚਿੱਟੇ ਤੇ ਸ਼ਬਾਬ ਦੀਆਂ।
ਕੁੰਢੇ ਮੁੱਛਹਿਰੇ, ਚਕਲੇ ਸੀਨੇ
ਗੱਲਾਂ ਬਣੀਆਂ ਖਵਾਬ ਦੀਆਂ।
ਗਾਮਾ, ਗੁੰਗਾ, ਕੱਕੂ, ਕਿੱਕਰ
ਸ਼ਾਨਾਂ ਸਨ ਪੰਜ-ਆਬ ਦੀਆਂ।
ਕਰਨੀਆਂ ਕੀ ਰੀਸਾਂ ਕਿਸੇ ਨੇ
ਹੁਣ ਦੌਲੀ-ਦਾਰੇ-ਬਾਜ਼ ਦੀਆਂ।

ਨੰਗੀਆਂ ਫਿਲਮਾਂ, ਗੰਦੇ ਗਾਣੇ
ਕਲੱਬਾਂ, ਡਿਸਕੋ ਡਾਂਸ ਦੀਆਂ।
ਨਿੱਤ ਨਵੀਆਂ ਖਬਰਾਂ ਸੁਣੀਏਂ
ਧੀਆਂ ਦੇ ਬਲਾਤਕਾਰ ਦੀਆਂ।
ਲੀਰੋ ਲੀਰ ਅਕੀਦਾ-ਵਿਰਸਾ
ਸ਼ਰਮਾਂ ਨਹੀਂ ਮਾਂ-ਬਾਪ ਦੀਆਂ।
ਬੰਜਰ ਕੁੱਖਾਂ, ਨਾਮਰਦ ਜਵਾਨੀ
ਹੁਣ ਸਿਫਤਾਂ ਨੇ ਪੰਜਾਬ ਦੀਆਂ।
ਵਿਹਲੀ ਬੇ-ਰੁਜ਼ਗਾਰ ਜਵਾਨੀ
ਕਾਂਗਾਂ ਨੇ ਚੜ੍ਹੇ ਸੈਲਾਬ ਦੀਆਂ।

ਹਾਰੇ ਮਾਪਿਆਂ ਦੀਆਂ ਉਡੀਆਂ
ਨੀਂਦਰਾਂ ਦਿਨ ਤੇ ਰਾਤ ਦੀਆਂ।
ਵੱਢੀ ਖੋਰੀ, ਕੁਨਬਾ ਪਰਵਰੀ
ਫਿਰਨ ਦਹਾੜਾਂ ਮਾਰਦੀਆਂ।
ਮਿਹਨਤਕਸ਼ ਪਏ ਫਾਹੇ ਲੈਂਦੇ
ਹਾਲਤਾਂ ਵੇਖ ਪਰਿਵਾਰ ਦੀਆਂ।
ਅੱਖਾਂ ਮੀਟ ਕੇ ਬੈਠੇ ਰਹਿਬਰ
ਕੌਣ ਸਾਰਾਂ ਲਵੇ ਬੇਜ਼ਾਰ ਦੀਆਂ।

ਕਿਨ੍ਹਾਂ ਲਾਲਚੀ ਖੁਦਗਰਜ਼ਾਂ ਨੇ
ਬੇਮੁਰੱਵਤ-ਪਾਜੀ, ਮੱਕਾਰਾਂ ਨੇ।
ਬੀਜੇ ਚਾ ਰਲ ਕੇ ਥੋਹਰਾਂ-ਕੰਡੇ
ਖੇਤ ਨੂੰ ਖਾ ਲਿਆ ਵਾੜਾਂ ਨੇ।
ਆਉ, ਸਾਰੇ ਰਲ ਕੱਠੇ ਹੋ ਕੇ
ਗਈਆਂ ਬਹਾਰਾਂ ਮੋੜ ਲਈਏ।
ਦਿਲਾਂ ਦੇ ਤਿੜਕੇ ਸ਼ੀਸ਼ਿਆਂ ਨੂੰ
ਨਾਲ ਅਪਣੱਤਾਂ ਜੋੜ ਲਈਏ।
ਲੱਭਣਾ ਨਹੀਂ ਜੇ ਬੋਲੀ-ਵਿਰਸਾ
ਇਹ ਮਹਿਕਾਂ, ਗੁਲਾਬ ਦੀਆਂ।
ਕਹਾਣੀ ਬਣ ਕੇ ਰਹਿ ਜਾਣੀਆਂ
ਗੱਲਾਂ 'ਚੰਨ' ਪੰਜ-ਆਬ ਦੀਆਂ।

*-ਚੰਨ,*
*ਫੋਨ: 908-788-8427*

## ਮੈਂ ਧੀ ਹਾਂ ਓਸ ਪੰਜਾਬ ਦੀ

ਜਿਥੇ ਵੀਰ ਵੀਰਾਂ ਨੂੰ ਠਗਦੇ ਨੇ,
ਨਸ਼ਿਆਂ ਦੇ ਦਰਿਆ ਵਗਦੇ ਨੇ।
ਨਾ ਪਿਆਰ ਦੇ ਦੀਵੇ ਜਗਦੇ ਨੇ,
ਪਿੰਡ ਉਜੜੇ ਉਜੜੇ ਲਗਦੇ ਨੇ।
ਜਿਥੇ ਨਿਤ ਹੀ ਮਹਿਫਿਲ ਲਗਦੀ ਏ,
ਹਰ ਘਰ ਦੇ ਵਿਚ ਸ਼ਰਾਬ ਦੀ।
ਮੈਂ ਧੀ ਹਾਂ ਓਸ ਪੰਜਾਬ ਦੀ...।

ਮੈਂ ਵੇਖਿਆ ਪਿੰਡ ਦੀਆਂ ਜੂਹਾਂ ਨੂੰ,
ਨਾਲੇ ਤੂਤਾਂ ਵਾਲੇ ਖੂਹਾਂ ਨੂੰ।
ਮਰ ਮਰ ਕੇ ਜਿਉਂਦੀਆਂ ਰੂਹਾਂ ਨੂੰ,
ਬੰਦ ਬੂਹੇ ਅਤੇ ਬਰੂਹਾਂ ਨੂੰ।
ਸੂਲਾਂ ਹੀ ਸੂਲਾਂ ਚੁਭੀਆਂ ਨੇ,
ਮਰ ਗਈ ਏ ਮਹਿਕ ਗੁਲਾਬ ਦੀ।
ਮੈਂ ਧੀ ਹਾਂ ਓਸ ਪੰਜਾਬ ਦੀ...।

ਕੁੜੀਆਂ ਜਿਸਮਾਂ ਤੋਂ ਨੰਗੀਆਂ ਨੇ,
ਫੈਸ਼ਨ ਦੇ ਰੰਗ ਵਿਚ ਰੰਗੀਆਂ ਨੇ।
ਨਾ ਡਰਦੀਆਂ ਨਾ ਕਦੀ ਸੰਗੀਆਂ ਨੇ,
ਨਾ ਵਿਆਹੀਆਂ ਨੇ ਨਾ ਮੰਗੀਆਂ ਨੇ।
ਹਰ ਥਾਂ 'ਤੇ ਬੋਲੀ ਲਗ ਰਹੀ ਏ,
ਔਰਤ ਦੇ ਹੁਸਨ ਸ਼ਬਾਬ ਦੀ।
ਮੈਂ ਧੀ ਹਾਂ ਓਸ ਪੰਜਾਬ ਦੀ...।

ਮੁੰਡਿਆਂ ਵੀ ਅੱਤਾਂ ਚੁੱਕੀਆਂ ਨੇ,
ਪੀਂਦੇ ਚਰਸਾਂ ਖਾਂਦੇ ਭੁੱਕੀਆਂ ਨੇ।
ਮਾਪਿਆਂ ਦੀਆਂ ਜਾਨਾਂ ਸੁੱਕੀਆਂ ਨੇ,
ਹਰ ਘਰ ਵਿਚ ਮੌਤਾਂ ਲੁਕੀਆਂ ਨੇ।
ਹੱਥ ਦੇ ਵਿਚ ਫੜ ਕੇ ਤੁਰਦੇ ਨੇ,
ਨਿਤ ਬੋਤਲ ਭਰੀ ਤਜ਼ਾਬ ਦੀ।
ਮੈਂ ਧੀ ਹਾਂ ਓਸ ਪੰਜਾਬ ਦੀ...।

ਪੱਛਮ ਨੇ ਪੂਰਬ ਖਾ ਛੱਡਿਐ,
ਪੰਜਾਬ ਨੂੰ ਨਰਕ ਬਣਾ ਛੱਡਿਐ।
ਕਲਮਾਂ ਨੇ ਘਟੀਆ ਲਿਖ ਛੱਡਿਐ,
ਗਾਇਕਾਂ ਨੇ ਘਟੀਆ ਗਾ ਛੱਡਿਐ।
ਸੜ ਗਈ ਕਰੂੰਬਲ ਹਰੀ ਭਰੀ,
ਅਣਖਾਂ ਦੀ ਪੁੰਗਰੀ ਦਾਬ ਦੀ।
ਮੈਂ ਧੀ ਹਾਂ ਓਸ ਪੰਜਾਬ ਦੀ...।

ਜਿਥੇ ਗਰਦ ਚੜ੍ਹੀ ਅਸਮਾਨਾਂ 'ਤੇ,
ਬੰਦੇ ਮਰਦੇ ਫਰਮਾਨਾਂ 'ਤੇ।
ਰਹਿੰਦੇ ਚੋਰ ਧਰਮ ਅਸਥਾਨਾਂ 'ਤੇ,
ਪਈ ਵਿਕਦੀ ਮੌਤ ਦੁਕਾਨਾਂ 'ਤੇ।
ਗੋਲਕ ਦੇ ਸਿਰ 'ਤੇ ਚੱਲਦੀ ਏ,
ਜਿਥੇ ਚੌਧਰ ਖੂਬ ਜਨਾਬ ਦੀ।
ਮੈਂ ਧੀ ਹਾਂ ਓਸ ਪੰਜਾਬ ਦੀ...।

ਜਿਥੇ ਲਾਲ ਹਨੇਰੀ ਛਾਈ ਏ,
ਜਿਥੇ ਲਗਦੈ ਪਰਲੋ ਆਈ ਏ।
ਸਰਕਾਰ ਨੇ ਵੀ ਅੱਤ ਚਾਈ ਏ,
ਜਨਤਾ ਵੀ ਬਣੀ ਸ਼ੁਦਾਈ ਏ।
ਅੱਜ ਧਰਮ ਦੇ ਰਾਖੇ ਬੰਦਿਆਂ ਦੀ,
ਬਣ ਗਈ ਏ ਸ਼ਕਲ ਕਸਾਬ ਦੀ।
ਮੈਂ ਧੀ ਹਾਂ ਓਸ ਪੰਜਾਬ ਦੀ...।

ਮੇਰੀ ਕਲਮ ਦੁਹਾਈਆਂ ਪਾਵੇਗੀ,
ਸੁੱਤੀ ਹੋਈ ਕੌਮ ਜਗਾਵੇਗੀ।
ਸੱਚ ਲਿਖ ਕੇ ਸੱਚ ਸੁਣਾਵੇਗੀ,
ਮਾਲਕ ਦਾ ਸ਼ੁਕਰ ਮਨਾਵੇਗੀ।
'ਸੁਰਜੀਤ' ਆਵਾਜ਼ਾਂ ਦੇਈ ਜਾ,
ਰੱਬ ਕਰੇ ਜੇ ਨਜ਼ਰ ਸਵਾਬ ਦੀ।
ਮੈਂ ਧੀ ਹਾਂ ਓਸ ਪੰਜਾਬ ਦੀ।

*-ਬੀਬੀ ਸੁਰਜੀਤ ਕੌਰ*
*ਫੋਨ: 916-687-3536*

---

## ਮੇਰੇ ਪਿੰਡ

ਸਿਆਲੇ ਦੀ ਰੁੱਤ,
ਕੋਸੀ ਕੋਸੀ ਧੁੱਪ,
ਕੋਰਾ ਜਿਹਾ ਦਿਨ,
ਮੇਰੇ ਪਿੰਡ ਐਤਵਾਰ।

ਕੰਮ ਧੰਦੇ ਲੱਗੇ ਹੋਏ ਲੋਕ,
ਹਲ਼ਟ ਗਿੜਦੇ, ਹਲ਼ ਚੱਲਦੇ,
ਝੋਟੇ, ਊਠਾਂ, ਬਲ਼ਦਾਂ ਦੀਆਂ ਜੋਗਾਂ,
ਟੱਲੀਆਂ ਦੀ ਟੁਣਕਾਰ,
ਕੁੱਤਿਆਂ ਦੀ ਟੱਕ ਟੱਕ,
ਡੁੱਲ੍ਹਦੀਆਂ ਟਿੰਡਾਂ,
ਛਲਕਦੀਆਂ ਪਾਰੀਆਂ,
ਉਛ਼ਲਦੇ ਔਹਲੂ,
ਵਗਦੀਆਂ ਆੜਾਂ,
ਜਿਉਂ ਕੂਲ੍ਹਾਂ ਤੇ ਨਦੀਆਂ।
ਹਾਲ਼ੀਆਂ ਦੀ ਰੀਤ,
ਗਾਉਣੇ ਗੀਤ,
ਢੋਲੇ, ਮਾਹੀਏ ਤੇ ਟੱਪੇ।
ਵਿਚ ਵਿਚ,
ਪੁੱਚ ਪੁੱਚ, ਚਿੱਚ ਚਿੱਚ,
ਪ੍ਰਾਹਾਂ ਪ੍ਰਾਹਾਂ,
ਪੱਪਾ ਪੱਪਾ, ਪੈਰਿਆ।
ਕਿਤੇ ਕਿਤੇ ਕਾਲ਼ਜੇ 'ਚ
ਮਚਦੀਆਂ ਮਤਾਬੀਆਂ,
ਤੇਜ਼ਾਬੀਆਂ,
ਸ਼ਤਾਬੀਆਂ, ਖ਼ਰਾਬੀਆਂ,
ਭਰਦੀਆਂ ਅਖ਼ੀਰ,
ਸਬਰਾਂ ਦੇ ਘੁੱਟ।

ਪਾਟੀਆਂ ਬਿਆਈਆਂ,
ਪੈਰਾਂ 'ਚ ਕੰਡੇ,
ਡੌਲਿਆਂ 'ਚ ਛੱਲੀਆਂ,
ਪਿੰਨੀਆਂ 'ਚ ਖੱਲੀਆਂ,
ਦਿਲਾਂ 'ਚ ਤੌਖਲੇ,
ਹੱਥਾਂ 'ਚ ਪ੍ਰਾਣੀਆਂ,
ਚਿਹਰਿਆਂ 'ਤੇ ਰੌਣਕਾਂ,
ਮੱਖਣੀ ਦੇ ਪੇੜੇ ਨਾਲ,
ਦਹੀਂ ਤੇ ਅਚਾਰ, ਰੋਟੀ,
ਲੱਸੀ ਦੀ ਉਡੀਕ।
ਔਹ ਦੇਖੋ ਰਾਹਾਂ ਵਿਚ,
ਸਿਰ ਉਤੇ ਚੁੱਕੀ ਆਉਣ,
ਛਾਹ ਵੇਲਾ ਵੇਲੇ ਸਿਰ,
ਭਾਗਾਂ ਵਾਲ਼ੇ ਪਿੰਡ ਦੀਆਂ,
ਵੱਡੀਆਂ ਤੇ ਛੋਟੀਆਂ,
ਕੰਜਕਾਂ ਕੁਆਰੀਆਂ,
ਵਹੁਟੀਆਂ ਤੇ ਭਾਬੀਆਂ,
ਦੇਣ ਧਰਵਾਸ।

ਖੋਲ੍ਹ ਖੋਲ੍ਹ ਪੋਣਿਆਂ ਨੂੰ,
ਹੱਥਾਂ ਉਤੇ ਰੋਟੀ ਰੱਖ,
ਭਰੇ ਭਰੇ ਛੰਨੇ ਤੱਕ,
ਤੱਕ ਤੱਕ, ਘੂਰ ਘੂਰ,
ਛੇੜ ਛੇੜ, ਹੱਸ ਹੱਸ,
ਬੁਝਦੀ ਪਿਆਸ, ਭੁੱਖ,
ਰੂਹ ਦੀ, ਦਿਲ ਦੀ ਤੇ ਦੇਹ ਦੀ।
ਪਿੰਡ ਘੁੱਗ ਵਸਦੇ,
ਖੂਹ 'ਤੇ ਤ੍ਰੀਮਤਾਂ,
ਪਾਣੀਆਂ ਦੇ ਡੋਲ ਖਿੱਚ੍ਹ,
ਖਿਚ੍ਹ ਖਿਚ੍ਹ ਧੱਕੇ ਨਾਲ,
ਨੁਹਾਉਂਦੀਆਂ ਨਿਆਣਿਆਂ ਨੂੰ,
ਨਾਲੋ ਨਾਲ ਡੰਗਰਾਂ ਨੂੰ,
ਪਾਣੀ ਵੀ ਦਿਖਾਉਂਦੀਆਂ।
ਝੇਡਾਂ ਅਤੇ ਖੇਡਾਂ ਕਰ,
ਨੱਚ ਨੱਚ, ਟੱਪ ਟੱਪ
ਘੜੇ ਚੁੱਕ ਭਰੇ ਹੋਏ,
ਘਰੇ ਲੈ ਜਾਂਦੀਆਂ।
ਅੱਗੋਂ ਪਏ ਉਡੀਕਦੇ,
ਕੰਮ ਹੋਰ ਹੋਰ ਪਰੇ,
ਥੱਕਣਾ ਤੇ ਅੱਕਣਾ,
ਨਾ ਸਿੱਖਿਆ ਬਗ਼ਾਨੀਆਂ।

ਕੂੰਡੇ ਦੇ ਖੜਾਕ,
ਘੋਟਣੇ ਦੇ ਰਗੜੇ,
ਤਪਦੇ ਨੇ ਚੁੱਲ੍ਹੇ,
ਬਲ਼ਦੀਆਂ ਨੇ ਭੱਠੀਆਂ,
ਮੁੱਕਦੇ ਨੇ ਬਾਲਣ,
ਸੜਦੀਆਂ ਜੁ ਤੌੜੀਆਂ,
ਰਿੱਝਦੀਆਂ ਨੇ ਦਾਲ਼ਾਂ,
ਫਿਰਦੀਆਂ ਨੇ ਕੜਛੀਆਂ,
ਨਾਲੋ ਨਾਲ ਚੱਖਦੀਆਂ,
ਤੜਕਿਆਂ ਦੇ ਸੁਆਦ,
ਮੱਕੀ ਦੀ ਰੋਟੀ,
ਗੁੜ ਕਿਤੇ ਚਟਣੀ,
ਤੇ ਸਾਗ ਦਾ ਸੁਆਦ।
ਮਿਰਚਾਂ ਤੇ ਤੇਲ,
ਲਗਦੇ ਧੰਗੇਰ,
ਪੋਣੇ ਕਿਤੇ ਬੋਹੀਏ,
ਛਾਬੇ ਤੇ ਚੰਗੇਰ।

ਸੱਜਰੀ ਸਵੇਰ ਜਹੇ,
ਸਾਫ ਦਿਲ ਸਾਰੀਆਂ ਦੇ,
ਕਿਸੇ ਦੇ ਨਾ ਮਨ ਚਿਤ,
ਕੋਈ ਮੇਰ ਤੇਰ।

ਕੋਈ ਵਿਹੜੇ ਘੁੰਮਦੀ,
ਮਿਰਚਾਂ ਸੁਕਾਉਂਦੀ,
ਛੱਟਦੀ ਜਾਂ ਛੱੜਦੀ,
ਕੱਢਦੀ ਨਗੰਦਦੀ,
ਚਰਖਾ ਵੀ ਕੱਤਦੀ,
ਕਦੀ ਵੱਟ ਛੱਡਦੀ,
ਵਿਹਲ ਸਮੇਂ ਪੂਣੀਆਂ।

ਘਸ ਗਏ ਪਜਾਮੇ,
ਫਟੇ ਹੋਏ ਕੱਛੇ,
ਲੌਣ ਨਿੱਤ ਤੋਪੇ,
ਸੀਣ ਸਲਵਾਰਾਂ।
ਦੂਰੀਆਂ ਨੂੰ ਨੱਪਣਾ,
ਪਾਟਿਆਂ ਨੂੰ ਮੇਲਣਾ,
ਕੰਮ ਇਕੋ ਸਿੱਖਿਆ,
ਪਿੰਡ ਦੀਆਂ ਨਾਰਾਂ।
ਕੋਈ ਮਿੱਟੀ ਕੁੱਟਦੀ,
ਕੋਈ ਘਾਣੀ ਕਰਦਾ,
ਵਿਹੜੇ ਵਿਚ ਕੋਈ,
ਕੋਈ ਕੋਠੇ ਲਿੱਪਦੀ,
ਕਿਸੇ ਭੈਣ ਭਾਈ,
ਕੋਈ ਭੂਆ ਨੂੰ ਉਡੀਕਦੀ।
ਪਸ਼ੂਆਂ ਦੀ ਕੋਈ,
ਧੁੱਪ ਛਾਂ ਦੇਖਦੀ,
ਪੱਠਾ ਦੱਥਾ ਕਰਦੀ,
ਗੋਹਾ ਕੂੜਾ ਚੁੱਕਦੀ,
ਪਾਥੀਆਂ ਵੀ ਪੱਥਦੀ,
ਕੋਈ ਬਾਲਣ ਟੁੱਕ ਦਾ,
ਕੋਈ ਗੋਟ੍ਹੇ ਚੁਗਦੀ,
ਦਿਨ ਕਟੀ ਕਰਦੀ।
ਨਿਆਣਿਆਂ ਦੀ ਗੱਲ,
ਗੱਲ ਕੁਝ ਵੱਖਰੀ,
ਵਿਹੜਿਆ 'ਚ ਕੋਈ,
ਬੋਰੀਆਂ ਵਿਛਾਈ,
ਕਿਤਾਬਾਂ ਖਿਲਾਰੀ,
ਯਾਦ ਕਰੇ ਕੰਮ,
ਕੱਲ੍ਹ ਦੀ ਤਿਆਰੀ।

ਕੋਈ ਫੱਟੀ ਧੋਂਦਾ,
ਸੁੱਕਦੀ ਤੇ ਲਿਖਦਾ।
ਕੋਈ ਵਾਰ ਵਾਰ,
ਥੁੱਕ ਮਲ਼ਦਾ ਸਲੇਟ 'ਤੇ,
ਪੋਚਦਾ, ਖਰੋਚਦਾ,
ਤੇ ਨਾਲ ਨਾਲ ਸੋਚਦਾ,
ਕੱਢਦਾ ਸਵਾਲ।
ਕੋਈ ਗੋਲ਼ੇ ਗਿਣਦਾ,
ਪਿੱਠੂ ਕੈਮ ਕਰਦਾ,
ਗੁੱਲੀ ਡੰਡਾ ਖੇਡਦਾ,
ਤੁੱਕ ਤੁੱਕ, ਦੂੰਗ ਦੂੰਗ,
ਟੈਮ ਪਾਸ ਕਰਦਾ।
ਕੋਈ ਗੀਟੇ ਖੇਡਦੀ,
ਪੀਚੋ ਰਾਣੀ ਟੱਪਦੀ,
ਤੇ ਰੱਸੀਆਂ ਛੜੱਪਦੀ,
ਪੁੱਗਦਾ, ਕੋਈ ਪੁੱਗਦੀ,
ਰੁੱਸਦਾ, ਕੋਈ ਰੁੱਸਦੀ,
ਕੋਈ ਮਿਹਣੇ ਮਾਰਦੀ,
ਕੋਈ ਤਾਹਨੇ ਸੁਣਦਾ,
ਕੋਈ ਐਵੇਂ ਆਉਂਦਾ,
ਕੋਈ ਐਵੇਂ ਜਾਂਦੀ,
ਜੱਗ ਚੱਲੀ ਜਾਂਦਾ।

ਕੋਈ ਬੈਠ ਝੂਰਦਾ,
ਮੁੱਛਾਂ 'ਤੇ ਹੱਥ ਫੇਰਦਾ,
ਮੋਰਾਂ ਵੱਲ ਤੱਕਦਾ,
ਦਿੰਦਾ ਫਿਰੇ ਗੇੜੀਆਂ,
ਪੈੜਾਂ ਨਿੱਤ ਨੱਪਦਾ,
ਸਿਰ ਸੁਆਹ ਮਲ਼ਦਾ,
ਕੰਮ ਨਾ ਕੋਈ ਕਾਰ,
ਨਿਰਾ ਬਦਕਾਰ।
ਵਿਹਲੀ ਕੋਈ ਕਿਤੇ,
ਬੇਫ਼ਜ਼ੂਲ ਗੱਲੀਂ ਬਾਤੀਂ,
ਘਰ ਪੂਰੇ ਕਰਦੀ,
ਨਿਆਣਿਆਂ ਨੂੰ ਸਿੰਨ੍ਹਦੀ,
ਬਜ਼ੁਰਗਾਂ ਨੂੰ ਕੋਸਦੀ,
ਡੰਗਰਾਂ ਨੂੰ ਕੁੱਟਦੀ,
ਮਨ ਹੌਲ਼ਾ ਕਰਦੀ।

ਪਰੇ ਜਹੇ ਓਟ ਉਹਲੇ,
ਪੀੜ੍ਹੀ ਉਤੇ ਬੈਠੀ ਕੋਈ,
ਨੌਹਾਂ ਨੂੰ ਤਾੜਦੀ,
ਸਿਆਣਿਆਂ ਨੂੰ ਤੱਕਦੀ,
ਨਿਆਣਿਆਂ ਨੂੰ ਡੱਕਦੀ,
ਕੌਣ ਆਇਆ, ਕੌਣ ਗਿਆ,
ਕਿਥੋਂ ਆਇਆ, ਕਿਥੇ ਗਿਆ,
ਬਿੜਕ ਪੂਰੀ ਰੱਖਦੀ,
ਨਾਲੇ ਮਾਲ਼ਾ ਫੇਰਦੀ,
ਨਾਮ ਬੈਠ ਜਪਦੀ,
ਪਾਠ ਪੂਰਾ ਕਰਦੀ,
ਸੁਖਮਨੀ ਜਾਂ ਜਪੁਜੀ।

*-ਅਵਤਾਰ ਸਿੰਘ (ਪ੍ਰੋ.)*
*ਫੋਨ:91-94175-18384*

---

## ਨੌਕਰੀ

ਨਿਕਲੇ ਜਦ ਜਨਾਜ਼ਾ ਮੇਰਾ,
ਤੂੰ ਆਪਣਾ ਵਸਲ ਛੁਪਾ ਜਾਵੀਂ।
ਕਬਰ ਮੇਰੀ 'ਤੇ ਜੇ ਆਉਣਾ ਪੈ ਜਾਏ,
ਇਕ ਲੰਮਾ ਬੁਰਕਾ ਪਾ ਜਾਵੀਂ।
ਮਜ਼ਾਰ ਮੇਰੀ 'ਤੇ ਜੇ ਬਹਿਣਾ ਪੈ ਜਾਏ,
ਇਕ ਲੰਮਾ ਵਕਤ ਬਚਾ ਜਾਵੀਂ।
ਲੋਕਾਂ ਦੇ ਵਿਚ ਜੇ ਰੋਣਾ ਪੈ ਜਾਏ,
ਤਾਂ ਫਿਰ ਹੰਝੂ ਸੁਰਮਾ ਪਾ ਜਾਵੀਂ।

ਕਰੀ ਨਾ ਰੁਸਵਾ ਵਿਚ ਲੋਕਾਂ ਬਹਿ ਕੇ,
ਖੱਟੀ ਨਾ ਇਸ ਬਦਨਾਮੀ ਨੂੰ।
ਰਾਜ਼ ਬੜੇ ਹੀ ਨਾਜ਼ੁਕ ਹੁੰਦੇ,
ਕਰ ਜਾਂਦੇ ਬਰਬਾਦ ਜਵਾਨੀ ਨੂੰ।
ਤੇਰਾ-ਮੇਰਾ ਕੀ ਸੀ ਰਿਸ਼ਤਾ,
ਭੁੱਲ ਜਾਵੀਂ ਇਸ ਕਹਾਣੀ ਨੂੰ।
ਰੱਬ ਰਾਖੇ ਕਰ ਚੱਲਿਆ ਤੈਨੂੰ,
ਤੇਰੀ ਇਸ ਜ਼ਿੰਦਗਾਨੀ ਨੂੰ।

ਸੋਚਿਆ ਸੀ ਅਸੀਂ ਮਿਲ ਕੇ ਦੋਵੇਂ,
ਸੁਪਨੇ ਖੂਬ ਸਜਾਵਾਂਗੇ।
ਇਸ ਦੁਨੀਆਂ ਤੋਂ ਦੁਰਾਡੇ ਹੋ ਕੇ,
ਇਕ ਨਵੀਂ ਦੁਨੀਆਂ ਵਸਾਵਾਂਗੇ।
ਜਿੱਥੇ ਹੋਣਗੇ ਸਾਰੇ ਪ੍ਰੇਮੀ,
ਕੋਈ ਐਸਾ ਬੀਜ ਉਗਾਵਾਂਗੇ।
ਰਾਗ ਪ੍ਰੇਮ ਦਾ ਸਾਰੇ ਗਾਵਣ,
ਕੋਈ ਐਸੀ ਧੁਨ ਵਜਾਵਾਂਗੇ।

ਹੋ ਸਕਿਆ ਨਾ ਸੁਪਨਾ ਪੂਰਾ,
ਕਰ ਬੈਠੀ ਤੂੰ ਪਿਆਰ ਅਧੂਰਾ।
ਕਮਲਿਆਂ ਵਾਂਗ ਮੈਂ ਕੁਰਲਾਇਆ,
ਤੈਨੂੰ ਫਿਰ ਵੀ ਸਮਝ ਆ ਆਇਆ।
ਤਰਲੇ ਪਾਏ ਕਰਾਂ ਮੈਂ ਬੇਨਤੀ,
ਤੇਰੇ ਕੰਨ 'ਤੇ ਜੂੰ ਨਾ ਸਰਕੀ,
ਤੇਰੀ ਜ਼ਿਦ ਸੀ ਇਕੋ ਸਾਰੀ,
ਕਰਾਂ ਮੈਂ ਕੋਈ ਨੌਕਰੀ ਸਰਕਾਰੀ।

ਕਰ ਕਬੂਲ ਤੂੰ ਹੁਣ ਮੈਂ ਜੈਸਾ,
ਪਿਆਰ ਨਾ ਮਿਲੇ ਜੇ ਮਿਲਦਾ ਪੈਸਾ।
ਪਿਆਰ ਦੀ ਪੂੰਜੀ ਕਦੇ ਨਾ ਘਟਦੀ,
ਘਟ ਜਾਂਦੀ ਏ ਦੌਲਤ ਵਧਦੀ।
ਪਿਆਰ ਨੇ ਕਿੰਨੇ ਘਰ ਸਵਾਰੇ,
ਦੌਲਤ ਨੇ ਉਹੀਓ ਘਰ ਉਜਾੜੇ।
ਪਿਆਰ ਦੇ ਰਸਤੇ ਸਵਰਗ ਨੂੰ ਜਾਵਣ,
ਦੌਲਤ ਵਾਲੇ ਖਾਕ ਉਡਾਵਣ।

ਲੈ ਝੱਲੀਏ ਅਸਾਂ ਕੌਲ ਨਿਭਾਇਆ,
ਤੇਰੇ ਸਿਰ ਤੋਂ ਕਰਜ਼ਾ ਲਾਹਿਆ।
ਕਰ ਲਈ ਤੂੰ ਹੁਣ ਪੂਰੀ ਇਛਾ,
ਕੌਣ ਕਰੂ ਹੁਣ ਤੇਰਾ ਪਿੱਛਾ।
ਦੋਸ਼ ਨਾ ਦੇਵਾਂ ਤੈਨੂੰ ਕੁੜੀਏ,
ਲਿਖਿਆ ਕਿਸਮਤ ਉਸ ਨੂੰ ਜਰੀਏ।
ਤੂੰ ਵੀ ਆਪਣਾ ਵਚਨ ਨਿਭਾਈਂ,
ਲੱਭ ਕੇ ਨੌਕਰੀ ਵਿਆਹ ਕਰਵਾਵੀਂ।
'ਚਰਨ' ਕਹੇ ਇਹ ਆਖਰ ਵਾਰੀ,
ਫਿਰ ਨਾ ਮਿਲੇ ਇਹ ਦੁਨੀਆਂਦਾਰੀ।

*-ਚਰਨ ਆਨੰਦ*
*ਫੋਨ: 916-587-4002*

## ਵਾਂਗੂੰ

ਨਮੋ ਨਮੋ ਦਾ ਜਿਹੜੇ ਵੀ ਜਾਪ ਕਰਦੇ
ਖਾਲੀ ਖੜਕਦੇ ਦੋਧੀ ਦੇ ਢੋਲ ਵਾਂਗੂੰ।
ਲੋੜਵੰਦਾਂ ਨੂੰ ਲੁੱਟਦੇ ਕੁੱਟਦੇ ਜੋ
ਛਹਿ ਕੇ ਵੱਢਦੇ ਮੁਰਗੀ ਹਲਾਲ ਵਾਂਗੂੰ।
ਸਾਮ, ਦਾਮ ਤੇ ਦੰਡ ਦੇ ਵਾਰ ਤੋਂ ਹੁਣ
ਲੋਕ ਡਰਦੇ ਢੱਗੇ ਬਗਲੋਲ ਵਾਂਗੂੰ।
ਝਾੜੂ ਨੀਲਿਆਂ, ਚਿੱਟਿਆਂ, ਭਗਵਿਆਂ ਨੂੰ
'ਗਿੱਲਾ' ਮਾਂਜੂ ਨਿਹੰਗਾਂ ਦੇ ਡੋਲ ਵਾਂਗੂੰ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

# ਦਿਮਾਗ-ਏ-ਦਾਸਤਾਨ

## ਜ਼ਿੰਦਗੀ ਦਾ ਨਾਦ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਜਿਹੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਇਸ ਲੇਖ ਵਿਚ ਡਾ. ਭੰਡਾਲ ਨੇ ਮਨੁੱਖੀ ਦਿਮਾਗ ਦੀਆਂ ਪਰਤਾਂ ਫਰੋਲੀਆਂ ਹਨ ਜਿਨ੍ਹਾਂ ਦੀ ਥਾਹ ਛੇਤੀ ਕੀਤਿਆਂ ਕੋਈ ਨਹੀਂ ਪਾ ਸਕਦਾ। ਮਨੁੱਖ ਦਾ ਇਹ ਛੋਟਾ ਜਿਹਾ ਅੰਗ ਸਾਰੇ ਪੁਆੜਿਆਂ ਦੀ ਜੜ੍ਹ ਵੀ ਬਣ ਸਕਦਾ ਹੈ ਅਤੇ ਜੀਵਨ ਨੂੰ ਸੁੰਦਰ ਸੁਪਨਾ ਵੀ ਬਣਾ ਸਕਦਾ ਹੈ। -ਸੰਪਾਦਕ***

ਦਿਮਾਗ, ਮਨੁੱਖੀ ਸਰੀਰ ਦਾ ਤਾਜ਼। ਸਭ ਤੋਂ ਉਚਾ ਰੁਤਬਾ। ਸ਼ਾਇਦ ਇਸੇ ਲਈ ਸਿਰ 'ਤੇ ਤਾਜ਼ ਸੱਜਦੇ, ਦੁਮਾਲੇ ਸੋਂਹਦੇ ਅਤੇ ਸ਼ਮਲਿਆਂ ਦੀ ਸੱਤਰੰਗੀ ਚੌਗਿਰਦੇ ਵਿਚ ਰੰਗ ਬਿਖੇਰਦੀ। ਦਿਮਾਗ, ਮਨੁੱਖ ਦਾ ਕੰਟਰੋਲਰ, ਸਮਾਜਿਕ, ਪਰਿਵਾਰਕ, ਆਰਥਿਕ ਤੇ ਧਾਰਮਿਕ ਸਰੋਕਾਰਾਂ ਦਾ ਹੱਲ, ਹਨੇਰਿਆਂ 'ਚ ਬਿੱਖਰ ਰਹੀ ਰੌਸ਼ਨ-ਕਾਤਰ, ਜੀਵਨ-ਸੇਧਾਂ ਨਿਰਧਾਰਤ ਕਰਨ ਦਾ ਪੈਗਾਮ ਅਤੇ ਨਵੀਆਂ ਪਿਰਤਾਂ ਦਾ ਰਾਹ-ਦਸੇਰਾ।

ਦਿਮਾਗ, ਸਰੀਰ ਦਾ ਸਭ ਤੋਂ ਪੇਚੀਦਾ, ਸੁਰੱਖਿਅਤ, ਸੂਖਮ, ਸੰਵੇਦਨਸ਼ੀਲ ਅੰਗ। ਔਸਤਨ 1.5 ਕਿਲੋ ਵਜ਼ਨ ਵਾਲਾ ਦਿਮਾਗ, ਸਰੀਰ ਦੇ ਕੁਲ ਪੁੰਜ ਦਾ 2% ਜਿਸ ਵਿਚ ਨੇ ਅਰਬਾਂ ਨਾੜੀ-ਤੰਤੂ। ਇਹ ਸੂਖਮ ਤੰਤੂਆਂ ਨਾਲ ਜੁੜੀ ਹੋਈ ਹੈ ਸਰੀਰ 'ਤੇ ਕਿਸੇ ਵੀ ਹਿੱਸੇ ਵਿਚ ਹੋ ਰਹੀ ਕਿਰਿਆ-ਪ੍ਰਤੀਕਿਰਿਆ। ਸੂਖਮ ਸੰਕੇਤ ਰਾਹੀਂ ਹਰ ਅੰਗ ਨਾਲ ਸੰਪਰਕ।



ਦਿਮਾਗੀ-ਤੰਤਰ ਵਿਚ ਛੁਪਿਆ ਹੋਇਆ ਹੈ ਅਜਿਹਾ ਸੂਖਮ ਸਿਸਟਮ ਜਿਸ ਦੀ ਹਾਥ ਪਾਉਣਾ ਮਨੁੱਖ ਦੇ ਵੱਸ ਨਹੀਂ। ਇਸ ਨੂੰ

**ਡਾ. ਗੁਰਬਖ਼ਸ਼ ਸਿੰਘ ਭੰਡਾਲ**
**ਫੋਨ: 1-216-556-2080**

ਕਿਸੇ ਪ੍ਰੋਗਰਾਮਿੰਗ, ਕਲੀਨ-ਅੱਪ ਜਾਂ ਰੀਬੂਸ਼ ਕਰਨ ਦੀ ਲੋੜ ਨਹੀਂ। ਇਹ ਸਮੇਂ, ਸਥਿਤੀ, ਸਥਾਨ, ਸੰਭਾਵਨਾ ਅਤੇ ਸਰੋਕਾਰਾਂ ਅਨੁਸਾਰ ਮੌਕੇ 'ਤੇ ਹੀ ਫੈਸਲਾ ਕਰਨ, ਲਾਗੂ ਕਰਨ ਅਤੇ ਇਸ ਨਾਲ ਨਿਪਟਣ ਲਈ ਮਨੁੱਖ ਨੂੰ ਤਿਆਰ ਕਰ ਦਿੰਦਾ ਹੈ। ਇਸ ਦੀ ਪ੍ਰੀਕਿਰਿਆ ਵਿਚ ਮਨੁੱਖੀ ਅੰਗਾਂ ਦਾ ਆਪਣਾ ਰੋਲ ਤੇ ਮਹੱਤਵ ਪਰ ਇਸ ਨੂੰ ਕਿੰਜ ਵਰਤਣਾ ਹੈ, ਇਹ ਮਨੁੱਖੀ ਦਿਮਾਗ ਸਥਿਤੀ ਅਨੁਸਾਰ ਨਿਰਧਾਰਤ ਕਰਦਾ ਏ।

ਦਿਮਾਗ ਦਾ ਪ੍ਰਮੁੱਖ ਕੰਮ ਸੋਚਣਾ। ਹਾਲਾਤ, ਲੋਕ, ਸਥਿਤੀਆਂ ਤੇ ਸੰਭਾਵਨਾਵਾਂ ਨੂੰ ਵੱਖ-ਵੱਖ ਕੋਣਾਂ ਤੋਂ ਦੇਖ ਤੇ ਸਮਝ, ਇਕ ਅਜਿਹੇ ਫੈਸਲੇ 'ਤੇ ਅੱਪੜਨਾ ਜੋ ਮਨੁੱਖ ਅਤੇ ਮਨੁੱਖੀ ਸਰੋਕਾਰਾਂ ਲਈ ਅਹਿਮ ਤੇ ਸਾਜਗਾਰ ਹੋਵੇ।

ਦਿਮਾਗ, ਸੁਪਨਿਆਂ ਦੀ ਕਰਮ-ਭੂਮੀ, ਤਦਬੀਰਾਂ ਅਤੇ ਤਕਦੀਰਾਂ ਦਾ ਜਨਮਦਾਤਾ, ਨਵੀਆਂ ਉਪਲਬਧੀਆਂ ਦਾ ਦਿਸਹੱਦਾ ਅਤੇ ਇਨ੍ਹਾਂ 'ਤੇ ਪਹੁੰਚਣ ਲਈ ਜੁਗਤੀ-ਸਾਧਨ।

ਦਿਮਾਗ ਚਲਦਾ ਹੈ ਤਾਂ ਮਨੁੱਖੀ ਜਿਸਮ ਵਿਚ ਹਰਕਤ ਪੈਦਾ ਹੁੰਦੀ। ਆਲੇ-ਦੁਆਲੇ ਕਿਰਤ-ਕਾਮਨਾ ਦਾ ਰਾਗ ਉਪਜਦਾ, ਕਰਮਯੋਗਤਾ ਦੀ ਮੁਹਾਰਨੀ ਪੜ੍ਹੀ ਜਾਂਦੀ ਤੇ ਕਰਮ-ਧਰਮ ਦਾ ਪਹਿਲਾ ਸਬਕ ਉਚਾਰਿਆ ਜਾਂਦਾ।

ਬੋਧੀ ਗੁਰੂ ਦਲਾਈ ਲਾਮਾ ਦਾ ਕਹਿਣਾ ਹੈ ਕਿ ਧਰਮ ਲਈ ਕਿਸੇ ਮੰਦਰ ਜਾਂ ਗੁੰਝਲਦਾਰ ਫਿਲਾਸਫੀ ਦੀ ਲੋੜ ਨਹੀਂ ਹੈ। ਸਾਡਾ ਦਿਮਾਗ ਹੀ ਮੰਦਰ ਹੈ ਜਿਸ ਵਿਚ ਦਿਆ-ਭਾਵਨਾ ਦੀ ਫਿਲਾਸਫੀ ਪੈਦਾ ਕਰਨਾ ਹੀ ਪੂਰਨ ਧਰਮ ਹੈ।

ਦਿਮਾਗ, ਅਸੀਮਤ ਸੋਚ-ਸਮਰੱਥਾ ਦਾ ਮਾਲਕ। ਮਨੁੱਖ ਕਦੇ ਵੀ ਇਸ ਦੀ ਪੂਰਨ ਸਮਰੱਥਾ ਨਹੀਂ ਵਰਤਦਾ। ਸਿਰਫ ਕੁਝ ਕੁ ਸਮਰੱਥਾ ਦੀ ਵਰਤੋਂ ਨਾਲ ਹੀ ਮਨੁੱਖ ਨੇ ਹੈਰਾਨੀਜਨਕ ਕਾਢਾਂ, ਸੁਵਿਧਾਵਾਂ ਅਤੇ ਸੰਭਾਵਨਾ ਪੈਦਾ ਕੀਤੀਆਂ ਹਨ।

ਦਿਮਾਗ, ਵਿਗਿਆਨੀਆਂ ਦੇ ਬਣਾਏ ਸੁਪਰ ਕੰਪਿਊਟਰਾਂ ਦਾ ਜਨਮ ਦਾਤਾ। ਭਲਾ! ਇਸ ਦੀ ਸਮਰੱਥਾ, ਸੁਵਰਤੋਂ ਅਤੇ ਸਪੀਡ ਦਾ ਅਜੋਕੇ ਕੰਪਿਊਟਰ ਕਿਵੇਂ ਮੁਕਾਬਲਾ ਕੀ ਕਰਨਗੇ?

ਦਿਮਾਗ, ਸੋਚ-ਸਾਧਨਾ ਦਾ ਸਾਗਰ। ਅਸੀਮਤ ਗਹਿਰਾਈ, ਤਰੰਗਾਂ ਦੀ ਪੈਦਾਇਸ਼ ਅਤੇ ਵੱਖ ਵੱਖ ਸੁਰਾਂ ਉਪਜਾਉਣ ਦਾ ਹੁਨਰ। ਚੌਗਿਰਦਾ, ਵਾਪਰ ਰਹੀਆਂ ਘਟਨਾਵਾਂ, ਸਮਾਜਿਕ ਸਰੋਕਾਰਾਂ, ਆਰਥਿਕ ਲੋੜਾਂ, ਧਾਰਮਿਕ ਆਸਥਾ, ਪਰਿਵਾਰਕ ਜ਼ਿੰਮੇਵਾਰੀਆਂ ਅਤੇ ਵਾਪਰ ਰਹੀ ਹਰ ਘਟਨਾ ਹੀ ਇਸ 'ਤੇ ਪ੍ਰਭਾਵ ਪਾਉਂਦੀ। ਕਦੇ ਇਹ ਮਨੁੱਖ ਨੂੰ ਉਡਾਉਂਦਾ, ਅੰਬਰ ਦੀ ਸੈਰ ਕਰਵਾਉਂਦਾ ਅਤੇ ਤਾਰਿਆਂ ਦਾ ਸ਼ਗਨ ਮਾਨਵ ਦੀ ਝੋਲੀ 'ਚ ਪਾਉਂਦਾ। ਕਦੇ ਇਸ ਨੂੰ ਡੂੰਘੇ ਰਸਾਤਲ ਵਿਚ ਧਕੇਲਦਾ, ਜੀਵਨ-ਉਪਰਾਮਤਾ ਉਪਜਾਉਂਦਾ ਅਤੇ ਸਾਹਾਂ ਨੂੰ ਸੂਲੀ ਚੜਾਉਂਦਾ। ਖੁਦਕੁਸ਼ੀ ਦਾ ਮੁੱਖ ਕਾਰਨ, ਦਿਮਾਗ ਵਿਚ ਸਵੈ-ਮਾਰੂ ਸੋਚ ਹੈ ਜੋ ਕਿਸੇ ਦਾ ਚੀਰ-ਹਰਨ ਤੇ ਕਿਸੇ ਦਾ ਕਤਲ ਕਰਵਾਉਂਦੀ ਹੈ, ਹੱਕਾਂ 'ਤੇ ਮਾਰੇ ਡਾਕਾ ਦਾ ਜਸ਼ਨ ਮਨਾਉਂਦੀ ਅਤੇ ਆਪਣੀ ਉਚਤਮਤਾ ਦਾ ਪਰਪੰਚ ਰਚਾਉਂਦੀ ਏ।

ਦਿਮਾਗ, ਹਾਂ-ਪੱਖੀ ਜਾਂ ਨਾਂਹ-ਪੱਖੀ ਸੋਚ ਦਾ ਕੇਂਦਰ ਬਿੰਦੂ। ਥੋੜੇ ਨੂੰ ਬਹੁਤਾ ਸਮਝਣ ਵਾਲਾ ਸ਼ੁਕਰਗੁਜਾਰੀ ਵਿਚੋਂ ਜੀਵਨ-ਰਸ ਮਾਣਦਾ ਜਦ ਕਿ ਸਭ ਕੁਝ ਹੁੰਦਿਆਂ-ਸੁੰਦਿਆਂ ਭੁੱਖਮਰੀ ਦਾ ਰੌਲਾ ਪਾਉਣਾ, ਦਿਮਾਗੀ ਸੋਚ ਦਾ ਵਿਨਾਸ਼ਕਾਰੀ ਰੂਪ ਹੈ ਜਿਸ ਨਾਲ ਮਨੁੱਖੀ ਫਿਤਰਤ ਕਬਰਾਂ ਦੇ ਰਾਹ ਪੈਂਦੀ, ਸਿਵੇ ਦੀ ਅੱਗ ਵਿਚ ਫਨਾਹ ਹੋ ਜਾਂਦੀਆਂ ਭਾਵਨਾਵਾਂ, ਰੀਝਾਂ, ਅਹਿਸਾਸਾਂ ਅਤੇ ਸੰਦਲੀ ਸੁਪਨਿਆਂ ਦੀ ਰੰਗੀਨ ਰੁੱਤ।


ਦਿਮਾਗ ਵਿਚ ਪੈਦਾ ਹੋਈ ਸੋਚ ਹੀ ਸਾਡੀ ਸੂਖਮਤਾ ਦਾ ਮੂਲ ਮੰਤਰ। ਜਖਮ ਦੇਣ ਵਾਲੇ, ਦਰਦ ਵਣਜਾਰੇ, ਬੋਲਾਂ ਨਾਲ ਮਨੁੱਖੀ ਰਿਸ਼ਤਿਆਂ ਨੂੰ ਉਚਾੜਨ ਵਾਲੇ ਜਾਂ ਜ਼ਹਿਰੀ ਸੂਲਾਂ ਨੂੰ ਮਾਨਵੀ ਸੋਚ ਵਿਚ ਖੁਭੋਣ ਵਾਲੇ ਹੀ ਮਨੁੱਖੀ ਤ੍ਰਾਸਦੀ ਦਾ ਸਿਰਨਾਵਾਂ ਹੁੰਦੇ। ਦਿਮਾਗੀ ਪ੍ਰੀਕਿਰਿਆ ਸਭ ਤੋਂ ਤੇਜ ਅਤੇ ਪ੍ਰਭਾਵਸ਼ਾਲੀ। ਇਕ ਹੀ ਬੋਲ, ਸ਼ਬਦ, ਇਸ਼ਾਰਾ, ਠਿੱਬੀ ਜਾਂ ਊਝ ਮਨੁੱਖੀ ਪਰਾਂ ਨੂੰ ਝੰਬਦੀ, ਸਦੀਵੀ ਤੜਫਣੀ ਮਨੁੱਖੀ ਸੋਚ ਵਿਚ ਧਰ ਜਾਂਦੀ ਜਿਸ ਤੋਂ ਉਭਰਨ ਵਿਚ ਕਈ ਵਾਰ ਉਮਰ ਹੀ ਬੀਤ ਜਾਂਦੀ। ਯਾਦ ਰੱਖਣਾ! ਦਿਮਾਗ ਬੀਤੇ ਪਲਾਂ ਨੂੰ ਆਪਣੀ ਹਾਰਡ ਡਿਸਕ ਵਿਚ ਹਮੇਸ਼ਾ ਸਾਂਭੀ ਰੱਖਦਾ। ਨਿਸ਼ਾਨ ਅਮਿੱਟ। ਗਾਹੇ-ਬਗਾਹੇ ਇਹ ਚਸਕਦੇ ਰਹਿੰਦੇ ਅਤੇ ਬੀਤੇ ਨੂੰ ਸੋਚ-ਦਰ 'ਤੇ ਲਿਆ, ਨੈਣਾਂ ਨੂੰ ਸਿੰਮਣ ਲਾਉਂਦੇ।

ਦਿਮਾਗ ਸ਼ਾਤਰ ਹੋਵੇ ਤਾਂ ਲੋਕ-ਪੌੜੀਆਂ ਰਾਹੀਂ ਸ਼ੁਹਰਤ, ਧਨ ਤੇ ਰੁੱਤਬਿਆਂ ਨੂੰ ਆਪਣੇ ਨਾਂ ਕਰ ਲੈਂਦਾ। ਭੋਲੇ, ਭਲੇਮਾਣਸ ਬੰਦੇ ਜਲਦੀ ਹੀ ਚਲਾਕ ਲੋਕਾਂ ਦੇ ਬੁਣੇ ਜਾਲ ਵਿਚ ਫਸ ਜਾਂਦੇ। ਢੋਂਗੀ ਬਾਬੇ, ਠੱਗ, ਬਹਿਰੂਪੀਏ ਸਿਆਸਤਦਾਨ, ਫਰੇਬੀ ਕਾਰੋਬਾਰੀ ਤੇ ਕਈ ਸਬੰਧੀ ਵੀ ਅਜਿਹੀ ਫਿਤਰਤ ਦੇ ਮਾਲਕ। ਅਜੋਕੇ ਸਮੇਂ 'ਚ ਸ਼ਾਇਦ ਕਾਮਯਾਬੀ ਦਾ ਇਹੋ ਗੁਰ ਰਹਿ ਗਿਆ ਏ।

ਦਿਮਾਗ ਵਿਚ ਫੁਰਨਾ ਫੁਰਦਾ ਤਾਂ ਇਕ ਨਵਾਂ ਸੁਪਨਾ, ਸੋਚ, ਸੰਭਾਵਨਾ ਤੇ ਸਬੰਧ ਜਨਮ ਲੈਂਦੇ ਜੋ ਸੋਚ-ਦਾਇਰਿਆਂ ਵਿਚ ਫੈਲਦੇ, ਕਈ ਰੂਪ ਤੇ ਕਰਵਟਾਂ ਬਦਲਦੇ ਅਤੇ ਕਈ ਨਿਤਾਰਿਆਂ ਵਿਚੋਂ ਲੰਘ ਕੇ ਹੰਗਾਲੇ ਸੱਚ ਦਾ ਸਰੂਪ ਧਾਰਦੇ। ਆਧੁਨਿਕ ਨਵੀਨਤਮ ਖੋਜਾਂ ਮਾਨਸਿਕ ਫੁਰਨਿਆਂ ਦੀ ਹੀ ਉਪਜ ਹਨ।

ਦਿਮਾਗ ਅਤੇ ਦਿਲ ਹੀ ਅਜਿਹੇ ਅੰਗ ਹਨ ਜੋ ਸਦਾ ਕਿਰਿਆਸ਼ੀਲ ਰਹਿੰਦੇ। ਦਿਨ ਵੇਲੇ ਦਿਮਾਗ ਸੋਚਾਂ ਦੇ ਘੋੜੇ ਦੌੜਾਉਣ 'ਚ ਲੱਗਾ ਰਹਿੰਦਾ ਤੇ ਰਾਤ ਨੂੰ ਅਚੇਤ ਰੂਪ ਵਿਚ ਬੀਤੀਆਂ ਤੇ ਭਵਿੱਖੀ ਘਟਨਾਵਾਂ ਤੇ ਸੰਭਾਵੀ ਅਣਹੋਣੀਆਂ ਹੋਣੀਆਂ ਦਾ





*ਮਨੁੱਖੀ ਦਿਮਾਗ*

ਕੈਨਵਸ ਲੈ ਕੇ, ਸਾਡੇ ਸੁਪਨਿਆਂ ਨੂੰ ਨਿਵਾਜ਼ਦਾ। ਸੁਪਨੇ ਹੀ ਦੁਨਿਆਵੀ ਸੋਹਬਤਾਂ ਨਾਲ ਸ਼ਿੰਗਾਰਦੇ, ਤਲਖੀ, ਗੁੱਸਾ, ਨਫਰਤ ਨੂੰ ਹੰਗਾਲਦੇ ਅਤੇ ਕਦੇ-ਕਦਾਈਂ ਡਰ, ਸਹਿਮ ਤੇ ਮੌਤ ਦੇ ਸਨਮੁੱਖ ਕਰਦੇ, ਪੀੜਾ ਤੇ ਹੰਝੂਆਂ ਦੀ ਅਉਧ ਵੀ ਬਣਦੇ।

ਦਿਮਾਗੀ ਤੌਰ 'ਤੇ ਚੇਤੰਨ ਲੋਕ ਬਹੁਤ ਸਮਰੱਥ। ਅਜਿਹੇ ਲੋਕ ਜਦ ਉਸਾਰੂ ਰੁਚੀਆਂ ਦਾ ਰਾਹ ਫੜਦੇ ਤਾਂ ਨਵੀਆਂ ਬੁਲੰਦੀਆਂ ਛੋਂਹਦੇ ਪਰ ਜੇ ਇਹ ਹਨੇਰ ਨਗਰੀ ਦਾ ਸਿਰਨਾਵਾਂ ਪੁੱਛਣ ਲੱਗ ਪੈਣ ਤਾਂ ਆਪਣੀ ਜ਼ਿੰਦਗੀ ਨੂੰ ਕੰਦਕ ਬਣਾ, ਸਮਾਜ ਦੇ ਮੱਥੇ 'ਤੇ ਵੀ ਕਾਲਖ ਚਿੱਪਕ ਦਿੰਦੇ। ਅਜਿਹੇ ਲੋਕ ਰੁੱਝੇ ਹੋਏ ਹੀ ਸਮਾਜ ਦਾ ਸੁਨੱਖਾ ਅਤੇ ਸੁਹੰਢਣਾ ਰੂਪ ਬਣਦੇ।

ਦਿਮਾਗ ਵਿਚ ਜਦ ਕੋਮਲਤਾ ਉਪਜਦੀ ਤਾਂ ਕਲਾਵਾਂ ਦਾ ਹੁਨਰ, ਪੋਟਿਆਂ ਦੀ ਤਸ਼ਬੀਹ ਬਣਦਾ, ਵਰਕਿਆਂ 'ਤੇ ਕਲਾ ਕ੍ਰਿਤਾਂ ਮੌਲਦੀਆਂ, ਹਰਫ ਤੇ ਅਰਥ ਸਫਿਆਂ ਦਾ ਮਾਣ ਬਣਦੇ ਤੇ ਸੁਰੀਲਾਪਣ ਫਿਜ਼ਾ ਦੇ ਨਾਂ ਹੁੰਦਾ। ਦਰਅਸਲ ਕਲਾਕਾਰ, ਕੋਮਲ ਤੇ ਸੂਖਮਭਾਵੀ ਸੋਚ ਦਾ ਹੀ ਪ੍ਰਗਟਾਵਾ ਹੁੰਦੇ ਨੇ।

ਦਿਮਾਗ ਵਿਚ ਜਦ ਸੰਵੇਦਨਾ ਪ੍ਰਗਟਦੀ ਤਾਂ ਇਹ ਭਵਿੱਖ 'ਤੇ ਨਜਰ ਮਾਰਦਾ, ਆਉਣ ਵਾਲੇ ਸਮਿਆਂ ਨੂੰ ਚਿਤਾਰਦਾ ਅਤੇ ਚੰਗੇਰੇ ਭਵਿੱਖ ਲਈ ਕੁਝ ਚੰਗੇਰਾ ਕਰਨ ਦਾ ਪ੍ਰਣ ਕਰਦਾ। ਅਜਿਹੀ ਸੰਵੇਦਨਸ਼ੀਲਤਾ ਵਿਚੋਂ ਹੀ ਉਪਜਦੀ ਏ ਵਾਤਾਵਰਣ ਬਚਾਉਣ ਦੀ ਲਹਿਰ, ਪਾਣੀ ਦੇ ਪਲੀਤਪੁਣਾ ਨੂੰ ਸ਼ਫਾਫਤ ਬਖਸ਼ਣ ਦਾ ਕਰਮ ਅਤੇ ਹਵਾ ਦੇ ਲੰਗਰ ਲਾਉਣ ਵਾਲੇ ਰੁੱਖਾਂ ਨਾਲ ਧਰਤੀ ਸ਼ਿੰਗਾਰਨ ਦਾ ਧਰਮ। ਅਜਿਹੇ ਕਰਮਯੋਗੀ ਮਨੁੱਖਤਾ ਅਤੇ ਕੁਦਰਤੀ ਨਿਆਮਤਾਂ ਦੇ ਅਸਲ ਵਾਰਸ ਹੁੰਦੇ।

ਦਿਮਾਗ ਕੰਟਰੋਲ ਰੂਮ। ਮਨੁੱਖੀ ਗਤੀਆਂ-ਵਿਧੀਆਂ ਅਤੇ ਕਰਮਯੋਗਤਾ ਦਾ ਧੁਰਾ। ਇਕ ਹੀ ਸਿਗਨਲ ਬਹਾਰ ਬਣ ਸਕਦਾ ਏ ਜਾਂ ਪੱਤਝੜ ਦੇ ਡਿੱਗਦੇ ਪੱਤੇ। ਸੋਚ ਸਮਝ ਕੇ ਉਠਾਏ ਗਏ ਕਦਮ ਮੰਜ਼ਲਾਂ ਦਾ ਮਾਣ ਹੁੰਦੇ ਜਦ ਕਿ ਨਾ-ਸਮਝੀ ਵਿਚ ਚੁੱਕੇ ਕਦਮਾਂ ਨੂੰ ਲੱਗਦਾ ਅਸਫਲਤਾ, ਲਾਹਨਤਾਂ, ਬੇਸ਼ਰਮੀ ਅਤੇ ਨਾ-ਅਹਿਲੀਅਤ ਦਾ ਲੇਬਲ।

ਦਿਮਾਗ ਮਨੁੱਖੀ ਸ਼ਖਸੀਅਤ ਨੂੰ ਪਰਿਭਾਸ਼ਤ ਕਰਦਾ। ਭੋਲੇ-ਭਾਲੇ ਲੋਕ ਨਿਰਮਲ ਸੋਚ ਦੇ ਮਾਲਕ। ਮੱਕਾਰੀ, ਦੋਗਲੇਪਣ ਅਤੇ ਧੋਖਾਧੜੀ ਤੋਂ ਕੋਹਾਂ ਦੂਰ। ਆਪਣਾ ਗਵਾ ਕੇ ਕਿਸੇ ਦੇ ਕੰਮ ਆਉਣ ਦਾ ਚਾਅ। ਅਜਿਹੇ ਲੋਕ ਭਾਵੇਂ ਮਾਇਕ ਤੌਰ 'ਤੇ ਜ਼ਿਆਦਾ ਕਾਮਯਾਬ ਸ਼ਾਇਦ ਨਾ ਹੋਣ ਪਰ ਮਨ ਦਾ ਸਕੂਨ ਤੇ ਜ਼ਿੰਦਗੀ ਦਾ ਸਹਿਜ ਉਨ੍ਹਾਂ ਦਾ ਹਾਸਲ ਹੁੰਦਾ।

ਦਿਮਾਗ ਵਿਚ ਕਿਤਾਬੀ/ਪੈਗੰਬਰੀ ਵਿਚਾਰਾਂ ਦਾ ਰੋਲ-ਘਚੋਲਾ ਨਾ ਪਾਓ। ਨਿੱਤਰੇ ਪਾਣੀਆਂ ਵਰਗੀ ਸੋਚ ਅਪਣਾਓ। ਦਿਮਾਗ ਨੂੰ ਖੁਦ ਸੋਚਣ ਦਿਓ। ਸੋਚਣ ਦੀ ਆਦਤ ਵਿਚੋਂ ਹੀ ਕੁਝ ਨਵਾਂ ਉਭਰ ਕੇ ਸਾਹਮਣੇ ਆਵੇਗਾ ਜੋ ਇਕ ਨਵੀਂ ਪ੍ਰਤਿਭਾ, ਪਛਾਣ ਅਤੇ ਪਹਿਲ ਦਾ ਪਹਿਲਾ ਕਦਮ ਹੋ ਸਕਦਾ ਏ।

ਦਿਮਾਗ ਜੀਵਨ-ਗੱਡੀ ਦਾ ਸੂਝਵਾਨ ਡਰਾਈਵਰ ਜਿਹੜਾ ਵਾਗਾਂ ਮੋੜਦਾ, ਔਝੜ ਰਾਹਾਂ ਤੋਂ ਬਚਾਉਂਦਾ, ਟੋਇਆਂ-ਟਿੱਬਿਆਂ ਦੀ ਨਿਸ਼ਾਨਦੇਹੀ ਕਰਦਾ, ਪੈਰਾਂ ਵਿਚ ਪੈੜ-ਚਾਲ ਵਿਛਾਉਂਦਾ ਅਤੇ ਜੀਵਨ-ਮਾਰਗ ਦੀ ਦੱਸ ਪਾਉਂਦਾ।

ਦਿਮਾਗ ਵਿਚ ਦਰਿਆਦਿਲੀ ਹੋਵੇ ਤਾਂ ਸਾਡੀ ਸੋਚ ਤੇ ਜ਼ਿੰਦਗੀ ਵਿਚ ਖੁੱਲ੍ਹਾਪਣ ਪਨਪਦਾ ਜੋ ਸਾਡੇ ਲਈ ਨਵੇਂ ਮਰਹੱਲਿਆਂ, ਮਤਲਬਾਂ ਅਤੇ ਮੁਹੱਬਤੀ ਮੁਕਾਮ ਦਾ ਮੁਹਾਂਦਰਾ ਬਣਦਾ।

ਦਿਮਾਗ ਅਤੇ ਦਿਲ ਵਿਚ ਸਮਤੋਲ ਰੱਖ ਕੇ ਜ਼ਿੰਦਗੀ ਜਿਉਣ ਵਾਲੇ ਲੋਕ ਮਨੁਖਤਾ ਦਾ ਮਾਣਮੱਤਾ ਹਾਸਲ। ਸਿਰਫ ਦਿਮਾਗ ਜਾਂ ਦਿਲ ਨਾਲ ਹੀ ਕੀਤੇ ਗਏ ਫੈਸਲੇ ਇਕ-ਪਾਸੜ ਹੁੰਦੇ। ਸੋ ਲੋੜ ਹੈ, ਦੋਹਾਂ ਦੀ ਸਮਝ, ਸਲਾਹ ਤੇ ਸੰਵੇਦਨਾ ਵਿਚੋਂ ਜੀਵਨ-ਦਰਸ਼ਨ ਦਾ ਨਾਮਕਰਨ ਕਰੀਏ।

ਦਿਮਾਗੀ ਮੌਤ ਕਾਰਨ ਮਨੁੱਖੀ ਸਰੀਰ ਜਿਉਂਦਿਆਂ ਵੀ ਨਿਰਜਿੰਦ। ਸਰੀਰ ਦੀ ਹੋਣੀ ਦਿਮਾਗੀ ਤੰਦਰੁਸਤੀ ਅਤੇ ਇਸ ਦੀ ਸੰਤੁਲਤਾ ਵਿਚ ਹੀ ਛੁਪੀ ਹੋਈ ਹੈ।

ਦਿਮਾਗੀ ਤੌਰ 'ਤੇ ਸੰਤੁਲਤ ਵਿਅਕਤੀ ਸੁੰਦਰ ਸਮਾਜ ਸਿਰਜਦੇ, ਅਸੰਤੁਲਤ ਵਿਅਕਤੀ ਪਾਗਲ, ਸਨਕੀ ਜਾਂ ਕੁਕਰਮੀ ਹੁੰਦੇ। ਧਰਮ ਦੇ ਨਾਂ 'ਤੇ ਹੋ ਰਹੀ ਕਤਲੋਗਾਰਤ, ਸਮਾਜਿਕ ਵੰਡੀਆਂ ਪਾਉਣਾ, ਮਨੁੱਖ ਦਾ ਮਨੁੱਖ ਹੱਥੋਂ ਕਤਲ ਜਾਂ ਕੁਦਰਤ ਦਾ ਵਿਨਾਸ਼, ਕਬਰਾਂ ਦੇ ਰਾਹ ਪੈਣਾ, ਮਨੁੱਖੀ ਸੋਚ ਵਿਚ ਪੈਦਾ ਹੋਇਆ ਵਿਗਾੜ ਹੀ ਤਾਂ ਹੈ। ਦਿਮਾਗ ਨੇ ਕਿਹੜਾ ਰਾਹ ਪਕੜਨਾ ਏ, ਇਹ ਮਨੁੱਖ ਦੇ ਸੁਭਾਅ, ਪਰਿਵਾਰਕ ਹਾਲਤਾਂ, ਪਾਲਣ-ਪੋਸ਼ਣ, ਚੌਗਿਰਦਾ, ਸਾਥ ਅਤੇ ਸਮਾਜਿਕ ਦੇਣ 'ਤੇ ਨਿਰਭਰ ਕਰਦਾ।

ਸਾਬਤ ਸੋਚ ਵਾਲਾ ਦਿਮਾਗ ਹਰ ਪੱਖ ਵਿਚੋਂ ਵੀ ਉਸਾਰੂ ਬਿਰਤੀ ਅਤੇ ਦਿੱਖ ਨੂੰ ਚਿੱਤਰਨ ਦਾ ਆਦੀ। ਸਭ ਕੁਝ ਮਾੜਾ ਹੀ ਨਹੀਂ ਹੁੰਦਾ। ਕਦੇ ਕਦਾਈਂ ਭੈੜ ਵਿਚ ਵੀ ਚੰਗਿਆਈ ਦੇ ਦੀਦਾਰੇ ਹੁੰਦੇ। ਸਿਰਫ ਦੇਖਣ ਵਾਲੀ ਅੱਖ ਤੇ ਸਮਝਣ ਵਾਲਾ ਦਿਮਾਗ ਚਾਹੀਦਾ ਹੈ।

ਦਿਮਾਗ ਦੀ ਬੀਹੀ ਵੜ ਕੇ ਦਿਤੀ ਹੋਈ ਦਸਤਕ, ਮੁਹੱਬਤੀ-ਮਾਰਗ ਦੇ ਨਕਸ਼, ਪਿਆਰ ਪ੍ਰਗਟਾਵੇ ਦਾ ਪਹੁ-ਫੁਟਾਲਾ, ਜੀਵਨ ਪੈਂਡਿਆਂ ਨੂੰ ਸਰ ਕਰਨ ਦਾ ਸ਼ੁਭ-ਅਰੰਭ, ਸੰਦਲੀ-ਸਰਘੀ, ਭਾਵ-ਪੱਤੀਆਂ 'ਤੇ ਪਈ ਤ੍ਰੇਲ ਅਤੇ ਸੱਚ ਤੇ ਸੁਪਨੇ ਦਾ ਸ਼ੁਰੂਆਤੀ ਮੇਲ।

ਦਿਮਾਗ ਕਦੇ ਬੁੱਢਾ ਨਹੀਂ ਹੁੰਦਾ। ਕਦੇ ਘੱਟਦਾ ਨਹੀਂ। ਜਿੰਨਾ ਵਰਤੋ, ਉਨਾ ਹੀ ਸੁਚੇਤ ਰਹਿੰਦਾ। ਇਸੇ ਲਈ ਸਿਆਣੇ ਲੋਕ ਦਿਮਾਗੀ ਕਸਰਤ ਲਈ ਵੱਖ-ਵੱਖ ਅੜਾਉਣੀਆਂ ਹੱਲ ਕਰਨ ਲਈ ਸਮਾਂ ਜਰੂਰ ਕੱਢਦੇ। ਅਜਿਹੇ ਲੋਕ ਸਾਰੀ ਉਮਰ ਹੀ ਦਿਮਾਗੀ ਤੌਰ 'ਤੇ ਚੇਤੰਨ ਰਹਿੰਦੇ। ਭੁੱਲਣ ਦੀ ਬਿਮਾਰੀ ਤੋਂ ਬਚਣ ਦਾ ਵਧੀਆ ਤਰੀਕਾ।

ਦਿਮਾਗ 'ਤੇ ਹਰਦਮ ਭਾਰ ਹੀ ਪਾਈ ਜਾਣ ਨਾਲ ਮਾਨਸਿਕ ਉਲਝਣਾਂ 'ਚ ਵਾਧਾ। ਹਰ ਬੰਦਾ ਉਦਾਸੀ, ਨੀਰਸਤਾ ਅਤੇ ਨੀਵੇਂਪਣ ਦਾ ਸ਼ਿਕਾਰ। ਖੁਦਕੁਸ਼ੀਆਂ, ਅਣਿਆਈਆਂ ਮੌਤਾਂ, ਦੁਖਦਾਈ ਘਟਨਾਵਾਂ, ਲਾ-ਇਲਾਜ ਬਿਮਾਰੀਆਂ ਆਦਿ ਮਨੁੱਖ ਦੀਆਂ ਖੁਦ ਸਹੇੜੀਆਂ ਅਲਾਮਤਾਂ, ਜਿਨ੍ਹਾਂ ਤੋਂ ਸੁਚੇਤ ਹੋ ਕੇ ਬਚਿਆ ਜਾ ਸਕਦਾ ਏ।

ਲੋੜ ਹੈ, ਦਿਮਾਗ ਵਿਚ ਚੜ੍ਹਦੀ ਕਲਾ ਦੀ ਸੋਚ ਪੈਦਾ ਕਰਕੇ, ਜੀਵਨ ਨੂੰ ਅੱਜ ਵਿਚ ਜਿਉਣਾ ਦੀ। ਕਦੇ ਵੀ ਬੀਤੇ 'ਤੇ ਹਿਰਖ ਨਾ ਕਰੋ ਪਰ ਕੁਤਾਹੀਆਂ ਤੋਂ ਜਰੂਰ ਸਿੱਖੋ। ਭਵਿੱਖ ਦੀ ਚਿੰਤਾ ਨਾ ਕਰੋ ਪਰ ਚੇਤਨ ਰੂਪ ਵਿਚ ਸਾਰਥਿਕ ਕਦਮ ਜਰੂਰ ਉਠਾਓ ਜਿਸ ਨਾਲ ਆਉਣ ਵਾਲਾ ਕੱਲ ਅੱਜ ਨਾਲੋਂ ਬਿਹਤਰ ਹੋਵੇ।

ਦਿਮਾਗ ਹੀ ਮਨੁੱਖੀ ਵਿਕਾਸ, ਆਧੁਨਿਕਤਾ, ਸੁੱਖ-ਸਹੂਲਤਾਂ ਅਤੇ ਨਵੀਆਂ ਅੰਬਰ ਉਡਾਰੀਆਂ ਦਾ ਮੂਲ-ਸਰੋਤ। ਪਰ ਦਿਲ ਇਨ੍ਹਾਂ ਨੂੰ ਕਿਵੇਂ ਵਰਤਦਾ ਏ ਇਸੇ ਨੇ ਮਾਨਵੀ ਮਾਰਗ ਦੀ ਹੋਂਦ, ਸਾਰਥਿਕਤਾ ਤੇ ਸਦੀਵਤਾ ਨੂੰ ਕਲਮਬੰਦ ਕਰਨਾ।

ਦਿਮਾਗ ਸਲਾਮਤ ਰਹੇ ਅਤੇ ਇਸ ਨਾਲ ਹੀ ਸਲਾਮਤ ਰਹੇ ਮਨੁੱਖੀ ਸੋਚ ਵਿਚਲਾ ਸਾਵਾਂਪਣ, ਕਰਮਯੋਗਤਾ ਵਿਚਲੀ ਬੰਦਿਆਈ, ਧਰਮ-ਕਰਮ ਵਿਚਲੀ ਸਚਿਆਈ ਅਤੇ ਆਦਮ ਲਈ ਮਨੁੱਖ ਬਣਨ ਦੀ ਰਹਿਨੁਮਾਈ। ਕਦੇ ਕਦੇ ਇਸ ਬਾਰੇ ਸੋਚਣਾ, ਭਲਿਆਈ ਦਾ ਦੀਵਾ ਬਲਦਾ ਰਹੇਗਾ।

ਆਮੀਨ।

# ਕੁਝ ਕੌੜੀਆਂ, ਕੁਸੈਲੀਆਂ ਅਤੇ ਮਿਠੀਆਂ

■ਵਰਤਮਾਨ ਵਿਚ ਪੇਸ਼ ਆਈਆਂ ਸਮੱਸਿਆਵਾਂ, ਬੇਅਰਾਮੀਆਂ ਅਤੇ ਨਾਰਾਜ਼ਗੀਆਂ ਭਵਿੱਖ ਵਿਚ ਦਿਲਚਸਪੀ, ਮਨੋਰੰਜਨ ਅਤੇ ਪ੍ਰੇਰਣਾ ਦੇ ਪ੍ਰਸੰਗ ਬਣ ਸਕਦੀਆਂ ਹਨ।



**ਪ੍ਰੋ. ਹਰਗੁਣਪ੍ਰੀਤ ਸਿੰਘ**
**ਫੋਨ:91-94636-19353**

■ਇਕ ਚੰਗੇ ਅਧਿਆਪਕ ਦਾ ਸਭ ਤੋਂ ਪਹਿਲਾ ਤੇ ਪ੍ਰਮੁੱਖ ਗੁਣ ਇਕ ਚੰਗਾ ਇਨਸਾਨ ਬਣਨਾ ਹੁੰਦਾ ਹੈ, ਬਾਕੀ ਦੀਆਂ ਵਿਸ਼ੇਸ਼ਤਾਵਾਂ ਤੇ ਹੁਨਰ ਤਾਂ ਸਮੇਂ, ਤਜਰਬੇ ਅਤੇ ਅਭਿਆਸ ਨਾਲ ਆ ਹੀ ਜਾਂਦੇ ਹਨ।

■ਅਜੋਕੇ ਪੂੰਜੀਵਾਦੀ, ਭ੍ਰਿਸ਼ਟ ਅਤੇ ਅਸੱਭਿਅਕ ਯੁੱਗ ਵਿਚ ਮਾਪੇ ਆਪਣੇ ਬੱਚਿਆਂ ਨੂੰ ਵਧੀਆ 'ਕਾਰ' ਦੇਣ ਤੋਂ ਪਹਿਲਾਂ ਜੇਕਰ ਵਧੀਆ 'ਸੰਸਕਾਰ' ਦੇ ਦੇਣ ਤਾਂ ਯਕੀਨਨ ਉਨ੍ਹਾਂ ਦੇ 'ਕਿਰਦਾਰ' ਵਧੀਆ ਬਣ ਸਕਦੇ ਹਨ, ਜੋ ਸਮਾਜ ਅਤੇ ਦੇਸ਼ ਦਾ ਕੁਝ 'ਸੰਵਾਰ' ਸਕਦੇ ਹਨ।

■ਸਾਨੂੰ ਆਪਣੀ ਕਰਨੀ ਦੇ ਪ੍ਰਭਾਵ ਕਰਕੇ ਜਾਣਿਆ ਤੇ ਪਛਾਣਿਆ ਜਾਂਦਾ ਹੈ ਅਤੇ ਜਦੋਂ ਤੱਕ ਇਹ ਪ੍ਰਭਾਵ ਜਿਊਂਦਾ ਰਹਿੰਦਾ ਹੈ, ਅਸੀਂ ਆਪ ਵੀ ਜਿਊਂਦੇ ਰਹਿੰਦੇ ਹਾਂ। ਇਸੇ ਕਰਕੇ ਮਹਾਨ ਲੋਕ ਕਦੇ ਮਰਦੇ ਜਾਂ ਬੀਤਦੇ ਨਹੀਂ, ਉਹ ਸਦਾ ਲਈ ਜਿਊਂਦੇ ਰਹਿੰਦੇ ਹਨ।

■ਬੜੇ ਅਫ਼ਸੋਸ ਦੀ ਗੱਲ ਹੈ ਕਿ ਸਾਡੇ ਭ੍ਰਿਸ਼ਟ ਤੇ ਖ਼ੁਦਗਰਜ਼ ਸਿਆਸਤਦਾਨਾਂ, ਬੇਸੁਰੇ ਤੇ ਬੇਤੁਕੇ ਗਾਇਕਾਂ, ਅਖੌਤੀ ਤੇ ਅਧਾਰਮਿਕ ਬਾਬਿਆਂ ਨੇ 'ਸੂਰਬੀਰਾਂ ਤੇ ਸਰਦਾਰਾਂ ਦੇ ਪੰਜਾਬ' ਨੂੰ 'ਨਸ਼ੇਖੋਰਾਂ ਤੇ ਨਚਾਰਾਂ ਦਾ ਪੰਜਾਬ' ਬਣਾ ਛੱਡਿਆ।

■ਜੇ ਸਾਨੂੰ ਚਾਪਲੂਸੀ ਦੀ ਆਦਤ ਨਹੀਂ ਹੈ, ਤਾਂ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਸਤਿਕਾਰ ਨਹੀਂ ਕਰਦੇ।

■ ਜੋ ਸਾਡੀਆਂ ਮਜਬੂਰੀਆਂ ਅਤੇ ਮੁਸ਼ਕਿਲਾਂ ਨੂੰ ਸਮਝਣ ਵਿਚ ਅਸਮਰੱਥ ਹਨ, ਉਹ ਸਾਡੀਆਂ ਇੱਛਾਵਾਂ ਅਤੇ ਉਦੇਸ਼ਾਂ ਨੂੰ ਵੀ ਨਹੀਂ ਸਮਝ ਸਕਦੇ।

■ਕੇਵਲ ਉਹ ਲੋਕ ਹੀ ਕਿਸੇ ਦੀ ਪ੍ਰਸ਼ੰਸਾ ਕਰ ਸਕਦੇ ਹਨ ਜਿਨ੍ਹਾਂ ਨੂੰ ਆਪ ਕਦੇ ਜੀਵਨ ਵਿਚ ਪ੍ਰਸੰਸਾ ਮਿਲੀ ਹੋਵੇ, ਕਿਉਂਕਿ ਸਾਡੇ ਕੋਲ ਜੋ ਕੁਝ ਵੀ ਹੁੰਦਾ ਹੈ ਉਹੀ ਅਸੀਂ ਦੂਸਰਿਆਂ ਨੂੰ ਦੇ ਸਕਦੇ ਹਾਂ।

■ਜਦੋਂ ਚੰਗੇ, ਨੇਕ ਅਤੇ ਸਦਾਚਾਰੀ ਲੋਕ ਅਚਨਚੇਤ ਕਿਸੇ ਮੁਸੀਬਤ ਵਿਚ ਫਸ ਜਾਣ ਤਾਂ ਅਕਸਰ ਮਾੜੇ, ਮਤਲਬੀ ਤੇ ਦੁਰਾਚਾਰੀ ਲੋਕਾਂ ਦਾ ਖੁਸ਼ੀ ਮਨਾਉਣਾ ਸੁਭਾਵਿਕ ਹੁੰਦਾ ਹੈ।

■ਆਪਣੇ ਦੇਸ਼, ਧਰਮ, ਸਭਿਆਚਾਰ ਜਾਂ ਭਾਸ਼ਾ ਦੀ ਅਕਸਰ ਆਲੋਚਨਾ ਤੇ ਨਿੰਦਿਆ ਕਰਨਾ ਸਾਡੇ ਲਈ ਬਹੁਤ ਮਜ਼ੇਦਾਰ ਕੰਮ ਹੁੰਦਾ ਹੈ ਪਰੰਤੂ ਕਿਸੇ ਬਾਹਰਲੇ ਕੋਲੋਂ ਇਨ੍ਹਾਂ ਸਬੰਧੀ ਇਕ ਵੀ ਮੰਦਾ ਸ਼ਬਦ ਸੁਣ ਸਕਣਾ ਸਾਡੇ ਵਾਸਤੇ ਬਰਦਾਸ਼ਤ ਤੋਂ ਬਾਹਰ ਹੋ ਜਾਂਦਾ ਹੈ।

■ਕੁਝ ਲੋਕਾਂ ਨੂੰ ਸ਼ਕਤੀਸ਼ਾਲੀ ਹੋਣ ਦਾ ਭੁਲੇਖਾ ਹੁੰਦਾ ਹੈ, ਜੋ ਹੋਰਨਾਂ ਦੇ ਮਸਲੇ ਤੇ ਮੁਸੀਬਤਾਂ ਹੱਲ ਕਰਨ ਦਾ ਦਾਅਵਾ ਕਰਦੇ ਹਨ ਪਰ ਜਾਣੇ-ਅਣਜਾਣੇ ਉਹ ਆਪ ਹੋਰਨਾਂ ਲਈ ਸਭ ਤੋਂ ਵੱਡੀ ਮੁਸੀਬਤ ਬਣ ਜਾਂਦੇ ਹਨ।

-0-

# ਬਲਬੀਰ ਸਿੰਘ ਕੰਵਲ

## ਸੰਗੀਤ ਤੇ ਭਲਵਾਨੀ ਦਾ ਦੁਮੇਲ

*ਇਸ ਲਿਖਤ ਵਿਚ ਪ੍ਰੋਫੈਸਰ ਹਰਪਾਲ ਸਿੰਘ ਪੰਨੂ ਨੇ ਨਿਆਰੇ ਤੇ ਨਿਰਮਲ ਖੋਜਕਾਰ ਬਲਬੀਰ ਸਿੰਘ ਕੰਵਲ ਦੇ ਜੀਵਨ ਦੇ ਕੁਝ ਪੱਖਾਂ ਦਾ ਤੁਆਰਫ ਕਰਵਾਇਆ ਹੈ। ਸੰਗੀਤ ਅਤੇ ਭਲਵਾਨੀ ਬਾਰੇ ਪੁਣ-ਛਾਣ ਦੇ ਕੋਣ ਤੋਂ ਬਲਬੀਰ ਸਿੰਘ ਕੰਵਲ ਸੱਚਮੁੱਚ ਕੰਵਲ ਦਾ ਫੁੱਲ ਹੈ। ਉਨ੍ਹਾਂ ਦੁਆਰਾ ਲਿਖੀਆਂ ਪੋਥੀਆਂ ਦੀ ਸੂਚੀ ਦੇਖ ਕੇ ਹੀ ਰਸਕ ਹੋਣ ਲਗਦਾ ਹੈ, ਪਰ ਇਹ ਕਾਰਜ ਉਨ੍ਹਾਂ ਆਪਣੀ ਲਗਨ ਅਤੇ ਮਿਹਨਤ ਨਾਲ ਇਸ ਮੁਕਾਮ ਤਕ ਪਹੁੰਚਾਇਆ ਹੈ। ਪ੍ਰੋ. ਪੰਨੂ ਨੇ ਵੀ ਇਸੇ ਮਗਨ ਤੇ ਮਿਹਨਤ ਨਾਲ, ਥੋੜ੍ਹੇ ਸ਼ਬਦਾਂ ਵਿਚ ਬਹੁਤੀ ਕਥਾ ਸੁਣਾ ਛੱਡੀ ਹੈ। -ਸੰਪਾਦਕ*

ਬੰਦਿਆਂ ਨੇ ਤਾਂ ਸੰਗੀਤ ਤੋਂ ਆਨੰਦ ਲੈਣਾ ਹੀ ਲੈਣਾ, ਪਸ਼ੂ ਪੰਛੀ ਵੀ ਸੰਗੀਤ ਤੋਂ ਕਾਇਲ ਹੁੰਦੇ ਹਨ। ਮਹਾਂਕਵੀ ਕਾਲੀਦਾਸ 'ਮੇਘਦੂਤ' ਵਿਚ ਲਿਖਦੇ ਹਨ- ਮੇਰੀ ਉਜੈਨੀ ਦੇ ਅਸਮਾਨ ਵਿਚ ਉਡਦੇ ਪੰਛੀਆਂ ਨੈਣੀਂ ਹੰਝੂਆਂ ਦੀ ਬਰੀਕ ਧਾਰ ਦੇਖੀਂ ਹੇ ਮੇਘ! ਖੰਭਾਂ ਵਾਲੇ ਇਨ੍ਹਾਂ ਉਸਤਾਦਾਂ ਤੋਂ ਬਹੁਤ ਮਿਹਨਤ ਕਰ ਕੇ ਮਨੁੱਖਾਂ ਨੇ ਥੋੜ੍ਹੀ ਕੁ ਰਾਗ ਵਿਦਿਆ ਸਿੱਖੀ ਹੈ।

ਦੋ ਦਾਨਿਸ਼ਵਰਾਂ ਨੇ ਮੇਰੇ ਉਪਰ ਬਾਕੀਆਂ ਨਾਲੋਂ ਵੱਖਰਾ ਅਸਰ ਪਾਇਆ। ਇਕ ਕੈਨੇਡਾ ਵਾਸੀ ਹਰਦੇਵ ਸਿੰਘ ਆਰਟਿਸਟ ਤੇ ਦੂਜਾ ਬਲਬੀਰ ਸਿੰਘ ਕੰਵਲ। ਹਰਦੇਵ ਸਿੰਘ ਨੂੰ ਆਧੁਨਿਕ ਆਰਟ ਦੇ ਮਾਹਿਰਾਂ ਦੀ ਦੁਨੀਆਂ ਬਤੌਰ



**ਹਰਪਾਲ ਸਿੰਘ ਪੰਨੂ**
ਫੋਨ:+91-94642-51454

ਕਲਾਕਾਰ ਮਨਜ਼ੂਰ ਕਰ ਚੁੱਕੀ ਹੈ, ਪਰ ਉਹ ਕੇਵਲ ਆਰਟਿਸਟ ਨਹੀਂ ਹਨ, ਆਰਟ ਦੇ ਫਿਲਾਸਫਰ ਵੀ ਹਨ। ਉਨ੍ਹਾਂ ਦਾ ਵਾਕ ਦੇਖੋ- ਸਰਘੀ ਵੇਲੇ ਤੋਂ ਲੈ ਕੇ ਰਾਤ ਪੈਣ ਤੱਕ ਸੂਰਜ ਦੀ ਰੌਸ਼ਨੀ ਦੇ ਵਧਣ ਘਟਣ ਸਦਕਾ ਵਸਤਾਂ ਦਾ ਰੰਗ ਬਦਲਦਾ ਹੈ। ਪੱਤੇ ਦਾ ਹਰਾ ਰੰਗ ਹਰ ਪਲ ਬਦਲ ਰਿਹਾ ਹੈ। ਕੁਦਰਤ ਇੰਨੀ ਅਮੀਰ ਮਹਾਰਾਣੀ ਹੈ ਕਿ ਹਰ ਪਲ ਨਵਾਂ ਲਿਬਾਸ ਪਹਿਨਦੀ ਹੈ, ਪੁਰਾਣਾ ਉਤਾਰੇ ਬਗੈਰ।

ਉਸਤਾਦ ਬਲਬੀਰ ਸਿੰਘ ਕੰਵਲ ਸ਼ਾਸਤਰੀ ਸੰਗੀਤ ਦਾ ਰਸੀਆ ਤਾਂ ਹੈ ਹੀ, ਉਹ ਸੰਗੀਤ ਸ਼ਾਸਤਰ ਦਾ ਕਾਮਲ ਫਿਲਾਸਫਰ ਅਤੇ ਗੰਭੀਰ ਇਤਿਹਾਸਕਾਰ ਵੀ ਹੈ। ਇਕ ਚਮਤਕਾਰ ਹੋਰ ਹੋਇਆ। ਸੰਗੀਤ ਅਤੇ ਭਲਵਾਨੀ ਦਾ ਕੀ ਮੇਲ ਹੋਇਆ? ਕੰਵਲ ਦਾ ਮੰਚ ਇੰਨਾ ਵਿਸ਼ਾਲ ਕਿ ਜਿਥੇ ਸ਼੍ਰੋਮਣੀ ਗਾਇਕਾਂ ਵਾਦਕਾਂ ਦੀ ਪੇਸ਼ਕਾਰੀ ਦਿਖਾਉਂਦਾ ਹੈ, ਉਥੇ ਹੀ ਤੁਹਾਨੂੰ ਸ਼੍ਰੋਮਣੀ ਭਲਵਾਨ ਇਕ ਦੂਜੇ ਨੂੰ ਲਲਕਾਰਦੇ, ਘੇਰਦੇ ਦਿਖਾਈ ਦੇਣਗੇ। ਬੱਦਲਾਂ ਦੀਆਂ ਗਰਜਾਂ ਅਤੇ ਧਮਕਾਂ ਗਾਇਕਾਂ ਅਤੇ ਭਲਵਾਨਾ ਰਾਹੀਂ ਪੇਸ਼ ਕਰਨ ਦੀ ਕਲਾ ਕੋਈ ਕੰਵਲ ਤੋਂ ਸਿੱਖੇ!

ਬਲਬੀਰ ਸਿੰਘ ਕੰਵਲ ਨਾਮ ਗਾਹੇ-ਬਗਾਹੇ ਕੰਨੀ ਪਿਆ ਸੀ, ਪਰ ਮੈਂ ਉਸ ਨੂੰ ਪੜ੍ਹਿਆ ਨਹੀਂ ਸੀ, ਕਦੀ ਮਿਲਿਆ ਨਹੀਂ ਸੀ। ਇਕੱਲਾ ਕਾਰਾ ਨਾਮ ਦਿਲ ਉਪਰ ਕਿੰਨੀ ਕੁ ਦੇਰ ਰਹਿ ਸਕਦਾ ਹੈ। 'ਹੁਣ' ਰਿਸਾਲਾ ਸ਼ੁਰੂ ਹੋਇਆ ਜਿਸ ਨੇ ਪੰਜਾਬੀ ਜਗਤ ਉਪਰ ਅਸਰ ਕੀਤਾ ਅਤੇ ਵੱਡੀ ਗਿਣਤੀ ਪਾਠਕ ਲੇਖਕ ਇਸ ਵੱਲ ਰੁਚਿਤ ਹੋਏ। ਇਸ ਰਿਸਾਲੇ ਬਾਰੇ ਗੁਰਦਿਆਲ ਬੱਲ ਨੇ ਮੈਨੂੰ ਉਦੋਂ ਦੱਸ ਪਾਈ ਜਦੋਂ ਮੈਂ ਉਸ ਨੂੰ ਆਪਣੇ ਲੇਖ ਤਾਸਕੀ ਦਾ ਖਰੜਾ ਪੜ੍ਹਨ ਨੂੰ ਦਿਤਾ। ਉਸ ਨੇ ਕਿਹਾ- ਇਹ ਲੇਖ 'ਹੁਣ' ਵਿਚ ਛਪਣਯੋਗ ਹੈ। ਛਪਿਆ, ਮੈਂ ਇਸ ਰਿਸਾਲੇ ਦਾ ਪਾਠਕ/ਲੇਖਕ ਹੋ ਗਿਆ। ਇਸ ਵਿਚ ਪਹਿਲੀ ਵਾਰ ਕੰਵਲ ਦੀ ਲਿਖਤ ਪੜ੍ਹਨ ਨੂੰ ਮਿਲੀ। ਵੱਖ ਵੱਖ ਅੰਕਾਂ ਵਿਚ ਉਸ ਦੇ ਲੇਖ, ਸ਼ੇਰ-ਇ-ਪੰਜਾਬ ਦੇ ਰਾਜ ਦੀਆਂ ਪ੍ਰਸਿੱਧ ਬਾਈਆਂ, ਪਟਿਆਲਾ ਘਰਾਣਾ, ਸ਼ੇਰ-ਇ-ਪੰਜਾਬ ਅਤੇ ਸੰਗੀਤ, ਬਹਾਦਰਸ਼ਾਹ ਜ਼ਫਰ ਤੇ ਮਹਾਰਾਜਾ ਰਣਜੀਤ ਸਿੰਘ, ਮੁਮਤਾਜ ਬੇਗਮ ਉਰਫ ਮੰਮੋ, ਇਨਾਇਤ ਬਾਈ ਢੇਰੂ ਵਾਲੀ ਅਤੇ ਉਸਤਾਦ ਅਬਦੁਲ ਅਜ਼ੀਜ਼ ਬੀਨਕਾਰ ਆਦਿ ਲੇਖ ਪੜ੍ਹਨ ਨੂੰ ਮਿਲੇ।

ਕੰਵਲ ਵਲੋਂ ਸ਼ਾਸਤਰੀ ਸੰਗੀਤ ਦੀ ਖੋਜ ਬਾਰੇ ਗੱਲ ਕਰਨ ਤੋਂ ਪਹਿਲਾਂ ਦਿਲ ਕਰਦਾ ਹੈ ਕਿ ਉਸ ਦੀ ਭਲਵਾਨਾਂ ਬਾਰੇ ਜਾਣਕਾਰੀ ਦਾ ਜ਼ਿਕਰ ਕਰੀਏ। 'ਹੁਣ-11' ਵਿਚ ਉਸ ਦਾ ਲੇਖ ਹੈ- ਪਹਿਲਵਾਨਾਂ ਦੀਆਂ ਦਫਾਂ। ਲਿਖਿਆ ਹੈ:

ਭਾਰਤ ਵਿਚ ਮੱਲ-ਯੁੱਧ ਜਾਂ ਕੁਸ਼ਤੀ ਕਲਾ ਪ੍ਰਾਚੀਨ ਸਮੇਂ ਤੋਂ ਪ੍ਰਚਲਤ ਹੈ। ਮੁਸਲਮਾਨ ਧਾੜਵੀਆਂ ਨੇ ਸਾਡੇ ਦੇਸ ਵਿਚ ਆ ਕੇ ਮੱਲ-ਯੁੱਧ ਲਈ ਫਾਰਸੀ ਦਾ ਸ਼ਬਦ 'ਕੁਸ਼ਤੀ' ਦਿਤਾ। ਇੰਝ ਪ੍ਰਤੀਤ ਹੁੰਦਾ ਹੈ ਕਿ ਕੁਸ਼ਤੀ ਨਾਲੋਂ ਮੁਸ਼ਤੀ (ਮੁੱਕੇਬਾਜ਼ੀ, ਬੌਕਸਿੰਗ) ਪਹਿਲਾਂ ਪ੍ਰਚਲਤ ਹੋਈ ਜਿਸ ਦਾ ਸੂਖਮ ਰੂਪ ਕੁਸ਼ਤੀ ਹੋ ਗਿਆ ਅਤੇ ਇਸ ਦੀਆਂ ਅਗਾਂਹ ਚਾਰ ਸ਼ਾਖਾਂ ਬਣ ਗਈਆਂ ਜਿਨ੍ਹਾਂ ਵਿਚੋਂ ਕੇਵਲ ਪਹਿਲੀਆਂ ਤਿੰਨ ਹੀ ਪ੍ਰਚਲਤ ਹੋ ਸਕੀਆਂ- ਭੀਮਸੈਨੀ, ਹਨੂਮੰਤੀ ਅਤੇ ਜਾਮਵੰਤੀ। ਭੀਮਸੈਨੀ ਕਿਸਮ ਵਿਚ ਜਿੱਤ ਕੇਵਲ ਤਾਕਤ ਤੇ ਬਲ ਨਾਲ ਪ੍ਰਾਪਤ ਕੀਤੀ ਜਾਂਦੀ ਸੀ। ਹਨੂਮੰਤੀ ਦੀ ਬੁਨਿਆਦ ਦਾਅ-ਪੇਚਾਂ ਦੇ ਸਿਰ ਸੀ, ਜਾਮਵੰਤੀ ਵਿਚ ਵਿਰੋਧੀ ਨੂੰ ਵਧੇਰੇ ਦੁਖਦਾਈ ਦਾਅਵਾਂ ਜਿਵੇਂ ਨਮਾਜਬੰਦ ਅਤੇ ਕਮਰਘੋੜਾ ਆਦਿ ਨਾਲ ਨਿੱਸਲ ਕਰ ਕੇ ਢਾਇਆ ਜਾਂਦਾ ਸੀ। ਚੌਥੀ ਕਿਸਮ ਜਰਾਬੰਧੀ ਵਿਚ ਨੌਬਤ ਕਈ ਵੇਰ ਮਰਨ ਮਾਰਨ ਤੱਕ ਅੱਪੜ ਜਾਂਦੀ ਸੀ। ਇਸੇ ਲਈ ਇਹ ਬਹੁਤੀ ਹਰਮਨ ਪਿਆਰੀ ਨਾ ਹੋ ਸਕੀ। ਸਾਡੀ ਵਰਤਮਾਨ ਕੁਸ਼ਤੀ ਦਾ ਮੋਢੀ ਉਸਤਾਦ ਨੂਰੁੱਦੀਨ (1835-1910) ਮੰਨਿਆ ਜਾਂਦਾ ਹੈ ਜਿਸ ਨੇ 361 ਦਾਅ-ਪੇਚ ਅਤੇ ਉਨ੍ਹਾਂ ਦੇ ਤੋੜ ਈਜਾਦ ਕੀਤੇ।

ਬਲਬੀਰ ਸਿੰਘ ਕੰਵਲ ਦੀ ਲਿਖਤ ਦਾ ਇਕ ਹੋਰ ਨਮੂਨਾ ਦੇਖੋ:

ਦੁਆਬੇ ਦੇ ਦੋ ਪ੍ਰਸਿੱਧ ਪਹਿਲਵਾਨ ਖੜਕਾ ਅਤੇ ਬਸੰਤਾ ਕੋਹਲਾਪੁਰ ਉਸਤਾਦ ਖਲੀਫਾ ਮਹੀਉਦੀਨ ਨੂੰ ਮਿਲਣ ਗਏ। ਖਲੀਫਾ ਆਪਣੇ ਅਖਾੜੇ ਵਿਚ ਘੁੰਮ ਰਿਹਾ ਸੀ। ਉਨ੍ਹਾਂ ਖਲੀਫਾ ਜੀ ਨੂੰ ਮਿਲਣ ਦੀ ਇੱਛਾ ਜ਼ਾਹਰ ਕੀਤੀ। ਖਲੀਫੇ ਨੇ ਘੇਸਲ ਵੱਟ ਲਈ, ਨਾ ਦੱਸਿਆ ਕਿ ਮੈਂ ਹੀ ਗੁਲਾਮ ਮਹੀਉਦੀਨ ਹਾਂ। ਪੁੱਛਿਆ- ਜੁਆਨੋਂ! ਉਸ ਨਾਲ ਕੀ ਕੰਮ ਹੈ ਬਈ?

- ਓ ਜੀ ਅਸੀਂ ਉਸ ਨਾਲ ਜੋਰ ਕਰਨਾ ਚਾਹੁਨੇ ਆਂ।

- ਆ ਜਾਉ ਫਿਰ ਜਰਾ।

ਉਸ ਨੇ ਦੋਹਾਂ ਨੂੰ ਅਖਾੜਿਉਂ ਬਾਹਰ ਕਰ ਦਿਤਾ। ਬਾਹਰੋਂ ਆਏ ਉਹਦੇ ਸ਼ਾਗਿਰਦਾਂ ਨੇ ਪੰਜਾਬੀਆਂ ਨੂੰ ਜਦੋਂ ਇਹ ਗੱਲ ਦੱਸੀ, ਇਨ੍ਹਾਂ ਨੇ ਸਤਿਕਾਰ ਨਾਲ ਉਸਤਾਦ ਜੀ ਅੱਗੇ ਸਿਰ ਝੁਕਾ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਕੁਸ਼ਤੀਆਂ ਦੀਆਂ ਤਿੰਨ ਸ਼ੈਲੀਆਂ ਸਨ ਜਿਨ੍ਹਾਂ ਨੂੰ ਦਫਾਂ ਕਿਹਾ ਜਾਂਦਾ ਸੀ। ਕੰਵਲ ਲਿਖਦਾ ਹੈ:

ਮਹਾਰਾਜਾ ਇਨ੍ਹਾਂ ਤਿੰਨਾਂ ਮਹਾਨ ਕੁਸ਼ਤੀਕਾਰਾਂ ਦਾ ਸਤਿਕਾਰ ਕਰਦਾ ਸੀ ਜਿਨ੍ਹਾਂ ਨੇ ਇਹ ਦਫਾਂ ਚਲਾਈਆਂ, ਉਨ੍ਹਾਂ ਨੂੰ ਭਰਪੂਰ ਸਹਾਇਤਾ ਦਿੰਦਾ ਰਹਿੰਦਾ ਸੀ। ਇੰਨਾ ਆਦਰ ਕਰਦਾ ਸੀ ਕਿ ਜਦੋਂ ਇਨ੍ਹਾਂ ਦੀਆਂ ਹਵੇਲੀਆਂ ਵਿਚ ਮਿਲਣ ਆਉਂਦਾ, ਸਤਿਕਾਰ ਨਾਲ ਆਪਣੇ ਜੋੜੇ ਲਾਹ ਕੇ ਬਾਹਰ ਰੱਖਦਾ, ਫਿਰ ਅੰਦਰ ਦਾਖਲ ਹੁੰਦਾ। ਉਸਤਾਦ ਨੂਰੁੱਦੀਨ ਦੇ ਬਿਮਾਰ ਹੋਣ ਦੀ ਖਬਰ ਸੁਣੀ ਤਾਂ ਪਤਾ ਲੈਣ ਤਿੰਨ ਵੇਰ ਉਸ ਦੇ ਘਰ 1810 ਵਿਚ ਆਇਆ। ਉਸ ਦੀ ਕਬਰ ਉਪਰ ਸਿਲ ਮਹਾਰਾਜੇ ਨੇ ਆਪ ਰੱਖੀ।

ਹੁਣ ਦੇਖੀਏ ਕੰਵਲ ਦਾ ਸੰਗੀਤ ਸ਼ਾਸਤਰ:

ਉਸਤਾਦ ਅਬਦੁਲ ਅਜ਼ੀਜ਼ ਖਾਂ ਬੀਨਕਾਰ ਦਾ ਜਨਮ ਉਸਤਾਦ ਅੱਲਾ ਦੀਆਂ ਖਾਂ ਬ੍ਰਿਟੂ ਵਾਲੇ ਪ੍ਰਸਿੱਧ ਸਾਰੰਗੀ ਨਵਾਜ਼ ਦੇ ਘਰ ਰਿਆਸਤ ਜੀਂਦ ਦੇ ਕਸਬੇ ਸਫੈਦੋਂ ਵਿਖੇ 1881 ਈਸਵੀ ਵਿਚ ਹੋਇਆ। ਇਨ੍ਹਾਂ ਦੇ ਖਾਨਦਾਨ ਨੂੰ ਬ੍ਰਿਟੂ ਵਾਲੇ ਕਿਉਂ ਕਿਹਾ ਜਾਂਦਾ ਹੈ, ਇਹ ਵੀ ਸੁਆਦਲੀ ਗੱਲ ਹੈ। ਇਸ ਘਰਾਣੇ ਦੇ ਵਡੇਰੇ ਭੱਟੀ ਰਾਜਪੂਤ ਸਨ, ਤਕੜੀ ਜ਼ਿਮੀਦਾਰੀ ਸੀ। ਜੁਆਨ ਉਮਰੇ ਕਿਸੇ ਕੰਜਰੀ ਨਾਲ ਮੁਹੱਬਤ ਹੋ ਗਈ। ਉਸ ਗਾਇਕਾ ਦੇ ਇਸ਼ਕ ਵਿਚ ਤਬਲਾ ਵਜਾਉਣਾ ਸਿੱਖ ਲਿਆ ਤਾਂ ਬਰਾਦਰੀ ਨੇ ਛੇਕ ਦਿਤਾ, ਕਿਹਾ- ਇਹ ਬ੍ਰਿਟੂ ਹੋ ਗਏ ਨੇ। ਬ੍ਰਿਟੂ ਮਾਇਨੇ ਵਿਗੜੇ ਹੋਏ। ਇਸ ਘਰਾਣੇ ਦੇ ਉਸਤਾਦ ਸਾਰੰਗੀ ਵਾਦਕ ਸਨ, ਪਰ ਅਬਦੁਲ ਅਜੀਜ਼ ਨੇ ਵਚਿਤ੍ਰਵੀਣਾ ਈਜਾਦ ਕੀਤੀ ਤੇ ਇਸ ਦਾ ਉਸਤਾਦ ਹੋਇਆ।

ਇਕ ਵਾਰ ਉਹ ਸਖਤ ਬਿਮਾਰ ਹੋ ਗਿਆ, ਮਰਨ ਕੰਢੇ ਪੁੱਜ ਗਿਆ। ਸੰਗੀਤ ਸ਼ੈਦਾਈ ਹੋਣ ਕਾਰਨ ਇਸ ਹਾਲਤ ਵਿਚ ਵੀ ਤੰਬੂਰਾ ਮੰਗਦਾ ਰਹਿੰਦਾ ਤੇ ਲੇਟਿਆ ਲੇਟਿਆ ਥੋੜ੍ਹਾ ਬਹੁਤ ਵਜਾ ਕੇ ਆਪਣਾ ਝੱਸ ਪੂਰਾ ਕਰਦਾ। ਤੰਬੂਰਾ ਵਜਾ ਰਿਹਾ ਸੀ ਤਾਂ ਉਸ ਦੇ ਲਾਗੇ ਦਵਾਈ ਦੀ ਖਾਲੀ ਸ਼ੀਸ਼ੀ ਪਈ ਸੀ। ਸ਼ੀਸ਼ੀ ਨਾਲ ਸੁਰ ਦਬਾਈ ਤਾਂ ਬੜੀ ਅਜੀਬ ਅਤੇ ਭਿੰਨੀ ਆਵਾਜ਼ ਨਿਕਲੀ। ਬਸ ਇਥੋਂ ਵਚਿਤ੍ਰਵੀਣਾ ਈਜਾਦ ਹੋਈ। ਇਸ ਵੀਣਾ ਨੂੰ ਕਈ ਵਾਰ ਵੱਟੇ ਵਾਲੀ, ਤਰਵੀਣਾ ਜਾਂ ਗੋਟਵੀਣਾ ਵੀ ਕਿਹਾ ਜਾਂਦਾ ਹੈ, ਕਿਉਂਕਿ ਤਾਰਾਂ ਜਾਂ ਤਰਬਾਂ ਤਾਂ ਸੱਜੇ ਹੱਥ ਵਿਚਲੀ ਮਿਜ਼ਰਾਬ ਨਾਲ ਵਜਦੀਆਂ ਹਨ ਤੇ ਸੁਰਾਂ ਨੂੰ ਖੱਬੇ ਹੱਥ ਨਾਲ ਫੜ ਇਕ ਛੋਟੇ ਜਿਹੇ ਵੱਟੇ ਜਾਂ ਸ਼ੀਸ਼ੀ ਦੇ ਗੋਲ ਜਿਹੇ ਪੇਪਰਵੇਟ ਵਰਗੇ ਟੁਕੜੇ ਨਾਲ ਦਬਾਇਆ ਜਾਂਦਾ ਹੈ।

ਪਹਿਲੀ ਵਾਰ ਸ਼ਿਕਾਰਪੁਰ ਵਿਖੇ ਵੀਣਾ ਵਜਾਈ ਤਾਂ ਸਰੋਤੇ ਵਿਸਮਾਦ ਵਿਚ ਚਲੇ ਗਏ। ਸਾਰੇ ਗੁਣੀਜਨ ਸਰੋਤਿਆਂ ਨੇ ਵਾਹ ਵਾਹ ਦੀ ਗੁੰਜਾਰ ਪਾ ਦਿੱਤੀ। ਇਸ ਦੀ ਚਰਚਾ ਸਾਰੇ ਭਾਰਤ ਵਿਚ ਫੈਲ ਗਈ। ਮਹਾਰਾਜਾ ਇੰਦੌਰ ਨੇ ਆਪਣੇ ਦਰਬਾਰ ਵਿਚ ਸੁਣਿਆ ਤੇ ਖੁਸ਼ ਹੋ ਕੇ 28 ਹਜ਼ਾਰ ਰੁਪਏ ਦਿਤੇ। ਫਿਰ ਮਹਾਰਾਜਾ ਪਟਿਆਲਾ ਜ਼ੋਰ ਪਾ ਕੇ ਆਪਣੇ ਦਰਬਾਰ ਲੈ ਆਏ। ਰਾਜਾ ਮ੍ਰਿਗੇਂਦਰ ਸਿੰਘ ਨੇ ਕੰਵਲ ਦੇ ਇਨ੍ਹਾਂ ਕਥਨਾਂ ਦੀ ਪੁਸ਼ਟੀ ਕੀਤੀ ਹੈ। ਰਾਜਾ ਜੀ ਸਿਤਾਰ ਅਤੇ ਵਚਿਤ੍ਰਵੀਣਾ ਦੇ ਵੱਡੇ ਉਸਤਾਦ ਸਨ। ਉਨ੍ਹਾਂ ਦਾ ਵਾਦਨ ਮੈਂ ਪਟਿਆਲੇ ਅਤੇ ਨਿਊ ਯਾਰਕ ਸੁਣਿਆ ਹੈ। ਉਹ ਕੰਵਲ ਸਾਹਿਬ ਨੂੰ ਸੰਗੀਤ ਦਾ ਮਹਾਨ ਰਸੀਆ ਅਤੇ ਖੋਜੀ ਮੰਨ ਕੇ ਸਤਿਕਾਰ ਦਿਆ ਕਰਦੇ ਸਨ।

ਗੁਲਾਮ ਅਲੀ ਜੁਆਨੀ ਵਿਚ ਸਾਰੰਗੀ ਵਾਦਕ ਸਨ ਤੇ ਉਹ ਇਨਾਇਤ ਬਾਈ ਦਾ ਸਾਥ ਦਿਆ ਕਰਦੇ। ਇਕ ਦਿਨ ਉਨ੍ਹਾਂ ਨੇ ਉਸਤਾਦ ਫਤਿਹ ਅਲੀ ਸਾਹਿਬ ਨੂੰ ਖਾਣੇ 'ਤੇ ਸੱਦਿਆ। ਉਸਤਾਦ ਨੇ ਕਿਹਾ- ਕੰਜਰੀਆਂ ਦਾ ਸਾਥ ਦੇਣ ਵਾਲਿਆਂ ਦੀ ਦਾਅਵਤ ਅਸੀਂ ਕਬੂਲ ਨਹੀਂ ਕਰਦੇ। ਗੁਲਾਮ ਅਲੀ ਨੇ ਸਾਰੰਗੀ ਤੋੜ ਦਿਤੀ ਤੇ ਗਾਉਣ ਦਾ ਰਿਆਜ਼ ਕਰਨ ਲੱਗਾ। ਇਹੋ ਸਾਡੇ ਉਸਤਾਦ ਬੜੇ ਗੁਲਾਮ ਅਲੀ ਖਾਂ ਸਾਹਿਬ ਹਨ।

ਮੋਰਾਂ ਸਰਕਾਰ ਬਾਰੇ ਬਲਬੀਰ ਸਿੰਘ ਕੰਵਲ ਦੇ ਅਲਫਾਜ਼ ਹਨ:

ਮੋਰਾਂ ਮੋਰਾਂ ਮੋਰਾਂ
ਵਿਚੋਂ ਦੀ ਸੁਰੰਗ ਕੱਢ ਲਈ,
ਅੱਧੀ ਰਾਤ ਦਿਆਂ ਚੋਰਾਂ।

ਲਾਹੌਰੀਏ ਬੁੱਢੇ, ਸਿੱਖ ਦੌਰ ਦੀ ਪ੍ਰਸਿੱਧ ਗਾਇਕਾ ਮੋਰਾਂ ਬਾਰੇ ਇਹ ਲੋਕਗੀਤ ਅਜੇ ਵੀ ਸਾਂਭੀ ਬੈਠੇ ਹਨ। ਕੁਝ ਕੁ ਅਖੀਰਲੀ ਪੰਗਤੀ ਦਾ ਪਾਠ ਇਉਂ ਵੀ ਕਰਦੇ ਹਨ-

ਗੋਰੀ ਰਾਤ ਦਿਆਂ ਚੋਰਾਂ।

ਕੇਵਲ ਮੋਰਾਂ ਦੀ ਕਿਉਂ, ਕੰਵਲ ਸਾਨੂੰ ਮੋਰਾਂ ਦੀ ਪੂਰੀ ਬੰਸਾਵਲੀ ਨਾਲ ਵਾਕਫ ਕਰਵਾ ਦਿੰਦਾ ਹੈ। ਦੱਸਦਾ ਹੈ ਕਿ ਮੁਮਤਾਜ਼ ਬੇਗਮ ਉਰਫ ਮੰਮੋ ਸਿੱਖ ਰਾਜ ਦੀ ਗਾਇਕਾ ਮੋਰਾਂ ਦੀ ਪੜਪੋਤੀ ਸੀ ਜਿਸ ਨੇ ਇੰਦੌਰ ਰਿਆਸਤ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਸਨ।

ਯੇਹ ਚਰਾਗ ਜਲ ਰਹੇ ਹੈ ਯੇਹ ਚਰਾਗ ਭੀ ਬੁਝਾ ਦੇ।
ਮੇਰੇ ਔਰ ਹੈਂ ਇਰਾਦੇ ਮੇਰੇ ਔਰ ਹੈਂ ਇਰਾਦੇ॥

ਸ਼ੁਧ ਖਿਆਲ ਜਾਂ ਠੁਮਰੀ ਗਾਉਣ ਪਿਛੋਂ ਉਹ ਕਦੀ ਇਹੋ ਜਿਹੀ ਹਲਕੀ ਫੁਲਕੀ ਚੀਜ਼ ਪੇਸ਼ ਕਰਦੀ ਤਾਂ ਰੰਗ ਬੰਨ੍ਹ ਦਿੰਦੀ। ਜੀਂਦੇ ਤੜਫ ਅਤੇ ਮੁਰਦੇ ਫੜਕ ਉਠਦੇ ਸਨ। ਅਜੇ ਚੜ੍ਹਦੀ ਉਮਰ ਸੀ ਕਿ ਨਵਾਬ ਇੰਦੌਰ ਉਸ 'ਤੇ ਫਿਦਾ ਹੋ ਗਿਆ। ਮਹਿਲ ਵਿਚ ਲੈ ਆਇਆ। ਇੰਗਲੈਂਡ ਦੀ ਸੈਰ ਕਰਵਾਈ। ਨਵਾਬ ਤੋਂ ਕਿਸੇ ਨੇ ਕੰਮ ਲੈਣਾ ਹੁੰਦਾ, ਪਹਿਲਾਂ ਮੁਮਤਾਜ ਨੂੰ ਨਜ਼ਰਾਨੇ ਦਿੰਦਾ। ਉਹ ਬੇਸ਼ਕ ਲੱਖਾਂ ਵਿਚ ਖੇਡਦੀ ਸੀ, ਪਰ ਉਸ ਦਾ ਦਿਲ ਉਕਤਾ ਗਿਆ। ਮਾਂ ਧੀ ਨੇ ਹਜ਼ਰਤ ਨਿਜ਼ਾਮੁੱਦੀਨ ਔਲੀਆ ਦੀ ਦਰਗਾਹ 'ਤੇ ਚਾਦਰ ਚੜ੍ਹਾਉਣ ਦੀ ਆਗਿਆ ਮੰਗੀ। ਰੇਲ ਗੱਡੀ ਦੇ ਸ਼ਾਹੀ ਡੱਬੇ ਵਿਚ ਨੌਕਰ ਚਾਕਰ ਅਤੇ ਸੁਰੱਖਿਆ ਮੁਲਾਜ਼ਮ ਸਨ। ਮਿਥੀ ਸਕੀਮ ਅਨੁਸਾਰ ਦਰਗਾਹ ਤੋਂ ਗਾਇਬ ਹੋ ਕੇ ਮੁੰਬਈ ਚਲੀਆਂ ਗਈਆਂ। ਨਵਾਬ ਨੇ ਸਾਰੇ ਮੁਲਾਜ਼ਮ ਕੈਦ ਵਿਚ ਸੁੱਟ ਦਿਤੇ ਤੇ ਪੁਲਿਸ ਅਫਸਰਾਂ ਦੀ ਡਿਊਟੀ ਮੁਮਤਾਜ ਨੂੰ ਲੱਭ ਕੇ ਲਿਆਉਣ ਦੀ ਲਾਈ।

ਮੁਮਤਾਜ ਉਪਰ ਮੁੰਬਈ ਦਾ ਮੇਅਰ ਫਿਦਾ ਹੋ ਗਿਆ ਜਿਸ ਦੀ ਜਾਇਦਾਦ 42 ਲੱਖ ਸੀ। ਇਕ ਲੱਖ ਮੁਮਤਾਜ ਦੇ ਨਾਮ ਕਰਵਾ ਦਿਤਾ। ਹਰ ਰੋਜ਼ ਮੁਮਤਾਜ ਨਾਲ ਹੈਂਗਿੰਗ ਗਾਰਡਨ ਦੀ ਸੈਰ ਕਰਨ ਜਾਂਦਾ। ਇੰਦੌਰ ਦਾ ਡੀ.ਆਈ.ਜੀ. ਅਤੇ ਆਈ.ਜੀ. ਆਪਣੀਆਂ ਕਾਰਾਂ ਸਮੇਤ ਮੌਕੇ ਦੀ ਤਲਾਸ਼ ਵਿਚ ਰਹਿੰਦੇ ਕਿ ਮੁੰਬਈ ਵਿਚੋਂ ਮੁਮਤਾਜ ਨੂੰ ਚੁੱਕ ਕੇ ਇੰਦੌਰ ਪੇਸ਼ ਕਰਨਾ ਹੈ, ਭਾਰੀ ਮਾਨ ਸਨਮਾਨ ਮਿਲਣਗੇ। ਮੇਅਰ ਕਾਰ ਵਿਚ ਬਾਗ ਵੱਲ ਆਇਆ ਤਾਂ ਨਵਾਬ ਦੇ ਬੰਦਿਆਂ ਨੇ ਕਾਰ ਰੋਕ ਲਈ ਤੇ ਜ਼ਬਰਦਸਤੀ ਕਰਨ ਲਗੇ। ਮੇਅਰ ਨੇ ਆਪਣਾ ਪਸਤੌਲ ਕੱਢਿਆ ਤੇ ਫਾਇਰ ਕਰ ਦਿਤਾ। ਨਵਾਬ ਦੇ ਸਟਾਫ ਨੇ ਮੇਅਰ ਦੇ ਗੋਲੀ ਦਾਗ ਦਿੱਤੀ ਜੋ ਥਾਏਂ ਢੇਰ ਹੋ ਗਿਆ। ਮੁਮਤਾਜ ਨੂੰ ਕਾਰ ਵਿਚ ਬਿਠਾ ਕੇ ਫਰਾਰ ਹੋਣ ਲੱਗੇ ਸਨ ਕਿ ਦੋ ਅੰਗਰੇਜ਼ ਫੌਜੀ ਅਫਸਰ ਆ ਨਿਕਲੇ ਤੇ ਮੁਲਜ਼ਮਾਂ ਨੂੰ ਫੜ ਲਿਆ। ਇਸ ਕੇਸ ਦੀ ਚਰਚਾ ਦੇਸ ਅਤੇ ਵਿਦੇਸ ਵਿਚ ਹੋਈ। ਮੇਅਰ ਦੇ ਪਰਿਵਾਰ ਨੇ ਇਕ ਲੱਖ ਰੁਪਿਆ ਦੇ ਕੇ ਮੁਹੰਮਦ ਅਲੀ ਜਿਨਾਹ ਨੂੰ ਵਕੀਲ ਕੀਤਾ। ਰਿਆਸਤੀ ਗੁੰਡਿਆਂ ਨੂੰ ਫਾਂਸੀ ਦੀ ਸਜ਼ਾ ਹੋਈ। ਬਰਤਾਨੀਆ ਨੇ ਨਵਾਬ ਨੂੰ ਗੱਦੀਓਂ ਉਤਾਰ ਦਿੱਤਾ। -0-



*ਆਪਣੇ ਮਾਣ-ਸਨਮਾਨਾਂ ਨਾਲ ਬਲਬੀਰ ਸਿੰਘ ਕੰਵਲ।*




*ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨਾਲ ਬਲਬੀਰ ਸਿੰਘ ਕੰਵਲ।*

### ਬਲਬੀਰ ਸਿੰਘ ਕੰਵਲ ਦੀਆਂ ਲਿਖਤਾਂ



*ਬਲਬੀਰ ਸਿੰਘ ਕੰਵਲ*

* *ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ*
* *ਭਾਰਤ ਦੇ ਪਹਿਲਵਾਨ (1635-1987)*
* *ਪੰਜਾਬ ਦੇ ਸ਼ਹਿਰ*
* *ਗੀਤ ਮੇਰੇ, ਸਾਜ਼ ਤੇਰੇ (ਕਵਿਤਾ)*
* *ਪੰਜਾਬ ਕਬੱਡੀ ਦਾ ਇਤਿਹਾਸ*
* *ਇੰਟਰਨੈਸ਼ਨਲ ਪੰਜਾਬੀ ਸਾਹਿਤ*
* *ਆਲਮੀ ਕਬੱਡੀ ਦਾ ਇਤਿਹਾਸ*
* *ਪੰਜਾਬ ਦੇ ਸੰਗੀਤ ਘਰਾਣੇ ਤੇ ਕਲਾਕਾਰ (ਛਪਣ ਹਿਤ)*
* *ਭਾਰਤੀ ਸੰਗੀਤ ਪਰੰਪਰਾ ਅਤੇ ਪੰਜਾਬ ਦੇ ਸੰਗੀਤ ਘਰਾਣੇ (ਛਪਣ ਹਿਤ)*
* ***Sikh Strongmen Over the Years***
* ***Gama: The Lion of the Ganges***
* ***Life Story of a Champion Wrestler of the World 1882-1960 (in press)***



# ਬੇੜਾ ਬੰਨੇ ਲਾਈਏ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪੰਜਾਬੀ ਵਿਚ ਕਿਸ਼ਤੀ ਲਈ ਸਭ ਤੋਂ ਵਧ ਸ਼ਬਦ ਬੇੜੀ ਵਰਤ ਹੁੰਦਾ ਹੈ ਜਦ ਕਿ ਕਈ ਬੇੜੀਆਂ ਜੋੜ ਕੇ ਬਣਾਏ ਵਾਹਨ, ਵਡੀ ਬੇੜੀ ਅਤੇ ਸਮੁੰਦਰੀ ਜਹਾਜ਼ ਲਈ ਬੇੜਾ ਸ਼ਬਦ ਪ੍ਰਚਲਤ ਹੈ ਜੋ ਅੰਗਰੇਜ਼ੀ ਫਲੀਟ ਦੀ ਤਰ੍ਹਾਂ ਪੂਰੇ ਜਹਾਜ਼ ਸਮੂਹ ਲਈ ਵੀ ਵਰਤ ਹੁੰਦਾ ਹੈ। ਹੁਣ ਤਾਂ ਹਵਾਈ ਜਹਾਜ਼ਾਂ ਦੇ ਸਮੂਹ ਨੂੰ ਵੀ ਬੇੜਾ ਕਿਹਾ ਜਾਣ ਲੱਗਾ ਹੈ ਜਿਵੇਂ ਏਅਰ ਇੰਡੀਆ ਦਾ ਬੇੜਾ। ਬੇੜੇ ਦਾ ਇਕ ਅਰਥ ਫੌਜੀ ਦਸਤਾ ਵੀ ਹੈ, ਜੰਗਨਾਮਾ ਸ਼ਾਹ ਮੁਹੰਮਦ 'ਚੋਂ:

ਮਜ਼ਹਰ ਅਲੀ ਤੇ ਮਾਖੇ ਖਾਂ ਕੂਚ ਕੀਤਾ,
ਤੋਪਾਂ ਸ਼ਹਿਰ ਥੀਂ ਬਾਹਰ ਨਿਕਾਲੀਆਂ ਨੀ।
ਬੇੜਾ ਚੜ੍ਹਿਆ ਸੁਲਤਾਨ ਮਹਿਮੂਦ ਵਾਲਾ,
ਤੋਪਾਂ ਹੋਰ ਇਮਾਮ ਸ਼ਾਹ ਵਾਲੀਆਂ ਨੀ।

ਬੇੜੀ ਜਾਂ ਬੇੜੇ ਨਾਲ ਜੁੜੇ ਕਈ ਮੁਹਾਵਰੇ, ਕਹਾਵਤਾਂ ਵੀ ਵਰਤ ਹੁੰਦੀਆਂ ਹਨ ਜਿਵੇਂ ਬੇੜਾ ਪਾਰ ਕਰਾਉਣਾ, ਬੇੜੀ ਸੰਗ ਲੋਹਾ ਵੀ ਤਰ ਜਾਣਾ, ਬੇੜੀ ਬਹਿਣਾ ਜਾਂ ਬੇੜਾ ਗਰਕ ਹੋਣਾ, ਦੋ ਬੇੜੀਆਂ ਦਾ ਸਵਾਰ। ਕਿਸੇ ਨੂੰ ਸਰਾਪਮਈ ਗਾਲ ਕੱਢਣੀ ਹੋਵੇ ਤਾਂ ਕਹਿ ਦਈਦਾ ਹੈ, "ਤੇਰੀ ਬੇੜੀ ਬਹਿ ਜਾਏ।" ਬੇੜੀਆਂ 'ਚ ਵੱਟੇ ਪਾਉਣ ਵਾਲੇ ਵੀ ਬਥੇਰੇ ਹਨ ਤੇ ਮਿਹਰਬਾਨ ਵੀ ਜੋ ਬੇੜਾ ਬੰਨੇ ਲਾ ਦਿੰਦੇ ਹਨ। ਹੀਰ ਦੀ ਭਾਲ ਵਿਚ ਰਾਂਝਾ ਮਲਾਹ ਕੋਲ ਨਦੀ ਬੇੜੀ ਰਾਹੀਂ ਪਾਰ ਕਰਨ ਲਈ ਤਰਲੇ ਕਢਦਾ ਹੈ ਪਰ ਮਲਾਹ ਰਿਸ਼ਵਤ ਮੰਗਦਾ ਹੈ:

ਪੈਸਾ ਖੋਲ੍ਹ ਕੇ ਹੱਥ ਤੇ ਜੇ ਧਰੇਂ,
ਮੇਰੇ ਗੋਦੀ ਚਾਇ ਕੇ ਪਾਰ ਉਤਾਰਨਾ ਹਾਂ।
ਅਤੇ ਵੇਖਿਆ ਮੁਫਤ ਜੇ ਕੰਨ ਖਾਏਂ,
ਚਾ ਬੇੜਿਓਂ ਜਮੀਨ ਤੋਂ ਮਾਰਨਾ ਹਾਂ।
ਜਿਹੜਾ ਕੱਪੜਾ ਦੇਵੇ ਤੇ ਨਕਦ ਮੈਨੂੰ,
ਸਭੋ ਓਸ ਦੇ ਕੰਮ ਸਵਾਰਨਾ ਹਾਂ।
ਜ਼ੋਰਾਵਰੀ ਜੋ ਆਣ ਕੇ ਚੜ੍ਹੇ ਬੇੜੀ,
ਅਧਵਾਟੜੇ ਡੋਬ ਕੇ ਮਾਰਨਾ ਹਾਂ।
ਡੂਮਾਂ ਅਤੇ ਫਕੀਰਾਂ ਤੇ ਮੁਫਤਖੋਰਾਂ,
ਦੂਰੋਂ ਕੁੱਤਿਆਂ ਵਾਂਗ ਧਰਕਾਰਨਾ ਹਾਂ।
ਵਾਰਸ ਸ਼ਾਹ ਜਿਹੇ ਪੀਰ ਜ਼ਾਦਿਆਂ ਨੂੰ,
ਮੁੱਢੋਂ ਬੇੜੀ ਦੇ ਵਿਚ ਨਾ ਵਾੜਨਾ ਹਾਂ।

ਗੁਰਬਾਣੀ ਵਿਚ ਬੇੜੀ ਜਾਂ ਬੇੜਾ ਸ਼ਬਦ ਮਨੁੱਖ ਨੂੰ ਇਸ ਜਗਤ ਤੋਂ ਪਾਰ ਉਤਾਰੇ ਲਈ ਵਸੀਲੇ ਵਜੋਂ ਗੁਰੂ ਜਾਂ ਨਾਮ ਦੀ ਪ੍ਰਤੀਕ ਬਣਦੇ ਹਨ, "ਬੂਡਤ ਕਉ ਜੈਸੇ ਬੇੜੀ ਮਿਲਤ॥" (ਗੁਰੂ ਅਰਜਨ ਦੇਵ); "ਗੁਰ ਪਉੜੀ ਬੇੜੀ ਗੁਰ ਗੁਰ ਤੁਲਹਾ ਹਰਿ ਨਾਉ॥" (ਗੁਰੂ ਨਾਨਕ ਦੇਵ); "ਨਾਨਕ ਨਾਉ ਬੇੜਾ ਨਾਉ ਤੁਲਹੜਾ ਭਾਈ ਜਿਤੁ ਲਾਗਿ ਪਾਰਿ ਜਨ ਪਾਇ॥" (ਗੁਰੂ ਅਮਰ ਦਾਸ)। ਪ੍ਰੰਤੂ ਫਰੀਦ ਦੇ ਇਸ ਸਲੋਕ ਤੋਂ ਬੇੜੀ ਸ਼ਬਦ ਵਿਚ ਨਿਹਿਤ ਅਸਲੀ ਭਾਵਾਂ ਤੋਂ ਅਸੀਂ ਬੇੜੀ ਸ਼ਬਦ ਦੀ ਵਿਉਤਪਤੀ ਲਈ ਸੰਕੇਤ ਲਭ ਸਕਦੇ ਹਾਂ,

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ,
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ।

ਇਸ ਵਿਚਲੇ ਸੰਕੇਤ 'ਤੇ ਚਰਚਾ ਤੋਂ ਪਹਿਲਾਂ ਪਾਸੇ ਦਾ ਇਕ ਹੋਰ ਨੁਕਤਾ ਉਭਾਰਨਾ ਚਾਹੁੰਦਾ ਹਾਂ। ਸਲੋਕ ਵਿਚ ਤਰਣੁ ਸ਼ਬਦ ਆਇਆ ਹੈ ਜਿਸ ਦਾ ਭਾਈ ਸਾਹਿਬ ਸਿੰਘ ਸਮੇਤ ਕਈ ਹੋਰਾਂ ਨੇ ਅਰਥ ਸਰੋਵਰ ਆਦਿ ਵਿਚ ਤਰਨਾ ਹੀ ਕੀਤਾ ਹੈ (ਜਦ ਸਰੋਵਰ ਭਰ ਜਾਂਦਾ ਹੈ ਤਾਂ ਤਰਨਾ ਔਖਾ ਹੋ ਜਾਂਦਾ ਹੈ) ਪਰ ਸੰਸਕ੍ਰਿਤ ਵਿਚ ਤਰਣ ਦਾ ਅਰਥ ਉਹ ਮੁਕਾਮ ਹੈ ਜਿਥੇ ਤਰ ਕੇ ਜਾਣਾ ਹੁੰਦਾ ਹੈ ਅਰਥਾਤ ਮੰਜ਼ਲ। 'ਮਹਾਨ ਕੋਸ਼' ਨੇ ਸਵਰਗ ਵੀ ਲਿਖਿਆ ਹੈ। ਮੇਰੀ ਜਾਚੇ ਅਰਥ ਇਸ ਤਰ੍ਹਾਂ ਹੋਣਾ ਚਾਹੀਦਾ ਹੈ, ਜਦ ਸਰੋਵਰ ਭਰ ਕੇ ਉਛਲਣ ਲਗ ਜਾਂਦਾ ਹੈ ਤਾਂ ਪਾਰ-ਉਤਾਰਾ ਜਾਂ ਮੰਜ਼ਿਲ ਪ੍ਰਾਪਤੀ ਔਖੀ ਹੋ ਜਾਂਦੀ ਹੈ।



ਮਤਲਬ ਦੀ ਗੱਲ 'ਤੇ ਆਈਏ। ਇਸ ਸਲੋਕ ਤੋਂ ਪਤਾ ਲਗਦਾ ਹੈ ਕਿ ਬੇੜਾ ਜਾਂ ਬੇੜੀ ਕੋਈ ਬੰਨ ਕੇ ਬਣਾਇਆ ਜਾਣ ਵਾਲਾ ਜੁਗਾੜ ਹੈ। ਬੇੜੀ ਇਕ ਹੋਰ ਤਰ੍ਹਾਂ ਦੀ ਵੀ ਹੁੰਦੀ ਹੈ ਅਰਥਾਤ ਪਗਬੰਧਨ, ਜੌਲਾਨ ਜਾਂ ਹੱਥਕੜੀਆਂ ਵਾਂਗ ਪੈਰਾਂ 'ਤੇ ਲਾਈਆਂ ਜਾਣ ਵਾਲੀਆਂ ਜ਼ੰਜੀਰਾਂ। ਸਪੱਸ਼ਟ ਹੈ ਕਿ ਇਹ ਵੀ ਪੈਰਾਂ ਨੂੰ ਬੰਨ੍ਹਣ ਵਾਲੀ ਚੀਜ਼ ਹਨ ਜੋ ਅਧਿਆਤਮਕ ਪ੍ਰਸੰਗ ਵਿਚ ਮਾਇਆ ਦੇ ਬੰਧਨ ਦਾ ਪ੍ਰਤੀਕ ਬਣਦੀਆਂ ਹਨ, 'ਗੁਰਿ ਪੂਰੈ ਬੇੜੀ ਕਾਟੀ॥" (ਗੁਰੂ ਅਰਜਨ ਦੇਵ); 'ਪਾਵਹੁ ਬੇੜੀ ਹਾਥਹੁ ਤਾਲ॥' (ਭਗਤ ਨਾਮਦੇਵ)। ਦੋਨੋਂ ਅਰਥਾਂ ਵਾਲੀਆਂ ਬੇੜੀਆਂ ਵਿਚ ਬੰਨਣ ਦਾ ਭਾਵ ਨਿਕਲਦਾ ਹੈ। ਪੁਰਾਣੇ ਸਮੇਂ ਕਿਸ਼ਤੀ ਦੇ ਅਰਥਾਂ ਵਾਲੀ ਬੇੜੀ ਲੱਕੜਾਂ ਦੇ ਫੱਟੇ ਆਪੋ 'ਚ ਬੰਨ ਕੇ ਬਣਾਈ ਜਾਂਦੀ ਸੀ ਜਦ ਕਿ ਪੈਰਾਂ ਵਾਲੀ ਬੇੜੀ ਕੈਦੀ ਦੇ ਪੈਰਾਂ ਨੂੰ ਬੰਨਦੀ ਹੈ। ਬੇੜੀ ਲਈ ਅੰਗਰੇਜ਼ੀ ਸ਼ਬਦ ਬੋਟ ਹੈ ਜਿਸ ਦੀ ਧੁਨੀ ਬੇੜੀ ਨਾਲ ਮਿਲਦੀ-ਜੁਲਦੀ ਹੈ ਪਰ ਦੋਨਾਂ ਸ਼ਬਦਾਂ ਦਾ ਆਪਸ 'ਚ ਕੋਈ ਮੇਲ ਨਹੀਂ। ਇਤਫਾਕ ਦੀ ਗੱਲ ਹੈ ਕਿ ਸੰਸਕ੍ਰਿਤ ਵਿਚ ਬੋਟ ਸ਼ਬਦ ਬੇੜੀ ਦੇ ਅਰਥਾਂ 'ਚ ਮਿਲਦਾ ਹੈ ਪਰ ਸ਼ਾਇਦ ਪੋਤ ਤੋਂ ਬਣਿਆ ਹੈ, ਪੋਤ ਬਾਦਬਾਨ ਨੂੰ ਕਹਿੰਦੇ ਹਨ।

ਸੰਸਕ੍ਰਿਤ ਦੇ ਇਕ ਸ਼ਬਦ ਵੇਸ਼ਟ ਵਿਚ ਲਪੇਟਣ, ਵਲੇਟਣ, ਬੰਨਣ, ਘੁਮਾਉਣ, ਘੇਰਨ, ਭਰਨ ਆਦਿ ਦੇ ਭਾਵ ਹਨ। ਇਸੇ ਦਾ ਇਕ ਹੋਰ ਰੂਪ ਵਿਸ਼ਟ ਹੈ। ਦੋਨਾਂ ਸ਼ਬਦਾਂ ਵਿਚ ਵਿਸ਼ ਧਾਤੂ ਕੰਮ ਕਰ ਰਿਹਾ ਹੈ ਜਿਸ ਵਿਚ ਸਭ ਕੁਝ ਨੂੰ ਸਮਾ ਲੈਣ, ਵਿਆਪਨ, ਦਾਖਲ ਹੋਣ ਦੇ ਭਾਵ ਹਨ। ਇਹ ਵੇਸ਼ਟ ਹੀ ਬਦਲਦਾ ਬਦਲਦਾ ਪਹਿਲਾਂ ਵੇਡ, ਵੇਢ ਫਿਰ ਬੇੜ ਤੇ ਅੰਜ ਵਾਲਾ ਬੇੜਾ ਬਣ ਜਾਂਦਾ ਹੈ। ਬੇੜੀ ਦਾ ਮੁਢਲਾ ਰੂਪ ਵੇਢਿਕਾ ਹੈ। ਵੱਟ ਦੇ ਕੇ ਮੇਲੇ ਹੋਏ ਪਰਾਲੀ ਦੇ ਰੱਸੇ ਨੂੰ ਬੇੜ ਕਿਹਾ ਜਾਂਦਾ ਹੈ ਜੋ ਵਾਢੀ ਦੇ ਦਿਨੀਂ ਕਣਕ ਦੀਆਂ ਭਰੀਆਂ ਬੰਨਣ ਦੇ ਕੰਮ ਆਉਂਦਾ ਹੈ। ਗੁਰਬਾਣੀ ਵਿਚ ਬੇੜੁ ਦਾ ਅਰਥ ਬੇੜਾ ਵੀ ਹੈ, "ਸਤਿਗੁਰੁ ਬੋਹਿਥੁ ਬੇੜੁ ਸਚਾ ਰਖਸੀ॥" (ਗੁਰੂ ਨਾਨਕ ਦੇਵ)। ਦਿਲਚਸਪ ਗੱਲ ਹੈ ਕਿ 'ਮਹਾਨ ਕੋਸ਼' ਵਿਚ ਬੇੜ ਦਾ ਅਰਥ 'ਵੇਸ਼ਟਨ ਕੀਤਾ ਰੱਸਾ' ਵੀ ਦਿੱਤਾ ਹੋਇਆ ਹੈ ਜਿਵੇਂ ਕਿਤੇ ਆਮ ਆਦਮੀ ਵੇਸ਼ਟਨ ਦਾ ਅਰਥ ਸਮਝਦਾ ਹੋਵੇ। ਇਸੇ ਤਰ੍ਹਾਂ ਵੇਢਨ ਜਾਂ ਵੇਸ਼ਟਨ ਕਰਨ ਵਾਲਾ ਬੇਢ ਕਹਾਉਂਦਾ ਹੈ। ਬੇਢ ਹੁੰਦਾ ਹੈ ਰੱਸੀਆਂ ਨਾਲ ਘਾਸ ਫੂਸ ਨੂੰ ਲਪੇਟ ਬੰਨ ਕੇ ਛੱਪਰ ਬਣਾਉਣ ਵਾਲਾ ਕਾਰੀਗਰ। ਭਗਤ ਨਾਮਦੇਵ ਨੇ ਇਹ ਸ਼ਬਦ ਕਈ ਵਾਰੀ ਵਰਤਿਆ ਹੈ, "ਮੋ ਕਉ ਬੇਢੀ ਦੇ ਗੁਣ ਸੁਨਿ ਰੀ ਬਾਈ ਜਲਧਿ ਬਾਂਧ ਧ੍ਰੂ ਥਾਪਿਓ ਹੋ॥" (ਭਗਤ ਨਾਮਦੇਵ)। ਇਹ ਸ਼ਬਦ ਕਿਰਿਆ ਰੂਪ ਵਿਚ ਵੀ ਵਲੇਟਣ ਆਦਿ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ, 'ਮਲਿਆਗਰੁ ਭੁਇਅੰਗਮ ਬੇਢਿਓ ਤ ਸੀਤਲਤਾ ਨ ਤਜੰਤ॥' (ਭਗਤ ਕਬੀਰ)। ਇਨ੍ਹਾਂ ਹੀ ਅਰਥਾਂ 'ਚ ਅਜੋਕੀ ਪੰਜਾਬੀ ਵਿਚ ਬੇੜਨਾ ਜਾਂ ਵੇੜ੍ਹਨਾ ਸ਼ਬਦ ਵੀ ਵਰਤੇ ਜਾਂਦੇ ਹਨ, "ਮਨ ਜੰਜਾਲੀ ਵੇੜਿਆ ਭੀ ਜੰਜਾਲਾ ਮਾਹਿ॥" (ਗੁਰੂ ਨਾਨਕ ਦੇਵ); "ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ" ਭਾਵ ਉਸ ਦੀ ਕਸਤੂਰੀ ਵਾਲੀ ਗੰਧ ਤਾਂ ਉਡ ਗਈ ਪਰ ਹਿੰਗ (ਦੀ ਬੋ) ਨਾਲ ਲਿਪਟੀ ਰਹਿ ਗਈ। ਬੇੜੀਆ ਇਕ ਨੱਚਣ ਵਾਲੀ ਜਾਤੀ ਵੀ ਹੈ, ਇਨ੍ਹਾਂ ਦੀਆਂ ਔਰਤਾਂ ਲਿਪਟ ਲਿਪਟ ਕੇ ਨੱਚਦੀਆਂ ਹਨ।

ਏਨੀ ਬੇੜ ਬੇੜ ਕਰਨ ਪਿਛੋਂ ਭਾਗਾਂ ਵਾਲੇ ਵਿਹੜੇ ਦੀ ਵਿਉਤਪਤੀ ਤੱਕ ਅਸੀਂ ਸਹਿਜੇ ਹੀ ਪਹੁੰਚ ਸਕਦੇ ਹਾਂ। ਪਹਿਲਾਂ ਇਹ ਜਾਣ ਲਈਏ ਕਿ ਸੂਫੀ ਵਿਹੜੇ ਬਾਰੇ ਕੀ ਫਰਮਾਉਂਦੇ ਹਨ:



ਜਿਸ ਸਜਣ ਨੂੰ ਮੈਂ ਢੂੰਡੇਦੀ ਵਤਾਂ,
ਸੋ ਸਜਣ ਮੈਂ ਪਾਇਆ ਹੀ
ਵੇਹੜਾ ਤਾਂ ਅੰਙਣੁ ਮੇਰਾ,
ਭਇਆ ਸੁਹਾਵਣਾ,
ਮਾਥੇ ਨੂਰ ਸੁਹਾਇਆ ਹੀ। -ਸ਼ਾਹ ਹੁਸੈਨ

---

ਏਥੇ ਦੁਨੀਆਂ ਵਿਚ ਅਨ੍ਹੇਰਾ ਏ,
ਇਹ ਤਿਲਕਣ ਬਾਜ਼ੀ ਵਿਹੜਾ ਏ,
ਵੜ ਅੰਦਰ ਵੇਖੋ ਕਿਹੜਾ ਏ,
ਕਿਉਂ ਖਫਤਣ ਬਾਹਰ ਢੂੰਡੇਦੀ ਏ।
ਮੂੰਹ ਆਈ ਬਾਤ ਨਾ ਰਹਿੰਦੀ ਏ।
-ਬੁਲ੍ਹੇ ਸ਼ਾਹ

ਇਕ ਕਹਾਵਤ ਵੀ ਹੋ ਜਾਏ, 'ਇੱਕ ਹੋ ਜਾਏ ਕਮਲਾ ਤਾਂ ਸਮਝਾਏ ਵਿਹੜਾ, ਵਿਹੜਾ ਹੋ ਜਾਏ ਕਮਲਾ ਤਾਂ ਸਮਝਾਏ ਕਿਹੜਾ?' ਇਸ ਤਰ੍ਹਾਂ ਵਿਹੜਾ ਸ਼ਬਦ ਰਿਹਾਇਸ਼ ਦਾ ਅਰਥਾਵਾਂ ਵੀ ਹੈ। ਵਿਹੜਾ ਉਹ ਥਾਂ ਹੈ ਜੋ ਚਾਰੇ ਪਾਸਿਓਂ ਮਕਾਨ ਜਾਂ ਕੰਧਾਂ ਨਾਲ ਵਲਿਆ ਹੁੰਦਾ ਹੈ। ਸੰਸਕ੍ਰਿਤ ਵਿਚ ਵਿਹੜੇ ਲਈ ਵੇਸ਼ਟ ਜਾਂ ਵੇਸ਼ਟਕਮ ਸ਼ਬਦ ਹਨ। ਸਿਰ 'ਤੇ ਬੰਨੇ ਜਾਂ ਲਪੇਟੇ ਜਾਣ ਕਰਕੇ ਪੱਗ, ਪਰਨੇ, ਸਾਫੇ ਜਾਂ ਕਮਰਬੰਦ ਲਈ ਵੀ ਵੇਸ਼ਟ ਜਾਂ ਵੇਸ਼ਟਕਮ ਸ਼ਬਦ ਵਰਤੇ ਜਾਂਦੇ ਹਨ। ਵਿਹੜੇ ਦਾ ਵਿਸਤ੍ਰਿਤ ਅਰਥ ਬਾਲਮੀਕੀਆਂ ਦੀ ਬਸਤੀ ਵੀ ਹੈ, ਭਾਵ ਉਹ ਥਾਂ ਜੋ ਬਾਲਮੀਕਿਆਂ ਦੇ ਘਰਾਂ ਨਾਲ ਘਿਰੀ ਹੋਵੇ।

ਹੁਣ ਜ਼ਰਾ ਖਾਣ ਪੀਣ ਦੀ ਗੱਲ ਕਰ ਲਈਏ। ਬਹੁਤ ਸਾਰਿਆਂ ਨੇ ਬੇੜਮੀ ਰੋਟੀ ਸੁਣੀ ਹੋਵੇਗੀ ਤੇ ਸ਼ਾਇਦ ਕਈਆਂ ਨੇ ਖਾਧੀ ਵੀ ਹੋਵੇ। ਬੇੜਮੀ ਰੋਟੀ ਨੂੰ ਬੇੜਮੀ ਪੂਰੀ ਵੀ ਆਖਦੇ ਹਨ ਤੇ ਇਕੱਲੀ ਬੇੜਮੀ ਵੀ। ਇਹ ਮੁਖ ਤੌਰ 'ਤੇ ਬ੍ਰਿਜ ਆਂਚਲ ਦਾ ਮਨਪਸੰਦ ਨਾਸ਼ਤਾ ਹੈ। ਇਸ ਦਾ ਇਕ ਹੋਰ ਨਾਂ ਕਚੌਰੀ ਹੈ। ਆਮ ਤੌਰ 'ਤੇ ਕਰਵਾ ਚੌਥ ਵਰਤ ਤੋੜਨ ਸਮੇਂ ਬੇੜਮੀ ਰੋਟੀ ਖਾਧੀ ਜਾਂਦੀ ਹੈ। ਇਸ ਵਾਰ ਮੈਂ ਇੰਡੀਆ ਗਿਆ ਤਾਂ ਸਾਂਢੂ ਸਾਹਿਬ ਨੇ ਦਿੱਲੀ ਦੇ ਮਸ਼ਹੂਰ ਮਹਾ ਲਕਸ਼ਮੀ ਮਿਸ਼ਠਾਨ ਭੰਡਾਰ ਤੋਂ ਇਸ ਵਿਅੰਜਨ ਨਾਲ ਪੇਟ ਤਾਂ ਤੁੰਨ ਕੇ ਭਰ ਲਿਆ ਪਰ ਮਨ ਨਾ ਭਰਿਆ। ਇਹ ਰੋਟੀ ਜਾਂ ਪੂਰੀ ਬਣਾਉਣ ਲਈ ਆਟੇ ਤੇ ਸੂਜੀ ਦੇ ਪੇੜੇ ਵਿਚ ਮਾਂਹ ਦੀ ਪੀਠੀ ਅਤੇ ਹੋਰ ਮਸਾਲੇ ਵੇੜ ਕੇ ਤੇ ਵੇਲ ਕੇ ਤਲਿਆ ਜਾਂਦਾ ਹੈ। 'ਮੋਨੀਅਰ ਵਿਲੀਅਮਜ਼ ਦੇ ਸੰਸਕ੍ਰਿਤ ਅੰਗਰੇਜ਼ੀ ਕੋਸ਼', ਟਰਨਰ ਦੇ 'ਹਿੰਦ ਆਰਿਆਈ ਭਾਸ਼ਾ' ਕੋਸ਼ ਅਤੇ 'ਮਹਾਨ ਕੋਸ਼' ਵਿਚ ਇਸ ਸ਼ਬਦ ਦਾ ਸੰਸਕ੍ਰਿਤ ਰੂਪ ਵੇਢਮਿਕਾ ਦਿੱਤਾ ਗਿਆ ਹੈ ਜਿਸ ਦਾ ਭਾਵ ਹੈ ਕਿ ਇਹ ਪਕਵਾਨ ਸਾਡੇ ਦੇਸ਼ ਵਿਚ ਚਿਰ ਤੋਂ ਖਾਧਾ ਜਾਂਦਾ ਰਿਹਾ ਹੈ। ਵਡਨੇਰਕਾਰ ਅਨੁਸਾਰ ਬੇੜਮੀ ਸ਼ਬਦ ਦਾ ਵਿਕਾਸ ਇਸ ਤਰ੍ਹਾਂ ਹੋਇਆ ਹੋਵੇਗਾ: ਵੇਢਮਿਕਾ> ਵੇਢਮਿਆ>ਬੇੜਮੀ। ਵੇਸ਼ਟ ਸ਼ਬਦ ਵਿਚ ਸਮਾਏ ਭਰਨ, ਲਪੇਟਣ, ਘੇਰਨ ਆਦਿ ਦੇ ਭਾਵ ਇਸ ਦੀ ਤਿਆਰੀ ਦੀ ਕਿਰਿਆ ਵਿਚ ਸਹੀ ਜਾਪਦੇ ਹਨ।

# ਲੋਕ ਨਾਟ ਪਰੰਪਰਾ-ਰਾਸ ਲੀਲ੍ਹਾ

ਲੋਕ ਸਭਿਆਚਾਰ

ਪੁਰਾਤਨ ਸਮੇਂ ਤੋਂ ਹੀ ਲੋਕ ਨਾਟ ਪੰਜਾਬੀ ਜਨ ਸਾਧਾਰਨ ਲਈ ਮਨੋਰੰਜਨ ਦਾ ਵਿਸ਼ੇਸ਼ ਸਾਧਨ ਰਹੇ ਹਨ। ਰਾਸ ਲੀਲ੍ਹਾ ਪੰਜਾਬੀਆਂ ਦਾ ਹਰਮਨ ਪਿਆਰਾ ਲੋਕ ਨਾਟ ਹੈ, ਜੋ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਦੇ ਨਾਲ ਨਾਲ ਉਨ੍ਹਾਂ ਦੀਆਂ ਸੁਹਜਾਤਮਕ ਰੁਚੀਆਂ ਵੀ ਸੰਤੁਸ਼ਟ ਕਰਦਾ ਹੈ।

ਸੁਖਦੇਵ ਮਾਦਪੁਰੀ
ਫੋਨ: 91-94630-34472

ਰਾਸ ਲੀਲ੍ਹਾ ਦਾ ਮੁੱਢ ਭਗਤੀ ਲਹਿਰ ਸਮੇਂ ਤੋਂ ਬਝਦਾ ਹੈ ਜਦੋਂ ਵੈਸ਼ਨਵ ਮੱਤ ਦੇ ਸ਼ਰਧਾਲੂ ਬ੍ਰਿਜ ਦੇ ਮੰਦਿਰਾਂ ਵਿਚ ਕ੍ਰਿਸ਼ਨ ਮਹਾਰਾਜ ਦੀਆਂ ਮੂਰਤੀਆਂ ਦੁਆਲੇ ਸ਼ਰਧਾ ਭਾਵਨਾ ਨਾਲ ਨੱਚਿਆ ਕਰਦੇ ਸਨ। ਉਹ ਭਗਤੀ ਭਾਵਨਾ ਦੇ ਭਜਨਾਂ ਦੇ ਨਾਲ ਕ੍ਰਿਸ਼ਨ ਜੀ ਦੀ ਬਾਲ ਲੀਲ੍ਹਾ ਅਤੇ ਗੋਪੀਆਂ ਨਾਲ ਰਚਾਏ ਪ੍ਰੇਮ ਪ੍ਰਸੰਗਾਂ ਨੂੰ ਸਵਾਂਗਾਂ ਰਾਹੀਂ ਵੀ ਪੇਸ਼ ਕਰਿਆ ਕਰਦੇ ਸਨ। 15-16ਵੀਂ ਸਦੀ ਵਿਚ ਲੋਕ ਕਲਾਕਾਰਾਂ ਨੇ ਜਨਸਧਾਰਨ ਦੀਆਂ ਧਾਰਮਿਕ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਕ੍ਰਿਸ਼ਨ ਜੀ ਦੀ ਜੀਵਨ ਲੀਲ੍ਹਾ ਨੂੰ ਮੰਦਰਾਂ ਵਿਚੋਂ ਕੱਢ ਕੇ ਕਸਬਿਆਂ ਅਤੇ ਪਿੰਡਾਂ ਵਿਚ ਲੋਕ ਨਾਟਕਾਂ ਰਾਹੀਂ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਤੇ ਆਮ ਲੋਕਾਂ ਨੇ ਇਨ੍ਹਾਂ ਨੂੰ ਅਪਨਾ ਲਿਆ। ਇੰਜ ਇਹ ਰਾਸ ਲੀਲ੍ਹਾ ਦੇ ਨਾਂ ਨਾਲ ਲੋਕ ਨਾਟ ਪਰੰਪਰਾ ਚਾਲੂ ਹੋ ਗਈ। ਰਾਸ ਪਾਉਣ ਵਾਲਿਆਂ ਨੂੰ ਰਾਸਧਾਰੀਏ ਕਿਹਾ ਜਾਂਦਾ ਹੈ।

ਰਾਸ ਲੀਲ੍ਹਾ ਕਿਸੇ ਪੱਧਰੀ ਥਾਂ ਉਤੇ ਜਾਂ ਤਖ਼ਤਪੋਸ਼ ਜੋੜ ਕੇ ਬਣਾਏ ਮੰਚ ਜਾਂ ਕਿਸੇ ਥੜ੍ਹੇ ਉਤੇ ਖੇਡੀ ਜਾਂਦੀ ਸੀ ਜਿਸ ਵਿਚ ਕ੍ਰਿਸ਼ਨ ਜੀ ਦੇ ਜੀਵਨ ਬਿਰਤਾਂਤ ਨੂੰ ਪੇਸ਼ ਕਰਦੀਆਂ ਝਾਕੀਆਂ ਪੇਸ਼ ਕੀਤੀਆਂ ਜਾਂਦੀਆਂ ਸਨ। ਬਿੰਦਰਾਬਨ ਤੇ ਮਥੁਰਾ, ਜਿੱਥੇ ਕ੍ਰਿਸ਼ਨ ਦਾ ਬਾਲਪਨ ਬੀਤਿਆ, ਰਾਸ ਲੀਲ੍ਹਾ ਦੇ ਜਨਮ ਅਸਥਾਨ ਵਜੋਂ ਜਾਣੇ ਜਾਂਦੇ ਹਨ। ਕ੍ਰਿਸ਼ਨ ਦੀ ਇਸ ਧਰਤੀ 'ਤੇ ਅਨੇਕਾਂ ਮੰਦਰ ਹਨ, ਜਿਨ੍ਹਾਂ ਨਾਲ ਰਾਸ ਲੀਲ੍ਹਾ ਦੀਆਂ ਮੰਡਲੀਆਂ ਜੁੜੀਆਂ ਹੋਈਆਂ ਸਨ। ਇਨ੍ਹਾਂ ਮੰਡਲੀ ਵਾਲਿਆਂ ਨੂੰ ਦੂਰ ਦੁਰਾਡੇ ਤੋਂ ਰਾਸ ਲੀਲ੍ਹਾ ਪਾਉਣ ਦੇ ਸੱਦੇ ਆਉਂਦੇ ਸਨ।

ਪੰਜਾਬ ਵਿਚ ਰਾਸ ਲੀਲ੍ਹਾ ਦੀ ਪਰੰਪਰਾ ਬਹੁਤ ਪੁਰਾਣੀ ਹੈ। ਕੀ ਬੱਚੇ, ਕੀ ਜਵਾਨ, ਕੀ ਬੁੱਢੇ, ਮਰਦ-ਔਰਤਾਂ ਰਾਸ ਭਗਤੀ ਭਾਵਨਾ ਅਤੇ ਆਤਮਕ ਤ੍ਰਿਪਤੀ ਲਈ ਬੜੇ ਚਾਅ ਨਾਲ ਦੇਖਦੇ ਸਨ। ਕ੍ਰਿਸ਼ਨ ਅਵਤਾਰ ਭਾਰਤੀ ਜਨ ਸਾਧਾਰਨ ਦਾ ਹਰਮਨ ਪਿਆਰਾ ਰੰਗੀਲੇ ਅਤੇ ਅਲਬੇਲੇ ਸੁਭਾਅ ਦਾ ਮਾਲਿਕ ਇੱਕ ਅਜਿਹਾ ਅਵਤਾਰ ਹੈ ਜਿਸ ਦੀ ਜੀਵਨ ਲੀਲ੍ਹਾ ਰਸ ਭਰਪੂਰ ਹੈ। ਬਾਲ ਅਵਸਥਾ ਵਿਚ ਉਹ ਪਾਣੀ ਭਰਨ ਜਾਂਦੀਆਂ ਗੋਪੀਆਂ ਦੇ ਘੜੇ ਗੁਲੇਲਾਂ ਨਾਲ ਭੰਨਦਾ ਹੈ, ਕਿਧਰੇ ਚਾਟੀਆਂ 'ਚੋਂ ਮੱਖਣ ਚੋਰੀ ਕਰਦਾ ਹੈ ਅਤੇ ਜਵਾਨ ਹੋ ਕੇ ਰਾਧਾ ਅਤੇ ਹੋਰ ਅਨੇਕਾਂ ਗੋਪੀਆਂ ਨਾਲ ਕਈ ਪ੍ਰਕਾਰ ਦੇ ਚੋਹਲ ਕਰਦਾ ਹੈ। ਰਾਸ ਲੀਲ੍ਹਾ ਦੇ ਰੰਗਮੰਚ 'ਤੇ ਪੇਸ਼ ਕੀਤੀਆਂ ਜਾਂਦੀਆਂ ਕ੍ਰਿਸ਼ਨ ਜੀ ਦੇ ਜੀਵਨ ਨਾਲ ਜੁੜੀਆਂ ਰਸ ਭਰਪੂਰ ਝਾਕੀਆਂ ਦਰਸ਼ਕਾਂ ਦਾ ਮਨ ਮੋਹ ਲੈਂਦੀਆਂ ਸਨ।


ਚੰਨ ਚਾਨਣੀਆਂ ਰਾਤਾਂ ਵਿਚ ਜਾਂ ਗੈਸਾਂ ਦੇ ਚਾਨਣ ਵਿਚ ਰਾਤ ਸਮੇਂ ਰਾਸ ਲੀਲ੍ਹਾ ਖੇਡੀ ਜਾਂਦੀ ਸੀ। ਰਾਸਧਾਰੀਆਂ ਦੀ ਟੋਲੀ ਵਿਚ ਸਾਜਿੰਦੇ, ਗਵੱਈਏ ਤੇ ਛੋਟੀ ਉਮਰ ਦੇ ਕੁਝ ਨਚਾਰ ਮੁੰਡੇ ਹੁੰਦੇ ਸਨ, ਜਿਨ੍ਹਾਂ ਵਿਚ ਇਕ ਮਜ਼ਾਹੀਆ ਪਾਤਰ ਵੀ ਹੁੰਦਾ ਸੀ ਜਿਸ ਨੂੰ 'ਨਾਰਦ' ਆਖਦੇ ਹਨ। ਕਿਸੇ ਸੁਨੱਖੇ ਤੇ ਔਰਤਾਂ ਵਾਲੇ ਨੈਣ-ਨਕਸ਼ ਵਾਲੇ ਮੁੰਡੇ ਨੂੰ ਹਾਰ-ਸ਼ਿੰਗਾਰ ਲਾ ਕੇ, ਉਹਦੀਆਂ ਅੱਖਾਂ 'ਚ ਕਜਲਾ ਪਾ ਕੇ ਤੇ ਹੱਥ ਵਿਚ ਬੰਸਰੀ ਫੜਾ ਕੇ ਤੇ ਸਿਰ 'ਤੇ ਮੋਰ ਮੁਕਟ ਸਜਾ ਕੇ ਕ੍ਰਿਸ਼ਨ ਬਣਾ ਦਿੱਤਾ ਜਾਂਦਾ ਸੀ...ਦਰਸ਼ਕ ਉਸ ਨੂੰ ਨਮਸਕਾਰ ਕਰਦੇ ਸਨ। ਛੋਟੀ ਉਮਰ ਦੇ ਮੁੰਡੇ ਹੀ ਰਾਧਾ ਅਤੇ ਗੋਪੀਆਂ ਦਾ ਅਭਿਨੈ ਕਰਦੇ ਸਨ। ਮੰਚ ਉਤੇ ਕ੍ਰਿਸ਼ਨ ਜੀ ਦੇ ਜੀਵਨ ਬਿਰਤਾਂਤ ਦੀਆਂ ਅਨੇਕ ਝਾਕੀਆਂ ਮੂਰਤੀਮਾਨ ਕੀਤੀਆਂ ਜਾਂਦੀਆਂ ਸਨ, ਜਿਨ੍ਹਾਂ ਦਾ ਦਰਸ਼ਕ ਖ਼ੂਬ ਅਨੰਦ ਮਾਣਦੇ। ਰਾਸ ਲੀਲ੍ਹਾ ਵਿਚ ਲੋਕ ਸੰਗੀਤ ਦੀਆਂ ਧੁਨਾਂ, ਨਾਚ ਅਤੇ ਅਭਿਨੈ ਦਾ ਸੁਮੇਲ ਦਰਸ਼ਕਾਂ ਉਤੇ ਅਜਿਹਾ ਪ੍ਰਭਾਵ ਪਾਉਂਦਾ ਕਿ ਉਹ ਮੰਤਰ ਮੁਗਧ ਹੋਏ ਸਾਰੀ-ਸਾਰੀ ਰਾਤ ਰਾਸ ਦੇਖਦਿਆਂ ਬਤੀਤ ਕਰ ਦੇਂਦੇ।



ਪਹਿਲਾਂ ਪਹਿਲਾਂ ਰਾਸ ਲੀਲ੍ਹਾ ਵਿਚ ਕ੍ਰਿਸ਼ਨ ਲੀਲ੍ਹਾ ਦਾ ਵਿਸ਼ਾ ਪ੍ਰਧਾਨ ਰਿਹਾ ਹੈ ਪਰੰਤੂ ਮਗਰੋਂ ਰਾਸਧਾਰੀਆਂ ਨੇ ਆਮ ਲੋਕਾਂ ਦੀ ਪਸੰਦ ਤੇ ਮੰਗ ਨੂੰ ਮੁੱਖ ਰੱਖਦਿਆਂ ਪੰਜਾਬ ਦੇ ਲੋਕ ਨਾਇਕਾਂ, ਰਾਜਾ ਭਰਥਰੀ ਹਰੀ, ਪੂਰਨ ਭਗਤ, ਗੋਪੀ ਚੰਦ, ਰਾਜਾ ਰਸਾਲੂ, ਕੀਮਾ-ਮਲਕੀ, ਸੋਹਣੀ-ਮਹੀਂਵਾਲ, ਹੀਰ-ਰਾਂਝਾ ਅਤੇ ਮਿਰਜ਼ਾ-ਸਾਹਿਬਾਂ ਦੀਆਂ ਪ੍ਰੀਤ ਕਹਾਣੀਆਂ ਵਿਚੋਂ ਵੀ ਰਸੀਲੀਆਂ ਝਲਕੀਆਂ ਪੇਸ਼ ਕਰਨੀਆਂ ਸ਼ੁਰੂ ਕਰ ਦਿੱਤੀਆਂ। ਲੋਕ ਜੀਵਨ ਵਿਚ ਵਾਪਰੀਆਂ ਅਨੇਕਾਂ ਦਿਲਚਸਪ ਘਟਨਾਵਾਂ ਨੂੰ ਵੀ ਉਹ ਮੰਚ 'ਤੇ ਪੇਸ਼ ਕਰਕੇ ਦਰਸ਼ਕਾਂ ਦਾ ਮਨੋਰੰਜਨ ਕਰਦੇ।

ਰਾਸ ਪਾਉਣ ਦੀ ਇਹ ਪਰੰਪਰਾ ਅੱਜਕਲ੍ਹ ਸਮਾਪਤ ਹੀ ਹੋ ਗਈ ਹੈ।

# ਬਲਦੇ ਭਾਂਬੜ ਲੈ ਕੇ ਆਈ ਸੋਨਾਕਸ਼ੀ ਸਿਨਹਾ






ਸੋਨਾਕਸ਼ੀ ਸਿਨਹਾ ਨੂੰ ਅੱਜ ਕੱਲ੍ਹ ਆਪਣੀ ਨਵੀਂ ਫਿਲਮ 'ਅਕੀਰਾ' ਦਾ ਚਾਅ ਚੜ੍ਹਿਆ ਹੋਇਆ ਹੈ ਜੋ ਸਤੰਬਰ ਵਿਚ ਰਿਲੀਜ਼ ਹੋਣੀ ਹੈ। ਉਹ ਤਾਂ ਇਹ ਵੀ ਆਖ ਰਹੀ ਹੈ ਕਿ ਉਹ 'ਅਕੀਰਾ' ਫਿਲਮ ਕਰਨ ਲਈ ਹੀ ਜੰਮੀ ਸੀ। ਅਸਲ ਵਿਚ ਇਸ ਫਿਲਮ ਦਾ ਸਾਰਾ ਦਾਰੋਮਦਾਰ ਸੋਨਾਕਸ਼ੀ ਸਿਨਹਾ ਉਤੇ ਹੈ ਅਤੇ ਫਿਲਮ ਵਿਚ ਮੁੱਖ ਕਿਰਦਾਰ ਵੀ ਨਾਇਕਾ ਦਾ ਹੀ ਹੈ। ਉਸ ਤੋਂ ਇਲਾਵਾ ਮਿਥੁਨ ਚੱਕਰਵਰਤੀ ਅਤੇ ਕੋਨਕਨਾ ਸੇਨ ਸ਼ਰਮਾ ਨੇ ਵੀ ਫਿਲਮ ਵਿਚ ਅਹਿਮ ਭੂਮਿਕਾਵਾਂ ਨਿਭਾਇਆਂ ਹਨ। ਇਹ ਫਿਲਮ ਐਕਸ਼ਨ ਥ੍ਰਿਲਰ ਹੈ ਅਤੇ ਸਾਰੀ ਕਹਾਣੀ ਨਾਇਕਾ ਦੁਆਲੇ ਹੀ ਘੁੰਮਦੀ ਹੈ। ਸੋਨਾਕਸ਼ੀ ਦੱਸਦੀ ਹੈ ਕਿ ਉਸ ਨੇ ਇਹ ਫਿਲਮ ਸਾਈਨ ਕਰਨ ਤੋਂ ਪਹਿਲਾਂ ਆਪਣੇ ਮਾਪਿਆਂ ਨਾਲ ਵੀ ਇਸ ਬਾਰੇ ਮਸ਼ਵਰਾ ਕੀਤਾ ਸੀ। ਉਨ੍ਹਾਂ ਨੂੰ ਵੀ ਇਸ ਫਿਲਮ ਦੀ ਕਹਾਣੀ ਬੜੀ ਜਾਨਦਾਰ ਲੱਗੀ ਸੀ।

ਸੋਨਾਕਸ਼ੀ ਸਿਨਹਾ ਨੇ 6 ਸਾਲ ਪਹਿਲਾਂ 2010 ਵਿਚ ਫਿਲਮ ਜਗਤ ਵਿਚ ਫਿਲਮ 'ਦਬੰਗ' ਨਾਲ ਪਰਵੇਸ਼ ਕੀਤਾ ਸੀ। ਇਸ ਪਹਿਲੀ ਹੀ ਫਿਲਮ ਨਾਲ ਉਹ ਪਹਿਲੀ ਕਤਾਰ ਦੀਆਂ ਨਾਇਕਾਵਾਂ ਵਿਚ ਸ਼ਾਮਲ ਹੋ ਗਈ ਸੀ। ਫਿਲਮ ਵਿਚ ਉਸ ਦਾ ਨਾਇਕ ਭਾਵੇਂ ਸਲਮਾਨ ਖਾਨ ਵਰਗਾ ਅਦਾਕਾਰ ਸੀ ਜਿਸ ਅੱਗੇ ਹੋਰ ਅਦਾਕਾਰ ਅਕਸਰ ਫਿੱਕੇ ਪੈ ਜਾਂਦੇ ਹਨ, ਪਰ ਇਸ ਦੇ ਬਾਵਜੂਦ ਇਸ ਫਿਲਮ ਲਈ ਸੋਨਾਕਸ਼ੀ ਸਿਨਹਾ ਦੀਆਂ ਖੂਬ ਸਿਫਤਾਂ ਹੋਈਆਂ ਅਤੇ ਅਗਾਂਹ ਉਸ ਲਈ ਫਿਲਮਾਂ ਦੀ ਕੋਈ ਤੋਟ ਨਹੀਂ ਰਹੀ। ਉਸ ਦੀਆਂ ਕਈ ਫਿਲਮਾਂ ਭਾਵੇਂ ਬੜੀਆਂ ਸਫਲ ਰਹੀਆਂ ਹਨ, ਪਰ ਉਸ ਨੂੰ ਅਸਲ ਅਦਾਕਾਰੀ ਦੇ ਜੌਹਰ ਦਿਖਾਉਣ ਦਾ ਮੌਕਾ ਫਿਲਮ 'ਵੰਨਸ ਅਪੌਨ ਏ ਟਾਈਮ ਇਨ ਮੁੰਬਈ ਦੁਬਾਰਾ' ਵਿਚ ਹੀ ਮਿਲਿਆ ਸੀ। ਹੁਣ 'ਅਕੀਰਾ' ਫਿਲਮ ਵਿਚ ਉਸ ਨੂੰ ਇਹ ਮੌਕਾ ਇਕ ਵਾਰ ਫਿਰ ਮਿਲਿਆ ਹੈ। ਇਸ ਫਿਲਮ ਦਾ ਡਾਇਰੈਕਟਰ ਏ.ਆਰ. ਮੁਰੁਗਦਾਸ ਇਸ ਤੋਂ ਪਹਿਲਾਂ 'ਗਜਨੀ' ਅਤੇ 'ਹੋਲੀਡੇਅ' ਵਰਗੀਆਂ ਸਫਲ ਫਿਲਮਾਂ ਬਣਾ ਚੁੱਕਾ ਹੈ। ਫਿਲਮ 'ਗਜਨੀ' ਵਿਚ ਨਾਇਕ ਦੀ ਭੂਮਿਕਾ ਅਮੀਰ ਖਾਨ ਨੇ ਨਿਭਾਈ ਸੀ। 'ਹੋਲੀਡੇਅ' ਵਿਚ ਸੋਨਾਕਸ਼ੀ ਸਿਨਹਾ ਅਤੇ ਅਕਸ਼ੈ ਕੁਮਾਰ ਦੀਆਂ ਮੁੱਖ ਭੂਮਿਕਾਵਾਂ ਸਨ। ਸੋਨਾਕਸ਼ੀ ਸਿਨਹਾ ਦਾ ਕਹਿਣਾ ਹੈ ਕਿ 'ਅਕੀਰਾ' ਉਸ ਲਈ ਅਗਲੀ ਦੁਨੀਆ ਦੇ ਰਾਹ ਖੋਲ੍ਹੇਗੀ। ਉਹ ਅੱਜ ਕੱਲ੍ਹ 'ਫੋਰਸ-2' ਅਤੇ 'ਨੂਰ' ਫਿਲਮਾਂ ਦੀ ਸ਼ੂਟਿੰਗ ਵਿਚ ਰੁਝੀ ਹੋਈ ਹੈ। -0-

# ਅਦਨਾਨ ਦੀ ਅਦਾ



ਪਾਕਿਸਤਾਨ ਦਾ ਇਕ ਹੋਰ ਦਮਦਾਰ ਅਦਾਕਾਰ ਅਦਨਾਨ ਸਿਦੀਕੀ ਮਸ਼ਹੂਰ ਅਦਾਕਾਰਾ ਸ੍ਰੀਦੇਵੀ ਦੀ ਅਗਲੀ ਫਿਲਮ 'ਮੌਮ' ਨਾਲ ਹਿੰਦੀ ਫਿਲਮਾਂ ਦੀ ਦੁਨੀਆ ਵਿਚ ਦਾਖ਼ਲ ਹੋ ਰਿਹਾ ਹੈ। ਅਦਨਾਨ ਸਿਦੀਕੀ ਦੱਸਦਾ ਹੈ ਕਿ ਉਸ ਨੂੰ 'ਮੌਮ' ਤੋਂ ਪਹਿਲਾਂ ਵੀ ਦੋ ਹਿੰਦੀ ਫਿਲਮਾਂ ਦੀ ਪੇਸ਼ਕਸ਼ ਹੋਈ ਸੀ, ਪਰ ਉਸ ਨੇ ਇਹ ਪੇਸ਼ਕਸ਼ ਇਸ ਲਈ ਠੁਕਰਾ ਦਿੱਤੀ ਸੀ ਕਿਉਂਕਿ ਉਸ ਨੂੰ ਦਿੱਤੇ ਜਾ ਰਹੇ ਰੋਲ ਪਸੰਦ ਨਹੀਂ ਸਨ ਆਏ। ਪਹਿਲੀ ਪੇਸ਼ਕਸ਼ ਫਿਲਮ ਮਰਦਾਨੀ ਲਈ ਸੀ ਜਿਸ ਵਿਚ ਉਸ ਨੂੰ ਪਹਿਲਾਂ ਖਲਨਾਇਕ ਦਾ ਰੋਲ ਆਫ਼ਰ ਕੀਤਾ ਗਿਆ, ਪਰ ਮਗਰੋਂ ਪੁਲਿਸ ਇੰਸਪੈਕਟਰ ਦਾ ਕਿਰਦਾਰ ਨਿਭਾਉਣ ਦੀ ਪੇਸ਼ਕਸ਼ ਕੀਤੀ ਗਈ। ਖਲਨਾਇਕ ਦੇ ਰੋਲ ਲਈ ਤਾਂ ਉਹ ਤਕਰੀਬਨ ਤਿਆਰ ਸੀ, ਪਰ ਪੁਲਿਸ ਇੰਸਪੈਕਟਰ ਦੇ ਰੋਲ ਲਈ ਉਸ ਨੇ ਤੁਰੰਤ ਨਾਂਹ ਕਰ ਦਿਤੀ। ਇਸ ਤੋਂ ਬਾਅਦ ਮਹੇਸ਼ ਭੱਟ ਗਰੁੱਪ ਦੀ ਫਿਲਮ 'ਜਿਸਮ-2' ਲਈ ਵੀ ਉਸ ਨੂੰ ਇੰਸਪੈਕਟਰ ਵਾਲਾ ਹੀ ਕੋਈ ਰੋਲ ਦੇਣ ਦੀ ਪੇਸ਼ਕਸ਼ ਕੀਤੀ ਗਈ। ਉਦੋਂ ਵੀ ਅਦਨਾਨ ਨੇ ਨਾਂਹ ਕਰ ਦਿੱਤੀ। ਯਾਦ ਰਹੇ ਕਿ 47 ਵਰ੍ਹਿਆਂ ਦਾ ਅਦਨਾਨ ਸਿਦੀਕੀ ਪਾਕਿਸਤਾਨ ਦਾ ਚੋਟੀ ਦਾ ਕਲਾਕਾਰ ਹੈ ਅਤੇ ਉਸ ਨੇ ਟੈਲੀਵਿਜ਼ਨ ਤੇ ਫਿਲਮਾਂ ਵਿਚ ਚੰਗਾ ਨਾਮ ਕਮਾਇਆ ਹੈ। ਉਸ ਦਾ ਕਹਿਣਾ ਹੈ ਕਿ ਉਹ ਮਾੜੇ-ਧੀੜੇ ਰੋਲ ਕਰਨ ਦੀ ਥਾਂ ਫਿਲਮਾਂ ਵਿਚ ਕੰਮ ਨਾ ਕਰਨਾ ਵਧੇਰੇ ਪਸੰਦ ਕਰੇਗਾ।

ਹੁਣ 'ਮੌਮ' ਵਿਚ ਉਸ ਦਾ ਵਧੀਆ ਕਿਰਦਾਰ ਹੈ ਅਤੇ ਉਹ ਇਹ ਫਿਲਮ ਕਰ ਕੇ ਖੁਸ਼ ਹੈ। ਫਿਲਮ ਦੀ ਸ਼ੂਟਿੰਗ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਇਸ ਫਿਲਮ ਵਿਚ ਪਾਕਿਸਤਾਨੀ ਅਦਾਕਾਰਾ ਸਾਜਲ ਅਲੀ ਵੀ ਅਹਿਮ ਕਿਰਦਾਰ ਨਿਭਾਅ ਰਹੀ ਹੈ। ਇਸ ਤੋਂ ਇਲਾਵਾ ਨਵਾਜ਼ੂਦੀਨ ਸਿਦੀਕੀ ਅਤੇ ਅਕਸ਼ੈ ਖੰਨਾ ਵਰਗੇ ਚੰਗੇ ਕਲਾਕਾਰ ਵੀ ਫਿਲਮ ਵਿਚ ਕੰਮ ਕਰ ਰਹੇ ਹਨ। -0-

# ਦਹਿਸ਼ਤ ਦੇ ਸਮਿਆਂ ਵਿਚ 'ਰੋਜ਼ਾ' ਹੋਣ ਦਾ ਮਤਲਬ


ਆਵਾਜ਼ ਦੇ ਕਹਾਂ ਹੈ... -52-



ਕੁਲਦੀਪ ਕੌਰ
ਫੋਨ: +91-98554-04330

ਫਿਲਮ 'ਰੋਜ਼ਾ' ਨੂੰ ਰਾਸ਼ਟਰਵਾਦੀ ਭਾਵਨਾਵਾਂ ਦੀ ਵਧੀਆ ਤਰਜਮਾਨੀ ਲਈ ਰਾਸ਼ਟਰੀ ਪੁਰਸਕਾਰ ਦਿਤਾ ਗਿਆ ਪਰ ਮੂਲ ਰੂਪ ਵਿਚ ਇਹ ਫ਼ਿਲਮ ਛੋਟੀਆਂ-ਵੱਡੀਆਂ ਆਸ਼ਾਵਾਂ ਅਤੇ ਨਿੱਜ ਦੇ ਸਮੂਹਿਕ ਹਿਤਾਂ ਨਾਲ ਟਕਰਾਓ ਦੀ ਫਿਲਮ ਹੈ। ਇਸ ਫਿਲਮ ਨਾਲ ਏ.ਆਰ. ਰਹਿਮਾਨ ਨੇ ਬਤੌਰ ਸੰਗੀਤਕਾਰ ਆਪਣੇ ਸਫਰ ਦੀ ਸ਼ੁਰੂਆਤ ਕੀਤੀ ਸੀ। ਫਿਲਮ ਵਿਚ ਲਗਾਤਾਰ ਵੱਜ ਰਹੀ ਆਸ਼ਾਵਾਦੀ ਧੁਨ ਫਿਲਮ ਦਾ ਸੂਤਰਦਾਰ ਹੋ ਨਿਬੜਦੀ ਹੈ।

ਫਿਲਮ ਦੀ ਕਹਾਣੀ ਮੱਧ-ਵਰਗੀ ਦੱਖਣ-ਭਾਰਤੀ ਕੁੜੀ ਰੋਜ਼ਾ (ਮਧੂ) ਦੀ ਆਪਣੇ ਪਤੀ ਰਿਸ਼ੀ ਕੁਮਾਰ (ਅਰਵਿੰਦ ਸੁਆਮੀ) ਨੂੰ ਕਸ਼ਮੀਰੀ ਦਹਿਸ਼ਤਪਸੰਦਾਂ ਤੋਂ ਰਿਹਾਅ ਕਰਵਾਉਣ ਦੀ ਜੱਦੋ-ਜਹਿਦ 'ਤੇ ਆਧਾਰਿਤ ਹੈ। ਇਸ ਵਿਚ ਕਸ਼ਮੀਰ ਦੇ ਅਸਲ ਮੁੱਦਿਆਂ ਦਾ ਜ਼ਿਕਰ ਤਾਂ ਲੇਸ-ਮਾਤਰ ਹੀ ਹੈ, ਸਗੋਂ ਫਿਲਮ ਅਜਿਹੀ ਹਾਲਤ ਦੀ ਨਿਸ਼ਾਨਦੇਹੀ ਕਰਦੀ ਹੈ ਜਿਥੇ 'ਰਾਸ਼ਟਰੀ ਹਿਤਾਂ' ਅਤੇ 'ਜਹਾਦ' ਦੀ ਆਪਸੀ ਸਿਆਸਤ, ਹਜ਼ਾਰਾਂ ਨਿਰਦੋਸ਼ ਜਿੰਦੜੀਆਂ ਦੀ ਬਲੀ ਲੈ ਰਹੀ ਹੈ। ਫਿਲਮ ਵਿਚ ਭਾਰਤੀ ਹਿਤ ਭਾਵੇਂ ਜ਼ੋਰ ਦੇ ਕੇ ਉਭਾਰਿਆ ਗਿਆ ਹੈ ਅਤੇ ਇਨ੍ਹਾਂ ਸਾਰੇ ਹਾਲਾਤ ਲਈ ਗੁਆਂਢੀ ਮੁਲਕ ਨੂੰ ਦੋਸ਼ ਦਿੱਤਾ ਗਿਆ ਹੈ, ਪਰ ਫਿਲਮ ਦਾ ਇਹ ਸੁਨੇਹਾ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਬਲਦੇ ਸਿਵਿਆਂ ਵਿਚੋਂ ਦੇਸ਼ ਭਗਤੀ ਦੇ ਸਰਟੀਫਿਕੇਟ ਲੱਭਣ ਦੀ ਇਹ ਸਿਆਸਤ ਦੋਹਾਂ ਪਾਸਿਆਂ ਦੇ ਆਵਾਮ ਨੂੰ ਬਹੁਤ ਮਹਿੰਗੀ ਪੈ ਰਹੀ ਹੈ।






ਫਿਲਮ ਮਹਿਸੂਸ ਕਰਵਾਉਂਦੀ ਹੈ ਕਿ ਕੁਝ ਹੱਦ ਤੱਕ ਅਸੀਂ ਸਾਰੇ 'ਰੋਜ਼ਾ' ਹੀ ਤਾਂ ਹਾਂ ਜੋ ਆਪਣੇ ਪਿਆਰਿਆਂ ਲਈ ਮੁਲਕ, ਵਿਚਾਰਾਧਾਰਾ, ਨਸਲ, ਜਾਤ, ਲਿੰਗ ਦੀਆਂ ਵੰਡੀਆਂ ਨੂੰ ਬੇਦਲੀਲੇ ਤੇ ਤਰਕਹੀਣ ਹੋ ਕੇ ਵੀ ਰੱਦ ਕਰਦੇ ਰਹਿੰਦੇ ਹਾਂ।

ਫਿਲਮ ਵਿਚ ਰਿਸ਼ੀ ਕੁਮਾਰ (ਅਰਵਿੰਦ ਸੁਆਮੀ) ਸਰਕਾਰੀ ਅਫਸਰ ਹੈ ਜਿਸ ਨੂੰ ਉਸ ਦੇ ਵਿਆਹ ਤੋਂ ਮਹੀਨੇ ਬਾਅਦ ਹੀ ਕਸ਼ਮੀਰੀ ਦਹਿਸ਼ਤਪਸੰਦ ਅਗਵਾ ਕਰ ਲੈਂਦੇ ਹਨ। ਅਗਵਾ ਕਰਨ ਵਾਲੀ ਜਥੇਬੰਦੀ ਦਾ ਮੁਖੀ ਲਿਆਕਤ ਖਾਨ (ਪੰਕਜ ਕਪੂਰ) ਭਾਰਤੀ ਸਰਕਾਰ ਅੱਗੇ ਰਿਸ਼ੀ ਨੂੰ ਰਿਹਾਅ ਕਰਨ ਦੇ ਬਦਲੇ ਕੱਟੜ ਦਹਿਸ਼ਤਪਸੰਦ ਵਸੀਮ ਖਾਨ ਦੀ ਰਿਹਾਈ ਦੀ ਮੰਗ ਰੱਖਦਾ ਹੈ। ਰਿਸ਼ੀ ਕੁਮਾਰ ਦੀ ਪਤਨੀ ਰੋਜ਼ਾ ਦੱਖਣ ਭਾਰਤੀ ਹੋਣ ਕਾਰਨ ਉਤਰ ਭਾਰਤੀ ਖਿੱਤੇ ਦੇ ਮਸਲਿਆਂ ਬਾਰੇ ਜਾਗਰੂਕ ਨਹੀਂ, ਤੇ ਉਸ ਦਾ ਮੰਨਣਾ ਹੈ ਕਿ ਨਿਯਮ ਤੇ ਕਾਨੂੰਨ ਜੋ ਮਰਜ਼ੀ ਹੋਵੇ, ਪਰ ਉਸ ਦੇ ਪਤੀ ਨੂੰ ਇਸ ਖੂਨੀ ਖੇਡ ਵਿਚ ਮੋਹਰੇ ਵਾਂਗ ਨਹੀਂ ਵਰਤਿਆ ਜਾ ਸਕਦਾ। ਉਹ ਹਰ ਹਾਲ ਵਿਚ ਆਪਣੇ ਪਤੀ ਨੂੰ ਛੁਡਾਉਣ ਦਾ ਤਹੱਈਆ ਕਰ ਲੈਂਦੀ ਹੈ। ਉਹ ਜਿੱਥੇ ਦਹਿਸ਼ਤਗਰਦਾਂ ਦੇ 'ਜਹਾਦ' ਦੇ ਸੰਕਲਪ ਨੂੰ ਬੇਕਿਰਕੀ ਦੱਸਦੀ ਹੈ, ਉਥੇ ਭਾਰਤੀ ਸਰਕਾਰ ਦੀ 'ਦੇਸ਼ ਭਗਤੀ ਲਈ ਕੁਰਬਾਨੀ' ਦੀ ਦਲੀਲ ਦਾ ਇਹ ਕਹਿੰਦਿਆਂ ਵਿਰੋਧ ਕਰਦੀ ਹੈ ਕਿ ਉਸ ਲਈ ਆਪਣੇ ਪਤੀ ਦੀ ਜਾਨ ਤੋਂ ਉਪਰ ਕੁਝ ਵੀ ਨਹੀਂ। ਉਹ ਭਾਰਤੀ ਫੌਜ ਦੇ ਅਧਿਕਾਰੀ ਨੂੰ ਇਹ ਕਹਿ ਕੇ ਹੈਰਾਨ ਕਰ ਦਿੰਦੀ ਹੈ ਕਿ ਜੇ ਉਸ ਦੇ ਪਤੀ ਦੀ ਥਾਂ ਕਿਸੇ ਮੰਤਰੀ ਦਾ ਮੁੰਡਾ ਜਾਂ ਕੁੜੀ ਹੁੰਦੀ, ਤਦ ਵੀ ਕੀ ਫੌਜ ਇਸੇ ਕੁਰਬਾਨੀ ਦੀ ਉਮੀਦ ਰੱਖਦੀ?

ਦੂਜੇ ਪਾਸੇ ਅਗਵਾਕਾਰਾਂ ਦਾ ਆਪਣਾ ਪੱਖ ਹੈ। ਉਹ ਇਸ ਨੂੰ 'ਆਜ਼ਾਦੀ ਲਈ ਜਹਾਦ' ਮੰਨਦਿਆਂ ਮਰਨ-ਮਾਰਨ ਨੂੰ ਮਾਮੂਲੀ ਘਟਨਾ ਮੰਨਦੇ ਹਨ। ਰੋਜ਼ਾ ਦੀ ਜ਼ਿਦ ਦੋਹਾਂ ਧਿਰਾਂ ਨੂੰ ਹੈਰਾਨ-ਪਰੇਸ਼ਾਨ ਕਰ ਦਿੰਦੀ ਹੈ। ਆਮ ਲੋਕਾਂ ਦੀ ਜਿਸ ਜਾਨ ਨੂੰ ਸਰਕਾਰ ਅਤੇ ਦਹਿਸ਼ਤਗਰਦ ਮੌਕਾ ਆਉਣ 'ਤੇ ਝੱਟ ਦਾਅ ਉਤੇ ਲਾਉਣ ਲਈ ਤਿਆਰ ਹੋ ਜਾਂਦੇ ਹਨ, ਰੋਜ਼ਾ ਉਸ ਸੋਚ 'ਤੇ ਸਵਾਲ ਕਰਦੀ ਹੈ। ਫਿਲਮ ਦੇਖਦਿਆਂ ਦਰਸ਼ਕ ਮਹਿਸੂਸ ਕਰਦਾ ਹੈ ਕਿ ਰੋਜ਼ਾ ਦਾ ਕਿਰਦਾਰ ਨਿਰਦੇਸ਼ਕ ਮਣੀ ਰਤਨਮ ਦੇ ਨਿਰਦੇਸ਼ਨ ਤੋਂ ਵੀ ਬਾਹਰ ਨਿਕਲ ਗਿਆ ਹੈ। ਮਣੀ ਰਤਨਮ ਫਿਲਮ ਵਿਚ ਦੇਸ਼ ਭਗਤੀ ਦੇ ਪੱਖ ਵਿਚ, ਮੁਲਕ ਨੂੰ ਵੰਡਣ ਦੀ ਸਿਆਸਤ ਦੇ ਖਿਲਾਫ ਅਤੇ ਅਸੂਲਾਂ ਦੇ ਹੱਕ ਵਿਚ ਭੁਗਤਦਾ ਹੈ। ਰੋਜ਼ਾ ਇਨ੍ਹਾਂ ਸਾਰੇ ਹਿੰਦਸਿਆਂ ਤੋਂ ਪਾਰ ਜਾਂਦਿਆਂ ਆਖਦੀ ਹੈ, "ਮੈਨੂੰ ਹਰ ਹਾਲ ਮੇਰਾ ਪਤੀ ਚਾਹੀਦਾ ਹੈ।" ਇਉਂ ਉਹ ਉਸ ਮਾਨਵਵਾਦੀ ਨਜ਼ਰੀਏ ਦੀ ਸੂਚਕ ਹੈ ਜਿਸ ਅਨੁਸਾਰ ਹਰ ਜ਼ਿੰਦਗੀ ਕੀਮਤੀ ਹੈ ਤੇ ਹਰ ਹਾਲ ਵਿਚ ਬਚਾਈ ਜਾਣੀ ਚਾਹੀਦੀ ਹੈ।

ਇਹ ਫਿਲਮ ਆਪਣੇ ਗੀਤਾਂ ਕਾਰਨ ਵੀ ਵੱਖਰਾ ਤਲਿੱਸਮ ਸਿਰਜਦੀ ਹੈ। ਇਸ ਫਿਲਮ ਰਾਹੀਂ ਮਣੀ ਰਤਨਮ ਨੇ ਖੇਤਰੀ ਕਥਾਨਕ ਨੂੰ ਰਾਸ਼ਟਰੀ ਪੱਧਰ 'ਤੇ ਪੇਸ਼ ਕੀਤਾ। ਫਿਲਮ ਪ੍ਰੇਮ ਕਹਾਣੀ ਹੈ, ਪਰ ਇਹ ਔਖੇ, ਬੇਦਰਦ ਤੇ ਬੇਕਿਰਕ ਸਮਿਆਂ ਦਾ ਪ੍ਰੇਮ ਹੈ। ਕਿੰਨੀਆਂ ਪ੍ਰੇਮ ਕਹਾਣੀਆਂ ਦਾ ਅੰਤ ਇਸ ਤਰ੍ਹਾਂ ਸੁਖਦ ਹੁੰਦਾ ਹੈ ਭਲਾ? ਫਿਲਮ ਮਹਿਸੂਸ ਕਰਵਾਉਂਦੀ ਹੈ ਕਿ ਕੁਝ ਹੱਦ ਤੱਕ ਅਸੀਂ ਸਾਰੇ 'ਰੋਜ਼ਾ' ਹੀ ਤਾਂ ਹਾਂ ਜੋ ਆਪਣੇ ਪਿਆਰਿਆਂ ਲਈ ਮੁਲਕ, ਵਿਚਾਰਾਧਾਰਾ, ਨਸਲ, ਜਾਤ, ਲਿੰਗ ਦੀਆਂ ਵੰਡੀਆਂ ਨੂੰ ਬੇਦਲੀਲੇ ਤੇ ਤਰਕਹੀਣ ਹੋ ਕੇ ਵੀ ਰੱਦ ਕਰਦੇ ਰਹਿੰਦੇ ਹਾਂ। ਆਖਿਰ 'ਰੋਜ਼ਾ' ਹੋਣਾ ਇੰਨਾ ਬੁਰਾ ਵੀ ਤਾਂ ਨਹੀਂ!

# Anu Attorney Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

## US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

## FAMILY LAW *(Only In WA)*

*Divorce *Annulment
*International Custody

## INCORPORATIONS *(Only In WA)*

*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

# MWOSE & DHALIWAL ATTORNEYS AT LAW




IMMIGRATION
CRIMINAL DEFENSE
BUSINESS LAW
CIVIL LITIGATION
REAL ESTATE

ਇਮੀਗ੍ਰੇਸ਼ਨ
ਫੌਜਦਾਰੀ ਵਕਾਲਤ
ਬਿਜਨਸ ਲਾਅ
ਦੀਵਾਨੀ ਵਕਾਲਤ
ਰੀਅਲ ਅੈਸਟੇਟ



FREE CONSULTATION!

ਲੋੜੀਂਦੀ ਸਲਾਹ ਅੱਜ ਹੀ ਮੁਫਤ ਲਓ

317-222-1567

ਅਟਾਰਨੀ ਐਟ ਲਾਅ

ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵੀ ਬੋਲਦੇ ਹਾਂ

CONTACT US TO SET UP AN INTERVIEW PUNJABI, HINDI, AND URDU SPOKEN
WWW.MDLEGALTEAM.COM
CONTACTUS@MDLEGALTEAM.COM

LICENSED TO PRACTICE IN INDIANA, MICHIGAN, FLORIDA AND IMMIGRATION LAW IN ALL 50 STATES.

OFFICE LOCATION:
1426 W. 29TH ST., SUITE 201B
INDIANAPOLIS, IN 46208
Fax: 317-288-1842

ਇੰਡੀਆ ਵਿੱਚ ਕਦੇ ਇਕ ਗੋਲਡਨ ਸਟੇਟ ਹੁੰਦੀ ਸੀ ਪੰਜਾਬ ।
ਉਹ ਪੰਜਾਬ ਜਿਥੇ ਦੁਨੀਆ ਭਰ ਦੀ ਲੋਕਾਈ ਦੇ ਭਲੇ ਲਈ ਸਿੱਖ
ਗੁਰੂਆਂ ਨੇ ਅਵਤਾਰ ਧਾਰੇ । ਅਨਗਿਨਤ ਰਿਸ਼ੀਆਂ – ਮੁਨੀਆਂ ਅਤੇ
ਸੂਫੀ ਫ਼ਕੀਰਾਂ ਨੇ ਸਰਬੱਤ ਦੇ ਭਲੇ ਲਈ ਕਮਾਈਆਂ ਕੀਤੀਆਂ ।
ਗੁਰੂਆਂ ਦੀ ਅਸੀਮ ਅਸੀਸ ਸਦਕਾ ਜਗ ਜਿਤਨ ਵਾਲਾ ਮਾਨਵ
ਪੰਜਾਬੀ ਹੋਂਦ ਵਿੱਚ ਆਇਆ । ਗੁਰੂਆਂ ਨੇ ਪੰਜਾਬੀ ਨੂੰ ਪੰਜਾਬੀ
ਬੋਲੀ ਦੀ ਮਾਂ ਗੁਰਮੁਖੀ ਲਿਪੀ ਨਾਲ ਨਿਵਾਜਿਆ ।
ਪੰਜਾਬ ਨੇ ਅਨੇਕਾਂ ਸੂਰਮੇ ਅਤੇ ਯੋਧੇ ਪੈਦਾ ਕੀਤੇ ਜਿਨਾਂ ਦੇ ਕਾਰਨਾਮੇ
ਵਿਸ਼ਵ ਇਤਿਹਾਸ ਵਿੱਚ ਬੇਮਿਸਾਲ ਹਨ ।
ਪੰਜਾਬ ਨੇ ਸੰਸਾਰ ਨੂੰ ਰੂਹਾਨੀ ਇਸ਼ਕ ਕਰਨ ਵਾਲੇ ਸੱਚੇ ਆਸ਼ਿਕ ਦਿਤੇ ।
ਪੰਜਾਬ ਨੇ ਪਹਾੜ ਜਿੱਡਾ ਜਿਗਰਾ ਅਤੇ ਸੰਸਾਰ ਜਿਤਨ ਦਾ ਹੌਸਲਾ ਰਖਣ
ਵਾਲੇ ਪੰਜਾਬੀ ਪੈਦਾ ਕੀਤੇ । ਪੰਜਾਬੀਆਂ ਨੇ ਹਮੇਸ਼ਾ ਅਪਣੀ ਵਖਰੀ ਪਹਿਚਾਣ ਬਨਾਈ ।
ਹਿੰਦੁਸਤਾਨ ਦੀ ਕਿਸਮਤ ਨਾਲ ਬੱਝੇ ਹੋਏ ਪੰਜਾਬੀਆਂ ਨੇ ਗੁਲਾਮ ਹੁੰਦਿਆਂ
ਗੋਰੇ ਮਾਲਿਕਾਂ ਲਈ ਸੰਸਾਰ ਜੰਗਾਂ ਲੜੀਆਂ ਅਤੇ ਜਿੱਤੀਆਂ ।
ਹਿੰਦੁਸਤਾਨ ਦੀ ਜੰਗੇ ਆਜ਼ਾਦੀ ਵਿੱਚ ਪੰਜਾਬੀਆਂ ਨੇ ਵੱਡੀ ਭਾਈਵਾਲੀ ਕੀਤੀ
ਅਤੇ ਦੇਸ਼ ਨੂੰ ਗੁਲਾਮੀ ਤੋਂ ਬੰਦ ਖਲਾਸੀ ਦਵਾਈ ! ਪਰ.....

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਅਹਿਲਕਾਰੋ !

ਬਹੁਤ ਜਲਦ ਆ ਰਿਹਾ ਹੈ ਇਕ ਅਜਿਹਾ




ਜੋ ਤੁਹਾਡੀ ਬੇਬਾਕ ਅਤੇ ਬੇਲਾਗ ਤਰਜਮਾਨੀ ਕਰੇਗਾ

ਕਿਉਂਕਿ ਉਸ ਲਈ ਹੈ ਪੰਜਾਬ ਨੰਬਰ 1.

# ਟੈਕਸੀ ਮਡਾਲੀਅਨ ਓਨਰ ਡਰਾਈਵਰ ਐਸੋਸੀਏਸ਼ਨ

## *(TMODA)*

## ਹੁਣ ਤੱਕ ਦੀ ਜਦੋ-ਜਹਿਦ ਤੇ ਪ੍ਰਾਪਤੀਆਂ

1. ਓਨਰ ਮਸਟ ਡਰਾਈਵ (OMD) ਰੂਲ ਦਾ ਕੁਲ ਖਾਤਮਾ।

ਹੁਣ ਮਡਾਲੀਅਨ ਮਾਲਕ ਬਿਨਾ ਕਿਸੇ ਜੁਰਮਾਨੇ ਦੇ ਕਿਸੇ ਹੋਰ 2 ਡਰਾਈਵਰਾਂ ਨੂੰ ਆਪਣੀ ਟੈਕਸੀ ਕਿਰਾਏ 'ਤੇ ਦੇ ਸਕਦੇ ਹਨ।

2. ਯੂਨੀਵਰਸਲ ਹੇਕ ਲਾਇਸੈਂਸ।

ਕੋਈ ਵੀ ਡਰਾਈਵਰ ਜਿਸ ਕੋਲ 1 ਸਾਲ ਪੁਰਾਣਾ ਬਲੈਕ ਕਾਰ ਚਲਾਉਣ ਦਾ ਲਾਇਸੈਂਸ ਹੋਵੇ, ਉਹ ਬਿਨਾ ਕੋਈ ਇਮਤਿਹਾਨ ਦਿੱਤੇ ਯੈਲੋ ਕੈਬ ਚਲਾਉਣ ਦਾ ਹੇਕ ਲਾਇਸੈਂਸ ਹਾਸਲ ਕਰ ਸਕਦਾ ਹੈ।

3. ਟੈਕਸੀ ਪਾਰਟੀਸ਼ਨ।

ਹੁਣ ਟੈਕਸੀ ਪਾਰਟੀਸ਼ਨ ਪਹਿਲਾਂ ਦੀ ਤਰ੍ਹਾਂ ਲਾਜ਼ਮੀ ਨਹੀਂ ਹੈ। ਇਹ ਮਾਲਕ ਦੀ ਆਪਣੀ ਮਰਜ਼ੀ ਹੈ ਕਿ ਉਹ ਟੈਕਸੀ ਵਿਚ ਪਾਰਟੀਸ਼ਨ ਅਤੇ ਕੈਮਰੇ ਵਿਚੋਂ ਕਿਸੇ ਇਕ ਨੂੰ ਚੁਣ ਸਕਦਾ ਹੈ।

4. ਇਨਡਵਿਜੁਅਲ ਮਡਾਲੀਅਨ ਖਰੀਦਣ ਵਾਸਤੇ ਹੁਣ ਹੇਕ ਲਾਇਸੈਂਸ ਲਾਜ਼ਮੀ ਨਹੀਂ। ਇਹ ਪ੍ਰਾਪਤੀ ਐਸੋਸੀਏਸ਼ਨ ਦੀ ਜਦੋ-ਜਹਿਦ ਦਾ ਹੀ ਨਤੀਜਾ ਹੈ।

ਉਪਰੋਕਤ ਕਾਨੂੰਨ ਖਤਮ ਕਰਾਉਣ ਵਿਚ ਸਫਲਤਾ ਐਸੋਸੀਏਸ਼ਨ ਵੱਲੋਂ ਸਮੇਂ ਸਮੇਂ ਟੈਕਸੀ ਕਮਿਸ਼ਨਰ ਨੂੰ ਦਿੱਤੇ ਵਡਮੁੱਲੇ ਸੁਝਾਵਾਂ ਤੇ ਨਿਊ ਯਾਰਕ ਸਿਟੀ ਹਾਲ ਵਿਖੇ ਕੀਤੀਆਂ ਗਈਆਂ ਜ਼ੋਰਦਾਰ ਤੇ ਸਫਲ ਰੈਲੀਆਂ ਕਰ ਕੇ ਮਿਲ ਸਕੀ ਹੈ।

**22 ਜੂਨ 2016 ਦੀ ਟੈਕਸੀ ਐਸੋਸੀਏਸ਼ਨ ਵੱਲੋਂ ਕੀਤੀ ਜ਼ੋਰਦਾਰ ਰੈਲੀ ਨੇ ਹੀ ਸਿਟੀ ਕੌਂਸਲ ਨੂੰ ਕਾਨੂੰਨ ਰੱਖਣ ਲਈ ਮਜਬੂਰ ਕਰ ਦਿੱਤਾ ਜਿਸ ਤਹਿਤ ਐਪ ਕਾਰ ਤੇ ਬਲੈਕ ਕਾਰ ਨੂੰ ਯੈਲੋ ਤੇ ਗਰੀਨ ਕੈਬ ਦੀ ਤਰ੍ਹਾਂ 50% ਵ੍ਹੀਲ-ਚੇਅਰ ਕਾਰਾਂ ਲਾਜ਼ਮੀ ਹੋਣਗੀਆਂ।**

**ਟੈਕਸੀ ਐਸੋਸੀਏਸ਼ਨ ਦੀ ਆਪ ਸਭ ਮਾਲਕਾਂ ਤੇ ਡਰਾਈਵਰ ਵੀਰਾਂ ਨੂੰ ਬੇਨਤੀ ਹੈ ਕਿ ਅੱਗੇ ਤੋਂ ਐਸੋਸੀਏਸ਼ਨ ਵਲੋਂ ਉਲੀਕੇ ਕਿਸੇ ਵੀ ਸੱਦੇ 'ਤੇ ਵੱਧ ਚੜ੍ਹ ਕੇ ਹਾਜ਼ਰੀ ਭਰੋ ਤਾਂ ਕਿ ਉਪਰੋਕਤ ਪ੍ਰਾਪਤੀਆਂ ਦੀ ਤਰ੍ਹਾਂ ਆਪਣੇ ਰਹਿੰਦੇ ਹੱਕਾਂ ਲਈ ਵੀ ਸੰਘਰਸ਼ ਜਾਰੀ ਰੱਖੀਏ।**

### ਹੋਰ ਜਾਣਕਾਰੀ ਲਈ ਸੰਪਰਕ ਕਰੋ

ਜਸਵੰਤ ਸਿੰਘ ਜੱਸਾ
ਫੋਨ: 347-249-2473
ਸੋਹਣ ਗਿੱਲ
ਫੋਨ: 917-951-5055
ਦੀਦਾਰ ਚੀਮਾ
ਫੋਨ: 516-729-3868

